
Ray Dhaliwal
Real Estate Broker

Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty-Fifth Year of Publication · ਨਿਊਯਾਰਕ ਐਡੀਸ਼ਨ · Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 25, Issue 52; December 28, 2024 · 20451 N. Plum Grove Rd., Palatine, IL 60074 · Ph:847-359-0746, Fax:847-705-9388


# ਪੰਥਕ ਸਿਆਸਤ ਵਿਚ ਵੱਡੇ ਬਦਲਾਅ ਸੰਭਵ

## ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 30 ਦਸੰਬਰ ਨੂੰ

**ਅੰਮ੍ਰਿਤਸਰ :** ਸ਼੍ਰੋਮਣੀ ਕਮੇਟੀ ਵਲੋਂ ਬਣਾਈ ਗਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਹੁਣ 30 ਦਸੰਬਰ ਨੂੰ ਹੋਵੇਗੀ। ਇਸ ਤੋਂ ਪਹਿਲਾਂ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵਲੋਂ ਅੰਤ੍ਰਿੰਗ ਕਮੇਟੀ ਦੀ ਇਕ ਹੰਗਾਮੀ ਇਕੱਤਰਤਾ 72 ਘੰਟਿਆਂ ਦੇ ਨੋਟਿਸ 'ਤੇ 23 ਦਸੰਬਰ ਨੂੰ ਰੱਖੀ ਗਈ ਸੀ, ਪਰ ਪ੍ਰਧਾਨ ਦੇ ਕਿਸੇ ਜ਼ਰੂਰੀ ਰੁਝੇਵੇਂ ਕਾਰਨ ਇਸ ਨੂੰ ਅਚਾਨਕ ਰੱਦ ਕਰ ਦਿੱਤਾ ਗਿਆ ਸੀ । ਪ੍ਰਾਪਤ ਵੇਰਵਿਆਂ ਅਨੁਸਾਰ ਇਸ ਵਾਰ 30 ਦਸੰਬਰ ਦੀ ਸਵੇਰ ਨੂੰ ਮੁੱਖ ਦਫ਼ਤਰ ਅੰਮ੍ਰਿਤਸਰ ਵਿਖੇ ਰੱਖੀ ਗਈ ਅੰਤ੍ਰਿੰਗ ਕਮੇਟੀ ਇਕੱਤਰਤਾ ਮਹੀਨਾਵਾਰ ਆਮ ਇਕੱਤਰਤਾ ਵਜੋਂ ਹੀ ਹੋਵੇਗੀ, ਪਰ ਇਸ ਵਿਚ ਮੌਕੇ 'ਤੇ ਹੀ ਹੋਰ ਪੰਥਕ ਮਾਮਲਿਆਂ ਅਤੇ ਮੌਜੂਦਾ ਪੰਥਕ ਹਾਲਾਤ ਬਾਰੇ ਵਿਚਾਰ-ਵਟਾਂਦਰਾ ਕਰਦਿਆਂ ਕੋਈ ਅਹਿਮ ਫ਼ੈਸਲਾ ਵੀ ਲਿਆ ਜਾ ਸਕਦਾ ਹੈ।

ਪਿਛਲੇ ਦਿਨਾਂ ਦਾ ਘਟਨਾਕ੍ਰਮ ਸੰਕੇਤ ਦਿੰਦਾ ਹੈ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਮੁਅਤਲ ਕਰਨ ਮਗਰੋਂ ਪੰਥਕ ਸਿਆਸਤ ਵਿੱਚ ਇੱਕ ਵੱਡਾ ਭੁਚਾਲ ਆਉਂਦਾ ਦਿਖਾਈ ਦੇ ਰਿਹਾ। ਕਿਉਂਕਿ ਐਸ.ਜੀ.ਪੀ.ਸੀ. ਦੀ ਇਸ ਕਾਰਵਾਈ ਤੇ ਕਈ ਪੰਥਕ ਧਿਰਾਂ ਵੱਲੋਂ ਵੱਡੇ ਸਵਾਲ ਉਠਾਏ ਜਾ ਰਹੇ ਨੇ। ਜਿਸ ਕਰਕੇ ਐਸ.ਜੀ.ਪੀ.ਸੀ. ਕਸੂਤੀ ਸਥਿਤੀ ਵਿੱਚ ਘਿਰਦੀ ਦਿਖਾਈ ਦੇ ਰਹੀ ਹੈ। ਇੱਥੇ ਹੀ ਬੱਸ ਨਹੀਂ ਅਕਾਲੀ ਦਲ ਸੁਧਾਰ ਲਹਿਰ ਨਾਲ ਸੰਬੰਧਿਤ ਰਹੇ ਆਗੂਆਂ ਵੱਲੋਂ ਵੀ ਇਸ ਦੇ ਵਿਰੋਧ ਵਿੱਚ ਇੱਕ ਵੱਡਾ ਇਕੱਠ ਸੱਦਣ ਦੀ ਯੋਜਨਾ ਬਣਾਈ ਜਾ ਰਹੀ ਹੈ। ਇੱਕ ਪਾਸੇ ਤਾਂ ਧਾਰਮਿਕ ਸਜ਼ਾ ਪੂਰੀ ਕਰਕੇ ਅਕਾਲੀ ਦਲ ਸਾਫ਼ ਸੁਥਰਾ ਹੋ ਕੇ ਫਿਰ ਤੋਂ ਚੋਣ ਮੈਦਾਨ ਵਿੱਚ ਆ ਚੁੱਕਿਆ ਹੈ, ਪਰ ਦੂਜੇ ਪਾਸੇ ਪੰਥਕ ਸਿਆਸਤ ਵਿੱਚ ਚੱਲ ਰਹੇ ਮੌਜੂਦਾ ਘਟਨਾਕ੍ਰਮ ਫਿਰ ਤੋਂ ਅਕਾਲੀ ਦਲ ਦੀ ਬੇੜੀ ਵਿੱਚ ਵੱਟੇ ਪਾਉਂਦੇ ਦਿਖਾਈ ਦੇ ਰਹੇ ਹਨ। ਇਹ ਸੰਕੇਤ ਵੀ ਦਿਖਾਈ ਦੇ ਰਹੇ ਹਨ ਕਿ ਅਕਾਲੀ ਦਲ ਹੁਣ ਬਿਨਾਂ ਸੁਖਬੀਰ ਸਿੰਘ ਬਾਦਲ ਤੋਂ ਚੱਲੇਗਾ ਜਾਂ ਬਚ-ਬਚਾ ਵਾਲਾ ਕੋਈ ਰਸਤਾ ਨਿਕਲ ਆਵੇਗਾ। ਸ਼੍ਰੋਮਣੀ ਅਕਾਲੀ ਦਲ ਇਕ ਪੰਥਕ ਜਥੇਬੰਦੀ ਹੈ, ਜਿਸ ਨੂੰ ਹੁਣ ਸੱਤ ਮੈਂਬਰੀ ਕਮੇਟੀ ਚਲਾਏਗੀ।ਇਹ ਸ੍ਰੀ ਅਕਾਲ ਤਖਤ ਸਾਹਿਬ ਦਾ ਫੈਸਲਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਮਨਜੀਤ ਸਿੰਘ ਦੇ ਇਸ ਬਿਆਨ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸਾਰਿਆਂ ਦੀ ਨਿਗ੍ਹਾ ਸੁਖਬੀਰ ਸਿੰਘ ਬਾਦਲ ਦੇ ਅਸਤੀਫ਼ੇ ਤੇ ਟਿਕੀ ਹੋਈ ਹੈ ਜੋ ਅਕਾਲ ਤਖਤ ਸਾਹਿਬ ਦੇ ਹੁਕਮਾਂ ਦੇ ਬਾਵਜੂਦ ਹਾਲੇ ਤੱਕ ਨਹੀਂ ਦਿੱਤਾ ਗਿਆ। ਭਾਵੇਂ ਕਿ ਇਸ ਦੇ ਲਈ 20 ਤਰੀਕ ਤੱਕ ਦਾ ਸਮਾਂ ਲਿਆ ਗਿਆ ਸੀ ਪਰ ਹੁਣ ਜਦੋਂ 20 ਤਰੀਕ ਲੰਘ ਗਈ ਤਾਂ ਜਾਣਕਾਰੀ ਮਿਲ ਰਹੀ ਹੈ ਕਿ ਹੁਣ ਸ਼ਹੀਦੀ ਪੰਦਰਵਾੜੇ ਕਰਕੇ ਅਸਤੀਫ਼ਾ ਫੇਰ ਟਾਲ ਦਿੱਤਾ ਗਿਆ ਹੈ। ਜਦਕਿ ਧਾਰਮਿਕ ਸਜ਼ਾ ਸੁਣਾਏ ਜਾਣ ਤੋਂ ਪਹਿਲਾਂ ਸੁਖਬੀਰ ਸਿੰਘ ਬਾਦਲ ਵੱਲੋਂ ਵਾਰ-ਵਾਰ ਅਪੀਲ ਕੀਤੀ ਜਾ ਰਹੀ ਸੀ ਕਿ ਜਲਦੀ ਉਹਨਾਂ ਦਾ ਫੈਸਲਾ ਸੁਣਾਇਆ ਜਾਵੇ। ਹਾਲਾਂਕਿ ਉਸ ਸਮੇਂ ਸੁਖਬੀਰ ਸਿੰਘ ਬਾਦਲ ਨੂੰ ਪੇਸ਼ ਹੋਣ ਲਈ ਕਈ ਦਿਨਾਂ ਦਾ ਸਮਾਂ ਦਿੱਤਾ ਗਿਆ ਸੀ। ਪਰ ਸੁਖਬੀਰ ਦੂਜੇ ਦਿਨ ਹੀ ਸ੍ਰੀ ਅਕਾਲ ਤਖਤ ਸਾਹਿਬ ਤੇ ਪੇਸ਼ ਹੋ ਗਏ ਸਨ। ਹੁਣ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਨੂੰ ਵੀ ਟਾਲਿਆ ਜਾ ਰਿਹਾ ਹੈ।



ਦਰਅਸਲ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਖਤਮ ਕਰਨ ਦੇ ਫੈਸਲੇ ਨੂੰ ਲੈ ਕੇ ਕਈ ਪੰਥਕ ਆਗੂਆਂ ਵਿੱਚ ਭਾਰੀ ਨਰਾਜ਼ਗੀ ਪਾਈ ਜਾ ਰਹੀ ਹੈ। ਉਹਨਾਂ ਦਾ ਕਹਿਣਾ ਹੈ ਕਿ ਅਕਾਲੀ ਲੀਡਰਾਂ ਦੀਆਂ ਪੰਥ ਵਿਰੋਧੀ ਕਾਰਵਾਈਆਂ ਖਿਲਾਫ ਡਟਣ ਦੀ ਹੀ ਗਿਆਨੀ ਹਰਪ੍ਰੀਤ ਸਿੰਘ ਨੂੰ ਸਜ਼ਾ ਦਿੱਤੀ ਜਾ ਰਹੀ ਹੈ। ਦਮਦਮੀ ਟਕਸਾਲ ਦੇ ਮੁਖੀ ਭਾਈ ਰਾਮ ਸਿੰਘ ਦਾ ਕਹਿਣਾ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਤੇ ਹਾਲੇ ਕੋਈ ਇਲਜ਼ਾਮ ਸਾਬਿਤ ਨਹੀਂ ਹੋਇਆ।ਉਸ ਨੂੰ ਐਸ.ਜੀ.ਪੀ.ਸੀ. ਨੇ ਤੁਰੰਤ ਮੀਟਿੰਗ ਬੁਲਾ ਕੇ ਅਹੁਦੇ ਤੋਂ ਲਾਂਭੇ ਕਰ ਦਿੱਤਾ। ਜਦੋਂ ਕਿ ਐਸ.ਜੀ.ਪੀ.ਸੀ. ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਬੀਬੀ ਜਗੀਰ ਕੌਰ ਨੂੰ ਏਨੀ ਭੱਦੀ ਸ਼ਬਦਾਵਲੀ ਬੋਲੀ, ਪਰ ਕਿਸੇ ਨੇ ਪ੍ਰਧਾਨ ਨੂੰ ਹਟਾਉਣ ਦੀ ਕੋਈ ਗੱਲ ਨਹੀਂ ਕੀਤੀ, ਨਾ ਹੀ ਕੋਈ ਮੀਟਿੰਗ ਕੀਤੀ ਹੈ।ਉਸ ਕੌਮ ਦੇ ਜਥੇਦਾਰ ਬਾਰੇ ਅਜਿਹੀਆਂ ਖ਼ਬਰਾਂ ਆਈਆਂ ਹਨ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੀ ਇਸ ਐਕਸ਼ਨ ਤੋਂ ਨਾਰਾਜ਼ ਹਨ। ਸਮਝਿਆ ਜਾ ਰਿਹਾ ਹੈ ਕਿ 30 ਦਸੰਬਰ ਵਾਲੀ ਮੀਟਿੰਗ ਵਿੱਚ ਜਥੇਦਾਰ ਹਰਪ੍ਰੀਤ ਸਿੰਘ ਦਾ ਮਾਮਲਾ ਉਠਾਇਆ ਜਾਵੇਗਾ। ਗਿਆਨੀ ਹਰਪ੍ਰੀਤ ਸਿੰਘ ਦਾ ਆਪਣਾ ਆਧਾਰ ਹੈ। ਉਹ ਸਿੱਖ ਕੌਮ ਵਿੱਚ ਇੱਕ ਪੜ੍ਹੇ ਲਿਖੇ ਨੌਜਵਾਨ ਜਥੇਦਾਰ ਵਜੋਂ ਇਕ ਸਜੱਗ ਨੁਮਾਇੰਦੇ ਕਹੇ ਜਾਂਦੇ ਹਨ। ਉਨ੍ਹਾਂ ਦੇ ਸਾਢੂ ਦੀ ਸ਼ਿਕਾਇਤ ਉਤੇ ਬਿਨਾਂ ਕੋਈ ਗਹਿਰੀ ਜਾਂਚ ਕੀਤਿਆਂ ਬਤੌਰ ਜਥੇਦਾਰ ਉਹਨਾਂ ਦੀਆਂ ਸੇਵਾਵਾਂ ਪੰਦਰਾਂ ਦਿਨਾਂ ਲਈ ਸਸਪੈਂਡ ਕਰ ਦਿੱਤੀਆਂ ਗਈਆਂ। ਇਸ ਨਾਲ ਸਿੱਖ ਕੌਮ ਵਿੱਚ ਜਿਹੜਾ ਮੈਸੇਜ ਗਿਆ ਉਹ ਕੋਈ ਬਹੁਤ ਪੋਜੀਟਿਵ ਨਹੀਂ ਗਿਆ। ਉਸਦਾ ਅਸਰ ਹੁਣ ਅੰਤ੍ਰਿੰਗ ਕਮੇਟੀ ਦੀ ਬੈਠਕ ਵਿੱਚ ਵੀ ਹੋਏਗਾ। ਇੱਕ ਤਿੰਨ ਮੈਂਬਰੀ ਕਮੇਟੀ ਬਣਾਈ ਗਈ ਹੈ। ਜਿਸ ਨੇ 15 ਦਿਨਾਂ ਦੇ ਵਿੱਚ ਜਾਂਚ ਕਰਨੀ ਹੈ। ਹੋ ਸਕਦਾ ਹੈ ਕਿ 15 ਦਿਨ ਜਾਂ 20 ਦਿਨ ਬਾਅਦ ਉਹ ਆਪਣੀ ਰਿਪੋਰਟ ਦੇਵੇ। ਤਾਂ ਕੀ ਅੰਤਰਿਮ ਕਮੇਟੀ ਦੀ ਬੈਠਕ ਵਿੱਚ ਹਰਜਿੰਦਰ ਸਿੰਘ ਧਾਮੀ ਕੋਈ ਨਵਾਂ ਫੈਸਲਾ ਲੈਣ ਵਾਲੇ ਹਨ।ਕੀ ਹਰਜਿੰਦਰ ਸਿੰਘ ਧਾਮੀ ਆਪਣੇ ਫੈਸਲੇ ਨੂੰ ਰੋਲ ਬੈਕ ਕਰ ਦੇਣਗੇ ? ਕੀ ਤਿੰਨ ਮੈਂਬਰੀ ਕਮੇਟੀ ਨੂੰ ਰੱਦ ਕਰ ਦਿੱਤਾ ਜਾਏਗਾ ? ਕੀ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਨੂੰ ਮੁੜ ਤੋਂ ਬਹਾਲ ਕਰ ਦਿੱਤਾ ਜਾਏਗਾ?

ਅੰਤਰਿੰਗ ਕਮੇਟੀ ਦੀ ਬੈਠਕ ਵਿੱਚ ਕੀ ਹੁੰਦਾ ਹੈ? ਇਸ ਤੋਂ ਹੀ ਪੰਥਕ ਸਿਆਸਤ ਦੀ ਦਿਸ਼ਾ ਤਹਿ ਹੋਵੇਗੀ।

# ਅਮਰੀਕਾ 'ਚ ਨਸ਼ਾ ਤਸਕਰ ਸੁਨੀਲ ਯਾਦਵ ਦਾ ਗੋਲੀਆਂ ਮਾਰ ਕੇ ਕਤਲ



**ਸਟਾਕਟਨ -** ਅਮਰੀਕੀ ਸਟੇਟ ਕੈਲੀਫੋਰਨੀਆ ਦੇ ਸਟਾਕਟਨ ਸ਼ਹਿਰ ਵਿੱਚ ਸੋਮਵਾਰ ਨੂੰ ਲਾਰੈਂਸ ਬਿਸ਼ਨੋਈ ਗੈਂਗ ਨਾਲ ਜੁੜੇ ਇੱਕ ਨਸ਼ਾ ਤਸਕਰ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਪੰਜਾਬ ਦੇ ਫਾਜ਼ਿਲਕਾ ਦੇ ਰਹਿਣ ਵਾਲੇ ਸੁਨੀਲ ਯਾਦਵ ਵਜੋਂ ਹੋਈ ਹੈ। ਉਹ ਰਾਹੁਲ ਦੇ ਨਾਂ ਨਾਲ ਫਰਜ਼ੀ ਪਾਸਪੋਰਟ 'ਤੇ 2 ਸਾਲਾਂ ਤੋਂ ਅਮਰੀਕਾ ਦੇ ਕੈਲੀਫੋਰਨੀਆ ਵਿੱਚ ਰਹਿ ਰਿਹਾ ਸੀ। ਗੋਲਡੀ ਬਰਾੜ ਅਤੇ ਰੋਹਿਤ ਗੋਦਾਰਾ ਦੀ ਅਗਵਾਈ ਵਾਲੇ ਵਿਰੋਧੀ ਗੈਂਗ ਨੇ ਯਾਦਵ ਦੇ ਕਤਲ ਦੀ ਜ਼ਿੰਮੇਵਾਰੀ ਲਈ ਹੈ। ਅਮਰੀਕਾ ਤੋਂ ਪਹਿਲਾਂ, ਯਾਦਵ ਦੁਬਈ ਵਿੱਚ ਸਰਗਰਮ ਸੀ ਅਤੇ ਅੰਤਰਰਾਸ਼ਟਰੀ ਡਰੱਗ ਵਪਾਰ ਵਿੱਚ ਇੱਕ ਪ੍ਰਮੁੱਖ ਸਮਗਲਰ ਸੀ। ਰਾਜਸਥਾਨ ਪੁਲਸ ਨੇ ਇਸ ਤੋਂ ਪਹਿਲਾਂ ਯਾਦਵ ਦੇ ਇੱਕ ਸਾਥੀ ਨੂੰ ਦੁਬਈ ਵਿੱਚ ਸਥਾਨਕ ਏਜੰਸੀਆਂ ਦੀ ਮਦਦ ਨਾਲ ਗ੍ਰਿਫਤਾਰ ਕੀਤਾ ਸੀ। ਉਸ ਦੇ ਖਿਲਾਫ ਹਾਲ ਹੀ 'ਚ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਗਿਆ ਸੀ। ਇੱਕ ਫੇਸਬੁੱਕ ਪੋਸਟ ਵਿੱਚ ਗੋਦਾਰਾ ਅਤੇ ਬਰਾੜ ਗੈਂਗ ਨੇ ਦੋਸ਼ ਲਾਇਆ ਕਿ ਯਾਦਵ ਨੇ ਪੰਜਾਬ ਪੁਲਸ ਨਾਲ ਮੁਕਾਬਲੇ ਦੌਰਾਨ ਅੰਕਿਤ ਭਾਦੂ ਦੀ ਮੌਤ ਵਿੱਚ ਭੂਮਿਕਾ ਨਿਭਾਈ ਸੀ। ਗੈਂਗ ਨੇ ਯਾਦਵ 'ਤੇ ਜਾਸੂਸੀ ਗਤੀਵਿਧੀਆਂ 'ਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਹੈ। ਗੈਂਗ ਨੇ ਯਾਦਵ 'ਤੇ ਅਮਰੀਕਾ 'ਚ ਆਪਣੇ ਮੈਂਬਰਾਂ ਦੀ ਜਾਸੂਸੀ ਕਰਨ ਦਾ ਵੀ ਦੋਸ਼ ਲਗਾਇਆ। ਉਨ੍ਹਾਂ ਦੋਸ਼ ਲਗਾਇਆ ਕਿ ਉਸ ਨੇ ਲੋਕਾਂ ਨੂੰ ਉਨ੍ਹਾਂ ਦੇ ਸਮੂਹ ਨੂੰ ਹੋਣ ਵਾਲੇ ਸੰਭਾਵੀ ਨੁਕਸਾਨ ਬਾਰੇ ਜਾਣਕਾਰੀ ਦਿੱਤੀ ਅਤੇ ਝੂਠਾ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਖੁਫੀਆ ਏਜੰਸੀ ਅਤੇ ਪੁਲਸ ਦੁਆਰਾ ਭਰਤੀ ਕੀਤਾ ਗਿਆ ਸੀ। ਪੋਸਟ ਵਿੱਚ ਲਿਖਿਆ ਹੈ, 'ਉਹ ਸਾਡੇ ਗਰੁੱਪ ਦਾ ਹਿੱਸਾ ਹੋਣ ਦਾ ਦਾਅਵਾ ਕਰਕੇ ਪੁਲਿਸ ਨੂੰ ਸਾਡੇ ਭਰਾਵਾਂ ਬਾਰੇ ਸੂਚਿਤ ਕਰਦਾ ਸੀ।'


Singh Tax & Accounting Services LLC.
SINGH AUTO & HOME INSURANCE
Individual & Business Tax related Services

ਸੇਵਾਵਾਂ: *ਇਨਕਮ ਟੈਕਸ ਨਾਲ ਸਬੰਧਤ ਹਰੇਕ ਸੇਵਾ ਜਿਵੇਂ, ਟੈਕਸ ਫਾਈਲਿੰਗ, ਟੈਕਸ ਪਲਾਨਿੰਗ ਅਤੇ ਆਈਆਰਐਸ ਔਡਿਟ (ਨਿੱਜੀ ਅਤੇ ਬਿਜ਼ਨਸ) ਲਈ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ।
* ਅਸੀਂ ਅਮਰੀਕਾ ਭਰ ਵਿਚ ਘਰਾਂ ਅਤੇ ਕਾਰਾਂ ਦੀ ਨਿੱਜੀ ਅਤੇ ਕਮਰਸ਼ੀਅਲ ਇੰਸ਼ੋਰੈਂਸ ਵੀ ਕਰਦੇ ਹਾਂ।

Ph: 248-982-2036


Mohan Singh MST
IRS Enrolled agent,
Insurance Agent-
Casualty & Property
Notary Public

Office Locations
Michigan:
36167 Ford Rd.Westland, MI 48185
Minnesota:
6043 Hudson Rd, Suite#399A
Woodbury, Minnesota 55125

Email: STS2021@SinghTaxServices.com; www.SinghTaxServices.com

Corporate NMLS# 68434
AZ License# BK-0945946


Balbir (Bill) Grewal
MORTGAGE LOAN OFFICER
NMLS# 353442

Sistar Mortgage
A Nationwide Lender

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property


(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

# ਗੁਰਦੁਆਰਾ ਪੈਲਾਟਾਈਨ ਵਿਖੇ ਡਾਕੂਮੈਂਟਰੀ ਫਿਲਮ 'ਸ਼ਹੀਦ' ਦਿਖਾਈ

**ਪੈਲਾਟਾਈਨ:** ਸਿੱਖ ਰਿਲੀਜੀਅਸ ਸੁਸਾਇਟੀ ਗੁਰਦੁਆਰਾ ਪੈਲਾਟਾਈਨ ਵਿਖੇ ਸਿੱਖ ਇਤਿਹਾਸ 'ਤੇ ਬਣੀ 80 ਮਿੰਟ ਦੀ ਡਾਕੂਮੈਂਟਰੀ ਫਿਲਮ 'ਸ਼ਹੀਦ' ਦਿਖਾਈ ਗਈ। ਇਹ ਸੰਸਾਰ ਦੀ ਪਹਿਲੀ ਸਾਊਂਡ ਐਂਡ ਲਾਈਟ ਕਾਨਸੈਪਟ








ਨਾਲ ਬਣੀ ਸਿੱਖ ਇਤਿਹਾਸ ਦੀ ਡਾਕੂਮੈਂਟਰੀ ਹੈ। ਇਸ ਦਾ ਫਿਲਮਾਂਕਣ ਅੰਤਰਰਾਸ਼ਟਰੀ ਪੱਧਰ ਦਾ ਹੈ। ਇਸ ਵਿਚ ਸਿੱਖ ਧਰਮ ਦੀ ਸ਼ੁਰੂਆਤ, 10 ਗੁਰੂ ਸਾਹਿਬਾਨ ਦੇ ਯੋਗਦਾਨ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਲੈ ਕੇ 1740 ਤੱਕ ਦੇ ਸਿੱਖਾਂ ਦਾ ਇਤਿਹਾਸ ਦਿਖਾਇਆ ਗਿਆ ਹੈ। ਫਿਲਮ ਦੇ ਨਿਰਦੇਸ਼ਕ ਜਗਮੀਤ ਸਿੰਘ ਸਮੁੰਦਰੀ ਹਨ, ਜਿਨ੍ਹਾਂ ਨੇ ਇਸ ਤੋਂ ਪਹਿਲਾਂ 'ਰਾਈਜ਼ ਆਫ ਦਿ ਖਾਲਸਾ' ਦਸਤਾਵੇਜੀ ਫਿਲਮ ਅਤੇ 'ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦ' ਫੀਚਰ ਫਿਲਮ ਦਾ ਨਿਰਦੇਸ਼ਨ ਵੀ ਕੀਤਾ ਹੈ।

'ਸ਼ਹੀਦ' ਦਸਤਾਵੇਜੀ ਫਿਲਮ ਹੁਣ ਤੱਕ ਸੰਸਾਰ ਦੇ 10 ਮੁਲਕਾਂ ਆਸਟਰੇਲੀਆ, ਸਵੀਡਨ, ਜਰਮਨੀ, ਨਾਰਵੇ, ਡੈਂਨਮਾਰਕ, ਇਟਲੀ, ਘਾਨਾ, ਨਾਇਜੀਰੀਆ, ਹਾਂਗਕਾਂਗ ਅਤੇ ਥਾਈਲੈਂਡ ਦੇ ਗੁਰਦੁਆਰਿਆਂ ਵਿਚ ਦਿਖਾਈ ਜਾ ਚੁੱਕੀ ਹੈ। ਹੁਣ ਇਸ ਫਿਲਮ ਦੇ ਸ਼ੋਅ ਅਮਰੀਕਾ ਵਿਚ ਚੱਲ ਰਹੇ ਹਨ, ਜਿੱਥੇ ਸਿੱਖ ਸੰਗਤ ਵਲੋਂ ਇਸ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਨਿਊਯਾਰਕ, ਨਿਊ ਜਰਸੀ, ਕਲੀਵਲੈਂਡ, ਵਾਸ਼ਿੰਗਟਨ, ਹੈਰੀਸਬਰਗ, ਨਾਇਗਰਾ ਫਾਲ, ਕੈਨਸਸ ਸਿਟੀ, ਡੈਲਸ, ਹਿਊਸਟਨ ਤੋਂ ਬਾਅਦ ਲੰਘੇ ਐਤਵਾਰ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਇਹ ਫਿਲਮ ਦਿਖਾਈ ਗਈ, ਜਿੱਥੇ ਸੰਗਤ ਹੁੰਮਹੁਮਾ ਕੇ ਇਹ ਫਿਲਮ ਦੇਖਣ ਪੁੱਜੀ। ਦਰਬਾਰ ਹਾਲ ਵਿਖੇ ਵੱਡੀਆਂ ਸਕਰੀਨਾਂ 'ਤੇ ਇਹ ਫਿਲਮ ਦਿਖਾਈ ਗਈ, ਜਿੱਥੇ ਹਜ਼ਾਰ ਤੋਂ ਵੱਧ ਸੰਗਤ ਨੇ ਇਸ ਫਿਲਮ ਦਾ ਅਨੰਦ ਮਾਣਿਆ ਤੇ ਬੱਚਿਆਂ ਨੂੰ ਇਸ ਫਿਲਮ ਰਾਹੀਂ ਗੁਰ ਇਤਿਹਾਸ ਤੋਂ ਜਾਣੂ ਕਰਵਾਇਆ। ਬੱਚਿਆਂ ਲਈ ਇਹ ਫਿਲਮ ਖਾਸ ਤੌਰ 'ਤੇ ਲਾਹੇਵੰਦ ਸਿੱਧ ਹੋਵੇਗੀ।

ਪੈਲਾਟਾਈਨ ਗੁਰੂਘਰ ਵਿਖੇ ਫਿਲਮ ਦਿਖਾਉਣ ਵਿਚ ਉਘੇ ਬਿਜ਼ਨੈਸਮੈਨ ਸ. ਗੁਲਜ਼ਾਰ ਸਿੰਘ ਮੁਲਤਾਨੀ ਅਤੇ ਇੰਦਰਜੀਤ ਹੁੰਜਨ ਦਾ ਖਾਸ ਯੋਗਦਾਨ ਰਿਹਾ। ਫਿਲਮ ਸ਼ੁਰੂ ਹੋਣ ਤੋਂ ਪਹਿਲਾਂ ਸ. ਗੁਲਜ਼ਾਰ ਸਿੰਘ ਮੁਲਤਾਨੀ ਨੇ ਸੰਗਤ ਨੂੰ ਸੰਬੋਧਿਤ ਹੁੰਦੇ ਹੋਏ ਕਿਹਾ ਕਿ ਅਜਿਹੀਆਂ ਫਿਲਮਾਂ ਅੱਗੇ ਤੋਂ ਵੀ ਬਣਨੀਆਂ ਚਾਹੀਦੀਆਂ ਹਨ, ਜੋ ਸਾਡੇ ਬੱਚਿਆਂ ਨੂੰ ਸਾਡੇ ਇਤਿਹਾਸ ਬਾਰੇ ਜਾਣਕਾਰੀ ਦਿੰਦੀਆਂ ਹਨ। ਜ਼ਿਕਰਯੋਗ ਹੈ ਕਿ ਸ. ਮੁਲਤਾਨੀ ਪਹਿਲਾਂ ਵੀ ਅਜਿਹੇ ਕਾਰਜਾਂ ਵਿਚ ਵਧ-ਚੜ੍ਹ ਕੇ ਯੋਗਦਾਨ ਪਾਉਂਦੇ ਰਹਿੰਦੇ ਹਨ ਅਤੇ ਕੁਝ ਸਮਾਂ ਪਹਿਲਾਂ ਵੀ ਉਨ੍ਹਾਂ ਜਗਮੀਤ ਸਮੁੰਦਰੀ ਵਲੋਂ ਬਣਾਈ ਇਕ ਫਿਲਮ ਆਪਣੇ ਘਰ ਵਿਚ ਦਿਖਾ ਕੇ ਜਗਮੀਤ ਸਮੁੰਦਰੀ ਦੀ ਹੌਸਲਾ ਅਫਜ਼ਾਈ ਕੀਤੀ ਸੀ। ਉਨ੍ਹਾਂ ਅਜਿਹੇ ਕਾਰਜ ਕਰਨ ਲਈ ਸਮੁੰਦਰੀ ਨੂੰ ਵਧਾਈ ਦਿੱਤੀ ਤੇ ਅਗਾਂਹ ਵੀ ਹਰ ਲੋੜੀਂਦੀ ਮਦਦ ਦਾ ਭਰੋਸਾ ਦਿਵਾਇਆ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ. ਜੈਰਾਮ ਸਿੰਘ ਕਾਹਲੋਂ ਨੇ ਵੀ ਫਿਲਮ ਦੀ ਪ੍ਰਸ਼ੰਸਾ ਕੀਤੀ ਤੇ ਬੱਚਿਆਂ ਸਣੇ ਫਿਲਮ ਦੇਖਣ ਪੁੱਜੇ ਮਾਪਿਆਂ ਦਾ ਧੰਨਵਾਦ ਕੀਤਾ।

ਜਗਮੀਤ ਸਮੁੰਦਰੀ ਨੇ ਸੰਗਤ ਨੂੰ ਦੱਸਿਆ ਕਿ ਉਹ ਅਜਿਹੀਆਂ ਹੋਰ ਵੀ ਕਈ ਫਿਲਮਾਂ 'ਤੇ ਕੰਮ ਕਰ ਰਹੇ ਹਨ। 27 ਦਸੰਬਰ ਨੂੰ ਇਹ ਫਿਲਮ ਕਾਲਾਮਾਜ਼ੂ ਗੁਰਦੁਆਰਾ ਸਾਹਿਬ, 29 ਦਸੰਬਰ ਨੂੰ ਬੈਟਲ ਕਰੀਕ ਮਿਸ਼ੀਗਨ ਅਤੇ 5 ਜਨਵਰੀ ਨੂੰ ਓਕ ਕਰੀਕ ਗੁਰਦੁਆਰਾ ਸਾਹਿਬ ਮਿਲਵਾਕੀ ਵਿਖੇ ਦਿਖਾਈ ਜਾਵੇਗੀ। ਵਧੇਰੇ ਜਾਣਕਾਰੀ ਲਈ 9297201392 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਗੁਰਦੁਆਰਾ ਪੈਲਾਟਾਈਨ ਦੇ ਮੁਖ ਸੇਵਾਦਾਰ ਜੈ ਰਾਮ ਸਿੰਘ ਕਾਹਲੋਂ ਅਤੇ ਸ. ਗੁਲਜ਼ਾਰ ਸਿੰਘ ਮੁਲਤਾਨੀ, ਜੋ ਹਮੇਸ਼ਾਂ ਉਨ੍ਹਾਂ ਦੀ ਮਦਦ ਕਰਦੇ ਹਨ, ਦਾ ਉਚੇਚਾ ਧੰਨਵਾਦ ਕੀਤਾ।

# ਸ਼ਹਾਦਤਾਂ ਦੇ ਸਪਤਾਹ ਨੂੰ ਸਮਰਪਿਤ ਰਹੀ ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਇਕੱਤਰਤਾ

**ਕੈਲਗਰੀ:** ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਸਾਲ 2024 ਦੀ ਆਖ਼ਰੀ ਮਾਸਿਕ ਇਕੱਤਰਤਾ 22 ਦਸੰਬਰ ਨੂੰ ਸਿੱਖ ਕੌਂਸਲ ਆਫ਼ ਆਰਗੇਨਾਈਜ਼ੇਸ਼ਨਜ਼ ਦੇ ਹਾਲ ਵਿਚ ਬਾਅਦ ਦੁਪਹਿਰ ਦੋ ਵਜੇ ਸੁਰਿੰਦਰ ਗੀਤ ਤੇ ਜਗਦੇਵ ਸਿੱਧੂ ਦੀ ਪ੍ਰਧਾਨਗੀ ਵਿਚ ਹੋਈ। ਇਹ ਇਕੱਤਰਤਾ ਸ਼ਹਾਦਤਾਂ ਦੇ ਸਪਤਾਹ ਨੂੰ ਸਮਰਪਿਤ ਕੀਤੀ ਗਈ ਅਤੇ ਇਸ ਦਾ ਆਰੰਭ ਜਰਨੈਲ ਤੱਗੜ ਨੇ ਕੀਤਾ।

ਸਭਾ ਦੇ ਸੁਰੀਲੇ ਗਾਇਕ ਸੁਖਮੰਦਰ ਗਿੱਲ ਨੇ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਰਬੰਸ ਕੁਰਬਾਨ ਕਰਨ ਦੀ ਗਾਥਾ ਨੂੰ ਵਰਣਨ ਕਰਦਾ ਇਕ ਗੀਤ ਪੇਸ਼ ਕਰ ਕੇ ਵੈਰਾਗਮਈ ਮਾਹੌਲ ਸਿਰਜ ਦਿੱਤਾ।

ਸਰਦੂਲ ਸਿੰਘ ਲੱਖਾ ਨੇ 'ਘੁੰਡ-ਚੁਕਾਈ' ਸਿਰਲੇਖ ਹੇਠ ਲਿਖੀ ਆਪਣੀ ਕਹਾਣੀ ਸੁਣਾਈ। ਕਹਾਣੀ ਦੀ ਸ਼ੈਲੀ, ਭਾਸ਼ਾ, ਮੁਹਾਵਰੇ ਅਤੇ ਵਿਸ਼ਾ-ਵਸਤੂ ਕਾਬਲੇ ਤਾਰੀਫ਼ ਸਨ। ਸਰਬਜੀਤ ਕੌਰ ਉੱਪਲ ਨੇ ਲੋਕ-ਰੰਗ ਵਿਚ ਰੰਗਿਆ ਗੀਤ ਸੁਣਾਇਆ। ਪ੍ਰੋ. ਬਲਦੇਵ ਸਿੰਘ ਦੁੱਲਤ ਨੇ ਚਮਕੌਰ ਦੀ ਜੰਗ ਦੇ ਇਤਿਹਾਸ ਨੂੰ ਵਰਣਨ ਕਰਦੀ ਬੀਰ-ਰਸੀ ਕਵਿਤਾ ਪੜ੍ਹੀ। ਗੁਰਰਾਜ ਸਿੰਘ ਵਿਰਕ ਨੇ ਢਲਦੀ ਉਮਰ ਵਿਚ ਵੀ ਜਵਾਨ ਰਹਿਣ ਦਾ ਸੁਨੇਹਾ ਦਿੱਤਾ।

ਮਨਜੀਤ ਬਰਾੜ ਨੇ ਪਰਵਾਸ ਤੋਂ ਪੈਦਾ ਹੁੰਦੀ ਪੀੜਾ ਨੂੰ ਆਪਣੇ ਸ਼ਬਦਾਂ ਰਾਹੀਂ ਪੇਸ਼ ਕੀਤਾ। ਸੁਰਿਦਰ ਗੀਤ ਨੇ ਇਸ ਹਕੀਕਤ ਦੀ ਤਾਈਦ ਕਰਦਿਆਂ ਕਿਹਾ ਕਿ ਸਭ ਤੋਂ ਔਖਾ ਹੁੰਦਾ ਹੈ ਚਿਰਾਂ ਤੋਂ ਬੰਦ ਪਏ ਘਰ ਦਾ ਕੁੰਡਾ ਖੋਲ੍ਹਣਾ। ਡਿੱਗੀਆਂ ਛੱਤਾਂ ਤੇ ਵਿਹੜੇ ਵਿਚ ਉੱਗਿਆ ਗੋਡੇ-ਗੋਡੇ ਘਾਹ ਭਰੀਆਂ ਅੱਖਾਂ ਨਾਲ ਵੇਖੀ ਜਾਣਾ ਅਤੇ ਕੁਝ ਨਾ ਕਹਿਣਾ। ਉਸ ਨੇ ਆਪਣੇ ਪਲੇਠੇ ਕਹਾਣੀ ਸੰਗ੍ਰਹਿ 'ਤੋਹਫ਼ਾ' ਦਾ ਹਿੰਦੀ ਅਤੇ ਅੰਗਰੇਜ਼ੀ ਵਿਚ



ਅਨੁਵਾਦ ਹੋਣ 'ਤੇ ਖੁਸ਼ੀ ਜਤਾਈ ਤੇ ਆਪਣੀਆਂ ਤਿੰਨ ਛੋਟੀਆਂ ਨਜ਼ਮਾਂ ਪੇਸ਼ ਕੀਤੀਆਂ।

ਜਗਦੇਵ ਸਿੱਧੂ ਨੇ ਦੱਸਿਆ ਕਿ ਸੁਰਿੰਦਰ ਗੀਤ ਦੁਆਰਾ ਰਚੇ ਸਾਹਿਤ ਬਾਰੇ ਚੋਟੀ ਦੇ ਵਿਦਵਾਨ ਲੇਖਕਾਂ ਆਲੋਚਨਾ ਦੀਆਂ ਪੰਜ ਪੁਸਤਕਾਂ ਦਾ ਛਪਣਾ ਲੇਖਿਕਾ ਦੀ ਆਸਾਧਾਰਣ ਪ੍ਰਾਪਤੀ ਹੈ। ਇਸ ਤੋਂ ਇਲਾਵਾ ਜਗਦੇਵ ਸਿੱਧੂ ਨੇ ਮੁਗ਼ਲ-ਕਾਲ ਦੇ ਆਰੰਭ ਅਤੇ ਪਤਨ ਨੂੰ ਗੁਰੂ-ਕਾਲ ਦੇ ਆਰੰਭ ਅਤੇ ਵਿਕਾਸ ਨਾਲ ਜੋੜ ਕੇ ਸ਼ਹਾਦਤਾਂ ਨੂੰ ਨਵੇਂ ਪਰਿਪੇਖ ਵਿਚ ਪੇਸ਼ ਕੀਤਾ। ਸਾਲ 2024 ਨੂੰ ਅਲਵਿਦਾ ਅਤੇ ਆਉਂਦੇ ਸਾਲ 2025 ਦੀ ਕਾਮਨਾ ਡਾ. ਗੁਰਮਿੰਦਰ ਸਿੱਧੂ ਦੀਆਂ ਇਨ੍ਹਾਂ ਸਤਰਾਂ ਨਾਲ ਕੀਤੀ-

ਨਵਿਆਂ ਵਰ੍ਹਿਆ ਵੇ ਨਵਿਆਂ ਵਾਂਗਰ ਆਈਂ,
ਹਾੜਾ ਵੇ ਨਾ ਬੀਤੇ ਦਿਨ ਦੁਹਰਾਈਂ!

ਮੰਚ ਸੰਚਾਲਨ ਦਾ ਕੰਮ ਸਭਾ ਦੇ ਸੀਨੀਅਰ ਵਾਈਸ ਪ੍ਰਧਾਨ ਜਰਨੈਲ ਸਿੰਘ ਤੱਗੜ ਨੇ ਬਹੁਤ ਵਧੀਆ ਢੰਗ ਨਾਲ ਨਿਭਾਇਆ।

ਅੰਤ ਵਿਚ ਸੁਰਿੰਦਰ ਗੀਤ ਨੇ ਆਉਣ ਵਾਲੇ ਸਾਲ ਲਈ ਸਭ ਨੂੰ ਅਗਾਊਂ ਵਧਾਈਆਂ ਦਿੱਤੀਆਂ। ਸਾਰਿਆਂ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿਚ ਪੂਰਨ ਸਹਿਯੋਗ ਦੀ ਆਸ ਪ੍ਰਗਟਾਈ। ਜਨਵਰੀ 2025 ਦੀ ਮਹੀਨਾਵਾਰ ਇਕੱਤਰਤਾ 26 ਜਨਵਰੀ ਨੂੰ ਹੋਵੇਗੀ।

# ਮਨਦੀਪ ਖੁਰਮੀ ਹਿੰਮਤਪੁਰਾ ਨੂੰ ਮਿਲਿਆ 'ਸਰਵੋਤਮ ਪੱਤਰਕਾਰ' ਐਵਾਰਡ

**ਲੰਡਨ/ਗਲਾਸਗੋ:** ਪਿਛਲੇ ਲਗਭਗ ਢਾਈ ਦਹਾਕਿਆਂ ਤੋਂ ਨਿਰੰਤਰ ਸਰਗਰਮੀ ਨਾਲ ਪੱਤਰਕਾਰੀ ਕਰ ਰਹੇ ਪੱਤਰਕਾਰ ਮਨਦੀਪ ਖੁਰਮੀ ਹਿੰਮਤਪੁਰਾ ਨੂੰ ਯੂ.ਕੇ. ਦੇ ਸ਼ਹਿਰ ਵੈਸਟ ਬਰੋਮ ਵਿਖੇ ਹੋਏ ਗਿਆਰ੍ਹਵੇਂ ਯੂ.ਕੇ. ਭੰਗੜਾ ਐਵਾਰਡਜ਼ ਸਮਾਰੋਹ ਦੌਰਾਨ 'ਸਰਵੋਤਮ ਪੱਤਰਕਾਰ' ਦੇ ਐਵਾਰਡ ਨਾਲ ਸਨਮਾਨਿਆ ਗਿਆ ਹੈ। ਯੂ.ਕੇ. ਭੰਗੜਾ ਐਵਾਰਡਜ਼ ਦੇ ਮੁੱਖ ਪ੍ਰਬੰਧਕ ਬੌਬੀ ਬੋਲਾ ਨੇ ਕਿਹਾ ਕਿ ਪੱਤਰਕਾਰੀ ਖੇਤਰ ਵਿਚ ਮਨਦੀਪ ਖੁਰਮੀ ਹਿੰਮਤਪੁਰਾ ਦੀਆਂ ਸੇਵਾਵਾਂ ਦਾ ਹੀ ਨਤੀਜਾ ਹੈ ਕਿ ਉਨ੍ਹਾਂ ਨੂੰ ਇਹ ਐਵਾਰਡ ਹਾਸਲ ਹੋਇਆ ਹੈ।



ਜ਼ਿਕਰਯੋਗ ਹੈ ਕਿ ਪੰਜਾਬ ਦੇ ਜ਼ਿਲ੍ਹਾ ਮੋਗਾ ਨਾਲ ਸੰਬੰਧਿਤ ਪਿੰਡ ਹਿੰਮਤਪੁਰਾ ਦੇ ਜੰਮਪਲ ਮਨਦੀਪ ਖੁਰਮੀ ਨੇ ਆਪਣਾ ਪੱਤਰਕਾਰੀ ਦਾ ਸਫ਼ਰ ਸੰਨ 2000 ਵਿਚ ਸ਼ੁਰੂ ਕੀਤਾ ਸੀ। ਪੰਜਾਬ ਰਹਿੰਦਿਆਂ ਉਨ੍ਹਾਂ ਰੋਜ਼ਾਨਾ ਅਖ਼ਬਾਰ ਨਵਾਂ ਜ਼ਮਾਨਾ ਤੋਂ ਪੱਤਰਕਾਰੀ ਸ਼ੁਰੂ ਕਰ ਕੇ ਅਜੀਤ, ਨਿਊਜ਼ ਟਾਈਮ ਟੀ.ਵੀ. ਚੈਨਲ ਲਈ ਸੇਵਾਵਾਂ ਦਿੱਤੀਆਂ। 2008 ਵਿਚ ਯੂ.ਕੇ. ਦੀ ਧਰਤੀ ਨੂੰ ਆਪਣੀ ਕਰਮਭੂਮੀ ਵਜੋਂ ਚੁਣਨ ਉਪਰੰਤ ਉਨ੍ਹਾਂ ਇੱਥੇ ਆ ਕੇ ਜਗਬਾਣੀ ਲਈ ਬਤੌਰ ਪੱਤਰਕਾਰ ਸੇਵਾਵਾਂ ਸ਼ੁਰੂ ਕੀਤੀਆਂ ਜੋ ਅੱਜ ਵੀ ਨਿਰੰਤਰ ਜਾਰੀ ਹਨ। ਇਸਦੇ ਨਾਲ-ਨਾਲ ਉਨ੍ਹਾਂ ਹਫਤਾਵਾਰੀ ਕਾਲਮ ਨਵੀਸ ਵਜੋਂ ਵੀ ਵਿਸ਼ਵ ਦੇ ਵੱਖ-ਵੱਖ ਅਖਬਾਰਾਂ ਲਈ ਕਾਲਮ ਲਿਖੇ।

ਮਨਦੀਪ ਖੁਰਮੀ ਦਾ ਕਹਿਣਾ ਕਿ ਉਨ੍ਹਾਂ ਨੂੰ ਮਾਣ ਹੈ ਕਿ ਵਿਸ਼ਵ ਦਾ ਕੋਈ ਅਖਬਾਰ ਹੀ ਅਜਿਹਾ ਹੋਵੇਗਾ ਜਿਸ ਵਿਚ ਉਨ੍ਹਾਂ ਨੇ ਇੱਕ ਵਾਰ ਹਾਜ਼ਰੀ ਨਾ ਲਗਵਾਈ ਹੋਵੇ। 2010 ਵਿਚ ਉਨ੍ਹਾਂ ਆਪਣੇ ਪਿੰਡ ਹਿੰਮਤਪੁਰਾ ਦੇ ਨਾਂ 'ਤੇ ਇੱਕ ਸਾਹਿਤਕ ਵੈੱਬਸਾਈਟ ਸ਼ੁਰੂ ਕੀਤੀ ਜਿਸਦਾ ਨਾਂ ਸੀ ਹਿੰਮਤਪੁਰਾਡੌਟਕੌਮ। ਇਹ ਵੈਬਸਾਈਟ ਸਮੁੱਚੇ ਵਿਸ਼ਵ ਵਿਚੋਂ ਪਹਿਲੀ ਸੀ ਜਿਸ ਵਿਚ ਪੂਰੇ ਵਿਸ਼ਵ ਦੇ ਅਖਬਾਰਾਂ ਦੇ ਲਿੰਕ ਲਗਾਏ ਹੋਏ ਸਨ ਜਦੋਂ ਵੀ ਕਿਸੇ ਨੇ ਦੁਨੀਆ ਦੇ ਕਿਸੇ ਵੀ ਮੁਲਕ ਦਾ ਕੋਈ ਅਖਬਾਰ ਪੜ੍ਹਨਾ ਹੁੰਦਾ ਤਾਂ ਹਿੰਮਤਪੁਰਾਡੌਟਕੌਮ 'ਤੇ ਗੇੜਾ ਮਾਰਨਾ ਹੀ ਪੈਂਦਾ ਸੀ। ਉਸ ਨੇ ਵੱਖ-ਵੱਖ ਵਿਸ਼ਿਆਂ 'ਤੇ ਪੂਰੀ ਨਿੱਠ ਕੇ ਕਲਮ-ਅਜ਼ਮਾਈ ਕੀਤੀ।

2019 ਵਿਚ ਉਹ ਸਕਾਟਲੈਂਡ ਦੇ ਸ਼ਹਿਰ ਗਲਾਸਗੋ ਆਣ ਵਸੇ ਤੇ 'ਪੰਜ ਦਰਿਆ' ਨਾਂ ਦਾ ਰੋਜ਼ਾਨਾ ਈ-ਪੇਪਰ ਸ਼ੁਰੂ ਕੀਤਾ। ਪੰਜ ਦਰਿਆ ਅਖ਼ਬਾਰ ਵੀ ਬਰਤਾਨੀਆ ਦਾ ਹੁਣ ਤੱਕ ਦਾ ਪਹਿਲਾ ਰੋਜ਼ਾਨਾ ਪੰਜਾਬੀ ਈ-ਅਖ਼ਬਾਰ ਹੋ ਨਿੱਬੜਿਆ ਹੈ। ਇਸਦੇ ਨਾਲ-ਨਾਲ ਮਨਦੀਪ ਖੁਰਮੀ ਹਿੰਮਤਪੁਰਾ ਸਕਾਟਲੈਂਡ ਦੀਆਂ ਗਤੀਵਿਧੀਆਂ ਨੂੰ ਜਗਬਾਣੀ, ਪੀਟੀਸੀ ਪੰਜਾਬੀ ਯੂ.ਕੇ. ਤੇ ਪੰਜ ਦਰਿਆ ਦੇ ਮੰਚ ਰਾਹੀਂ ਸਮੁੱਚੇ ਵਿਸ਼ਵ ਦੇ ਰੂ-ਬ-ਰੂ ਕਰਵਾਉਣ ਦਾ ਕਾਰਜ ਕਰਨ ਵਿਚ ਰੁੱਝੇ ਹੋਏ ਹਨ।

ਯੂ.ਕੇ. ਭੰਗੜਾ ਐਵਾਰਡਜ਼ ਸਮਾਰੋਹ ਦੌਰਾਨ ਮਿਲੇ ਇਸ ਸਨਮਾਨ ਨੂੰ ਮਨਦੀਪ ਖੁਰਮੀ ਆਪਣੀ ਪੱਤਰਕਾਰੀ ਦੇ 25 ਸਾਲਾਂ ਨੂੰ ਮਿਲਿਆ ਮਾਣ ਮੰਨਦੇ ਹਨ। ਉਨ੍ਹਾਂ ਇਹ ਸਨਮਾਨ ਆਪਣੇ ਮਰਹੂਮ ਪਿਤਾ ਗੁਰਬਚਨ ਸਿੰਘ ਖੁਰਮੀ (ਕੰਡਕਟਰ) ਜੀ ਨੂੰ ਸਮਰਪਿਤ ਕਰਦਿਆਂ ਕਿਹਾ ਕਿ ਜੇਕਰ ਉਨ੍ਹਾਂ ਵੱਲੋਂ ਪਿੱਠ ਨਾ ਥਾਪੜੀ ਗਈ ਹੁੰਦੀ ਤਾਂ ਸ਼ਾਇਦ ਹਾਲਾਤ ਹੋਰ ਹੁੰਦੇ।

## ਤੰਦੂਰੀਏ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਅਤੇ ਕਿਚਨ ਹੈਲਪਰ ਦੀ ਲੋੜ ਹੈ।

* ਚੰਗੀ ਤਨਖਾਹ ਅਤੇ ਰਿਹਾਇਸ਼ ਫਰੀ

ਚਾਹਵਾਨ ਸੰਪਰਕ ਕਰੋ:
ਮਿ. ਸਿੰਘ ਫੋਨ: 515-291-1961

## Super market with liquour license

ਮਿਸ਼ੀਗਨ ਵਿਚ ਸੁਪਰ ਮਾਰਕਿਟ ਲਿਕਰ ਲਾਈਸੈਂਸ ਨਾਲ ਸੇਲ 'ਤੇ ਹੈ।




ਫੋਨ: 989-471-2360

Email: dhillon2157@gmail.com


# Matrimonials

## ਲੜਕੇ ਦੀ ਲੋੜ ਹੈ

looking for a USA Citizen match for 6/1988 born, 5'9' divorced girl and has one child living with. She has completed her nursing associate in India, currently working in India and holding a Canada visitor visa. The girl belongs to Punjab (Ludhiana). Please contact us at: Cell 262-960-7366. 47-49

Jat Sikh family seeks a comparable match from a progressive family for their 1991 born, 5' 7", US-born daughter. Her background is in chemical engineering, and she is currently a department manager at a Fortune 500 multinational corporation. She lives in Chicago. Please contact with details at surjitkaur1937@outlook.com or 224-422-4773. 44-47

## ਲੜਕੀ ਦੀ ਲੋੜ ਹੈ

Looking for Suitable Ramgarhia Sikh Dhiman match in USA/CANADA for our well settled boy (US Citizen), July 1994 born in Ludhiana 5'4" , residing in Michigan (Canton). Bachelors degree holder and currently working as a Embedded Software Engineer. please call us at : +17343532316

ਅਮਰੀਕਾ ਸਿਟੀਜ਼ਨ ਜੱਟ ਸਿੱਖ, ਆਪਣਾ ਕਾਰੋਬਾਰ ਕਰਦੇ ਉਮਰ 53 ਸਾਲ, 5'11" ਤਲਾਕਸ਼ੁਦਾ (ਕੋਈ ਬੱਚਾ ਨਹੀਂ) ਲਈ ਜੱਟ ਸਿੱਖ ਪਰਿਵਾਰ ਨਾਲ ਸਬੰਧਤ ਯੂ.ਐਸ.ਏ. ਜਾਂ ਕੈਨੇਡਾ ਰਹਿੰਦੀ 40 ਤੋਂ 45 ਸਾਲ (ਬਿਨਾਂ ਪੇਪਰਾਂ ਤੋਂ ਜਾਂ ਪੱਕੀ) ਜੀਵਨ-ਸਾਥਣ ਦੀ ਲੋੜ ਹੈ। ਚਾਹਵਾਨ ਫੋਨ ਨੰਬਰ 414-213-2096 'ਤੇ ਜਾਂ ਈ-ਮੇਲ harminder121270@gamil.com 'ਤੇ ਸੰਪਰਕ ਕਰਨ। 52-03

Arora family seeks a compatible match for their 33 years, 5'11" handsome turbaned son. Boy has done Masters (Data science and Analytics) from University of Illinois Urbana Champaign & working as a Software engineer in reputed company in Chicago. He is willing to relocate within United States. He is on H1B visa and green card (I-140) is under process. Cast no bar. Please Contact us at +1 2176488985 (Call/ WhatsApp), +91 9289886133 (whatsapp) or Email at: tejveeraroras@gmail.com 47-50

Jat Sikh parents seeking a suitable match for their 27 yrs. old son, 6'-0" tall, born & raised in the US. He is currently an AVP for a bank and resides in Chicago. Caste no bar. Prefer nurse or medical field. Must be a U.S. Citizen. Please contact us at 1-224-545-1048 or E-mail: singhpaul696@gmail.com 45-48

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.


## ਡਰਾਈਵਰਾਂ ਲਈ ਸੁਨਹਿਰੀ ਮੌਕਾ!

*ਅਸੀਂ ਆਪਣੀ ਕੰਪਨੀ ਲਈ ਡਰਾਈਵਰ ਭਰਤੀ ਕਰ ਰਹੇ ਹਾਂ।*




ਮਿਸ਼ੀਗਨ ਟਰਮੀਨਲ ਲਈ ਸਾਨੂੰ ਓ ਟੀ ਆਰ ਡਰਾਈਵਰਾਂ ਦੀ ਲੋੜ ਹੈ। ਮਿਸ਼ੀਗਨ ਤੋਂ ਟੈਕਸਸ ਅਤੇ ਟੈਕਸਸ ਤੋਂ ਮਿਸ਼ੀਗਨ ਲਈ ਪੱਕੇ ਲੋਡ।

WE'RE HIRING!

Contact Us For Details

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

OTR Drivers
Michigan Terminal
MI to TX dedicated runs

+1 (734) 209-1964
+1 (734) 228 6300





# UMA TRAVELS

2535 West Devon Ave.,
Chicago, IL 60659

For Delhi-Bombay Ahmedabad, Hydrabad-Madras
Call For Special Sale Fares

**Call: 773-338-5603**



## ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ? ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

**Gurdip Singh Sandhu DHMS, BAMS**

**HOMEOPATHIC NATURAL MEDICINES**

**When Tired of all Treatments, For any Disease, At any Age, Try Alternative Treatment**


Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

**Ph: (408) 687-1899**
**(925) 557-9093**

Email: Homeomdicine@yahoo.com
Website: www.Homeopathyatoz.com

7021 Village Parkway, Dublin, CA 94568
Practice under provision of Act S8_577
State of CA



ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ: 847-359-0746



## ਰੂਬੀ ਸਹੋਤਾ ਬਣੀ ਟਰੂਡੋ ਕੈਬਨਿਟ ’ਚ ਮੰਤਰੀ

**ਓਟਾਵਾ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਨਵੀਂ ਕੈਬਨਿਟ ‘ਚ ਬਰੈਂਪਟਨ ਤੋਂ ਐੱਮਪੀ ਬੀਬੀ ਰੂਬੀ ਸਹੋਤਾ, ਸੇਂਟ ਜੌਨ ਦੀ ਐੱਮਪੀ ਜੇਐੱਨ ਥਮਸਨ ਤੇ ਸ਼ੇਰਬਰੂਕ, ਕਿਊ, ਐੱਮਪੀ ਐਲਿਜ਼ਾਬੇਥ ਬੀਅਰ, ਮਾਂਟਰੀਅਲ ਦੇ ਸੰਸਦ ਮੈਂਬਰ ਰੇਚਲ ਬੈਨਡੇਅਨ, ਵਿਨੀਪੈਗ ਦੇ ਸੰਸਦ ਮੈਂਬਰ ਟੈਰੀ ਡਗੁਇਡ, ਟੋਰਾਂਟੋ ਦੇ ਸੰਸਦ ਮੈਂਬਰ ਨੈਟ ਅਰਸਕੀਨ- ਸਮਿਥ, ਓਟਾਵਾ ਦੇ ਸੰਸਦ ਮੈਂਬਰ ਡੇਵਿਡ ਮੈਕਗਿੰਟੀ ਅਤੇ ਨੋਵਾ ਸਕੋਸ਼ੀਆ ਦੇ ਸੰਸਦ ਮੈਂਬਰ ਡੈਰੇਨ ਫਿਸ਼ਰ ਵੀ ਸ਼ਾਮਲ ਹਨ। ਰੂਬੀ ਸਹੋਤਾ ਲੋਕਤੰਤਰਿਕ ਸੰਸਥਾਵਾਂ ਦੇ ਮੰਤਰੀ ਅਤੇ ਸੰਘੀ ਆਰਥਿਕ ਲਈ ਜ਼ਿੰਮੇਵਾਰ ਹੋਣਗੇ। ਵਰਣਨਯੋਗ ਹੈ ਕਿ ਰੂਬੀ ਸਹੋਤਾ ਉੱਘੇ ਸਮਾਜ ਸੇਵੀ ਹਰਬੰਸ ਸਿੰਘ ਜੰਡਾਲੀ ਦੀ ਧੀ ਹਨ।

# ਡਾਕਟਰ ਅੰਬੇਡਕਰ ਦੇ ਅਪਮਾਨ ਸੰਬੰਧੀ ਭਾਜਪਾ ਸਪੱਸ਼ਟੀਕਰਨ ਦੇਵੇ: ਆਪ

**ਨਵੀਂ ਦਿੱਲੀ :** ਆਮ ਆਦਮੀ ਪਾਰਟੀ ਵਲੋਂ ਦੇਸ਼ ਦੇ ਵੱਖ ਵੱਖ ਹਿੱਸਿਆਂ ਦਿੱਤੇ ਗਏ ਧਰਨਿਆਂ ਦੌਰਾਨ ਵੱਖ-ਵੱਖ ਮੀਡੀਆ ਅਦਾਰਿਆਂ ਨਾਲ ਗੱਲਬਾਤ ਕਰਦਿਆਂ ‘ਆਪ’ ਆਗੂਆਂ ਨੇ ਕਿਹਾ ਕਿ ਅਮਿਤ ਸ਼ਾਹ ਨੇ ਆਪਣੇ ਬਿਆਨ ਨਾਲ ਨਾ ਸਿਰਫ਼ ਭੀਮ ਰਾਓ ਅੰਬੇਡਕਰ ਦਾ ਅਪਮਾਨ ਕੀਤਾ ਹੈ ਸਗੋਂ ਅਜਿਹਾ ਕਹਿ ਕੇ ਸਮੁੱਚੇ ਦਲਿਤ ਭਾਈਚਾਰੇ ਦਾ ਅਪਮਾਨ ਕੀਤਾ ਹੈ। ਡਾ. ਅੰਬੇਡਕਰ ਨੇ ਸਮਾਜ ਦੇ ਦੱਬੇ-ਕੁਚਲੇ ਲੋਕਾਂ ਨੂੰ ਸੰਵਿਧਾਨ ਤਹਿਤ ਰਾਜਨੀਤਿਕ ਅਤੇ ਸਮਾਜਿਕ ਅਧਿਕਾਰ ਦਿੱਤੇ ਅਤੇ ਉਨ੍ਹਾਂ ਨੂੰ ਆਰਥਿਕ ਤੌਰ ‘ਤੇ ਮਜ਼ਬੂਤ ਕੀਤਾ। ਅਮਿਤ ਸ਼ਾਹ ਦੇ ਬਿਆਨ ਨਾਲ ਦੇਸ਼ ਦੇ ਦਲਿਤ ਭਾਈਚਾਰੇ ਅੰਦਰ ਨਿਰਾਸ਼ਾ ਦੀ ਲਹਿਰ ਫੈਲ ਗਈ ਹੈ। ਭਾਰਤੀ ਜਨਤਾ ਪਾਰਟੀ ਨੂੰ ਇਸ ਮਾਮਲੇ ‘ਤੇ ਸਪੱਸ਼ਟੀਕਰਨ ਦੇਣਾ ਚਾਹੀਦਾ ਹੈ ਅਤੇ ਦਲਿਤ ਭਾਈਚਾਰੇ ਤੋਂ ਤੁਰੰਤ ਮਾਫ਼ੀ ਮੰਗਣੀ ਚਾਹੀਦੀ ਹੈ। ਜਲੰਧਰ ਤੋਂ ‘ਆਪ’ ਆਗੂ ਨੇ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਦੇਸ਼ ਦੇ ਗ੍ਰਹਿ ਮੰਤਰੀ ਵੱਲੋਂ ਸੰਸਦ ‘ਚ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦਾ ਮਜ਼ਾਕ ਉਡਾਇਆ ਗਿਆ। ਲੋਕਤੰਤਰ ਲਈ ਇਸ ਤੋਂ ਵੱਧ ਦੁਖਦਾਈ ਗੱਲ ਹੋਰ ਕੋਈ ਨਹੀਂ ਹੋ ਸਕਦੀ।



ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਵਰਕਰਾਂ ਵੱਲੋਂ ਕੀਤੇ ਜਾ ਰਹੇ ਵਿਰੋਧ ਪ੍ਰਦਰਸ਼ਨ ਲੋਕਾਂ ਵਿੱਚ ਵਿਆਪਕ ਗੁੱਸੇ ਅਤੇ ਰੋਸ ਨੂੰ ਦਰਸਾਉਂਦੇ ਹਨ।

ਆਮ ਆਦਮੀ ਪਾਰਟੀ ਨੇ ਦਿੱਲੀ ਅਤੇ ਪੰਜਾਬ ਦੇ ਸਾਰੇ ਸਰਕਾਰੀ ਦਫ਼ਤਰਾਂ ਵਿੱਚ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਅਤੇ ਸ਼ਹੀਦ ਭਗਤ ਸਿੰਘ ਦੀਆਂ ਤਸਵੀਰਾਂ ਲਗਾਉਣ ਨੂੰ ਯਕੀਨੀ ਬਣਾਇਆ ਹੈ। ਅਰਵਿੰਦ ਕੇਜਰੀਵਾਲ ਬਾਬਾ ਸਾਹਿਬ ਨੂੰ ਆਪਣਾ ਸਿਆਸੀ ਅਦਰਸ਼ ਮੰਨਦੇ ਹਨ। ਉਹ ਰਾਸ਼ਟਰੀ ਪੱਧਰ ‘ਤੇ ਅਮਿਤ ਸ਼ਾਹ ਦੇ ਬਿਆਨਾਂ ਖ਼ਿਲਾਫ਼ ਲਗਾਤਾਰ ਆਵਾਜ਼ ਉਠਾ ਰਹੇ ਹਨ ਅਤੇ ਉਨ੍ਹਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕਰ ਰਹੇ ਹਨ।



# ਉਸਤਾਦ ਜ਼ਾਕਿਰ ਹੁਸੈਨ ਸਾਨ ਫਰਾਂਸਿਸਕੋ ’ਚ ਸਪੁਰਦ-ਏ-ਖ਼ਾਕ

### ਸ਼ਰਧਾਂਜਲੀ ਦੇਣ ਲਈ ਥੋੜ੍ਹੀ ਦੂਰੀ ’ਤੇ ਡਰੰਮ ਤੇ ਹੋਰ ਸੰਗੀਤਕ ਸਾਜ਼ ਵਜਾਏ

**ਨਿਊਯਾਰਕ**-ਤਬਲਾ ਵਾਦਕ ਉਸਤਾਦ ਜ਼ਾਕਿਰ ਹੁਸੈਨ ਨੂੰ ਸਾਨ ਫਰਾਂਸਿਸਕੋ ਦੇ ਕਬਰਿਸਤਾਨ ‘ਚ ਸਪੁਰਦ-ਏ-ਖਾਕ ਕਰ ਦਿੱਤਾ ਗਿਆ। ਇਸ ਮੌਕੇ ਮਸ਼ਹੂਰ ਤਬਲਾ ਵਾਦਕ ਏ. ਸਿਵਾਮਣੀ ਤੇ ਹੋਰ ਕਲਾਕਾਰਾਂ ਨੇ ਡਰੰਮਾਂ ‘ਤੇ ਪ੍ਰਦਰਸ਼ਨ ਕਰ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਪਦਮ ਵਿਭੂਸ਼ਣ ਤਬਲਾ ਵਾਦਕ ਜ਼ਾਕਿਰ ਹੁਸੈਨ ਦਾ ਬੀਤੇ ਦਿਨ ਸਾਨ ਫਰਾਂਸਿਸਕੋ ਦੇ ਇਕ ਹਸਪਤਾਲ ‘ਚ ਮੌਤ ਹੋ ਗਈ ਸੀ। ਉਹ 73 ਸਾਲਾਂ ਦੇ ਸਨ । ਉਹ ਆਪਣੇ ਪਿੱਛੇ ਪਤਨੀ ਤੇ ਦੋ ਬੇਟੀਆਂ ਛੱਡ ਗਏ ਹਨ। ਉਨ੍ਹਾਂ ਦਾ ਸਾਨ ਫਰਾਂਸਿਸਕੋ ਦੇ ਫਰਨਵੁੱਡ ਕਬਰਸਤਾਨ ਵਿਚ ਸਸਕਾਰ ਕਰ ਦਿੱਤਾ ਗਿਆ। ਹੁਸੈਨ ਦੇ ਅੰਤਿਮ ਸੰਸਕਾਰ ਮੌਕੇ ਉਨ੍ਹਾਂ ਦੇ ਸੈਂਕੜੇ ਪ੍ਰਸ਼ੰਸਕ ਉਨ੍ਹਾਂ ਨੂੰ ਅੰਤਿਮ ਸ਼ਰਧਾਂਜਲੀ ਦੇਣ ਲਈ ਇਕੱਠੇ ਹੋਏ। ਸਿਵਾਮਣੀ ਤੇ ਕਈ ਹੋਰ ਸੰਗੀਤਕਾਰਾਂ ਨੇ ਉਨ੍ਹਾਂ ਸ਼ਰਧਾਂਜਲੀ ਦੇਣ ਲਈ ਥੋੜ੍ਹੀ ਦੂਰੀ ‘ਤੇ ਡਰੰਮ ਤੇ ਹੋਰ ਸੰਗੀਤਕ ਸਾਜ਼ ਵਜਾਏ। ਇਸ ਮੌਕੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਹੋਰਾਂ ਨੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

# ਕਾਂਗਰਸ ਭਖਦਾ ਰੱਖੇਗੀ ਅੰਬੇਡਕਰ ਦੇ ਨਿਰਾਦਰ ਦਾ ਮੁੱਦਾ



**ਨਵੀਂ ਦਿੱਲੀ :** ਸੰਸਦ ਦਾ ਸਰਦ ਰੁੱਤ ਇਜਲਾਸ ਖਤਮ ਹੋ ਗਿਆ ਹੈ ਪਰ ਇਸ ਤੋਂ ਬਾਅਦ ਵੀ ਕਾਂਗਰਸ ਬਾਬਾ ਸਾਹਿਬ ਅੰਬੇਡਕਰ ਦੇ ਮੁੱਦੇ ‘ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਘੇਰਾਬੰਦੀ ਨਹੀਂ ਛੱਡੇਗੀ।

ਪਾਰਟੀ ਗ੍ਰਹਿ ਮੰਤਰੀ ਦੇ ਅਸਤੀਫੇ ਅਤੇ ਮੁਆਫੀ ਦੀ ਮੰਗ ਦੇ ਬਾਅਦ ਹੁਣ ਜਨਤਾ ਵਿਚਾਲੇ ਜਾਵੇਗੀ। ਇਸ ਮੁੱਦੇ ਨੂੰ ਬਜਟ ਇਜਲਾਸ ਤੱਕ ਜਾਰੀ ਰੱਖਣ ਦੇ ਹਿਸਾਬ ਨਾਲ ਪਾਰਟੀ ਅੰਦੋਲਨ ਦੇ ਕਈ ਪੱਧਰਾਂ ‘ਤੇ ਰੁਪਰੇਖਾ ਬਣਾਉਣ ਵਿੱਚ ਲੱਗ ਗਈ ਹੈ। ਵਿਰੋਧੀ ਗਠਜੋੜ ਆਈ.ਐੱਨ.ਡੀ.ਆਈ.ਏ. ਦੇ ਸਹਿਯੋਗੀ ਦਲਾਂ ਵਿਚਾਲੇ ਇਸ ਮੁੱਦੇ ‘ਤੇ ਨਜ਼ਰ ਆਈ ਇੱਕਜੁਟਤਾ ਦੇ ਮੱਦੇਨਜ਼ਰ ਕਾਂਗਰਸ ਇਹ ਮੌਕਾ ਗਵਾਉਣਾ ਨਹੀਂ ਚਾਹੁੰਦੀ।

# ਦਸਤਾਰ ਸਜਾਉਣ ਵਾਲੀਆਂ ਸਿੱਖ ਔਰਤਾਂ ਨੂੰ ਹੀ ਹੈਲਮੇਟ ਤੋਂ ਛੋਟ



**ਚੰਡੀਗੜ੍ਹ :** ਔਰਤਾਂ ਨੂੰ ਹੈਲਮੇਟ ਪਹਿਨਣ ਤੋਂ ਮਿਲੀ ਛੋਟ ਬਾਰੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਪੱਸ਼ਟ ਕੀਤਾ ਹੈ ਕਿ ਇਹ ਛੋਟ ਸਿਰਫ਼ ਦਸਤਾਰ ਸਜਾਉਣ ਵਾਲੀਆਂ ਸਿੱਖ ਔਰਤਾਂ ਨੂੰ ਹੈ। ਨਾਲ ਹੀ ਮੋਟਰ ਵਹੀਕਲ ਐਕਟ ਦੀ ਵਿਵਸਥਾ ਦੀ ਪਾਲਣਾ ਨੂੰ ਯਕੀਨੀ ਬਣਾਉਣ ਦੇ ਆਦੇਸ਼ ਦਿੱਤੇ ਜਿਸ ਵਿੱਚ 4 ਸਾਲ ਤੋਂ ਵੱਧ ਉਮਰ ਦੇ ਬੱਚਿਆਂ ਲਈ ਹੈਲਮੇਟ ਲਾਜ਼ਮੀ ਹੈ। ਹੁਣ ਇਨ੍ਹਾਂ ਦੋਵਾਂ ਨੂੰ ਯਕੀਨੀ ਬਣਾਉਣ ਦੀ ਉਮੀਦ ਪ੍ਰਗਟਾਉਂਦਿਆਂ ਹਾਈ ਕੋਰਟ ਨੇ “ ਪਟੀਸ਼ਨ ਦਾ ਨਿਪਟਾਰਾ ਕਰ ਦਿੱਤਾ ਹੈ। ਹਾਈ ਕੋਰਟ ਨੂੰ ਇੱਕ ਪੱਤਰ ਮਿਲਿਆ ਸੀ ਜਿਸ ਵਿੱਚ ਦੋ ਪਹੀਆ ਵਾਹਨਾਂ ‘ਤੇ ਔਰਤਾਂ ਲਈ ਹੈਲਮੇਟ ਪਾਉਣਾ ਲਾਜ਼ਮੀ ਕਰਨ ਦੀ ਮੰਗ ਕੀਤੀ ਗਈ ਸੀ। ਪੱਤਰ ਵਿੱਚ ਚੰਡੀਗੜ੍ਹ ਦੇ ਅਰੋਮਾ ਹੋਟਲ ਦੇ ਸਾਹਮਣੇ ਹਰਿਆਣਾ ਰੋਡਵੇਜ਼ ਦੀ ਬੱਸ ਵੱਲੋਂ ਸਕੂਟਰ ਨੂੰ ਟੱਕਰ ਮਾਰਨ ਕਾਰਨ ਲੜਕੀ ਦੀ ਮੌਤ ਦਾ ਜ਼ਿਕਰ ਕੀਤਾ ਗਿਆ ਹੈ। ਪੱਤਰ ਵਿੱਚ ਲਿਖਿਆ ਗਿਆ ਸੀ ਕਿ ਕੇਂਦਰ ਸਮੇਤ ਪੰਜਾਬ ਅਤੇ ਹਰਿਆਣਾ ਨੇ ਦਸਤਾਰ ਸਜਾਉਣ ਵਾਲੇ ਸਿੱਖਾਂ ਨੂੰ ਹੈਲਮੇਟ ਪਹਿਨਣ ਤੋਂ ਛੋਟ ਦਿੱਤੀ ਹੈ।

ਹਾਈ ਕੋਰਟ ਨੂੰ ਕਿਹਾ ਗਿਆ ਕਿ ਕੋਈ ਵੀ ਧਰਮ ਸੁਰੱਖਿਆ ਦੇ ਮਾਪਦੰਡਾਂ ਤੋਂ ਉੱਪਰ ਨਹੀਂ ਹੈ। ਇਸ ਲਈ ਦੋਪਹੀਆ ਵਾਹਨਾਂ ‘ਤੇ ਸਾਰੀਆਂ ਔਰਤਾਂ ਅਤੇ ਖਾਸ ਕਰਕੇ ਉਨ੍ਹਾਂ ਸਿੱਖ ਔਰਤਾਂ ਲਈ ਹੈਲਮਟ ਲਾਜ਼ਮੀ ਕੀਤਾ ਜਾਣਾ ਚਾਹੀਦਾ ਹੈ ਜੋ ਦਸਤਾਰ ਨਹੀਂ ਸਜਾਉਂਦੀਆਂ। ਹਾਈ ਕੋਰਟ ਨੇ ਪੱਤਰ ਦਾ ਨੋਟਿਸ ਲਿਆ ਸੀ। ਹਾਈਕੋਰਟ ਨੇ ਕਿਹਾ ਕਿ ਮਾਮਲਾ ਔਰਤਾਂ ਦੀ ਸੁਰੱਖਿਆ ਦਾ ਹੈ. ਜਿਸ ਲਈ ਅਸੀਂ ਚਿੰਤਤ ਹਾਂ।

# ’84 ਦੰਗਿਆਂ ਬਾਰੇ ਰਿਪੋਰਟ ਦਾਖਲ ਕਰੇ ਕੇਂਦਰ: ਸੁਪਰੀਮ ਕੋਰਟ

**ਨਵੀਂ ਦਿੱਲੀ :** ਸਾਲ 1984 ਦੇ ਸਿਖ ਵਿਰੋਧੀ ਦੰਗਿਆਂ ਦੀ ਸੁਣਵਾਈ ਦੀ ਸਥਿਤੀ ਨੂੰ ਲੈ ਕੇ ਸੁਪਰੀਮ ਕੋਰਟ ਨੇ ‘ਸ਼ੁੱਕਰਵਾਰ ਨੂੰ ਕੇਂਦਰ ਸਰਕਾਰ ਨੂੰ ਦੋ ਹਫਤਿਆਂ ਅੰਦਰ ਸਟੇਟਸ ਰਿਪੋਰਟ ਜਮਾਂ ਕਰਨ ਲਈ ਕਿਹਾ। ਜਸਟਿਸ ਅਭੈ ਐੱਸ ਓਕਾ ਤੇ ਜਸਟਿਸ ਆਗਸਟੀਨ ਜਾਰਜ ਮਸੀਹ ਦੀ ਬੈਂਚ ਨੇ ਵਧੀਕ ਸਾਲਿਸਟਰ ਜਨਰਲ ਐਸ਼ਵਰਿਆ ਭਾਟੀ ਤੋਂ ਹਲਫ਼ਨਾਮਾ ਦਾਖਲ ਕਰਨ ਦੇ ਨਾਲ ਪਟੀਸ਼ਨਕਰਤਾ ਨੂੰ ਵਿਸਥਾਰਤ ਇਤਰਾਜ਼ ਦਾਖਲ ਕਰਨ ਦੀ ਮਨਜ਼ੂਰੀ ਦਿੱਤੀ।

ਇਸ ਦੌਰਾਨ ਐਸ਼ਵਰਿਆ ਨੇ ਕਿਹਾ ਕਿ ਅਦਾਲਤ ਵੱਲੋਂ ਬਣਾਈ ਐੱਸ.ਆਈ.ਟੀ. ਦੀਆਂ ਸਿਫਾਰਿਸ਼ਾਂ ਨੂੰ ਲਾਗੂ ਕੀਤਾ ਗਿਆ ਸੀ। ਉੱਥੇ ਹੀ ਇਕ ਪਟੀਸ਼ਨਰ ਦੇ ਵਕੀਲ ਨੇ ਕਿਹਾ ਕਿ ਐੱਸਆਈਟੀ ਰਿਪੋਰਟ ਵਿਚ ਕਈ ਅਜਿਹੇ ਉਦਾਹਰਣ ਹਨ, ਜਿੱਥੇ 498 ਮਾਮਲਿਆਂ ਨੂੰ ਇਕ ਹੀ ਐੱਫ.ਆਈ.ਆਰ ਵਿਚ ਸ਼ਾਮਲ ਕੀਤਾ ਗਿਆ ਹੈ ਤੇ ਜਾਂਚ ਅਧਿਕਾਰੀ ਨੂੰ ਇਨ੍ਹਾਂ ਸਾਰਿਆਂ ਦੀ ਜਾਂਚ ਕਰਨੀ ਪਈ।



ਸ਼ੁਰੂਆਤ ਵਿਚ ਅਦਾਲਤ ਨੂੰ ਲੱਗਿਆ ਕਿ ਇਸ ਨੂੰ ਦਿੱਲੀ ਤੱਕ ਹੀ ਸੀਮਤ ਰੱਖਣਾ ਚਾਹੀਦਾ ਹੈ ਪਰ ਅਸੀਂ ਹੋਰ ਸੂਬਿਆਂ ਲਈ ਕੁਝ ਨਹੀਂ ਕੀਤਾ।

1984 ਵਿਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਉਨ੍ਹਾਂ ਦੇ ਸੁਰੱਖਿਆ ਗਾਰਡਾਂ ਦੁਆਰਾ ਹੱਤਿਆ ਤੋਂ ਬਾਅਦ, ਦਿੱਲੀ ਵਿਚ ਵੱਡੇ ਪੱਧਰ ‘ਤੇ ਹਿੰਸਾ ਅਤੇ ਸਿੱਖ ਭਾਈਚਾਰੇ ਦੇ ਮੈਂਬਰਾਂ ਦੇ ਕਤਲ ਹੋਏ ਸਨ।

# ਕੈਨੇਡਾ ਸਰਕਾਰ ਦੇ ਨਵੇਂ ਫ਼ੁਰਮਾਨ ਨਾਲ ਕੱਚੇ ਪਰਵਾਸੀਆਂ ਦੀ ਚਿੰਤਾ ਵਧੀ

### ਅਰਜ਼ੀ ਲਗਾਉਣ ਵੇਲੇ ਐਕਸਪ੍ਰੈੱਸ ਐਂਟਰੀ ਪੂਲ ’ਚ ਰਹਿਣ ਲਈ ਕਈ ਗੱਲਾਂ ਦਾ ਧਿਆਨ ਰੱਖਣਾ ਪਵੇਗਾ

**ਓਟਵਾ:** ਪਿਛਲੇ ਕੁਝ ਸਮੇਂ ਤੋਂ ਕੈਨੇਡਾ ਸਰਕਾਰ ਕਨੇਡਾ ਵਿੱਚ ਦੂਸਰੇ ਦੇਸ਼ਾਂ ਆਏ ਪਰਵਾਸੀਆਂ ਬਾਰੇ ਲਗਾਤਾਰ ਵੱਡੇ ਫੈਸਲੇ ਕਰ ਰਹੀ ਹੈ।


ਹੁਣ ਨਵਾਂ ਫ਼ੁਰਮਾਨ ਕੈਨੇਡਾ ’ਚ ਪੱਕੇ ਤੌਰ ‘ਤੇ ਵਸਣ ਦੀ ਆਸ ਨਾਲ ਮਿਹਨਤ ਕਰ ਰਹੇ ਲੋਕਾਂ ਦੀ ਵੱਡੀ ਗਿਣਤੀ ਲਈ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਪਿਛਲੇ ਸਮੇਂ ’ਚ ਵੀ ਕੈਨੇਡਾ ਨੇ ਇਮੀਗ੍ਰੇਸ਼ਨ ਤੇ ਸੁਰੱਖਿਆ ਪ੍ਰਬੰਧਾਂ ਦੇ ਮੱਦੇਨਜ਼ਰ ਭਾਰਤ ਤੋਂ ਜਾਣ ਵਾਲੇ ਲੋਕਾਂ ਦੀ ਐਂਟਰੀ ਵੇਲੇ ਵਾਧੂ ਸੁਰੱਖਿਆ ਜਾਚ ਕਰਵਾਉਣ ਦਾ ਹੁਕਮ ਜਾਰੀ ਕੀਤਾ ਸੀ। ਉਸ ਦੇ ਇਸੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਇਸ ਬਾਰੇ ਕਿਹਾ ਹੈ ਕਿ ਸਰਕਾਰ ਨੇ ਐਕਸਪ੍ਰੈਸ ਐਂਟਰੀ ਸਿਸਟਮ ‘ਚ ਲੇਬਰ ਮਾਰਕੀਟ ਇੰਪੈਕਟ ਅਸੈਸਮੈਂਟ (ਐਲ. ਐੱਮ. ਆਈ. ਏ) ਲਈ ਵਾਧੂ ਪੁਆਇੰਟਾਂ ਨੂੰ ਹਟਾਉਣ ਦਾ ਫ਼ੈਸਲਾ ਕੀਤਾ ਹੈ। ਕੈਨੇਡਾ ‘ਚ ਲੇਬਰ ਤੇ ਪੜ੍ਹਾਈ ਲਈ ਜ਼ਿਆਦਾਤਰ ਲੋਕ ਪੰਜਾਬ ਤੋਂ ਹੀ ਜਾ ਰਹੇ ਹਨ। ਇਸ ਲਈ ਇਸ ਖਿੱਤੇ ਦੇ ਲੋਕਾ ਹੀ ਸਭ ਤੋਂ ਵੱਧ ਪ੍ਰਭਾਵਿਤ ਹੋਣਗੇ। ਮਿਲਰ ਨੇ ਕਿਹਾ ਹੈ ਕਿ ਇਹ ਬਦਲਾਅ ਕਈ ਗੱਲਾਂ ਨੂੰ ਮੁੱਖ ਰੱਖ ਕੇ ਕੀਤਾ ਗਿਆ ਹੈ। ਪਿਛਲੇ ਕਾਫ਼ੀ ਸਮੇਂ ਤੋਂ ਇਸ ਪ੍ਰਣਾਲੀ ਦੀ ਦੁਰਵਰਤੋਂ ਕਰਨ ਦੀਆਂ ਸ਼ਿਕਾਇਤਾਂ ਮਿਲ ਰਹੀਆਂ ਸਨ। ਇਸ ਤੋਂ ਇਲਾਵਾ ਬਹੁਤੇ ਕਾਰੋਬਾਰੀ ਇਸ ਦੀ ਜ਼ਾਅਲੀ ਤਰੀਕੇ ਨਾਲ ਵਰਤੋਂ ਵੀ ਕਰ ਰਹੇ ਸਨ। ਧੋਖਾਧੜੀ ਦੀਆਂ ਸ਼ਿਕਾਇਤਾਂ ਕਾਰਨ ਇਸ ‘ਚ ਬਦਲਾਅ ਕੀਤਾ ਗਿਆ ਹੈ।



ਕੈਨੇਡਾ ਸਰਕਾਰ ਦਾ ਕਹਿਣਾ ਹੈ ਕਿ ਹੁਣ ਦੇਸ਼ ’ਚ ਬਾਹਰੋਂ ਆਉਣ ਵਾਲੀ ਵਸੋਂ ਨੂੰ ਅਰਜ਼ੀ ਲਗਾਉਣ ਵੇਲੇ ਐਕਸਪ੍ਰੈੱਸ ਐਂਟਰੀ ਪੂਲ ’ਚ ਰਹਿਣ ਲਈ ਕਈ ਗੱਲਾਂ ਦਾ ਧਿਆਨ ਰੱਖਣਾ ਪਵੇਗਾ। ਇਸ ਲਈ ਭਾਸ਼ਾ ‘ਚ ਮੁਹਾਰਤ, ਸਿੱਖਿਆ ਦਾ ਪੱਧਰ, ਕੰਮ ਦਾ ਤਜਰਬਾ ਵੀ ਸ਼ਾਮਿਲ ਕੀਤਾ ਗਿਆ ਹੈ। ਇਹ ਗੱਲਾਂ ਹਰ ਉਸ ਪੰਜਾਬੀ ਨੂੰ ਬਾਕਾਇਦਾ ਵਿਚਾਰਨੀਆਂ ਪੈਣਗੀਆਂ ਜੋ ਕੈਨੇਡਾ ਆਉਣ ਲਈ ਤਿਆਰੀ ‘ਚ ਲੱਗਾ ਹੋਇਆ ਹੈ।

ਦੂਜੇ ਪਾਸੇ ਇਸ ਬਦਲਾਅ ਲਈ ਉਹ ਲੋਕ ਜ਼ਿੰਮੇਵਾਰ ਹਨ ਜੋ ਗਲਤ ਢੰਗ- ਤਰੀਕੇ ਵਰਤ ਕੇ ਦੂਜੇ ਮੁਲਕਾਂ ‘ਚ ਦਾਖ਼ਲਾ ਲੈਂਦੇ ਹਨ। ਇਸ ਨਾਲ ਉਨ੍ਹਾਂ ਮੁਲਕਾਂ ਨੂੰ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

# ਹੁਣ ਯੂ.ਪੀ.ਐਸ.ਸੀ. ਵਾਂਗ ਹੋਵੇਗੀ ਪੀ.ਸੀ.ਐੱਸ ਦੀ ਪ੍ਰੀਖਿਆ




**ਪਟਿਆਲਾ :** ਹੁਣ ਯੂ.ਪੀ.ਐੱਸ.ਸੀ. ਵਾਂਗ ਪੀਸੀਐੱਸ ਦੀ ਪ੍ਰੀਲਿਮੀਨਰੀ ਪ੍ਰੀਖਿਆ ਹੋਵੇਗੀ। ਪੰਜਾਬ ਲੋਕ ਸੇਵਾ ਕਮਿਸ਼ਨ (ਪੀਪੀਐੱਸਸੀ) ਵੱਲੋਂ ਪੰਜਾਬ ਸਿਵਲ ਸੇਵਾ (ਕਾਰਜਕਾਰੀ ਸ਼ਾਖ਼ਾ) ਅਹੁਦਿਆਂ ਦੀ ਭਰਤੀ ਵਾਸਤੇ ਲਈ ਜਾਣ ਵਾਲੀ ਪ੍ਰੀਲਿਮੀਨਰੀ ਪ੍ਰੀਖਿਆ ਵਿਚ ਸੀ-ਸੈਟ ਪੇਪਰ ਹੁਣ ਸਿਰਫ਼ ਕੁਆਲੀਫਾਈ ਪੇਪਰ ਦੇ ਰੂਪ ਵਿਚ ਲਿਆ ਜਾਵੇਗਾ। ਇਹ 225,ਜਾਣਕਾਰੀ ਪੀਪੀਐੱਸਸੀ ਦੇ ਚੇਅਰਮੈਨ ਜਤਿੰਦਰ ਸਿੰਘ ਔਲਖ ਨੇ ਦਿੱਤੀ।

ਉਨ੍ਹਾਂ ਦੱਸਿਆ ਕਿ ਪੰਜਾਬ ਲੋਕ ਸੇਵਾ ਕਮਿਸ਼ਨ ਨੇ ਅਜਿਹਾ ਕਰਨ ਲਈ ਪੰਜਾਬ ਸਰਕਾਰ ਨੂੰ ਸਿਫ਼ਾਰਸ਼ ਭੇਜੀ ਸੀ, ਜਿਸਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਨੇ ਮਨਜ਼ੂਰ ਕਰ ਲਿਆ ਹੈ। ਔਲਖ ਨੇ ਕਿਹਾ ਕਿ ਪੰਜਾਬ ਸਿਵਲ ਸੇਵਾ (ਕਾਰਜਕਾਰੀ ਸ਼ਾਖ਼ਾ) ਦੀ ਮੁੱਢਲੀ ਪ੍ਰੀਖਿਆ ਵਿਚ ਸੀ ਸੈਟ ਪ੍ਰੀਖਿਆ ਨੂੰ ਹੁਣ ਯੂ.ਪੀ.ਐੱਸ.ਸੀ. ਦੀ ਤਰਜ਼ 'ਤੇ ਸਿਰਫ਼ ਕੁਆਲੀਫਾਇੰਗ ਪ੍ਰੀਖਿਆ ਦੇ ਰੂਪ ਵਿਚ ਹੀ ਲਿਆ ਜਾਵੇਗਾ। ਪ੍ਰੀਲਿਮੀਨਰੀ ਪ੍ਰੀਖਿਆ ਦੀ ਮੈਰਿਟ ਹੁਣ ਸਿਰਫ਼ ਜਨਰਲ ਸਟੱਡੀਜ਼ ਦੀ ਪ੍ਰੀਖਿਆ ਦੇ ਆਧਾਰ 'ਤੇ ਹੀ ਤਿਆਰ ਕੀਤੀ ਜਾਵੇਗੀ।

# ਉੱਘੀ ਪੰਜਾਬੀ ਕਵਿਤਰੀ ਪਾਲ ਕੌਰ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ

## 'ਪੰਜਾਬ ਟਾਈਮਜ਼' ਵਲੋਂ ਮੁਬਾਰਕਬਾਦ



**ਨਵੀਂ ਦਿੱਲੀ :** ਉੱਘੀ ਪੰਜਾਬੀ ਕਵਿਤਰੀ ਪਾਲ ਕੌਰ ਦੀ ਕਾਵਿ-ਪੁਸਤਕ 'ਸੁਣ ਗੁਣਵੰਤਾ ਸੁਣ ਬੁਧਿਵੰਤਾ' ਦੀ ਪੰਜਾਬੀ ਦੇ ਸਾਹਿਤ ਅਕਾਦਮੀ ਪੁਰਸਕਾਰ ਲਈ ਚੋਣ ਭਾਰਤ ਸਰਕਾਰ ਦੇ ਸੱਭਿਆਚਾਰ ਮੰਤਰਾਲੇ ਤਹਿਤ ਕੰਮ ਕਰਦੀ ਸਿਰਮੌਰ ਰਾਸ਼ਟਰੀ ਸੰਸਥਾ ਸਾਹਿਤ ਅਕਾਦਮੀ ਵੱਲੋਂ ਹਰ ਵਰ੍ਹੇ ਦਿੱਤੇ ਜਾਂਦੇ ਸਾਹਿਤ ਅਕਾਦਮੀ ਐਵਾਰਡਾਂ ਦਾ ਸਾਲ 2024 ਲਈ ਐਲਾਨ ਹੋ ਚੁੱਕਿਆ ਹੈ।

ਪੰਜਾਬੀ ਭਾਸ਼ਾ ਲਈ ਇਸ ਸਾਲ ਲਈ ਇਹ ਪੁਰਸਕਾਰ 67 ਵਰ੍ਹਿਆਂ ਦੀ ਉੱਘੀ ਕਵਿਤਰੀ ਪਾਲ ਕੌਰ ਨੂੰ ਉਹਨਾਂ ਦੀ ਕਿਤਾਬ .'ਸੁਣ ਗੁਣਵੰਤਾ ਸੁਣ ਬੁਧਿਵੰਤਾ' ਲਈ ਦਿੱਤਾ ਗਿਆ ਹੈ।ਉਹਨਾਂ ਦੀ ਇਹ ਕਿਤਾਬ ਸਾਲ 2022'ਚ ਆੱਟਮ ਆਰਟ ਪ੍ਰਕਾਸ਼ਨ ਪਟਿਆਲਾ ਨੇ ਛਾਪੀ ਸੀ।

ਜ਼ਿਕਰਯੋਗ ਹੈ ਕਿ ਐਵਾਰਡ ਵਾਲੇ ਸਾਲ ਤੋਂ ਪਿਛਲੇ ਪੰਜ ਸਾਲਾਂ ਦੇ ਅੰਦਰ-ਅੰਦਰ ਪ੍ਰਕਾਸ਼ਿਤ 24 ਭਾਸ਼ਾਵਾਂ ਦੀਆਂ ਪੁਸਤਕਾਂ ਲਈ ਇਹ ਐਵਾਰਡ ਦਿੱਤੇ ਜਾਂਦੇ ਹਨ। ਇਹਨਾਂ ਵਿੱਚੋਂ 22 ਭਾਸ਼ਾਵਾਂ ਭਾਰਤੀ ਸੰਵਿਧਾਨ ਦੇ ਅੱਠਵੇਂ ਅਧਿਆਇ ਵਿੱਚ ਸ਼ਾਮਲ ਹਨ। ਬਾਕੀ ਦੋ ਭਾਸ਼ਾਵਾਂ ਅੰਗਰੇਜ਼ੀ ਤੇ ਰਾਜਸਥਾਨੀ ਹਨ। ਇਨਾਮ ਵਿੱਚ ਇੱਕ ਉਕਰਿਆ ਸਨਮਾਨ ਪੱਤਰ,ਸ਼ਾਲ ਅਤੇ ਇੱਕ ਲੱਖ ਰੁਪਏ ਦਾ ਇਨਾਮ ਸ਼ਾਮਲ ਹੁੰਦੇ ਹਨ।

ਸਾਲ 2024 ਲਈ ਅਜੇ 24 ਚੋਂ 21 ਭਾਸ਼ਾਵਾਂ ਲਈ ਇਹ ਪੁਰਸਕਾਰ ਐਲਾਨੇ ਗਏ ਹਨ,ਬੰਗਾਲੀ,ਡੋਗਰੀ ਤੇ ਉਰਦੂ ਭਾਸ਼ਾਵਾਂ ਲਈ ਇਸ ਦਾ ਐਲਾਨ ਬਾਅਦ'ਚ ਕੀਤਾ ਜਾਵੇਗਾ।ਇਹ ਪੁਰਸਕਾਰ 8 ਮਾਰਚ 2025 ਨੂੰ ਨਵੀਂ ਦਿੱਲੀ ਵਿਖੇ ਦਿੱਤੇ ਜਾਣਗੇ।

ਪਟਿਆਲੇ ਜ਼ਿਲ੍ਹੇ ਦੇ ਪਿੰਡ ਕੌਲ ਮਾਜਰਾ 'ਚ ਜਨਮੀ ਪਾਲ ਕੌਰ ਨੇ ਆਪਣੀ ਬੀ. ਏ.ਦੀ ਪੜ੍ਹਾਈ ਐਮ. ਸੀ. ਐਮ. ਡੀ.ਏ. ਵੀ.ਕਾਲਜ ਚੰਡੀਗੜ੍ਹ ਤੋਂ ਅਤੇ ਐੱਮ.ਏ. (ਪੰਜਾਬੀ) ਤੇ ਪੀ. ਐੱਚ. ਡੀ. ਕੁਰੂਕਸ਼ੇਤਰ ਯੂਨੀਵਟਸਿਟੀ ਕੁਰੂਕਸ਼ੇਤਰ ਤੋਂ ਕੀਤੀਆਂ। ਉਹਨਾਂ ਲੰਮਾ ਸਮਾਂ ਐੱਸ. ਏ. ਜੈਨ ਕਾਲਜ ਅੰਬਾਲਾ ਵਿਖੇ ਪੜ੍ਹਾਇਆ। ਹੁਣ ਤੱਕ ਉਹਨਾਂ ਦੇ 10 ਕਾਵਿ ਸੰਗ੍ਰਹਿ ਆ ਚੁੱਕੇ ਹਨ। ਇਸ ਤੋਂ ਬਿਨਾਂ ਉਹ ਕਈ ਆਲੋਚਨਾ ਤੇ ਸੰਪਾਦਿਤ ਪੁਸਤਕਾਂ ਵੀ ਪੰਜਾਬੀ ਮਾਂ ਬੋਲੀ ਦੀ ਝੋਲੀ ਪਾ ਚੁੱਕੇ ਹਨ।

ਇਸ ਚੋਣ ਲਈ "ਪੰਜਾਬ ਟਾਈਮਜ਼" ਵਲੋਂ ਉਹਨਾਂ ਨੂੰ ਹਾਰਦਿਕ ਮੁਬਾਰਕਬਾਦ।

# ਭਾਜਪਾ ਐੱਮ.ਪੀ ਨੇ 1984 ਲਿਖਿਆ ਬੈਗ ਪ੍ਰਿਯੰਕਾ ਨੂੰ ਦਿੱਤਾ




**ਨਵੀਂ ਦਿੱਲੀ :** ਓੜੀਸਾ ਤੇ ਭਾਜਪਾ ਦੀ ਮਹਿਲਾ ਸੰਸਦ ਮੈਂਬਰ ਅਪਰਾਜਿਤਾ ਸਾਰੰਗੀ ਨੇ ਕਾਂਗਰਸ ਮੈਂਬਰ ਪ੍ਰਿਯੰਕਾ ਗਾਂਧੀ 1 ਨੂੰ ਇਕ ( ਬੈਗ ਭੇਟ ਕੀਤਾ ਹੈ। ਕਪੜੇ ਦੇ ਇਸ ਬੈਗ 'ਡੇ '1984' ਲਿਖਿਆ ਹੋਇਆ ਸੀ। ਲਾਲ ਰੰਗ ਦਾ ਇਹ ਬੈਗ ਇਸ ਤਰ੍ਹਾਂ ਡਿਜ਼ਾਈਨ ਕੀਤਾ ਗਿਆ ਸੀ ਕਿ ਇਹ ਖ਼ੂਨ ਨਾਲ ਰੰਗਿਆ ਹੋਇਆ ਹੋਵੇ। ਭਾਜਪਾ ਮੈਂਬਰ ਸਾਰੰਗੀ ਨੇ 1984 ਦੇ ਸਿਖ ਵਿਰੋਧੀ ਦੰਗਿਆਂ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਮੌਜੂਦਾ ਪੀੜ੍ਹੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਾਂਗਰਸ ਨੇ ਪਿਛਲੇ 50 ਸਾਲ ਵਿਚ ਕੀ ਕੀਤਾ।

ਪ੍ਰਿਯੰਕਾ ਗਾਂਧੀ ਨੂੰ ਬੈਗ ਭੇਟ ਕਰਦਿਆਂ ਆਪਣੇ ਫੈਸਲੇ ਬਾਰੇ ਵਿਸਥਾਰ ਨਾਲ ਦੱਸਦਿਆਂ ਅਪਰਾਜਿਤਾ ਸਾਰੰਗੀ ਨੇ ਕਿਹਾ, ਮਾਨਯੋਗ ਸੰਸਦ ਮੈਂਬਰ ਨੂੰ ਬੈਗ ਬਹੁਤ ਪਸੰਦ ਹੈ, ਇਸ ਲਈ ਉਨ੍ਹਾਂ ਨੂੰ ਇਕ ਬੈਗ ਭੇਟ ਕੀਤਾ ਹੈ। ਪਹਿਲਾਂ ਤਾਂ ਉਹ ਝਿਜਕ ਗਏ ਪਰ ਬਾਅਦ ਵਿਚ ਉਨ੍ਹਾਂ ਨੇ ਇਸ ਨੂੰ ਮਨਜ਼ੂਰ ਕਰ ਲਿਆ।

ਪਿਛਲੇ ਕੁਝ ਦਿਨਾਂ ਤੋਂ ਪ੍ਰਿਯੰਕਾ ਗਾਂਧੀ ਸੰਸਦ ਵਿਚ ਖਾਸ ਤਰ੍ਹਾਂ ਦੇ ਬੈਗ ਲੈ ਕੇ ਜਾਣ ਲਈ ਸੁਰਖੀਆਂ 'ਚ ਰਹੀ। ਪਿਛਲੇ ਦਿਨਾਂ ਵਿਚ ਹੀ ਉਹ ਫਲਸਤੀਨ ਲਿਖਿਆ ਇਕ ਬੈਗ ਲੈ ਕੇ ਸੰਸਦ ਪਹੁੰਚੀ ਸੀ।

# ਕੇਜਰੀਵਾਲ ਉੱਤੇ ਮੁਕੱਦਮਾ ਚਲਾਉਣ ਲਈ ਈ.ਡੀ. ਨੂੰ ਹਰੀ ਝੰਡੀ

**ਨਵੀਂ ਦਿੱਲੀ :** ਦਿੱਲੀ 'ਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਕਨਵੀਨਰ ਤੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਮੁਸ਼ਕਲ ਵਧ ਗਈ ਹੈ। ਲੈਫਟੀਨੈਂਟ ਗਵਰਨਰ ਵੀ.ਕੇ ਸਕਸੈਨਾ ਵੱਲੋਂ ਈਡੀ ਨੂੰ ਆਬਕਾਰੀ ਨੀਤੀ ਘੁਟਾਲੇ 'ਚ ਕੇਜਰੀਵਾਲ 'ਤੇ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦੇਣ ਦੀ ਜਾਣਕਾਰੀ ਸਾਹਮਣੇ ਆਈ ਹੈ। ਈ.ਡੀ ਨੇ ਇਸ ਮਹੀਨੇ ਦੀ ਸ਼ੁਰੂਆਤ 'ਚ ਇਸ ਲਈ ਐੱਲ.ਜੀ ਤੋਂ ਮਨਜ਼ੂਰੀ ਮੰਗੀ ਸੀ। ਹੁਣ ਈ.ਡੀ ਉਨ੍ਹਾਂ ਖ਼ਿਲਾਫ਼ ਮੁਕੱਦਮਾ ਚਲਾਏਗੀ।

ਜ਼ਿਕਰਯੋਗ ਹੈ ਕਿ ਕੇਜਰੀਵਾਲ 'ਤੇ ਸ਼ਰਾਬ ਨੀਤੀ ਨਾਲ ਜੁੜੇ ਕਥਿਤ ਘੁਟਾਲੇ 'ਚ ਦੋ ਤਰ੍ਹਾਂ ਦੇ ਦੋਸ਼ ਹਨ। ਇਕ ਕੇਸ ਉਨ੍ਹਾਂ 'ਤੇ ਮੁੱਖ

ਮੰਤਰੀ ਹੋਣ ਵਜੋਂ ਅਹੁਦੇ ਦੀ ਦੁਰਵਰਤੋਂ ਕਰਦੇ ਹੋਏ ਕੁਝ ਲੋਕਾਂ ਨੂੰ ਲਾਭ ਪਹੁੰਚਾਉਣ ਲਈ ਨੀਤੀ ਬਣਾਉਣ ਦੇ ਦੋਸ਼ 'ਚ ਚੱਲ ਰਿਹਾ ਹੈ। ਇਸ ਮਾਮਲੇ 'ਚ ਉਨ੍ਹਾਂ ਨੂੰ ਸੁਪਰੀਮ ਕੋਰਟ ਤੋਂ ਸਤੰਬਰ 'ਚ ਜ਼ਮਾਨਤ ਮਿਲੀ ਸੀ। ਦੂਜਾ ਕੇਸ, ਜਿਸ ਦੀ ਪਿਛਲੇ ਦਿਨੀਂ ਇਜਾਜ਼ਤ ਐੱਲ.ਜੀ ਤੋਂ ਮਿਲੀ ਹੈ, ਉਹ ਆਮ ਆਦਮੀ ਪਾਰਟੀ ਦੇ ਮੁਖੀ ਹੋਣ ਵਜੋਂ ਹੈ। ਈ.ਡੀ. ਦਾ ਕਹਿਣਾ ਹੈ ਕਿ ਉਸ ਨੂੰ ਆਬਕਾਰੀ ਨੀਤੀ ਦੇ ਨਿਰਮਾਣ ਅਤੇ ਸੰਚਾਲਨ 'ਚ ਵੱਡੇ ਪੱਧਰ ਦਾ ਭ੍ਰਿਸ਼ਟਾਚਾਰ ਮਿਲਿਆ ਸੀ, ਜਿਸ ਦਾ ਜ਼ਿਕਰ ਬੀਤੀ 17 ਮਈ ਨੂੰ ਰਾਉਜ ਐਵੇਨਿਊ ਦੀ ਵਿਸ਼ੇਸ਼ ਅਦਾਲਤ 'ਚ ਦਾਇਰ ਸ਼ਕਾਇਤ 'ਚ ਕੀਤਾ ਗਿਆ ਸੀ। ਅਦਾਲਤ ਨੇ ਸ਼ਕਾਇਤ 'ਤੇ ਸੱਤ ਜੁਲਾਈ ਨੂੰ ਨੋਟਿਸ

ਲਿਆ ਸੀ। ਈ.ਡੀ.ਵੱਲੋਂ ਦਾਇਰ ਸ਼ਕਾਇਤ 'ਚ ਦੋਸ਼ ਲਾਇਆ ਗਿਆ ਹੈ ਕਿ ਕੇਜਰੀਵਾਲ ਨੇ 'ਸਾਊਥ ਗਰੁੱਪ' ਦੇ ਮੈਂਬਰਾਂ ਨਾਲ ਮਿਲ ਕੇ 100 ਕਰੋੜ ਰੁਪਏ ਦੀ ਰਿਸ਼ਵਤ ਲਈ ਤੇ ਇਕ ਵਿਸ਼ੇਸ਼ ਸ਼ਰਾਬ ਨੀਤੀ ਤਿਆਰ ਕਰ ਕੇ ਉਸ ਨੂੰ ਲਾਗੂ ਕਰ ਕੇ ਨਿੱਜੀ ਸੰਸਥਾਵਾਂ ਨੂੰ ਗ਼ੈਰ-ਵਾਜਬ ਲਾਭ ਪਹੁੰਚਾਇਆ। ਇਸ 'ਚ ਸਾਊਥ ਗਰੁੱਪ ਲਈ ਵੱਖ-ਵੱਖ ਸ਼ਰਾਬ ਦੀਆਂ ਦੁਕਾਨਾਂ 'ਚ ਹਿੱਸੇਦਾਰੀ ਯਕੀਨੀ ਬਣਾਈ ਗਈ ਤੇ ਉਸ ਨੂੰ ਆਬਕਾਰੀ ਨੀਤੀ 2021-22 ਦੇ ਤਹਿਤ ਕਈ ਪਰਚੂਨ ਖੇਤਰ ਰੱਖਣ ਦੀ ਇਜਾਜ਼ਤ ਦਿੱਤੀ ਗਈ। ਅਪਰਾਧ ਦੀ ਆਮਦਨ ਦੇ ਲਗਪਗ 45 ਕਰੋੜ ਰੁਪਏ ਦੀ ਵਰਤੋਂ ਗੋਆ ਚੋਣਾਂ 'ਚ ਕੇਜਰੀਵਾਲ ਦੀ ਮਿਲੀਭੁਗਤ ਤੇ ਸਹਿਮਤੀ ਨਾਲ ਆਪ ਦੇ ਪ੍ਰਚਾਰ ਲਈ ਕੀਤੀ ਗਈ। ਈ.ਡੀ. ਨੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਅਪਰਾਧ ਦੀ ਆਮਦਨ ਦੀ 'ਮੁੱਖ ਲਾਭਪਾਤਰੀ' ਸੀ।

ਇਸ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਸਿਆਸੀ ਮਾਮਲਿਆਂ ਦੀ ਕਮੇਟੀ ਤੇ ਰਾਸ਼ਟਰੀ ਕਾਰਜਕਾਰਨੀ ਦੇ ਮੈਂਬਰ ਹੋਣ ਕਰਕੇ, ਗੋਆ ਚੋਣਾਂ ਦੇ ਦੌਰਾਨ ਪੈਸੇ ਦੇ ਇਸਤੇਮਾਲ ਲਈ ਜ਼ਿੰਮੇਵਾਰ ਸਨ। ਈ.ਡੀ. ਨੇ ਰਿਪੋਰਟ 'ਚ ਜ਼ਿਕਰ ਕੀਤਾ ਕਿ ਕੇਜਰੀਵਾਲ ਅਸਲ 'ਚ ਅਤੇ ਜਾਣ ਬੁੱਝ ਕੇ ਮਨੀ ਲਾਂਡਿੰਗ ਦੇ ਅਪਰਾਧ ਨਾਲ ਜੁੜੀਆ ਵੱਖ-ਵੱਖ ਪ੍ਰਕਿਰਿਆਵਾਂ ਅਤੇ ਸਰਗਰਮੀਆਂ 'ਚ ਸ਼ਾਮਲ ਹਨ।

ਜ਼ਿਕਰਯੋਗ ਹੈ ਕਿ ਤਤਕਾਲੀ ਮੁੱਖ ਸਕੱਤਰ ਨਰੇਸ਼ ਕੁਮਾਰ ਦੀ ਅੰਦਰੂਨੀ ਰਿਪੋਰਟ ਦੇ ਆਧਾਰ 'ਤੇ ਐੱਲ.ਜੀ. ਨੇ ਜੁਲਾਈ 2022 'ਚ ਦਿੱਲੀ ਆਬਕਾਰੀ ਨੀਤੀ 2021-22 ਦੇ ਨਿਰਮਾਣ ਤੇ ਅਮਲ 'ਚ ਕਥਿਤ ਪ੍ਰਕਿਰਿਆਤਮਕ ਖਾਮੀਆਂ, ਨਿਯਮਾਂ ਅਤੇ ਐਕਟ ਦੀ ਉਲੰਘਣਾ ਦੀ ਸੀ.ਬੀ.ਆਈ. ਜਾਂਚ ਦੀ ਸਿਫ਼ਾਰਸ਼ ਕੀਤੀ ਸੀ। ਕੇਜਰੀਵਾਲ ਨੂੰ ਇਸ ਸਾਲ ਮਾਰਚ 'ਚ ਮਨੀ ਲਾਂਡਿੰਗ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਸਤੰਬਰ 'ਚ ਸੁਪਰੀਮ ਕੋਰਟ ਨੇ ਉਨ੍ਹਾਂ ਨੂੰ ਜ਼ਮਾਨਤ ਦੇ ਦਿੱਤੀ ਸੀ।

# ਚੋਣਾਂ ਨਾਲ ਜੁੜੇ ਇਲੈਕਟ੍ਰਾਨਿਕ ਦਸਤਾਵੇਜ਼ ਹੁਣ ਆਮ ਲੋਕ ਨਹੀਂ ਦੇਖ ਸਕਣਗੇ




**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਚੋਣ ਨਿਯਮਾਂ 'ਚ ਤਬਦੀਲੀ ਕਰਦੇ ਹੋਏ ਸੀ.ਸੀ.ਟੀ.ਵੀ. ਕੈਮਰਾ ਫੁਟੇਜ, ਵੈੱਬਕਾਸਟਿੰਗ ਫੁਟੇਜ ਅਤੇ ਉਮੀਦਵਾਰਾਂ ਦੀ ਵੀਡੀਓ ਰਿਕਾਰਡਿੰਗ ਵਰਗੇ ਕੁਝ ਇਲੈਕਟ੍ਰਾਨਿਕ ਦਸਤਾਵੇਜ਼ਾਂ ਦੀ ਜਨਤਕ ਜਾਂਚ 'ਤੇ ਪਾਬੰਦੀ ਲਾ ਦਿੱਤੀ ਹੈ ਤਾਂ ਜੋ ਉਨ੍ਹਾਂ ਦੀ ਦੁਰਵਰਤੋਂ ਰੋਕੀ ਜਾ ਸਕੇ।

ਚੋਣ ਕਮਿਸ਼ਨ ਦੀ ਸਿਫ਼ਾਰਸ਼ ਦੇ ਆਧਾਰ 'ਤੇ ਕੇਂਦਰੀ ਕਾਨੂੰਨ ਮੰਤਰਾਲੇ ਨੇ ਜਨਤਕ ਜਾਂਚ ਲਈ ਰੱਖੇ ਗਏ ਕਾਗਜ਼ਾਤ ਜਾਂ ਦਸਤਾਵੇਜ਼ 'ਤੇ ਪਾਬੰਦੀ ਲਾਉਣ ਲਈ ਚੋਣ ਸੰਚਾਲਨ ਨਿਯਮ, 1961 ਦੇ ਨਿਯਮ 93 'ਚ ਸੋਧ ਕੀਤੀ ਹੈ।ਨਿਯਮ 93 ਮੁਤਾਬਕ, ਚੋਣ ਨਾਲ ਸਬੰਧਤ ਸਾਰੇ ਦਸਤਾਵੇਜ਼ ਜਨਤਕ ਜਾਂਚ ਲਈ ਰੱਖੇ ਜਾਣਗੇ, ਪਰ ਹੁਣ ਇਸ 'ਚ ਤਬਦੀਲੀ ਕਰ ਦਿੱਤੀ ਗਈ ਹੈ। ਨਿਯਮਾਂ 'ਚ ਸੋਧ ਤੋਂ ਬਾਅਦ ਵੀ ਉਮੀਦਵਾਰਾਂ ਲਈ ਇਹ ਦਸਤਾਵੇਜ਼ ਉਪਲੱਬਧ ਹੋਣਗੇ। ਕਾਨੂੰਨ ਮੰਤਰਾਲੇ ਤੇ ਚੋਣ ਕਮਿਸ਼ਨ ਦੇ ਅਧਿਕਾਰੀਆਂ ਮੁਤਾਬਕ ਨਾਮਜ਼ਦਗੀ ਫਾਰਮ, ਚੋਣ ਏਜੰਟ ਦੀ ਨਿਯੁਕਤੀ, ਨਤੀਜੇ ਤੇ ਚੋਣ ਖਾਤਾ ਵੇਰਵਾ ਵਰਗੇ ਦਸਤਾਵੇਜ਼ ਦਾ ਜ਼ਕਿਰ ਚੋਣ ਸੰਚਾਲਨ ਨਿਯਮਾਂ 'ਚ ਕੀਤਾ ਗਿਆ ਹੈ, ਪਰ ਆਦਰਸ਼ ਜ਼ਾਬਤਾ ਸਮੇਂ ਦੇ ਦੌਰਾਨ ਸੀਸੀਟੀਵੀ ਕੈਮਰਾ ਫੁਟੇਜ, ਵੈੱਬਕਾਸਟਿੰਗ ਫੁਟੇਜ ਤੇ ਉਮੀਦਵਾਰਾਂ ਦੀ ਵੀਡੀਓ ਰਿਕਾਰਡਿੰਗ ਵਰਗੇ ਇਲੈਕਟ੍ਰਾਨਿਕ ਦਸਤਾਵੇਜ਼ ਇਸ ਦੇ ਘੇਰੇ 'ਚ ਨਹੀਂ ਆਉਂਦੇ ਹਨ। ਚੋਣ ਕਮਿਸ਼ਨ ਦੇ ਇਕ ਅਹੁਦੇਦਾਰ ਨੇ ਕਿਹਾ ਕਿ ਅਜਿਹੀਆਂ ਕਈ ਮਿਸਾਲਾਂ ਹਨ, ਜਿੱਥੇ ਨਿਯਮਾਂ ਦਾ ਹਵਾਲਾ ਦਿੰਦੇ ਹੋਏ ਅਜਿਹੇ ਇਲੈਕਟ੍ਰਾਨਿਕ ਰਿਕਾਰਡ ਮੰਗੇ ਗਏ ਹਨ।

ਕਾਂਗਰਸ ਨੇ ਇਲੈਕਟ੍ਰਾਨਿਕ ਦਸਤਾਵੇਜ਼ ਦੀ ਜਨਤਕ ਜਾਂਚ ਨੂੰ ਰੋਕਣ ਲਈ ਨਿਯਮਾਂ 'ਚ ਤਬਦੀਲੀ ਕੀਤੇ ਜਾਣ ਨੂੰ ਲੈ ਕੇ ਚੋਣ ਕਮਿਸ਼ਨ 'ਤੇ ਨਿਸ਼ਾਨਾ ਲਾਇਆ ਹੈ ਤੇ ਕਿਹਾ ਹੈ ਕਿ ਉਸ ਦੀ ਇਸ ਸੋਧ ਨੂੰ ਜਲਦ ਹੀ ਕਾਨੂੰਨੀ ਰੂਪ ਨਾਲ ਚੁਣੌਤੀ ਦਿੱਤੀ ਜਾਵੇਗੀ। ਪਾਰਟੀ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਇਹ ਸਵਾਲ ਵੀ ਕੀਤਾ ਕਿ ਕਮਿਸ਼ਨ ਪਾਰਦਰਸ਼ਤਾ ਤੋਂ ਇੰਨਾ ਡਰਦਾ ਕਿਉਂ ਹੈ? ਜੈਰਾਮ ਨੇ ਐਕਸ 'ਤੇ ਇਕ ਪੋਸਟ 'ਚ ਕਿਹਾ ਕਿ ਭ੍ਰਿਸ਼ਟਾਚਾਰ ਤੇ ਅਨੈਤਿਕ ਕੰਮਾਂ ਨੂੰ ਜ਼ਾਹਰ ਕਰਨ ਤੇ ਉਨ੍ਹਾਂ ਨੂੰ ਖ਼ਤਮ ਕਰਨ ਲਈ ਪਾਰਦਰਸ਼ਤਾ ਮਹੱਤਵਪੂਰਨ ਹੈ।

# ਮਮਤਾ ਬਾਰੇ ਲਾਲੂ ਦੀ ਸਲਾਹ ਤੇਜਸਵੀ ਨੇ ਕੀਤੀ ਰੱਦ



**ਪਟਨਾ:** ਰਾਸ਼ਟਰੀ ਜਨਤਾ ਦਲ(ਆਰ.ਜੇ.ਡੀ.) ਦੇ ਪ੍ਰਧਾਨ ਲਾਲੂ ਯਾਦਵ ਨੂੰ ਭਾਵੇਂ ਸਰਵੋ ਸਰਵਾ ਮੰਨਿਆ ਜਾਵੇ ਪਰ ਇਹ ਜ਼ਰੂਰੀ ਨਹੀਂ ਹੈ ਕਿ ਉਨ੍ਹਾਂ ਦੀ ਹਰੇਕ ਸਲਾਹ ਨਾਲ ਪੁੱਤਰ ਤੇਜਸਵੀ ਸਹਿਮਤ ਹੀ ਹੋਵੇ। ਤਾਜ਼ਾ ਮਾਮਲਾ ਆਈ.ਐੱਨ.ਡੀ.ਆਈ.ਏ ਦੀ ਅਗਵਾਈ ਦਾ ਹੈ। ਲਾਲੂ ਨੇ ਸਲਾਹ ਦਿੱਤੀ ਸੀ ਕਿ ਆਈ.ਐੱਨ.ਡੀ.ਆਈ.ਏ. ਦੀ ਅਗਵਾਈ ਮਮਤਾ ਬੈਨਰਜੀ ਨੂੰ ਸੌਂਪ ਦੇਣੀ ਚਾਹੀਦੀ ਹੈ, ਪਰ ਹਫ਼ਤੇ ਦੇ ਅੰਦਰ ਹੀ ਪੁੱਤਰ ਤੇਜਸਵੀ ਨੇ ਲਾਲੂ ਦੀ ਸਲਾਹ ਨੂੰ ਇਹ ਆਖ ਕੇ ਅਪ੍ਰਵਾਨ ਕਰ ਦਿੱਤਾ ਤੇ ਕਿ ਆਈ.ਐੱਨ.ਡੀ.ਆਈ.ਏ. ਵਿਚ ਕੋਈ ਅਗਵਾਈ ਕਰਤਾ ਨਹੀਂ ਹੁੰਦਾ।

ਝਾਰਖੰਡ ਵਿਧਾਨ ਸਭਾ ਚੋਣਾਂ ਵਿਚ ਲਾਲੂ ਚਾਹੁੰਦੇ ਸਨ ਕਿ ਆਰ.ਜੇ.ਡੀ. ਘੱਟੋ ਘੱਟ 11 ਸੀਟਾਂ 'ਤੇ ਲੜੇ। ਪਰ ਮਰਜ਼ੀ ਮੁਤਾਬਕ ਸੀਟਾਂ ਨਾ ਮਿਲਣ ਕਾਰਨ ਉਹ ਕਾਂਗਰਸ ਨਾਲ ਖ਼ਫ਼ਾ ਸਨ। ਨਾਰਾਜ਼ਗੀ ਵਿਚ ਹੀ ਉਨ੍ਹਾਂ ਨੇ ਮਮਤਾ ਨੂੰ ਅਗਵਾਈ ਸੌਂਪਣ ਦੀ ਵਕਾਲਤ ਕੀਤੀ ਸੀ।

ਯਾਦ ਰਹੇ 2020 ਦੀਆਂ ਵਿਧਾਨ ਸਭਾ ਚੋਣਾਂ ਵਿਚ ਆਰਜੇਡੀ ਦੀਆਂ ਜ਼ਿਆਦਾਤਰ ਟਿਕਟਾਂ ਤੇਜਸਵੀ ਦੀ ਮਰਜ਼ੀ ਨਾਲ ਤਕਸੀਮ ਹੋਈਆਂ ਸਨ। ਲਾਲੂ ਦੀ ਪਸੰਦ 'ਤੇ ਬਾਂਕਾ ਲੋਕ ਸਭਾ ਹਲਕੇ ਤੋਂ ਜੈਪ੍ਰਕਾਸ਼ ਨਰਾਇਣ ਯਾਦਵ ਨੂੰ ਉਮੀਦਵਾਰ ਬਣਾਇਆ ਗਿਆ। ਤੇਜਸਵੀ ਦੀ ਪਸੰਦ ਕੋਈ ਹੋਰ ਸੀ। ਅਰਰੀਆ ਤੋਂ ਉਮੀਦਵਾਰ ਤੈਅ ਕਰਨ ਦੀ ਵਾਰੀ ਆਈ ਤਾਂ ਤੇਜਸਵੀ ਨੇ ਲਾਲੂ ਦੀ ਪਸੰਦ ਸਰਫ਼ਰਾਜ਼ ਨੂੰ ਅਪ੍ਰਵਾਨ ਕਰ ਕੇ ਉਸ ਦੇ ਛੋਟੇ ਵੀਰ ਸ਼ਾਹਨਵਾਜ਼ ਨੂੰ ਉਮੀਦਵਾਰ ਬਣਾਇਆ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura

**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# 'ਖ਼ਾਲਿਸਤਾਨ ਜ਼ਿੰਦਾਬਾਦ ਫੋਰਸ' ਦੇ ਤਿੰਨ ਮੈਂਬਰ ਯੂ.ਪੀ.ਵਿਚ ਪੁਲਿਸ ਮੁਕਾਬਲੇ ਦੌਰਾਨ ਹਲਾਕ

**ਪੀਲੀਭੀਤ:** ਪੰਜਾਬ ਦੇ ਗੁਰਦਾਸਪੁਰ ਜ਼ਿਲੇ ਵਿੱਚ ਥਾਣੇ 'ਤੇ ਗ੍ਰਨੇਡ ਨਾਲ ਹਮਲਾ ਕਰਨ ਵਾਲੇ ਤਿੰਨ ਸ਼ੱਕੀ ਖ਼ਾਲਿਸਤਾਨ ਜ਼ਿੰਦਾਬਾਦ ਫੋਰਸ ਮੈਂਬਰ ਉੱਤਰ ਪ੍ਰਦੇਸ਼ ਦੇ ਪੀਲੀਭੀਤ 'ਚ ਪੁਲਿਸ ਨਾਲ ਮੁਕਾਬਲੇ 'ਚ ਮਾਰੇ ਗਏ। ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਗੌਰਵ ਯਾਦਵ ਨੇ ਇਸ ਨੂੰ ਪਾਕਿਸਤਾਨ ਸਪੌਂਸਰ ਕੀਤੇ ਅੱਤਵਾਦੀ ਮਾਡਿਊਲ ਖ਼ਿਲਾਫ਼ ਪੁਲਿਸ ਨੂੰ ਮਿਲੀ ਇਕ ਵੱਡੀ ਸਫ਼ਲਤਾ ਕਰਾਰ ਦਿੱਤਾ।

ਪੁਲਿਸ ਦੀ ਜਾਣਕਾਰੀ ਅਨੁਸਾਰ ਪੀਲੀਭੀਤ ਦੇ ਪੂਰਨਪੁਰ ਇਲਾਕੇ 'ਚ ਯੂ.ਪੀ. ਅਤੇ ਪੰਜਾਬ ਪੁਲਿਸ ਦੀ ਸਾਂਝੀ ਟੀਮ ਦਾ ਖ਼ਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਮੈਂਬਰਾਂ ਨਾਲ ਮੁਕਾਬਲਾ ਹੋਇਆ, ਜਿਸ ਦੌਰਾਨ ਇਹ ਤਿੰਨੋਂ ਖ਼ਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਮੈਂਬਰ ਮਾਰੇ ਗਏ। ਪੁਲਿਸ ਨੇ ਦੱਸਿਆ ਕਿ ਤਿੰਨੋਂ ਮੈਂਬਰ ਮੋਟਰਸਾਈਕਲ 'ਤੇ ਸਵਾਰ ਸਨ, ਜਦੋਂ ਪੁਲਿਸ ਨੇ ਉਨ੍ਹਾਂ ਨੂੰ ਘੇਰ ਲਿਆ ਤਾਂ ਉਹ ਭੱਜਣ ਲੱਗੇ ਅਤੇ ਉਨ੍ਹਾਂ ਨੇ ਪੁਲਿਸ 'ਤੇ ਗੋਲੀ ਚਲਾ ਦਿੱਤੀ। ਪੀਲੀਭੀਤ ਦੇ ਐਸ.ਪੀ. ਅਵਿਨਾਸ਼ ਪਾਂਡੇ ਨੇ ਦੱਸਿਆ ਕਿ ਗੁਰਦਾਸਪੁਰ ਜ਼ਿਲ੍ਹੇ ਦੀ ਪੁਲਿਸ ਪੂਰਨਪੁਰ ਥਾਣੇ ਪਹੁੰਚੀ ਸੀ।

ਉਨ੍ਹਾਂ ਦੱਸਿਆ ਕਿ ਕੁਝ ਦਿਨ ਪਹਿਲਾਂ ਖ਼ਾਲਿਸਤਾਨੀ ਸਮਰਥਕਾਂ ਨੇ ਗੁਰਦਾਸਪੁਰ 'ਚ ਬਖਸ਼ੀਵਾਲ ਕਰ ਪੁਲਿਸ ਥਾਣੇ 'ਤੇ ਗ੍ਰਨੇਡ ਨਾਲ ਹਮਲਾ ਕੀਤਾ ਸੀ ਤੇ ਉਨ੍ਹਾਂ ਦੋਸ਼ੀਆਂ ਦੀ ਪੂਰਨਪੁਰ ਇਲਾਕੇ ਵਿਚ ਲੁਕੇ ਹੋਣ ਦੀ ਸੂਚਨਾ ਮਿਲੀ ਸੀ। ਉਨ੍ਹਾਂ ਨੇ ਤੁਰੰਤ ਪੂਰੇ ਜ਼ਿਲ੍ਹੇ 'ਚ ਨਾਕਾਬੰਦੀ ਕਰਕੇ ਜਾਂਚ ਸ਼ੁਰੂ ਕਰ ਦਿੱਤੀ। ਇਸ ਦੌਰਾਨ ਖਮਾਰੀਆ ਪੁਆਇੰਟ 'ਤੇ ਤਾਇਨਾਤ ਪੁਲਿਸ ਦੇ ਮੁਲਾਜ਼ਮਾਂ ਨੇ ਦੱਸਿਆ ਕਿ ਇਕ ਬਾਈਕ 'ਤੇ ਤਿੰਨ ਸ਼ੱਕੀ ਵਿਅਕਤੀਆਂ ਨੂੰ ਦੇਖਿਆ ਗਿਆ ਹੈ। ਪੰਜਾਬ ਪੁਲਿਸ ਅਤੇ ਪੂਰਨਪੁਰ ਪੁਲਿਸ ਨੇ ਉਨ੍ਹਾਂ ਦਾ ਪਿੱਛਾ ਕੀਤਾ ਤੇ ਜਦੋਂ ਪੁਲਿਸ ਨੇ ਇਨ੍ਹਾਂ ਨੂੰ ਪੂਰਨਪੁਰ ਅਤੇ ਪੀਲੀਭੀਤ ਵਿਚਕਾਰ ਨਿਰਮਾਣ ਅਧੀਨ ਪੁਲ 'ਤੇ ਘੇਰ ਲਿਆ ਤਾਂ ਉਹ ਇਕ ਟ੍ਰੈਕ ਵੱਲ ਮੁੜ ਗਏ। ਇਸ ਤੋਂ ਬਾਅਦ ਜਦੋਂ ਉਨ੍ਹਾਂ ਨੂੰ ਰੁਕਣ ਲਈ ਕਿਹਾ ਗਿਆ ਤਾਂ ਉਨ੍ਹਾਂ ਨੇ ਪੁਲਿਸ ਟੀਮ 'ਤੇ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਜਵਾਬੀ ਮੁਕਾਬਲੇ ਤੋਂ ਬਾਅਦ ਕਾਰਵਾਈ 'ਚ ਤਿੰਨੋਂ ਹੀ ਗੰਭੀਰ ਜ਼ਖ਼ਮੀ ਹੋ ਗਏ, ਜਿਨ੍ਹਾਂ ਦੀ ਹਸਪਤਾਲ 'ਚ ਮੌਤ ਹੋ ਗਈ।



ਇਸ ਦੌਰਾਨ ਉਨ੍ਹਾਂ ਦੱਸਿਆ ਕਿ ਤਿੰਨਾਂ ਦੀ ਪਹਿਚਾਣ ਵਰਿੰਦਰ ਸਿੰਘ ਉਰਫ਼ ਰਵੀ (23), ਗੁਰਵਿੰਦਰ ਸਿੰਘ (25) ਤੇ ਜਸ਼ਨਪ੍ਰੀਤ ਸਿੰਘ ਉਰਫ਼ ਪ੍ਰਤਾਪ ਸਿੰਘ (18) ਵਜੋਂ ਹੋਈ ਤੇ ਇਹ ਤਿੰਨੋਂ ਹੀ ਥਾਣਾ ਕਲਾਨੌਰ ਦੇ ਵਸਨੀਕ ਹਨ ਅਤੇ ਉਨ੍ਹਾਂ 'ਤੇ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਕਲਾਨਰ ਦੇ ਥਾਣਾ ਬਖਸ਼ੀਵਾਲਾ 'ਤੇ ਗ੍ਰਨੇਡ ਹਮਲਾ ਕਰਨ ਦਾ ਦੋਸ਼ ਹੈ।

ਉੱਤਰ ਪ੍ਰਦੇਸ਼ ਪੁਲਿਸ ਦੇ ਵਧੀਕ ਡਾਇਰੈਕਟਰ ਜਨਰਲ (ਕਾਨੂੰਨ ਅਤੇ ਵਿਵਸਥਾ) ਅਮਿਤਾਭ ਯਸ਼ ਨੇ ਕਿਹਾ ਕਿ ਤਿੰਨੋਂ ਗੁਰਦਾਸਪੁਰ 'ਚ ਇਕ ਪੁਲਿਸ ਥਾਣੇ 'ਤੇ ਗ੍ਰਨੇਡ ਹਮਲਾ ਕਰਨ 'ਚ ਸ਼ਾਮਿਲ ਸਨ। ਉਨ੍ਹਾਂ ਕਿਹਾ ਕਿ ਪੁਲਿਸ ਨਾਲ ਮੁਕਾਬਲੇ 'ਚ ਤਿੰਨੋਂ ਹੀ ਗੰਭੀਰ ਜ਼ਖ਼ਮੀ ਹੋ ਗਏ ਤੇ ਜਿਨ੍ਹਾਂ ਨੂੰ ਤੁਰੰਤ ਹੀ ਇਲਾਜ ਲਈ ਸਿਵਲ ਹਸਪਤਾਲ ਪੂਰਨਪੁਰ ਲਿਜਾਇਆ ਗਿਆ, ਜਿਥੇ ਉਨ੍ਹਾਂ ਦੀ ਬਾਅਦ 'ਚ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੋਲੋਂ 2 ਏਕੇ-47 ਰਾਈਫਲਾਂ, ਦੋ ਗਲੌਕ ਪਿਸਤੌਲ ਅਤੇ ਭਾਰੀ ਮਾਤਰਾ 'ਚ ਗੋਲਾ ਬਾਰੂਦ ਬਰਾਮਦ ਕੀਤਾ ਗਿਆ।

## ਪਰਿਵਾਰ ਦਾ ਦਾਅਵਾ, ਜਸ਼ਨਪ੍ਰੀਤ ਸਿੰਘ ਬੇਕਸੂਰ

ਇਸ ਦੇ ਨਾਲ ਹੀ ਜਸ਼ਨਪ੍ਰੀਤ ਸਿੰਘ ਦੇ ਪਰਿਵਾਰ ਨੇ ਆਪਣੇ ਬੇਟੇ ਨੂੰ ਬੇਕਸੂਰ ਦੱਸਿਆ ਹੈ। ਪਤਾ ਲੱਗਾ ਹੈ ਕਿ ਜਸ਼ਨਪ੍ਰੀਤ ਦੇ ਪਿਤਾ ਦੀ ਮੌਤ ਤੋਂ ਬਾਅਦ ਉਸ ਦੀ ਮਾਤਾ ਪਰਮਜੀਤ ਕੌਰ ਨੇ ਦੂਜਾ ਵਿਆਹ ਕਰ ਲਿਆ ਸੀ ਅਤੇ ਉਹ ਆਪਣੇ ਬੱਚਿਆਂ ਨਾਲ ਪਿੰਡ ਜਹੂਰ ਵਿਖੇ ਰਹਿ ਰਹੀ ਸੀ। ਪਰਿਵਾਰ 'ਚ ਤਿੰਨ ਭਰਾ ਅਤੇ ਦੋ ਭੈਣਾਂ ਹਨ। ਜਸ਼ਨਪ੍ਰੀਤ ਟਰੱਕ ਡਰਾਈਵਰ ਵਜੋਂ ਕੰਮ ਕਰਦਾ ਸੀ ਅਤੇ ਅੱਠ ਦਿਨਾਂ ਤੋਂ ਘਰ ਨਹੀਂ ਪਰਤਿਆ ਸੀ।



ਉਸ ਦੀ ਮਾਤਾ ਅਤੇ ਪਤਨੀ ਨੇ ਦੱਸਿਆ ਕਿ ਜਸ਼ਨਪ੍ਰੀਤ ਸਿੰਘ ਆਪਣੇ ਸਾਥੀ ਵਰਿੰਦਰ ਸਿੰਘ ਉਹਰ ਰਵੀ ਵਾਸੀ ਅਗਵਾਨ ਨਾਲ ਟਰੱਕ ਡਰਾਈਵਰ ਦਾ ਕੰਮ ਕਰਦਾ ਸੀ। ਪਰਿਵਾਰ ਦਾ ਦਾਅਵਾ ਹੈ ਕਿ ਉਨ੍ਹਾਂ ਦਾ ਪੁੱਤਰ ਬੇਕਸੂਰ ਹੈ ਅਤੇ ਕੋਈ ਗਲਤ ਕੰਮ ਨਹੀਂ ਕਰ ਸਕਦਾ। ਚੌਕੀ 'ਤੇ ਹੋਏ ਧਮਾਕਿਆਂ ਤੋਂ ਬਾਅਦ ਕੋਈ ਵੀ ਪੁਲਿਸ ਮੁਲਾਜ਼ਮ ਉਨ੍ਹਾਂ ਦੇ ਘਰ ਨਹੀਂ ਆਇਆ।

ਉਨ੍ਹਾਂ ਨੇ ਦੋਸ਼ ਲਾਇਆ ਕਿ ਉਸ ਦੇ ਲੜਕੇ ਨੂੰ ਝੂਠੇ ਪੁਲਿਸ ਮੁਕਾਬਲੇ 'ਚ ਮਾਰਿਆ ਗਿਆ ਹੈ। ਮਾਮਲੇ ਦੀ ਜਾਂਚ ਹੋਣੀ ਚਾਹੀਦੀ ਹੈ।


# ਬੰਗਲਾਦੇਸ਼ ਨੇ ਭਾਰਤ ਨੂੰ ਸ਼ੇਖ ਹਸੀਨਾ ਦੀ ਸਪੁਰਦਗੀ ਲਈ ਲਿਖੀ ਚਿੱਠੀ

**ਨਵੀਂ ਦਿੱਲੀ:** ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਨੇ ਭਾਰਤ ਨੂੰ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੀ ਸਪੁਰਦਗੀ ਦੀ ਮੰਗ ਕਰਦਿਆਂ ਚਿੱਠੀ ਲਿਖੀ ਹੈ। ਹਾਸਿਲ ਜਾਣਕਾਰੀ ਮੁਤਾਬਿਕ ਬੰਗਲਾਦੇਸ਼ ਦੇ ਵਿਦੇਸ਼ ਮੰਤਰੀ ਤੋਹੀਦ ਹੁਸੈਨ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਉਨ੍ਹਾਂ (ਬੰਗਲਾਦੇਸ਼) ਨੇ ਸ਼ੇਖ ਹਸੀਨਾ ਦੀ ਸਪੁਰਦਗੀ ਲਈ ਭਾਰਤ ਸਰਕਾਰ ਨੂੰ ਸਫ਼ਾਰਤੀ ਚਿੱਠੀ ਭੇਜੀ ਹੈ। ਇਸ ਸਾਲ 5 ਅਗਸਤ ਨੂੰ ਬੰਗਲਾਦੇਸ਼ 'ਚ ਤਖ਼ਤਾ ਪਲਟ ਦੌਰਾਨ ਹੋਈ ਖ਼ੂਨੀ ਹਿੰਸਾ ਦਰਮਿਆਨ ਸ਼ੇਖ ਹਸੀਨਾ ਭਾਰਤ ਆ ਗਏ ਸਨ। ਉਹ ਬੰਗਲਾਦੇਸ਼ ਦੀ ਹਵਾਈ ਫ਼ੌਜ ਦੇ ਇਕ ਜਹਾਜ਼ 'ਚ ਗਾਜ਼ੀਆਬਾਦ ਦੇ ਹਿੰਡਨ ਹਵਾਈ ਅੱਡੇ ਤੱਕ ਆਏ ਸਨ ਅਤੇ ਉਸ ਵੇਲੇ ਤੋਂ ਭਾਰਤ 'ਚ ਹਨ।ਢਾਕਾ ਸਥਿਤ ਅੰਤਰਰਾਸ਼ਟਰੀ ਜੁਰਮ ਟ੍ਰਿਬਿਊਨਲ (ਆਈ. ਸੀ. ਟੀ.) ਨੇ ਮਨੁੱਖਤਾ ਦੇ ਖ਼ਿਲਾਫ਼ ਜੁਰਮ ਅਤੇ ਨਸਲਕੁਸ਼ੀ ਲਈ ਹਸੀਨਾ ਅਤੇ ਉਨ੍ਹਾਂ ਦੇ ਮੰਤਰੀ ਮੰਡਲ 'ਚ ਸ਼ਾਮਿਲ ਮੰਤਰੀਆਂ, ਸਲਾਹਕਾਰਾਂ, ਫ਼ੌਜੀ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਖ਼ਿਲਾਫ਼ ਗਿਫ਼ਤਾਰੀ ਵਾਰੰਟ ਜਾਰੀ ਕੀਤੇ ਹਨ। ਅੰਤਰਿਮ ਸਰਕਾਰ 'ਚ ਵਿਦੇਸ਼ ਮੰਤਰੀ ਨੇ ਕਿਹਾ ਕਿ ਭਾਰਤ ਨੂੰ ਭੇਜੇ ਸਫ਼ਾਰਤੀ ਸੰਦੇਸ਼ 'ਚ ਕਿਹਾ ਗਿਆ ਹੈ ਕਿ ਬੰਗਲਾਦੇਸ਼ 'ਚ ਨਿਆਂਇਕ ਅਮਲ ਲਈ ਉਨ੍ਹਾਂ ਨੂੰ (ਹਸੀਨਾ) ਵਾਪਸ ਢਾਕਾ ਭੇਜਿਆ ਜਾਵੇ। ਗ੍ਰਹਿ ਮਾਮਲਿਆਂ ਦੇ ਸਲਾਹਕਾਰ ਜਹਾਂਗੀਰ ਆਲਮ ਨੇ ਕਿਹਾ ਕਿ ਉਨ੍ਹਾਂ ਦੇ ਮੰਤਰਾਲੇ ਨੇ ਵਿਦੇਸ਼ ਮੰਤਰਾਲੇ ਨੂੰ ਚਿੱਠੀ ਲਿਖ ਕੇ ਅਹੁਦੇ ਤੋਂ ਹਟਾਈ ਗਈ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੀ ਭਾਰਤ ਤੋਂ ਵਾਪਸੀ ਦੀ ਮੰਗ ਕਰਨ ਨੂੰ ਕਿਹਾ ਹੈ। ਜਿਸ ਤੋਂ ਬਾਅਦ ਬੰਗਲਾਦੇਸ਼ ਦੇ ਵਿਦੇਸ਼ ਮੰਤਰਾਲੇ ਵਲੋਂ ਭਾਰਤ ਤੋਂ ਸ਼ੇਖ ਹਸੀਨਾ ਦੀ ਸਪੁਰਦਗੀ ਦੀ ਮੰਗ ਕੀਤੀ ਗਈ।



**ਦੋਹਾਂ ਦੇਸ਼ਾਂ ਦਰਮਿਆਨ ਹੋਏ ਸਮਝੌਤੇ ਤਹਿਤ ਕੀਤੀ ਮੰਗ** -ਬੰਗਲਾਦੇਸ਼ ਨੇ ਭਾਰਤ ਅਤੇ ਬੰਗਲਾਦੇਸ਼ ਦਰਮਿਆਨ ਸਾਲ 2013 'ਚ ਸਪੁਰਦਗੀ ਨੂੰ ਲੈ ਕੇ ਹੋਏ ਸਮਝੌਤੇ ਤਹਿਤ ਇਹ ਮੰਗ ਕੀਤੀ ਹੈ। 2013 'ਚ ਦੋਹਾਂ ਦੇਸ਼ਾਂ ਦਰਮਿਆਨ ਅਪਰਾਧਿਕ ਮਾਮਲਿਆਂ' 'ਚ ਦੋਸ਼ੀ ਜਾਂ ਭਗੌੜੇ ਦੋਸ਼ੀਆਂ ਅਤੇ ਬੰਦੀਆਂ ਨੂੰ ਇਕ-ਦੂਜੇ ਨੂੰ ਸੌਂਪਣ ਦਾ ਕਰਾਰ ਹੋਇਆ ਸੀ। ਬੰਗਲਾਦੇਸ਼ ਸਰਕਾਰ ਦਾ ਕਹਿਣਾ ਹੈ ਕਿ ਇਸ ਸਮਝੌਤੇ ਤਹਿਤ ਹੀ ਉਹ ਸ਼ੇਖ ਹਸੀਨਾ ਦੀ ਸਪੁਰਦਗੀ ਦੀ ਮੰਗ ਕਰ ਰਿਹਾ ਹੈ। ਹਾਲਾਂ ਕਿ ਇਸ ਸਮਝੌਤੇ ਦੀ ਇਕ ਧਾਰਾ 'ਚ ਇਹ ਵੀ ਕਿਹਾ ਗਿਆ ਹੈ ਕਿ ਸਪੁਰਦ ਕੀਤੇ ਜਾਣ ਵਾਲੇ ਵਿਅਕਤੀ ਦੇ ਖ਼ਿਲਾਫ਼ ਲਾਏ ਗਏ ਦੋਸ਼ ਜੇਕਰ ਸਿਆਸੀ ਹੋਣ ਤਾਂ ਅਪੀਲ ਖਾਰਜ ਕੀਤੀ ਜਾ ਸਕਦੀ ਹੈ।

# ਉੱਘੇ ਫ਼ਿਲਮਕਾਰ ਸ਼ਿਆਮ ਬੈਨੇਗਲ ਦਾ ਦਿਹਾਂਤ



**ਮੁੰਬਈ:** ਮਸ਼ਹੂਰ ਫ਼ਿਲਮਕਾਰ ਸ਼ਿਆਮ ਬੈਨੇਗਲ ਦਾ ਸੋਮਵਾਰ ਨੂੰ ਦਿਹਾਂਤ ਹੋ ਗਿਆ। ਉਹ 90 ਸਾਲ ਦੇ ਸਨ। ਬੈਨੇਗਲ ਦੀ ਬੇਟੀ ਪੀਆ ਬੈਨੇਗਲ ਨੇ ਇਹ ਜਾਣਕਾਰੀ ਦਿੱਤੀ।

ਬੈਨੇਗਲ ਨੂੰ 1970 ਤੇ 1980 ਦੇ ਦਹਾਕੇ ਵਿਚ 'ਅੰਕੁਰ', 'ਨਿਸ਼ਾਂਤ' ਅਤੇ 'ਮੰਥਨ' ਵਰਗੀਆਂ ਫਿਲਮਾਂ ਰਾਹੀਂ ਭਾਰਤੀ ਸਿਨੇਮਾ ਵਿਚ ਸਮਾਨੰਤਰ ਸਿਨੇਮਾ ਨੂੰ ਪੇਸ਼ ਕਰਨ ਦਾ ਸਿਹਰਾ ਜਾਂਦਾ ਹੈ। ਪੀਆ ਬੈਨੇਗਲ ਨੇ ਦੱਸਿਆ ਕਿ ਗੁਰਦੇ ਦੀ ਗੰਭੀਰ ਬਿਮਾਰੀ ਕਾਰਨ ਉਸ ਦੇ ਪਿਤਾ ਦਾ ਮੁੰਬਈ ਦੇ ਵੋਕਹਾਰਟ ਹਸਪਤਾਲ ਵਿਚ ਸ਼ਾਮ 6.38 ਵਜੇ ਦਿਹਾਂਤ ਹੋਇਆ। ਆਪਣੇ ਸ਼ਾਨਦਾਰ ਕਰੀਅਰ ਵਿਚ ਬੈਨੇਗਲ ਨੇ 'ਭਾਰਤ ਏਕ ਖੋਜ' ਅਤੇ 'ਸੰਵਿਧਾਨ' ਸਮੇਤ ਵਿਭਿੰਨ ਮੁੱਦਿਆਂ 'ਤੇ ਫ਼ਿਲਮਾਂ, ਦਸਤਾਵੇਜ਼ੀ ਤੇ ਟੈਲੀਵਿਜ਼ਨ ਸੀਰੀਅਲ ਬਣਾਏ।

ਉਨ੍ਹਾਂ 14 ਦਸੰਬਰ ਨੂੰ ਆਪਣਾ 90ਵਾਂ ਜਨਮ ਦਿਨ ਮਨਾਇਆ ਸੀ । ਬੈਨੇਗਲ ਆਪਣੇ ਪਿੱਛੇ ਪਤਨੀ ਨੀਤਾ ਬੈਨੇਗਲ ਤੇ ਬੇਟੀ ਪੀਆ ਬੈਨੇਗਲ ਛੱਡ ਗਏ ਹਨ।

### ਪਹਿਲੀ ਫ਼ਿਲਮ 'ਅੰਕੁਰ' 1974 'ਚ ਤੇ ਆਖਰੀ ਫ਼ਿਲਮ 'ਮੁਜੀਬ' 2023 'ਚ

ਸ਼ਿਆਮ ਬੈਨੇਗਲ ਨੇ 1974 ਵਿਚ ਆਪਣੀ ਪਹਿਲੀ ਫ਼ਿਲਮ 'ਅੰਕੁਰ' ਬਣਾਈ। ਇਸ ਫ਼ਿਲਮ ਵਿਚ ਉਨ੍ਹਾਂ ਨੇ ਆਂਧਰਾ ਪ੍ਰਦੇਸ਼ ਦੇ ਕਿਸਾਨਾਂ ਦੇ ਮੁੱਦੇ ਉਠਾਏ ਹਨ। ਜਦਕਿ 'ਮੁਜੀਬ-ਦ ਮੇਕਿੰਗ ਆਫ ਏ ਨੇਸ਼ਨ' ਉਨ੍ਹਾਂ ਦੀ ਆਖਰੀ ਫ਼ਿਲਮ ਸੀ। ਇਹ ਫ਼ਿਲਮ ਮੁਜੀਬੁਰ ਰਹਿਮਾਨ ਦੀ ਜ਼ਿੰਦਗੀ ਅਤੇ ਯੋਗਦਾਨ ਉਤੇ ਆਧਾਰਿਤ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਢਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਸਥਾਨਕ ਸਰਕਾਰਾਂ ਦੀਆਂ ਚੋਣਾਂ ਵਿਚ ਆਮ ਆਦਮੀ ਪਾਰਟੀ ਅੱਗੇ

## ਕਾਂਗਰਸ ਦੂਜੇ ਅਤੇ ਭਾਜਪਾ ਤੀਜੇ ਨੰਬਰ 'ਤੇ

**ਜਲੰਧਰ** : ਪੰਜ ਨਗਰ ਨਿਗਮਾਂ ਤੇ 43 ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ 'ਚ ਪਹਿਲੀ ਵਾਰ ਚੋਣ ਲੜਨ ਵਾਲੀ ਸੱਤਾਧਾਰੀ ਆਮ ਆਦਮੀ ਪਾਰਟੀ ਪਟਿਆਲਾ ਨਗਰ ਨਿਗਮ ਜਿੱਤਣ ਵਿੱਚ ਸਫ਼ਲ ਰਹੀ। ਜਲੰਧਰ ਤੇ ਲੁਧਿਆਣਾ 'ਚ ਪਾਰਟੀ ਨੇ ਸਭ ਤੋਂ ਵੱਧ ਵਾਰਡ ਤਾਂ ਜਿੱਤੇ, ਪਰ ਬਹੁਮਤ ਦੇ ਅੰਕੜੇ ਨੂੰ ਹਾਸਲ ਕਰਨ 'ਚ ਉਸ ਨੂੰ ਜੋੜ-ਤੋੜ ਕਰਨਾ ਪਿਆ। ਜਲੰਧਰ 'ਚ ਪਾਰਟੀ ਨੇ 39 ਸੀਟਾਂ ਜਿੱਤੀਆਂ ਤੇ ਉਸ ਨੂੰ ਬਹੁਮਤ ਲਈ ਚਾਰ ਹੋਰ ਸੀਟਾਂ ਦੀ ਜ਼ਰੂਰਤ ਰਹੀ। ਇਸੇ ਤਰ੍ਹਾਂ ਲੁਧਿਆਣਾ 'ਚ ਪਾਰਟੀ ਨੇ 41 ਵਾਰਡਾਂ 'ਚ ਜਿੱਤ ਹਾਸਲ ਕੀਤੀ ਹੈ ਤੇ ਬਹੁਮਤ ਲਈ ਉਸ ਨੂੰ ਛੇ ਹੋਰ ਸੀਟਾਂ ਦੀ ਜ਼ਰੂਰਤ ਹੈ।

ਅੰਮ੍ਰਿਤਸਰ 'ਚ ਕਾਂਗਰਸ 35 ਵਾਰਡ ਜਿੱਤ ਕੇ ਸਭ ਤੋਂ ਅੱਗੇ ਰਹੀ, ਜਦਕਿ ਆਮ ਆਦਮੀ ਪਾਰਟੀ ਨੂੰ 24 ਵਾਰਡਾਂ 'ਚ ਜਿੱਤ ਮਿਲੀ ਹੈ। ਇੱਥੇ ਬਹੁਮਤ ਲਈ 43 ਸੀਟਾਂ ਦਾ ਜਾਦੂਈ ਅੰਕੜਾ ਹਾਸਲ ਕਰਨਾ ਕਾਂਗਰਸ ਤੇ ਆਪ ਦੋਵਾਂ ਲਈ ਟੇਢੀ ਖੀਰ ਹੈ। ਜਲੰਧਰ ਦੇ ਵਾਰਡ ਨੰਬਰ 48 ਤੋਂ ਆਪ ਉਮੀਦਵਾਰ ਹਰਜਿੰਦਰ ਸਿੰਘ ਲਾਡਾ ਇਕ ਵੋਟ ਤੋਂ ਜਿੱਤੇ। ਫਗਵਾੜਾ ਨਿਗਮ ਦੀਆਂ 50 ਸੀਟਾਂ 'ਚੋਂ 22 ਸੀਟਾਂ 'ਤੇ ਜਿੱਤ ਹਾਸਲ ਕਰ ਕੇ ਕਾਂਗਰਸ ਬਹੁਮਤ ਦੇ ਕਰੀਬ ਤਾਂ ਪੁੱਜੀ, ਪਰ ਉਸ ਨੂੰ ਅਜੇ ਚਾਰ ਸੀਟਾਂ ਦੀ ਜ਼ਰੂਰਤ ਹੈ। ਇੱਥੇ ਆਪ 12 ਸੀਟਾਂ ਜਿੱਤ ਕੇ ਦੂਜੇ ਨੰਬਰ 'ਤੇ ਰਹੀ ਹੈ।

ਲੁਧਿਆਣਾ 'ਚ ਪਿਛਲੀਆਂ ਨਿਗਮ ਚੋਣਾਂ 'ਚ ਸਦਨ 'ਚ ਸਿਰਫ਼ ਕੌਂਸਲਰ ਵਾਲੀ ਆਪ ਨੇ ਚੰਗਾ ਪ੍ਰਦਰਸ਼ਨ ਕੀਤਾ ਪਰ ਸੀਟਾਂ ਦੀ ਗਿਣਤੀ 41 ਬਹੁਮਤ ਤੋਂ ਸਿਰਫ਼ ਚਾਰ ਕਦਮ ਦੂਰ ਰਹਿ ਗਈ। ਹੁਣ ਆਪ ਨੂੰ 95 ਵਾਰਡਾਂ ਵਾਲੇ ਨਿਗਮ ਸਦਨ 'ਚ ਆਪਣਾ ਮੇਅਰ ਬਣਾਉਣ ਲਈ ਹੋਰ ਪਾਰਟੀਆਂ ਜਾਂ ਆਜ਼ਾਦ ਉਮੀਦਵਾਰਾਂ ਦੀ ਮਦਦ ਲੈਣੀ ਪਵੇਗੀ। ਤਿੰਨ ਆਜ਼ਾਦ ਉਮੀਦਵਾਰ ਜਿੱਤੇ ਹਨ, ਜਿਨ੍ਹਾਂ ਨੂੰ ਆਪ ਆਪਣੇ ਪਾਲੇ 'ਚ ਲਿਆਉਣ ਦੀ ਕੋਸ਼ਿਸ਼ 'ਚ ਲੱਗ ਗਈ ਹੈ। ਪਿਛਲੀਆਂ ਨਿਗਮ ਚੋਣਾਂ 'ਚ 63 ਕੌਂਸਲਾਂ ਨਾਲ ਏਕਾਧਿਕਾਰ ਰੱਖਣ ਵਾਲੀ ਕਾਂਗਰਸ ਅੱਧੀਆਂ ਸੀਟਾਂ ਵੀ ਨਹੀਂ ਜਿੱਤ ਸਕੀ ਤੇ ਸਿਰਫ਼ 30 ਸੀਟਾਂ 'ਤੇ ਹੀ ਸਿਮਟ ਗਈ। ਇਹੀ ਹਾਲ ਸ਼੍ਰੋਮਣੀ ਅਕਾਲੀ ਦਲ ਦਾ ਰਿਹਾ, ਜਿਹੜਾ ਪਿਛਲੇ ਸਦਨ 'ਚ ਵਿਰੋਧੀ ਧਿਰ ਦੀ ਭੂਮਿਕਾ ਨਿਭਾਆਉਣ ਵਾਲੀ ਪਾਰਟੀ ਸੀ। ਉਹ 11 ਕੌਂਸਲਰਾਂ ਦੇ ਮੁਕਾਬਲੇ ਇਸ ਵਾਰ ਦੋ ਸੀਟਾਂ 'ਤੇ ਰਹਿ ਗਈ। ਪਿਛਲੀਆਂ ਲੋਕ ਸਭਾ ਚੋਣਾਂ 'ਚ ਸ਼ਹਿਰ ਦੇ ਸੱਤ ਵਿਧਾਨ ਸਭਾ ਹਲਕਿਆਂ 'ਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੀ ਭਾਜਪਾ ਨਿਗਮ ਚੋਣਾਂ ਉਹ ਦਬਦਬਾ ਨਹੀਂ ਬਣਾ ਸਕੀ, ਪਰ ਪਿਛਲੇ ਦੱਸ ਕੌਂਸਲਰਾਂ ਦੇ ਮੁਕਾਬਲੇ ਇਸ ਵਾਰ ਉਨ੍ਹਾਂ ਨੇ 19 ਸੀਟਾਂ ਹਾਸਲ ਕੀਤੀਆਂ ਹਨ। ਪਿਛਲੀਆਂ ਨਿਗਮ ਚੋਣਾਂ 'ਚ ਸੱਤ ਸੀਟਾਂ ਜਿੱਤਣ ਵਾਲੀ ਲੋਕ ਇਨਸਾਫ ਪਾਰਟੀ ਇਸ ਵਾਰ ਕਾਂਗਰਸ ਨਾਲ ਮਿਲ ਕੇ ਚੋਣ ਮੈਦਾਨ 'ਚ ਉਤਰੀ ਤੇ ਉਨ੍ਹਾਂ ਦਾ ਆਪਣਾ ਖਾਤਾ ਨਹੀਂ ਖੁੱਲ੍ਹ ਸਕਿਆ।

ਵੋਟਿੰਗ ਦੌਰਾਨ ਸਿਆਸੀ ਪਾਰਟੀਆਂ ਦੇ ਨੇਤਾਵਾਂ ਤੇ ਵਰਕਰਾਂ 'ਚ ਕਈ ਥਾਈਂ ਝੜਪਾਂ ਵੀ ਹੋਈਆਂ। ਵਿਰੋਧੀ ਪਾਰਟੀਆਂ ਨੇ ਮਤਦਾਨ 'ਚ ਹੇਰਾਫੇਰੀ ਦੇ ਦੋਸ਼ ਲਗਾਉਂਦੇ ਹੋਏ ਵਿਰੋਧ ਪ੍ਰਦਰਸ਼ਨ ਕੀਤਾ। ਪਟਿਆਲਾ ਦੇ ਵਾਰਡ ਨੰਬਰ 40 'ਚ ਆਪ ਤੇ ਭਾਜਪਾ ਨੇਤਾ ਆਹਮੋ-ਸਾਹਮਣੇ ਹੋ ਗਏ। ਇਕ-ਦੂਜੇ 'ਤੇ ਇੱਟਾਂ ਤੇ ਪੱਥਰ ਵਰ੍ਹਾਏ। ਇਕ ਪੱਥਰ ਭਾਜਪਾ ਉਮੀਦਵਾਰ ਅਨੁਜ ਖੋਸਲਾ ਦੇ ਸਿਰ 'ਚ ਲੱਗਿਆ। ਵਾਰਡ ਨੰਬਰ 34 ਤੋਂ ਭਾਜਪਾ ਉਮੀਦਵਾਰ ਸੁਸ਼ੀਲ ਨੇ ਆਪ 'ਤੇ ਧੱਕੇਸ਼ਾਹੀ ਕਰਨ ਅਤੇ ਜ਼ਾਅਲੀ ਵੋਟਾਂ ਪੁਆਉਣ ਦਾ ਦੋਸ਼ ਲਗਾਇਆ। ਵਾਰਡ ਨੰਬਰ 11 ਤੋਂ ਅਕਾਲੀ ਉਮੀਦਵਾਰ ਦੇ ਪਤੀ ਸੁਖਮਿੰਦਰ ਪਾਲ ਸਿੰਘ ਮਿੰਟਾ ਵੀ ਧੱਕੇਸ਼ਾਹੀ ਦਾ ਦੋਸ਼ ਲਗਾਉਂਦੇ ਹੋਏ ਟੈਂਕੀ 'ਤੇ ਚੜ੍ਹ ਗਏ। ਪੁਲਿਸ ਨੇ ਦੋਵਾਂ ਨੂੰ ਸੁਰੱਖਿਅਤ ਹੇਠਾਂ ਉਤਾਰਿਆ। ਵਾਰਡ 15 'ਚ ਆਪਸੀ ਟਕਰਾਅ ਦੇ ਕਾਰਨ ਕਈ ਗੱਡੀਆਂ ਨੂੰ ਤੋੜ ਦਿੱਤਾ ਗਿਆ। ਭਾਜਪਾ ਮਹਿਲਾ ਮੋਰਚਾ ਦੀ ਪ੍ਰਧਾਨ ਜੈ ਇੰਦਰ ਕੌਰ ਨੇ ਸਮਾਣਾ ਹਲਕੇ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਤੇ ਘਨੌਰ ਹਲਕੇ ਦੇ ਵਿਧਾਇਕ ਗੁਰਲਾਲ ਸਿੰਘ ਖ਼ਿਲਾਫ਼ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਹੈ। ਸ਼ਿਕਾਇਤ 'ਚ ਕਿਹਾ ਕਿ ਮਤਦਾਨ ਦੇ ਸਮੇਂ ਸ਼ਹਿਰ ਤੋਂ ਬਾਹਰ ਦੇ ਵੋਟਰ ਦਾਖ਼ਲ ਨਹੀਂ ਹੋ ਸਕਦੇ ਪਰ ਸਮਾਣਾ ਤੇ ਘਨੌਰ ਦੇ ਵਿਧਾਇਕਾਂ ਨੇ ਵਾਰਡ 40 'ਚ ਪਹੁੰਚ ਕੇ ਚੋਣ ਜ਼ਾਬਤੇ ਦੀ ਉਲੰਘਣਾ ਕੀਤੀ ਹੈ। ਅੰਮ੍ਰਿਤਸਰ ਨਗਰ ਨਿਗਮ ਚੋਣਾਂ 'ਚ ਵਾਰਡ ਨੰਬਰ 8 ਤੋਂ ਆਜ਼ਾਦ ਉਮੀਦਵਾਰ ਨਤਾਸ਼ਾ ਗਿੱਲ 'ਤੇ ਧੱਕੇਸ਼ਾਹੀ ਦੇ ਦੋਸ਼ ਲਗਾਉਂਦੇ ਹੋਏ ਪਿੰਡ ਮਾਹਲ 'ਚ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੇ ਧਰਨਾ ਦਿੱਤਾ। ਆਜ਼ਾਦ ਸਮੇਤ ਕਾਂਗਰਸ, ਭਾਜਪਾ ਤੇ ਆਮ ਆਦਮੀ ਪਾਰਟੀ ਦੇ ਸਮਰਥਕ ਮੌਕੇ 'ਤੇ ਇਕੱਠੇ ਹੋ ਗਏ ਤੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਆਪ ਦੇ ਉਮੀਦਵਾਰ ਮਨਮੀਤ ਕੌਰ ਨੇ ਕਿਹਾ ਕਿ ਉਹ ਦੋ ਨੰਬਰ ਬੂਥ 'ਤੇ ਵੋਟਰਾਂ ਦੇ ਨਾਲ ਖੜ੍ਹੇ ਸਨ, ਜਿੱਥੇ ਅਚਾਨਕ ਆਜ਼ਾਦ ਉਮੀਦਵਾਰ ਨਤਾਸ਼ਾ ਪਹੁੰਚ ਗਏ ਤੇ ਉਨ੍ਹਾਂ ਨੂੰ ਥੱਪੜ ਮਾਰ ਦਿੱਤਾ। ਕਾਂਗਰਸੀ ਆਗੂ ਸੰਦੀਪ ਕੁਮਾਰ ਨੇ ਕਿਹਾ ਕਿ ਨਤਾਸ਼ਾ ਨੇ ਆਪ ਉਮੀਦਵਾਰ ਨਾਲ ਬਦਸਲੂਕੀ ਕੀਤੀ। ਏ.ਸੀ.ਪੀ. ਸਵਿਤਾ ਦਰਸ਼ਨ ਨੇ ਪ੍ਰਦਰਸ਼ਨਕਾਰੀਆਂ ਨੂੰ ਸ਼ਾਂਤ ਕਰਾਉਂਦਿਆਂ ਭਰੋਸਾ ਦਿੱਤਾ ਕਿ ਉਹ ਕਿਸੇ ਤਰ੍ਹਾਂ ਦੀ ਗੁੰਡਾਗਰਦੀ ਨਹੀਂ ਹੋਣ ਦੇਣਗੇ। ਉੱਥੇ ਆਜ਼ਾਦ ਉਮੀਦਵਾਰ ਨੇ ਆਪ ਉਮੀਦਵਾਰ ਮਨਮੀਤ ਕੌਰ ਵਲੋਂ ਉਨ੍ਹਾਂ 'ਤੇ ਲਗਾਏ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਹੈ। ਅਮਲੋਹ ਨਗਰ ਕੌਂਸਲ ਚੋਣ ਦੌਰਾਨ ਹੰਗਾਮਾ ਤੇ ਮਾਰਕੁੱਟ ਹੋਈ। ਅਮਲੋਹ ਦੇ ਵਿਧਾਇਕ ਗੈਰੀ ਵੜਿੰਗ ਦੇ ਭਰਾ 'ਤੇ ਮਾਰਕੁੱਟ ਦਾ ਦੋਸ਼ ਲੱਗਾ ਹੈ ਜਦ ਕਿ ਵਿਧਾਇਕ ਨੇ ਇਸ ਨੂੰ ਵਿਰੋਧੀ ਪਾਰਟੀਆਂ ਦੀ ਸ਼ਰਾਰਤ ਦੱਸਿਆ ਹੈ। ਪੁਲਿਸ ਨਾਲ ਹੋਈ ਝੜਪ 'ਚ ਹਲਕਾ ਵਿਧਾਇਕ ਵੜਿੰਗ ਦੇ ਪੀ.ਏ. ਤੇ ਦਫ਼ਤਰ ਇੰਚਾਰਜ ਨੂੰ ਪੁਲਿਸ ਵਲੋਂ ਖਦੇੜੇ ਜਾਣ ਦਾ ਵੀ.ਡੀ.ਓ. ਇੰਟਰਨੈੱਟ ਮੀਡੀਆ 'ਤੇ ਵਾਇਰਲ ਹੋਇਆ। ਇਸ ਕਾਰਨ ਵਿਧਾਇਕ ਤੇ ਸੱਤਾ ਧਿਰ ਖ਼ਿਲਾਫ਼ ਕਾਂਗਰਸੀ ਸਮਰਥਕਾਂ ਨੇ ਨਾਅਰੇਬਾਜ਼ੀ ਵੀ ਕੀਤੀ।

## ਭਾਵੁਕ ਹੋਈ ਅਸ਼ਵਿਨ ਦੀ ਪਤਨੀ




**ਚੇਨਈ**: ਕ੍ਰਿਕਟ ਖਿਡਾਰੀ ਅਸ਼ਵਿਨ ਦੀ ਪਤਨੀ ਪ੍ਰੀਤੀ ਨਾਰਾਇਣਨ ਨੇ ਅੰਤਰਰਾਸ਼ਟਰੀ ਕ੍ਰਿਕਟ ਤੋਂ ਅਚਾਨਕ ਸੰਨਿਆਸ ਲੈਣ ਅਸ਼ਵਿਨ ਦੇ ਫ਼ੈਸਲੇ ਤੋਂ ਬਾਅਦ ਭਾਵੁਕ ਪੋਸਟ ਸਾਂਝੀ ਕਰਦੇ ਹੋਏ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਤੁਸੀਂ ਆਪਣੇ ਹੋਣ ਦਾ ਬੋਝ ਲਾਹ ਕੇ ਖੇਡ ਤੋਂ ਪਰ੍ਹੇ ਜੀਵਨ ਨੂੰ ਅਪਨਾਓ। ਅਸ਼ਵਿਨ ਨੇ ਬ੍ਰਿਸਬੇਨ 'ਚ ਆਸਟ੍ਰੇਲੀਆ ਵਿਰੁੱਧ ਤੀਜੇ ਟੈਸਟ ਤੋਂ ਬਾਅਦ ਸੰਨਿਆਸ ਲੈਣ ਦਾ ਐਲਾਨ ਕਰ ਕੇ ਕ੍ਰਿਕਟ ਜਗਤ ਨੂੰ ਹੈਰਾਨ ਕਰ ਦਿੱਤਾ। ਇਸ ਤਜਰਬੇਕਾਰ ਆਫ ਸਪਿਨਰ ਨੇ ਐਡੀਲੇਡ ਟੈਸਟ 'ਚ ਇਕ ਵਿਕਟ ਲਈ ਸੀ, ਜਿਸ ਵਿਚ ਭਾਰਤ ਨੂੰ 10 ਵਿਕਟਾਂ ਤੋਂ ਹਾਰ ਝੱਲਣੀ ਪਈ। ਪੋਸਟ ਨੂੰ ਪ੍ਰਸ਼ੰਸਕ ਦਾ ਪ੍ਰੇਮ ਪੱਤਰ ਕਰਾਰ ਦਿੰਦੇ ਹੋਏ ਪ੍ਰੀਤੀ ਨੇ ਇੰਸਟਾਗ੍ਰਾਮ 'ਤੇ ਅਸ਼ਵਿਨ ਨਾਲ ਮੈਦਾਨ 'ਤੇ ਬਿਤਾਏ ਸਮੇਂ ਨੂੰ ਯਾਦ ਕੀਤਾ।

## ਇਕ ਆਜ਼ਾਦ ਤੇ ਇਕ ਕਾਂਗਰਸੀ ਕੌਂਸਲਰ 'ਆਪ' ਵਿਚ ਸ਼ਾਮਿਲ




**ਜਲੰਧਰ**: ਨਗਰ ਨਿਗਮ ਚੋਣਾਂ ਵਿਚ 38 ਸੀਟਾਂ ਜਿੱਤ ਕੇ ਸਭ ਤੋਂ ਵੱਡੀ ਪਾਰਟੀ ਬਣਨ ਵਾਲੀ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਹੋਰ ਮਜ਼ਬੂਤੀ ਮਿਲ ਗਈ, ਜਦੋਂ ਉਸ ਵਿਚ ਦੋ ਹੋਰ ਕੌਂਸਲਰ ਸ਼ਾਮਿਲ ਹੋ ਗਏ ਹਨ। ਜਲੰਧਰ ਤੋਂ ਨਗਰ ਨਿਗਮ ਦੀਆਂ ਚੋਣਾਂ ਦੌਰਾਨ ਜਿੱਤੇ ਵਾਰਡ ਨੰਬਰ 81 ਤੋਂ ਆਜ਼ਾਦ ਕੌਂਸਲਰ ਸੀਮਾ ਅਤੇ ਵਾਰਡ ਨੰਬਰ 65 ਤੋਂ ਜਿੱਤੀ ਕਾਂਗਰਸੀ ਕੌਂਸਲਰ ਪਰਵੀਨ ਵਾਸਨ ਆਮ ਆਦਮੀ ਪਾਰਟੀ ਚ ਸ਼ਾਮਿਲ ਹੋ ਗਏ। ਪ੍ਰਵੀਨ ਵਾਸਨ ਨੇ ਨਿਗਮ ਚੋਣਾਂ ਵਿਚ ਸਾਬਕਾ ਮੇਅਰ ਜਗਦੀਸ਼ ਰਾਜਾ ਦੀ ਪਤਨੀ ਅਨੀਤਾ ਰਾਜਾ ਨੂੰ ਹਰਾਇਆ ਸੀ। ਉਨ੍ਹਾਂ ਨੂੰ ਪਾਰਟੀ ਵਲੋਂ ਨਿਗਮ ਚੋਣ ਦੇ ਇੰਚਾਰਜ ਅਤੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ. ਟੀ. ਓ. ਨੇ ਸ਼ਾਮਿਲ ਕਰਵਾਇਆ। ਇਸ ਮੌਕੇ ਸਥਾਨਕ ਸਰਕਾਰਾਂ ਵਿਭਾਗ ਦੇ ਮੰਤਰੀ ਡਾ. ਰਵਜੋਤ ਸਿੰਘ , ਉੱਤਰੀ ਹਲਕਾ ਦੇ ਇੰਚਾਰਜ ਦਿਨੇਸ਼ ਢੱਲ, ਰਾਜ ਕੁਮਾਰ ਮਦਾਨ ਅਤੇ ਹੋਰ ਆਗੂ ਹਾਜ਼ਰ ਸਨ। ਆਮ ਆਦਮੀ ਪਾਰਟੀ ਨੂੰ ਨਿਗਮ ਵਿਚ ਬਹੁਮਤ ਲਈ ਲੋੜੀਂਦੇ ਕੁੱਲ 43 ਕੌਂਸਲਰਾਂ ਦੀ ਲੋੜ ਹੁੰਦੀ ਹੈ। ਆਪ ਵਿਚ ਹੋਰ ਵੀ ਕੁਝ ਕੌਂਸਲਰਾਂ ਦੇ ਸ਼ਾਮਿਲ ਹੋਣ ਦੀ ਸੰਭਾਵਨਾ ਜ਼ਾਹਿਰ ਕੀਤੀ ਜਾ ਰਹੀ ਸੀ।

## ਹਰਵਿੰਦਰ ਸਿੰਘ ਹੰਸਪਾਲ ਦਾ ਦਿੱਲੀ 'ਚ ਦੇਹਾਂਤ



**ਜਲੰਧਰ**: ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਨਾਮਧਾਰੀ ਹਰਵਿੰਦਰ ਸਿੰਘ ਹੰਸਪਾਲ ਦਾ ਸ਼ਨਿਚਰਵਾਰ ਨੂੰ ਦਿੱਲੀ ਸਥਿਤ ਮੈਕਸ ਹਸਪਤਾਲ 'ਚ ਦਿਲ ਦਾ ਦੌਰਾ ਪੈਣ ਨਾਲ ਦੇਹਾਂਤ ਹੋ ਗਿਆ। 4 ਮਈ 1938 ਨੂੰ ਪੈਦਾ ਹੋਏ ਹਰਵਿੰਦਰ ਸਿੰਘ ਹੰਸਪਾਲ ਨਾਮਧਾਰੀ ਸੰਪਰਦਾ ਨਾਲ ਜੁੜੇ ਹੋਏ ਸਨ। ਉਹ ਕਾਂਗਰਸ ਵੱਲੋਂ ਰਾਜ ਸਭਾ ਦੇ ਮੈਂਬਰ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਵੀ ਰਹੇ। ਮੁੱਖ ਮੰਤਰੀ ਭਗਵੰਤ ਮਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਓਮ ਪ੍ਰਕਾਸ਼ ਚੌਟਾਲਾ ਨਹੀਂ ਰਹੇ



**ਸਿਰਸਾ**: ਤੇਜ਼ ਤਰਾਰ ਬੁਲਾਰੇ, ਕਿਸਾਨ-ਕਿਰਤੀ ਵਰਗ ਦੇ ਰਹਿਬਰ ਤੇ ਪੰਜ ਵਾਰ ਹਰਿਆਣਾ ਸੂਬੇ ਦੇ ਮੁੱਖ ਮੰਤਰੀ ਰਹੇ ਓਮ ਪ੍ਰਕਾਸ਼ ਚੌਟਾਲਾ ਨਹੀਂ ਰਹੇ। ਸ਼ਨਿੱਚਰਵਾਰ ਸ਼ਾਮ ਨੂੰ ਉਹ ਪੰਜ ਤੱਤਾਂ ਵਿਚ ਵਿਲੀਨ ਹੋ ਗਏ। ਤੇਜਾਖੇੜਾ ਫਾਰਮ ਹਾਊਸ ਲਾਗੇ ਖੇਤਾਂ ਵਿਚ ਹੋਏ ਸਸਕਾਰ ਮੌਕੇ ਪੂਰੇ ਸੂਬੇ ਨੇ ਆਪਣੇ ਆਗੂ ਨੂੰ ਅੰਤਮ ਵਿਦਾਈ ਦਿੱਤੀ। ਚੌਟਾਲਾ ਦੇ ਦੋਵਾਂ ਪੁੱਤਰ ਅਭੈ ਤੇ ਅਜੈ ਚੌਟਾਲਾ ਨੇ ਮ੍ਰਿਤਕ ਦੇਹ ਨੂੰ ਅਗਨੀ ਦਿਖਾਈ। ਸਰਕਾਰੀ ਸਨਮਾਨਾਂ ਨਾਲ ਹੋਏ ਇਸ ਸਸਕਾਰ ਮੌਕੇ ਉਪ ਰਾਸ਼ਟਰਪਤੀ ਜਗਦੀਪ ਧਨਖੜ, ਮੁੱਖ ਮੰਤਰੀ ਨਾਇਬ ਸਿੰਘ ਸੈਣੀ, ਕੇਂਦਰੀ ਮੰਤਰੀ ਮਨੋਹਰ ਖੱਟਰ ਤੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਹੁੱਡਾ ਸਮੇਤ ਅਨੇਕਾਂ ਸੀਨੀਅਰ ਆਗੂ ਹਾਜ਼ਰ ਸਨ। ਸਵੇਰੇ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਤਿਰੰਗੇ ਵਿਚ ਲਪੇਟਿਆ ਗਿਆ ਸੀ। ਨਾਲ ਹੀ ਹਰੀ ਪੱਗ ਸਿਰ 'ਤੇ ਸਜਾਈ ਗਈ ਸੀ। ਇਸ ਦੇ ਨਾਲ ਹੀ ਪਾਰਟੀ ਦਾ ਚੋਣ ਚਿੰਨ੍ਹ ਚਸ਼ਮਾ ਵੀ ਪਹਿਨਾਇਆ ਗਿਆ। ਸਵੇਰੇ ਸਾਢੇ ਦਸ ਵਜੇ ਉਨ੍ਹਾਂ ਦੀ ਦੇਹ ਅੰਤਮ ਦਰਸ਼ਨਾਂ ਲਈ ਫਾਰਮ ਹਾਊਸ ਵਿਚ ਰੱਖੀ ਗਈ ਸੀ। ਜਿਉਂ ਹੀ ਸ਼ਾਮ ਨੂੰ ਅਰਥੀ ਨੂੰ ਸਸਕਾਰ ਲਈ ਲਿਆਂਦਾ ਗਿਆ ਤਾਂ ਉਨ੍ਹਾਂ ਦੇ ਸਮਰਥਕਾਂ ਨੇ ਚੌਟਾਲਾ ਅਮਰ ਰਹੇ ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ।

### ਸਮਾਧੀ ਸਥਾਨ 'ਤੇ ਬਣੇਗੀ ਯਾਦਗਾਰ

ਓਪੀ ਚੌਟਾਲਾ ਦੀ ਸਮਾਧੀ 'ਤੇ ਉਨ੍ਹਾਂ ਦੀ ਯਾਦਗਾਰ ਵੀ ਬਣਾਈ ਜਾਣੀ ਹੈ। ਉਨ੍ਹਾਂ ਨਮਿੱਤ ਰਸਮ ਪਗੜੀ 31 ਦਸੰਬਰ ਨੂੰ ਸਾਹਿਬ ਰਾਮ ਸਟੇਡੀਅਮ ਪਿੰਡ ਚੌਟਾਲਾ ਵਿਚ ਕੀਤੀ ਜਾਣੀ ਹੈ। ਪਰਿਵਾਰ ਮੁਤਾਬਕ ਇਸ ਸੰਬੰਧ ਵਿਚ ਤਿਆਰੀ ਅਰੰਭ ਕਰ ਦਿੱਤੀ ਗਈ ਹੈ।

## ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਕੀਤੀ ਗਈ ਦੋ ਰੋਜ਼ਾ ਸੈਮੀਨਾਰ ਦੇ ਸਮਾਪਨ ਸਮਾਰੋਹ ਦੀ ਅਗਵਾਈ



**ਚੰਡੀਗੜ੍ਹ**: ਭਾਰਤੀ ਸਾਹਿਤ ਅਕਾਦਮੀ, ਨਵੀਂ ਦਿੱਲੀ ਵੱਲੋਂ, ਪੰਜਾਬ ਕਲਾ ਪਰਿਸ਼ਦ, ਚੰਡੀਗੜ੍ਹ ਦੇ ਸਹਿਯੋਗ ਨਾਲ ''ਸਾਹਿਤ ਅਤੇ ਦਰਸ਼ਨ: ਅੰਤਰ ਸੰਵਾਦ'' 'ਤੇ ਦੋ ਰੋਜ਼ਾ ਸੈਮੀਨਾਰ ਕਰਵਾਇਆ ਗਿਆ। ਸਮਾਪਨ ਸਮਾਰੋਹ 'ਤੇ ਅਸ਼ੀਰਵਾਦ ਤੇ ਅਗਵਾਈ ਦੇਣ ਲਈ ਸੈਰ ਸਪਾਟਾ ਤੇ ਸਭਿਆਚਾਰਕ ਮਾਮਲੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਉਚੇਚੇ ਤੌਰ 'ਤੇ ਕਲਾ ਭਵਨ ਸੈਕਟਰ ਸੋਲਾਂ ਦੇ ਵਿਹੜੇ ਪਹੁੰਚੇ। ਸਭ ਤੋਂ ਪਹਿਲਾਂ ਉਹਨਾਂ ਦਾ ਪੰਜਾਬ ਕਲਾ ਪਰਿਸ਼ਦ, ਚੰਡੀਗੜ੍ਹ ਦੇ ਚੇਅਰਮੈਨ ਸਵਰਨਜੀਤ ਸਵੀ, ਵਾਈਸ ਚੇਅਰਮੈਨ ਡਾ. ਯੋਗਰਾਜ, ਸਾਹਿਤ ਅਕਾਦਮੀ ਦੇ ਪ੍ਰਧਾਨ ਡਾ. ਆਤਮ ਰੰਧਾਵਾ, ਸੰਗੀਤ ਨਾਟਕ ਅਕਾਦਮੀ ਦੇ ਪ੍ਰਧਾਨ ਅਸ਼ਵਨੀ ਚੈਟਲੇ ਤੇ ਉੱਘੇ ਚਿੰਤਕ ਅਮਰਜੀਤ ਸਿੰਘ ਗਰੇਵਾਲ, ਨਿਰਮਲ ਜੌੜਾ ਵੱਲੋਂ ਗੁਲਦਸਤੇ ਤੇ ਫੁਲਕਾਰੀ ਨਾਲ ਸੁਆਗਤ ਤੇ ਸਨਮਾਨ ਕੀਤਾ ਗਿਆ। ਮੰਤਰੀ ਸੌਂਦ ਨੇ ਹੋ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ ਤੇ ਸੰਸਥਾ ਦੇ ਮਾਣਮੱਤੇ ਇਤਿਹਾਸ ਤੇ ਪੰਜਾਬ ਦੇ ਅਮੀਰ ਵਿਰਸੇ ਨੂੰ ਚੇਤੇ ਕੀਤਾ। ਉਹਨਾਂ ਅੱਗੇ ਕਿਹਾ ਕਿ ਉਹਨਾਂ ਥੋੜ੍ਹਾ ਸਮਾਂ ਪਹਿਲਾਂ ਮਹਿਕਮਾ ਸੰਭਾਲਿਆ ਹੈ ਤੇ ਜਲਦੀ ਹੀ ਉਹ ਸੰਸਥਾ ਨੂੰ ਪੂਰਨ ਸਹਿਯੋਗ ਦੇ ਕੇ ਭਵਿੱਖੀ ਕਾਰਜਾਂ ਨੂੰ ਮੁਕੰਮਲ ਕੀਤਾ ਕਰਨਗੇ।

## ਵਿਧਾਇਕ ਦੇ ਪੀ.ਏ. ਨੂੰ ਥੱਪੜ ਮਾਰਨ ਵਾਲੇ ਦੋ ਪੁਲਿਸ ਮੁਲਾਜ਼ਮ ਮੁਅੱਤਲ

**ਅਮਲੋਹ**: ਨਗਰ ਕੌਂਸਲ ਚੋਣਾਂ ਦੌਰਾਨ ਵਿਧਾਇਕ ਗੈਰੀ ਵੜਿੰਗ ਦੇ ਪੀਏ ਤੇ ਆਫਿਸ ਇੰਚਾਰਜ ਨੂੰ ਥੱਪੜ ਮਾਰਨ ਵਾਲੇ ਦੋ ਪੁਲਿਸ ਮੁਲਾਜ਼ਮਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਇਸ ਘਟਨਾ ਦੀ ਵੀਡੀਓ ਇੰਟਰਨੈੱਟ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਮਾਮਲੇ ਨੇ ਤੂਲ ਫੜਿਆ ਸੀ। ਡੀਐੱਸਪੀ ਗੁਰਦੀਪ ਸਿੰਘ ਨੇ ਪੁਲਿਸ ਮੁਲਾਜ਼ਮਾਂ ਨੂੰ ਮੁਅੱਤਲ ਕੀਤੇ ਜਾਣ ਦੀ ਜਾਣਕਾਰੀ ਇੰਟਰਨੈੱਟ ਮੀਡੀਆ 'ਤੇ ਵੀਡੀਓ ਅਪਲੋਡ ਕਰ ਕੇ ਦਿੱਤੀ ਹੈ।

ਡੀਐੱਸਪੀ ਨੇ ਇਨ੍ਹਾਂ ਮੁਲਾਜ਼ਮਾਂ ਖ਼ਿਲਾਫ਼ ਵਿਭਾਗੀ ਜਾਂਚ ਦੀ ਵੀ ਗੱਲ ਕਹੀ ਹੈ। ਫਿਲਹਾਲ ਮੁਅੱਤਲ ਪੁਲਿਸ ਮੁਲਾਜ਼ਮਾਂ ਦੇ ਨਾਂ ਜਨਤਕ ਨਹੀਂ ਕੀਤੇ ਗਏ।

## "ਪੰਜਾਬ ਟਾਈਮਜ਼" ਦੇ ਲੇਖਕਾਂ, ਰਿਪੋਰਟਰਾਂ ਅਤੇ ਪੱਤਰਕਾਰਾਂ ਲਈ ਬੇਨਤੀ

*"ਪੰਜਾਬ ਟਾਈਮਜ਼" ਨੂੰ ਛਪਣ- ਸਮੱਗਰੀ ਭੇਜਣ ਵਾਲੇ ਸਾਰੇ ਲੇਖਕਾਂ, ਵਿਦਵਾਨਾਂ, ਪੱਤਰਕਾਰਾਂ ਅਤੇ ਰਿਪੋਰਟਰਾਂ ਨੂੰ ਬੇਨਤੀ ਹੈ ਕਿ ਉਹ ਪਰਚੇ ਵਿੱਚ ਛਪਣ ਲਈ ਭੇਜੇ ਜਾਣ ਵਾਲੀ ਸਮੱਗਰੀ ਗੁਰਮੁੱਖੀ ਦੇ ਚਾਤ੍ਰਿਕ ਫੌਂਟ ਵਿੱਚ ਭੇਜਣ ਦੀ ਕ੍ਰਿਪਾਲਤਾ ਕਰਨ, ਤਾਂ ਕਿ ਫੌਂਟ ਦੀ ਤਬਦੀਲੀ ਸਮੇਂ ਹੋ ਜਾਣ ਵਾਲੀਆਂ ਗ਼ਲਤੀਆਂ ਤੋਂ ਬਚਿਆ ਜਾ ਸਕੇ।*

*-ਸੰਪਾਦਕ*

# ਪਾਠਕਾਂ ਦੀ ਮੰਗ ਉਤੇ ਪਹਿਲੀ ਵਾਰ ਲਿਖੀ ਹੈ ਕਵਿਤਾਵਾਂ ਦੀ ਪੁਸਤਕ: ਸ਼ਮਸ਼ੇਰ ਸੰਧੂ

**ਚੰਡੀਗੜ੍ਹ:** ਨਾਮੀਂ ਗੀਤਕਾਰ ਤੇ ਪੱਤਰਕਾਰ ਸ਼ਮਸ਼ੇਰ ਸੰਧੂ ਨੇ ਖੇਡਾਂ ਪ੍ਰਤੀ ਆਪਣੇ ਸਨੇਹ ਨੂੰ ਜ਼ਾਹਰ ਕਰਦਿਆਂ ਆਪਣੀ ਨਵੀਂ ਪੁਸਤਕ 'ਕਿੱਥੇ ਖੋ ਗੋਏ ਚੱਜ ਦੇ ਬੰਦੇ' ਭਾਰਤੀ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਤੇ ਖਿਡਾਰੀ ਗੁਰਜੰਟ ਸਿੰਘ ਕੋਲੋਂ ਰਿਲੀਜ਼ ਕਰਵਾਈ। ਸ਼ਮਸ਼ੇਰ ਸੰਧੂ ਜਿਨ੍ਹਾਂ ਗੀਤ, ਕਹਾਣੀਆਂ, ਵਾਰਤਕ ਅਤੇ ਖਿਡਾਰੀਆਂ ਬਾਰੇ ਲਿਖਣ ਵਿੱਚ ਨਾਮਣਾ ਖੱਟਿਆ ਹੈ, ਇਹ ਉਨ੍ਹਾਂ ਦਾ ਪਹਿਲਾ ਕਾਵਿ ਸੰ੍ਰਗਹਿ ਹੈ। ਇਹ ਉਨ੍ਹਾਂ ਦੀ ਕੁੱਲ ਨੌਵੀਂ ਪੁਸਤਕ ਹੈ।

ਸ਼ਮਸ਼ੇਰ ਸੰਧੂ ਨੇ ਕਬੱਡੀ ਖਿਡਾਰੀਆਂ ਤੇ ਪਹਿਲਵਾਨਾਂ ਬਾਰੇ ਲਿਖ ਕੇ ਵੀ ਆਪਣੀ ਚੰਗੀ ਪਛਾਣ ਬਣਾਈ ਹੈ ਅਤੇ ਨਵੀਂ ਪੁਸਤਕ ਨੂੰ ਚੰਡੀਗੜ੍ਹ ਵਿਖੇ ਹਾਕੀ ਸਟੇਡੀਅਮ ਵਿੱਚ ਭਾਰਤੀ ਟੀਮ ਦੇ ਮੌਜੂਦਾ ਕਪਤਾਨ ਹਰਮਨਪ੍ਰੀਤ ਸਿੰਘ ਤੇ ਫਾਰਵਰਡ ਗੁਰਜੰਟ ਸਿੰਘ ਕੋਲੋਂ ਖੇਡ ਲੇਖਕ ਨਵਦੀਪ ਸਿੰਘ ਗਿੱਲ ਦੀ ਹਾਜ਼ਰੀ ਵਿੱਚ ਰਿਲੀਜ਼ ਕਰਵਾਇਆ। ਦੋਵੇਂ ਖਿਡਾਰੀਆਂ ਨੇ ਭਾਰਤ ਲਈ ਪੈਰਿਸ ਤੇ ਟੋਕੀਓ ਵਿਖੇ ਓਲੰਪਿਕ ਖੇਡਾਂ ਵਿੱਚ ਲਗਾਤਾਰ ਦੋ ਕਾਂਸੀ ਦੇ ਤਮਗੇ ਜਿੱਤੇ ਹਨ।



ਹਰਮਨਪ੍ਰੀਤ ਸਿੰਘ ਨੇ ਸ਼ਮਸ਼ੇਰ ਸੰਧੂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ ਕਿ ਅੱਜ ਨਾਮੀਂ ਗੀਤਕਾਰ ਦੀ ਕਿਤਾਬ ਨੂੰ ਰਿਲੀਜ਼ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਹਾਕੀ ਕੈਂਪਾਂ ਦੌਰਾਨ ਸਮੂਹ ਖਿਡਾਰੀ ਸ਼ਮਸ਼ੇਰ ਸੰਧੂ ਵੱਲੋਂ ਲਿਖੇ ਗੀਤਾਂ ਨੂੰ ਸੁਣ ਕੇ ਵਾਰਮ-ਅੱਪ ਹੁੰਦੇ ਰਹੇ ਹਨ। ਉਨ੍ਹਾਂ ਕਿਹਾ ਕਿ ਸ਼ਮਸ਼ੇਰ ਸੰਧੂ ਦੇ ਲਿਖੇ ਗੀਤ ਜੋ ਸੁਰਜੀਤ ਬਿੰਦਰਖੀਆ, ਸਤਵਿੰਦਰ ਬਿੱਟੀ, ਸੁਰਜੀਤ ਖਾਨ ਆਦਿ ਵੱਡੇ ਗਾਇਕਾਂ ਨੇ ਗਾਏ ਹਨ, ਸਾਨੂੰ ਜੋਸ਼ ਚੜ੍ਹਾਉਂਦੇ ਰਹੇ ਹਨ। ਉਨ੍ਹਾਂ ਕਿਹਾ ਕਿ ਹੁਣ ਉਹ ਸ਼ਮਸ਼ੇਰ ਸੰਧੂ ਦੀਆਂ ਕਵਿਤਾਵਾਂ ਵੀ ਪੜ੍ਹਨਗੇ।


ਸ਼ਮਸ਼ੇਰ ਸੰਧੂ ਨੇ ਕਿਹਾ ਕਿ ਮਿੱਤਰ ਮੰਡਲੀ ਅਤੇ ਪਾਠਕਾਂ ਦੀ ਮੰਗ ਉਤੇ ਉਨ੍ਹਾਂ ਪਹਿਲੀ ਵਾਰ ਕਵਿਤਾਵਾਂ ਦੀ ਕਿਤਾਬ ਲਿਖੀ ਹੈ। ਇਸ ਪਲੇਠੇ ਕਾਵਿ ਸੰ੍ਰਗਹਿ ਨੂੰ ਚੇਤਨਾ ਪ੍ਰਕਾਸ਼ਨ ਨੇ ਛਾਪਿਆ ਹੈ ਜਿਸ ਦਾ ਮੁੱਖਬੰਦ ਮਹਾਨ ਸ਼ਾਇਰ ਸਰਜੀਤ ਪਾਤਰ ਨੇ 'ਸ਼ਮਸ਼ੇਰ ਸੰਧੂ ਦੀ ਚੌਥੀ ਕੂਟ' ਸਿਰਲੇਖ ਹੇਠ ਲਿਖਿਆ ਹੈ।

ਸੁਰਜੀਤ ਪਾਤਰ ਦੀ ਇਹ ਆਖਰੀ ਰਚਨਾ ਹੈ ਜਿਸ ਵਿੱਚ ਉਨ੍ਹਾਂ ਸ਼ਮਸ਼ੇਰ ਸੰਧੂ ਦਾ ਗੀਤਾਂ, ਕਹਾਣੀਆਂ ਤੇ ਵਾਰਤਕ ਤੋਂ ਬਾਅਦ ਕਵਿਤਾ ਦੇ ਖੇਤਰ ਵਿੱਚ ਦਾਖਲੇ ਲਈ ਸਵਾਗਤ ਕਰਦਿਆਂ ਯੂਨੀਵਰਸਿਟੀ ਦਿਨਾਂ ਦੀਆਂ ਯਾਦਾਂ ਤਾਜ਼ਾ ਕੀਤੀਆਂ ਹਨ।

ਪੁਸਤਕ ਦੇ ਸਰਵਰਕ ਉਪਰ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਲਿਖਿਆ ਹੈ ਜਿਨ੍ਹਾਂ ਕਵੀ ਦੀ ਵਿਦਿਆਰਥੀ ਜੀਵਨ ਤੋਂ ਸਾਹਿਤਕ ਰੁੱਚੀਆਂ ਤੋਂ ਲੈ ਕੇ ਹੁਣ ਤੱਕ ਸ਼ਾਨਾਮੱਤੇ ਸਫਰ ਬਾਰੇ ਸੰਖੇਪ ਝਾਤ ਪਾਈ ਹੈ।

# ਹਾਈ ਕੋਰਟ ਵਲੋਂ ਜਲੰਧਰ ਦੇ ਪੁਲਿਸ ਕਮਿਸ਼ਨਰ ਨੂੰ ਇਕ ਲੱਖ ਰੁਪਏ ਦਾ ਜੁਰਮਾਨਾ

**ਚੰਡੀਗੜ੍ਹ :** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਜਲੰਧਰ ਦੇ ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਨੂੰ 1 ਲੱਖ ਰੁਪਏ ਦਾ ਜੁਰਮਾਨਾ ਲਗਾਇਆ ਹੈ। ਅਦਾਲਤ ਨੇ ਕਿਹਾ ਕਿ ਪੁਲਿਸ ਵਿਭਾਗ ਦਾ ਕੰਮਕਾਜ 'ਲਾਪਰਵਾਹੀ ਵਾਲੀ ਪਹੁੰਚ ਨੂੰ ਦਰਸਾਉਂਦਾ ਹੈ। ਜਸਟਿਸ ਸੰਦੀਪ ਮੌਦਗਿਲ ਨੇ ਮਾਮਲੇ ਦੀ ਸੁਣਵਾਈ ਕਰਦੇ ਹੋਏ ਪੁਲਿਸ 'ਤੇ 2.5 ਸਾਲ ਤੱਕ ਕੋਈ ਠੋਸ ਕਦਮ ਨਾ ਚੁੱਕਣ ਦਾ ਦੋਸ਼ ਲਗਾਇਆ। ਇਹ ਮਾਮਲਾ 20 ਜੁਲਾਈ 2022 ਨੂੰ ਦਰਜ ਹੋਈ ਐਫ.ਆਈ.ਆਰ. ਨਾਲ ਸਬੰਧਤ ਹੈ, ਜਿਸ ਵਿਚ ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਸੀ ਕਿ ਮੁਲਜ਼ਮ ਨੇ ਕੈਨੇਡਾ ਦਾ ਵਰਕ ਪਰਮਿਟ ਦਿਵਾਉਣ ਦਾ ਝੂਠਾ ਵਾਅਦਾ ਕਰਕੇ ਧੋਖਾਧੜੀ ਕੀਤੀ ਹੈ।




ਸ਼ਿਕਾਇਤਕਰਤਾ ਵਲੋਂ ਵਾਰ-ਵਾਰ ਬੇਨਤੀ ਕਰਨ ਦੇ ਬਾਵਜੂਦ ਪੁਲਿਸ ਨੇ ਕੋਈ ਪੜਤਾਲ ਨਹੀਂ ਕੀਤੀ। ਅਦਾਲਤ ਨੇ ਕਿਹਾ ਕਿ 22 ਨਵੰਬਰ ਨੂੰ ਨੋਟਿਸ ਜਾਰੀ ਹੋਣ ਤੋਂ ਬਾਅਦ ਪੁਲਿਸ ਨੇ 10 ਦਿਨਾਂ ਵਿਚ ਜਾਂਚ ਪੂਰੀ ਕਰਕੇ ਚਲਾਨ ਪੇਸ਼ ਕਰ ਦਿੱਤਾ। ਜਸਟਿਸ ਮੌਦਗਿਲ ਨੇ ਇਸ ਨੂੰ ਪਟੀਸ਼ਨ ਨੂੰ ਦਬਾਉਣ ਦੀ ਜਲਦਬਾਜ਼ੀ ਵਿਚ ਕੀਤੀ ਗਈ ਕੋਸ਼ਿਸ਼ ਦੱਸਿਆ।

ਅਦਾਲਤ ਨੇ ਕਿਹਾ ਕਿ ਨਿਰਪੱਖ ਜਾਂਚ ਦੇ ਬਿਨਾਂ ਦਾਖਲ ਕਰਨਾ ਪਟੀਸ਼ਨਕਰਤਾ ਦੇ ਸੰਵਿਧਾਨ ਦੀ ਧਾਰਾ 21 ਤਹਿਤ ਦਿੱਤੇ ਗਏ ਮੌਲਿਕ ਅਧਿਕਾਰਾਂ ਦੀ ਉਲੰਘਣਾ ਹੈ ਅਤੇ ਧਾਰਾ 39-ਏ ਤਹਿਤ ਬਰਾਬਰ ਨਿਆਂ ਯਕੀਨੀ ਬਣਾਉਣ ਵਿਚ ਪੁਲਿਸ ਅਸਫਲ ਰਹੀ ਹੈ। ਅਦਾਲਤ ਨੇ ਪੁਲਿਸ ਕਮਿਸ਼ਨਰ ਨੂੰ 1 ਲੱਖ ਰੁਪਏ ਦਾ ਜੁਰਮਾਨਾ ਲਗਾਉਣ ਦਾ ਹੁਕਮ ਦਿੱਤਾ ਅਤੇ ਇਹ ਰਕਮ ਉਸ ਦੀ ਤਨਖ਼ਾਹ ਵਿਚੋਂ ਕੱਟਣ ਦੇ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ ਡੀ.ਜੀ.ਪੀ. ਤੋਂ ਹਲਫ਼ਨਾਮਾ ਵੀ ਮੰਗਿਆ ਗਿਆ, ਜਿਸ ਵਿਚ ਤਨਖ਼ਾਹ ਵਿਚੋਂ ਜੁਰਮਾਨੇ ਦੀ ਕਟੌਤੀ ਦੀ ਪੁਸ਼ਟੀ ਕੀਤੀ ਜਾਵੇਗੀ।

## ਮੇਰਾ ਪਟਿਆਲੇ ਨਾਲ ਪੁਰਾਣਾ ਸੰਬੰਧ: ਮੁੱਖ ਮੰਤਰੀ

**ਪਟਿਆਲਾ :** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਟਿਆਲਾ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿ ਮੇਰਾ ਪਟਿਆਲਾ ਨਾਲ ਬਹੁਤ ਪੁਰਾਣਾ ਸੰਬੰਧ ਹੈ। 1997 ਤੋਂ 2003 ਤੱਕ ਮੈਂ ਪਟਿਆਲੇ ਹੀ ਰਹਿੰਦਾ ਸੀ। ਮੈਂ ਇੱਥੋਂ ਦੇ ਕੋਨੇ-ਕੋਨੇ ਤੋਂ ਜਾਣੂ ਹਾਂ। ਮੇਰਾ ਪਿੰਡ ਵੀ ਇੱਥੋਂ ਦੂਰ ਨਹੀਂ ਹੈ। ਮੁੱਖ ਮੰਤਰੀ ਨੇ ਕਿਹਾ ਕਿ ਅਸੀਂ ਪਟਿਆਲਾ ਦੀ ਪੁਰਾਣੀ ਸੁੰਦਰਤਾ ਨੂੰ ਮੁੜ ਬਹਾਲ ਕਰਾਂਗੇ। ਪਟਿਆਲਾ ਵੈਸੇ ਵੀ ਪੰਜਾਬ ਦਾ ਮਸ਼ਹੂਰ ਸ਼ਹਿਰ ਹੈ। ਅਸੀਂ ਇਸ ਦਾ ਨਾਂ ਹੋਰ ਉੱਚਾ ਕਰਾਂਗੇ। ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਅਸੀਂ 15 ਜਨਵਰੀ ਦੇ ਆਸਪਾਸ ਕਿਲ੍ਹਾ ਮੁਬਾਰਕ ਵਿੱਚ ਇੱਕ ਹੋਟਲ ਦਾ ਉਦਘਾਟਨ ਕਰਨ ਜਾ ਰਹੇ ਹਾਂ। ਇਸ ਦਾ ਨਾਂ 'ਰਣਵਾਸ' ਹੈ। ਇਹ ਭਾਰਤ ਦਾ ਪਹਿਲਾ ਬੁਟੀਕ ਹੋਟਲ ਹੋਵੇਗਾ। ਇਸ ਨਾਲ ਪਟਿਆਲਾ ਪੂਰੀ ਦੁਨੀਆ ਵਿੱਚ ਮਸ਼ਹੂਰ ਹੋਵੇਗਾ। ਦੇਸ਼ ਦੇ ਵੱਡੇ ਲੋਕ ਵਿਆਹਾਂ ਜਾਂ ਹੋਰ ਸਮਾਗਮਾਂ ਲਈ ਰਾਜਸਥਾਨ ਦੇ ਜੈਪੁਰ ਅਤੇ ਉਦੈਪੁਰ ਵਰਗੇ ਸ਼ਹਿਰਾਂ ਵਿੱਚ ਜਾਂਦੇ ਹਨ। ਹੁਣ ਪਟਿਆਲੇ ਵੀ ਆਉਣਗੇ।



# ਦਿੱਲੀ ਵਿਚ ਸਰਕਾਰੀ ਬੋਰਡਾਂ 'ਤੇ ਤੀਜੇ ਨੰਬਰ 'ਤੇ ਲਿਖੀ ਜਾਵੇਗੀ ਪੰਜਾਬੀ

### "ਦਿੱਲੀ ਅਧਿਕਾਰਤ ਭਾਸ਼ਾ ਐਕਟ 2000'' ਨੂੰ ਅਮਲੀ ਜਾਮਾ ਪਹਿਨਾਉਣ ਲਈ ਦਿੱਲੀ ਹਾਈਕੋਰਟ 'ਚ ਸੁਣਵਾਈ

**ਨਵੀਂ ਦਿੱਲੀ :** ਪੰਜਾਬੀ ਪ੍ਰੇਮੀਆਂ ਵੱਲੋਂ ਦਿੱਲੀ ਹਾਈਕੋਰਟ 'ਚ ਪਾਈ ਗਈ ਰਿਟ ਪਟੀਸ਼ਨ ਦੇ ਉਸਾਰੂ ਨਤੀਜੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਪਹਿਲੀ ਵਾਰ ਦਿੱਲੀ ਸਰਕਾਰ ਨੇ "ਦਿੱਲੀ ਅਧਿਕਾਰਤ ਭਾਸ਼ਾ ਐਕਟ 2000'' ਨੂੰ ਅਮਲੀ ਜਾਮਾ ਪਹਿਨਾਉਣ ਲਈ ਦਿੱਲੀ ਹਾਈਕੋਰਟ 'ਚ ਸੁਣਵਾਈ ਤੋਂ ਪਹਿਲਾਂ ਆਫਿਸ ਮੈਮੋਰੰਡਮ ਜਾਰੀ ਕਰ ਦਿੱਤਾ ਹੈ।

ਦਿੱਲੀ ਦੇ ਉਪ ਰਾਜਪਾਲ ਦੀ ਪ੍ਰਵਾਨਗੀ ਤੋਂ ਬਾਅਦ ਦਿੱਲੀ ਸਰਕਾਰ ਵੱਲੋਂ ਹਿੰਦੀ ਅਤੇ ਅੰਗਰੇਜ਼ੀ ਤੋਂ ਇਲਾਵਾ ਹੋਰ ਅਧਿਕਾਰਤ ਸਰਕਾਰੀ ਭਾਸ਼ਾਵਾਂ ਨੂੰ ਬਰਾਬਰ ਸਨਮਾਨ ਦੇਣ ਦਾ ਉਕਤ ਆਦੇਸ਼ ਆਫਿਸ ਮੈਮੋਰੰਡਮ ਰਾਹੀਂ ਜਾਰੀ ਕੀਤਾ ਗਿਆ ਹੈ।




ਉਕਤ ਫੈਸਲਾ ਲਾਗੂ ਹੋਣ ਤੋਂ ਬਾਅਦ ਦਿੱਲੀ ਸਰਕਾਰ ਦੇ ਸਰਕਾਰੀ ਬੋਰਡਾਂ, ਸਾਈਨ-ਬੋਰਡਾਂ, ਨਾਮ ਪਲੇਟਾਂ ਅਤੇ ਦਿਸ਼ਾ-ਨਿਰਦੇਸ਼ ਚਿੰਨ੍ਹਾਂ 'ਤੇ ਹਿੰਦੀ ਨੂੰ ਆਪਣੀ ਪਹਿਲੀ ਸਰਕਾਰੀ ਭਾਸ਼ਾ ਅਤੇ ਪੰਜਾਬੀ ਅਤੇ ਉਰਦੂ ਨੂੰ ਦੂਜੀ ਭਾਸ਼ਾ ਵਜੋਂ ਲਿਖਣ ਦੀ ਅਧਿਕਾਰਤ ਮਾਨਤਾ ਮਿਲ ਗਈ ਹੈ।

ਹੁਣ ਪਹਿਲੇ ਨੰਬਰ ਉਤੇ ਹਿੰਦੀ, ਦੂਜੇ ਨੰਬਰ 'ਤੇ ਅੰਗਰੇਜ਼ੀ, ਤੀਜੇ ਨੰਬਰ ਤੇ ਪੰਜਾਬੀ ਅਤੇ ਚੌਥੇ ਨੰਬਰ ਉਤੇ ਉਰਦੂ ਭਾਸ਼ਾ ਲਿਖੀ ਜਾਵੇਗੀ।

# [redacted] ਐਨ.ਆਈ. ਏ. ਵੱਲੋਂ ਪੰਜਾਬ ਵਿਚ ਛਾਪੇਮਾਰੀ [redacted]

## ਸਮੂਹ ਜਥੇਬੰਦੀਆਂ ਵਲੋਂ ਛਾਪੇਮਾਰੀ ਦਾ ਵਿਰੋਧ

**ਚੰਡੀਗੜ੍ਹ :** ਸ਼ੁੱਕਰਵਾਰ ਸਵੇਰੇ 5 ਵਜੇ ਤੋਂ ਪੰਜਾਬ ਵਿਚ ਕੁਝ ਜਨਤਕ ਜਥੇਬੰਦੀਆਂ ਦੇ ਕਾਰਕੁਨਾਂ ਦੇ ਘਰਾਂ ਵਿਚ ਐੱਨ.ਆਈ.ਏ. ਵੱਲੋਂ ਛਾਪੇਮਾਰੀ ਕੀਤੀ ਗਈ। ਸਾਬਕਾ ਵਿਦਿਆਰਥੀ ਕਾਰਕੁਨ ਐੱਸ.ਐੱਫ.ਐੱਸ. ਦੇ ਸਾਬਕਾ ਪ੍ਰਧਾਨ ਸਾਥੀ ਦਮਨਪ੍ਰੀਤ ਦੇ ਘਰ ਪਿੰਡ ਸਦਰੌਰ ਨੇੜੇ ਰਾਜਪੁਰਾ ਪੀ.ਐਸ.ਯੂ. ਦੀ ਆਗੂ ਹਰਵੀਰ ਕੌਰ ਗੰਧੜ ਦੇ ਘਰ ਪਿੰਡ ਗੰਧੜ ਨੌਦੀਪ ਕੌਰ ਲੇਬਰ ਰਾਈਟਸ ਕਾਰਕੁਨ, ਰਾਮਪਾਲ ਲੇਬਰ ਰਾਈਟਸ ਕਾਰਕੁਨ ਮਾਨੇਸਰ ਜਨਰਲ ਮਜ਼ਦੂਰ ਸੰਘ ਮਾਨੇਸਰ ਦੇ ਘਰਾਂ ਉਤੇ ਇਹ ਛਾਪੇਮਾਰੀ ਕੀਤੀ ਗਈ। ਸਮੂਹ ਜਥੇਬੰਦੀਆਂ ਨੂੰ ਇਸ ਛਾਪੇਮਾਰੀ ਦਾ ਵਿਰੋਧ ਕੀਤਾ ਹੈ। ਸਰਕਾਰਾਂ ਹਿੰਦੂਤਵੀ ਫਾਸ਼ੀਵਾਦ ਦੇ ਸਦੀਆਂ ਪੁਰਾਣੇ ਰਾਹ 'ਤੇ ਚਲਦਿਆਂ ਲੋਕ ਵਿਰੋਧੀ ਹਕੂਮਤੀ ਨੀਤੀਆਂ ਖਿਲਾਫ ਉੱਠਣ ਵਾਲੀਆਂ ਅਵਾਜਾਂ ਨੂੰ ਐੱਨ.ਆਈ.ਏ ਰਾਹੀਂ ਨਹੀਂ ਦਬਾ ਸਕਣਗੀਆਂ।

ਲੋਕ ਸੰਗਰਾਮ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਤਾਰਾ ਸਿੰਘ ਮੋਗਾ ਅਤੇ ਸੂਬਾ ਪ੍ਰਚਾਰ/ਪ੍ਰੈੱਸ ਸਕੱਤਰ ਲੋਕ ਰਾਜ ਮਹਿਰਾਜ ਨੇ ਸਾਂਝੇ ਬਿਆਨ ਰਾਹੀਂ ਅੱਜ ਸਵੇਰੇ 5 ਵਜੇ ਮੋਦੀ ਸਰਕਾਰ ਦੀ ਐੱਨ.ਆਈ.ਏ. ਵੱਲੋਂ ਜਮਹੂਰੀ ਅਤੇ ਸੰਘਰਸ਼ਸ਼ੀਲ ਆਗੂਆਂ ਐੱਸ.ਐੱਫ.ਐੱਸ. ਦੇ ਸਾਬਕਾ ਪ੍ਰਧਾਨ ਦਮਨਪ੍ਰੀਤ ਸਿੰਘ, ਪੀ.ਐੱਸ.ਯੂ.ਆਗੂ ਹਰਵੀਰ ਕੌਰ ਗੰਧੜ, ਨੌਦੀਪ ਕੌਰ ਅਤੇ ਰਾਮਪਾਲ ਮਜ਼ਦੂਰਾਂ ਦੇ ਹੱਕਾਂ ਦੀ ਜਥੇਬੰਦੀ ਦੇ ਕਾਰਕੁੰਨ ਅਤੇ ਜਨਰਲ ਮਜ਼ਦੂਰ ਸੰਘ ਮਾਨੇਸਰ ਆਦਿ ਸਾਥੀਆਂ ਦੇ ਘਰਾਂ ਵਿੱਚ ਕੀਤੀ ਛਾਪੇਮਾਰੀ ਅਤੇ ਤਲਾਸ਼ੀ ਦੀ ਸਖਤ ਨਿੰਦਾ ਕੀਤੀ।




ਇਹ ਛਾਪੇ ਮੋਦੀ ਸਰਕਾਰ ਸਮੇਤ ਉਸ ਦੇ ਭਾਈਵਾਲਾ ਵੱਲੋਂ ਦੇਸ਼ ਦੇ ਲੋਕਾਂ ਦੇ ਟੈਕਸਾਂ ਦੁਆਰਾ ਬਣਾਈ ਸਰਕਾਰੀ ਸੰਪਤੀ ਅਤੇ ਦੇਸ਼ ਨੂੰ ਵੇਚਣ ਦੀਆਂ ਨੀਤੀਆਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਅਤੇ ਇਨ੍ਹਾ ਨੀਤੀਆਂ ਖਿਲਾਫ ਲੋਕਾਂ ਨੂੰ ਲਾਮਬੰਦ ਕਰਨ ਅਤੇ ਭਾਰਤ ਅੰਦਰ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ ਖਿਲਾਫ ਸੰਘਰਸ਼ ਕਰਨ ਅਤੇ ਦੇਸ਼ ਦੇ ਰਾਜਤੰਤਰ ਦੇ ਹਿੰਦੂਤਵੀ ਫਾਸ਼ੀਵਾਦੀ ਕਾਰਿਆਂ ਖਿਲਾਫ ਲੋਕਾਂ ਨੂੰ ਚੇਤਨ ਅਤੇ ਸੰਘਰਸ਼ ਕਰਨ ਵਾਲੇ ਕਾਰਕੁੰਨਾਂ ਨੂੰ ਭੈਅ-ਭੀਤ ਕਰਨਾ ਹੈ ਅਤੇ ਉਨ੍ਹਾਂ ਨੂੰ ਲੋਕਾਂ ਦੀ ਅਵਾਜ਼ ਬਣਨ ਤੋਂ ਰੋਕਣ ਦੀ ਕੋਸ਼ਿਸ਼ ਹੈ।

ਉਨ੍ਹਾਂ ਬਿਆਨ 'ਚ ਅੱਗੇ ਕਿ ਭਾਰਤ ਦੇ ਇਤਿਹਾਸ ਅੰਦਰ ਅੱਜ ਫਿਰ ਬ੍ਰਾਹਮਣਵਾਦੀ ਹਿੰਦਤਵੀ ਫਾਸ਼ੀਵਾਦ ਸਦੀਆਂ ਪਹਿਲਾਂ ਕੀਤੇ ਗੈਰ ਮਨੁੱਖੀ ਕੁਕਰਮਾਂ ਨੂੰ ਮੁੜ ਦੁਹਰਾਉਣਾ ਚਾਹੁੰਦਾ ਹੈ। ਇਸੇ ਨੀਤੀ ਤਹਿਤ ਅਖੌਤੀ ਵਿਕਾਸ ਦੇ ਨਾਂ 'ਤੇ ਅੱਜ ਦੇਸ਼ ਅੰਦਰ ਮਨਮਾਨੀਆਂ ਕਰਨ ਅਤੇ ਸਤ੍ਹਾ ਨੂੰ ਲੋਕ ਵਿਰੋਧੀ ਸਾਮਰਜੀ ਲੁੱਟ-ਖਸੁੱਟ ਲਈ ਵਰਤ ਕੇ ਜਬਰ ਦਆਰਾ ਮਨੁੱਖਤਾ ਦਾ ਖੂਨ ਚੂਸਣਾ ਚਾਹੁੰਦਾ ਹੈ। ਇਸੇ ਲਈ ਮੋਦੀ ਹਕੂਮਤ ਸਮੇਤ ਇਸ ਦੇ ਭਾਈਵਾਲ ਹਕੂਮਤੀ ਮਸ਼ੀਨਰੀ ਦੇ ਦੰਦ ਤਿੱਖੇ ਕਰ ਰਹੇ ਹਨ। ਉਨ੍ਹਾਂ ਹੁਣ ਹਕੂਮਤ ਤੋਂ ਬਾਗੀ ਹੋ ਕੇ ਲੜ ਰਹੀਆਂ ਧਾਰਮਿਕ ਘੱਟ ਗਿਣਤੀਆਂ ਕੌਮੀਅਤਾਂ ਆਦਿਵਾਸੀਆਂ ਮਾਓਵਾਦੀਆਂ ਦੇ ਨਾਲ-2 ਸਿਵਲ ਸੁਸਾਇਟੀ ਦੀ ਵੀ ਜੁਬਾਨਬੰਦੀ ਕਰਨ ਲਈ ਨਿਆਇਕ ਅਦਾਰਿਆਂ ਪੁਲਿਸ ਨੀਮਫੌਜੀ ਬਲਾਂ ਅਤੇ ਫੌਜ ਨੂੰ ਵੀ ਲੋਕਾਂ ਦਾ ਸ਼ਿਕਾਰ ਖੇਡ੍ਹਣ ਲਈ ਖੁਲ੍ਹੀ ਛੁੱਟੀ ਦੇ ਦਿੱਤੀ ਹੈ। ਇਸੇ ਨੀਤੀ ਤਹਿਤ ਹਰ ਉਸ ਜ਼ੁਬਾਨ ਨੂੰ ਬੰਦ ਕਰਨ ਲਈ ਤਾਹੂ ਹਨ ਜੋ ਹੱਕਾਂ ਦੀ ਗੱਲ ਕਰਦੀ ਹੈ ਜੋ ਹੱਕਾਂ ਲਈ ਜਮਹੂਰੀ ਸੰਘਰਸ਼ਾਂ ਦੀ ਗੱਲ ਕਰਦੀ ਹੈ, ਜੋ ਫਾਸ਼ੀਵਾਦੀ ਵਰਤਾਰੇ ਖਿਲਾਫ ਇੱਕਜੁੱਟ ਅਵਾਜ ਉਠਾਉਣ ਦੀ ਗੱਲ ਕਰਦੀ ਹੈ।

ਉਨ੍ਹਾਂ ਅੱਗੇ ਫਾਸ਼ੀਵਾਦੀ ਮੋਦੀ ਹਕੂਮਤ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਇਹ ਬ੍ਰਾਹਮਣੀ ਹਿੰਦੂਤਵ ਫਾਸ਼ੀਵਾਦੀ ਪਹਿਲਾਂ ਵੀ ਹਾਰਦਾ ਆਇਆ ਹੈ। ਅੱਜ਼ ਦੇ ਪੂੰਜੀਵਾਦੀ ਯੁੱਗ 'ਚ ਜਮਹੂਰੀ ਸੰਘਰਸ਼ ਇੱਕ ਪ੍ਰੈਸ਼ਰ ਵਾਲਵ ਹਨ ਜੋ ਜੰਤਾ ਦੇ ਗੁੱਸੇ ਕੁੱਝ ਕੁ ਖਾਰਜ ਕਰ ਦਿੰਦੇ ਹਨ ਜੇਕਰ ਤੁਸੀਂ ਇਹ ਵੀ ਬੰਦ ਕਰ ਦਿੱਤਾ ਤਾਂ ਕੋਈ ਬਹੁਤ ਵੱਡਾ ਅਜਿਹਾ ਵਰਤਾਰਾ ਵਾਪਰ ਸਕਦਾ ਹੈ ਕਿ ਲੋਕਾਂ 'ਚੋਂ ਤੁਹਾਡੇ ਕਾਨੂੰਨਾਂ ਦਾ ਡਰ ਹੀ ਨਾ ਉੱਡ ਜਾਏ। ਤੁਹਾਡਾ ਇਹ ਹਿੰਦੂ ਰਾਸ਼ਟਰ ਵਾਲਾ ਸੁਪਨਾ ਸੜ ਕੇ ਸੁਆਹ ਨਾ ਹੋ ਜਾਵੇ। ਮੋਰਚੇ ਦੇ ਆਗੂਆਂ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਜਿਨਾਂ ਜਲਦੀ ਅਸੀਂ ਮੋਦੀ ਹਕੂਮਤ ਦੇ ਇਸ ਧਾਰਮਿਕ ਘੱਟ ਗਿਣਤੀਆਂ, ਕੌਮੀਅਤਾਂ,ਆਦਿਵਾਸੀਆਂ , ਕਮਿਊਨਿਸਟਾਂ, ਲੋਕ ਆਗੂਆਂ ਅਤੇ ਜਮਹੂਰੀ ਕਾਰਕੂੰਨਾਂ ਦੀ ਜੁਬਾਨਬੰਦੀ ਦੇ ਫਾਸ਼ੀਵਾਦੀ ਰੁਝਾਨ ਨੂੰ ਸਮਝ ਕੇ ਇੱਕ ਵਿਸ਼ਾਲ ਲੋਕ ਸੰਘਰਸ਼ ਵਿੱਚ ਤਬਦੀਲ ਨਹੀਂ ਕਰਦੇ, ਉਨ੍ਹਾਂ ਚਿਰ ਮੋਦੀ ਹਕੂਮਤ ਦੀ ਦਰਿੰਦਗੀ ਦਾ ਰਥ ਠੱਲਿਆ ਨਹੀਂ ਜਾ ਸਕਦਾ। ਉਨ੍ਹਾਂ ਜਮਹੂਰੀ ਅਤੇ ਸੰਘਰਸ਼ਸ਼ੀਲ ਆਗੂਆਂ ਅਤੇ ਜਥੇਬੰਦੀਆਂ ਨੂੰ ਸੱਦਾ ਦਿੱਤਾ ਕਿ ਜਿੱਥੇ ਵੀ ਮੋਦੀ ਦੀ ਐੱਨ.ਆਈ.ਏ. ਆਉਂਦੀ ਹੈ। ਉਸ ਦਾ ਘਿਰਾਓ ਕੀਤਾ ਜਾਵੇ ਅਤੇ ਸੁਆਲ ਕੀਤੇ ਜਾਣ।

ਖਬਰ ਲਿਖਦੇ ਪਤਾ ਚੱਲਿਆ ਕਿ ਗੰਦੜ ਪਿੰਡ ਵਿੱਚ ਵਿਦਿਆਰਥੀ ਆਗੂ ਹਰਵੀਰ ਕੌਰ ਦੇ ਘਰੇ ਐਨਆਈਏ ਦੇ ਅਧਿਕਾਰੀਆਂ ਦਾ ਜਥੇਬੰਦੀਆਂ ਨੇ ਘਿਰਾਓ ਕੀਤਾ। ਇੰਜ ਕਰਕੇ ਹੀ ਅਸੀਂ ਐਨ.ਆਈ.ਏ. ਦੀ ਪੰਜਾਬ ਵਿੱਚ ਐਂਟਰੀ ਬੰਦ ਕਰ ਸਕਦੇ ਹਾਂ। ਇਸੇ ਤਰ੍ਹਾਂ ਕੁਝ ਮਹੀਨੇ ਪਹਿਲਾਂ ਰਾਮਪੁਰਾ ਵਿਖੇ ਬੀਕੇਯੂ ਕ੍ਰਾਂਤੀਕਾਰੀ ਦੀ ਆਗੂ ਸੁਖਵਿੰਦਰ ਕੌਰ ਦੇ ਘਰੇ ਵੀ ਐਨ.ਆਈ.ਏ ਦਾ ਘਿਰਾਓ ਕੀਤਾ ਗਿਆ ਸੀ।

# ਜਲੰਧਰ ਵਿਚ ਬਣੇਗਾ 'ਆਪ' ਦਾ ਮੇਅਰ, ਜੋੜ-ਤੋੜ ਕਰਕੇ ਜੁਟਾਇਆ ਬਹੁਮੱਤ

**ਜਲੰਧਰ:** ਜਲੰਧਰ ਦੀਆਂ 85 ਵਾਰਡਾਂ ਲਈ ਹੋਈਆਂ ਨਗਰ ਨਿਗਮ ਚੋਣਾਂ 'ਚ ਆਮ ਆਦਮੀ ਪਾਰਟੀ ਨੇ ਚਾਹੇ ਸਾਰੀਆਂ ਪਾਰਟੀਆਂ ਤੋਂ ਬਿਹਤਰ ਪ੍ਰਦਰਸ਼ਨ ਕੀਤਾ ਸੀ ਤੇ ਨਿਗਮ ਚੋਣਾਂ 'ਚ ਉਸ ਨੂੰ 38 ਸੀਟਾਂ ਮਿਲਣ ਕਰਕੇ ਪਾਰਟੀ ਬਹੁਮਤ ਤੋਂ ਥੋੜ੍ਹਾ ਪਿੱਛੇ ਰਹਿ ਗਈ ਸੀ ਪਰ ਆਮ ਆਦਮੀ ਪਾਰਟੀ ਨੇ ਦੋ ਦਿਨ 'ਚ ਮਿਸ਼ਨ ਬਹੁਮਤ ਪੂਰਾ ਕਰ ਲਿਆ ਹੈ।ਜਿਸ ਕਰਕੇ ਹੁਣ ਉਸ ਨੂੰ ਪੂਰਨ ਬਹੁਮਤ ਮਿਲਣ ਤੋਂ ਬਾਅਦ ਜਲੰਧਰ ਨਗਰ ਨਿਗਮ ਦਾ ਪਹਿਲੀ ਵਾਰ 'ਆਪ' ਦਾ ਮੇਅਰ ਬਣਨ ਦਾ ਰਸਤਾ ਸਾਫ਼ ਹੋ ਗਿਆ ਹੈ। ਸੋਮਵਾਰ ਨੂੰ ਕਾਂਗਰਸ, ਭਾਜਪਾ ਅਤੇ ਦੋ ਆਜ਼ਾਦ ਸਮੇਤ ਪੰਜ ਕੌਂਸਲਰ ਪਾਰਟੀ 'ਚ ਸ਼ਾਮਿਲ ਹੋ ਗਏ, ਜਿਸ ਤੋਂ ਬਾਅਦ ਹੁਣ ਆਮ ਆਦਮੀ ਪਾਰਟੀ ਨੇ ਨਗਰ ਨਿਗਮ ਵਿਚ ਬਹੁਮਤ ਦੇ ਜਾਦੂਈ ਅੰਕੜੇ ਨੂੰ ਛੂਹ ਲਿਆ ਹੈ। ਇਹ ਪੰਜ ਕੌਂਸਲਰ 'ਆਪ' ਆਗੂਆਂ ਤੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ., ਡਾ. ਰਵਜੋਤ ਸਿੰਘ ਅਤੇ ਮਹਿੰਦਰ ਭਗਤ ਦੀ ਹਾਜ਼ਰੀ ਵਿਚ ਆਮ ਆਦਮੀ ਪਾਰਟੀ 'ਚ ਸ਼ਾਮਿਲ ਹੋਏ। ਹੁਣ ਨਗਰ ਨਿਗਮ ਵਿਚ ਆਮ ਆਦਮੀ ਪਾਰਟੀ ਦੇ ਕੁੱਲ 43 ਕੌਂਸਲਰ ਹੋ ਗਏ ਹਨ ਅਤੇ ਮੇਅਰ ਬਣਨ ਲਈ ਇੰਨੇ ਹੀ ਕੌਂਸਲਰਾਂ ਦੀ ਲੋੜ ਹੈ। ਜਲੰਧਰ ਦੇ ਵਾਰਡ ਨੰਬਰ 47 ਤੋਂ ਕਾਂਗਰਸੀ ਕੌਂਸਲਰ ਮਨਮੀਤ ਕੌਰ ਅਤੇ ਵਾਰਡ ਨੰਬਰ 65 ਤੋਂ ਕਾਂਗਰਸੀ ਕੌਂਸਲਰ ਪਰਵੀਨ ਵਾਸਨ ਪਾਰਟੀ ਵਿਚ ਬੀਤੀ ਸ਼ਾਮ ਸ਼ਾਮਿਲ ਹੋ ਗਏ ਸਨ। ਵਾਰਡ ਨੰਬਰ 63 ਤੋਂ ਭਾਜਪਾ ਕੌਂਸਲਰ ਸੁਲੇਖਾ, 41 ਨੰਬਰ ਵਾਰਡ ਤੋਂ ਭਾਜਪਾ ਦੀ ਸ਼ਬਨਮ ਆਮ ਆਦਮੀ ਪਾਰਟੀ 'ਚ ਸ਼ਾਮਿਲ ਹੋ ਗਈ। ਦੋ ਆਜ਼ਾਦ ਕੌਂਸਲਰ ਵਾਰਡ ਨੰਬਰ 46 ਦੇ ਕੌਂਸਲਰ ਤਰਸੇਮ ਸਿੰਘ ਅਤੇ ਵਾਰਡ ਨੰਬਰ 81 ਤੋਂ ਕੌਂਸਲਰ ਸੀਮਾ ਵੀ 'ਆਪ' ਵਿਚ ਸ਼ਾਮਿਲ ਹੋਏ ਹਨ। ਸਾਰੇ ਕੌਂਸਲਰਾਂ ਨੇ ਰਸਮੀ ਤੌਰ 'ਤੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਕੇ ਨਿਗਮ ਵਿਚ ਪਾਰਟੀ ਨੂੰ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਉਧਰ ਨਗਰ ਨਿਗਮ ਵਿਚ ਆਮ ਆਦਮੀ ਪਾਰਟੀ ਨੂੰ ਪੂਰਨ ਬਹੁਮਤ ਮਿਲਣ ਤੋਂ ਬਾਅਦ ਹੁਣ ਮੇਅਰ ਬਣਨ ਲਈ ਕਈ ਆਗੂ ਸਰਗਰਮ ਹੋ ਗਏ ਹਨ। ਇਕ ਜਾਣਕਾਰੀ ਮੁਤਾਬਕ ਚਾਹੇ ਮੇਅਰ ਬਣਨ ਲਈ ਕਈ ਤੇ ਆਗੂਆਂ ਦੀ ਚਰਚਾ ਹੋ ਰਹੀ ਹੈ ਪਰ ਦੱਸਿਆ ਜਾਂਦਾ ਹੈ ਕਿ ਪਾਰਟੀ ਵਲੋਂ ਕਰਵਾਏ ਗਏ ਸਰਵੇ ਦੇ ਆਧਾਰ 'ਤੇ ਹੀ ਮੇਅਰ ਲਗਾਏ ਜਾਣੇ ਹਨ ਤੇ ਪਾਰਟੀ ਵਲੋਂ 2027 ਦੀਆਂ ਆ ਰਹੀਆਂ ਵਿਧਾਨ ਸਭਾ ਚੋਣਾਂ ਨੂੰ ਵੀ ਧਿਆਨ ਵਿਚ ਰੱਖ ਕੇ ਮੇਅਰ ਦੇ ਅਹੁਦੇ ਲਈ ਆਗੂ ਦੀ ਚੋਣ ਕੀਤੀ ਜਾ ਸਕਦੀ ਹੈ। ਕਈ ਆਗੂ ਮੇਅਰ ਬਣਨ ਲਈ ਚਾਹੇ ਸੀਨੀਅਰ ਆਗੂਆਂ ਤੋਂ ਲਾਬਿੰਗ ਵੀ ਕਰਵਾ ਰਹੇ ਹਨ ਪਰ ਆਖ਼ਿਰ ਫ਼ੈਸਲਾ ਹਾਈਕਮਾਨ ਵਲੋਂ ਹੀ ਕੀਤਾ ਜਾਣਾ ਹੈ। ਆਮ ਆਦਮੀ ਪਾਰਟੀ ਦਾ ਜਲੰਧਰ ਵਿਚ ਪਹਿਲੀ ਵਾਰ ਮੇਅਰ ਬਣਨ ਜਾ ਰਿਹਾ ਹੈ ਤੇ ਇਸ ਲਈ ਪਾਰਟੀ ਨੂੰ ਦਿੱਲੀ ਵਿਧਾਨ ਸਭਾ ਚੋਣਾਂ 'ਚ ਵੀ ਇਸ ਦਾ ਫ਼ਾਇਦਾ ਮਿਲਣ ਦੀ ਸੰਭਾਵਨਾ ਹੈ।



### ਪਾਰਟੀ ਛੱਡਣ ਵਾਲੇ ਕਾਂਗਰਸੀ ਕੌਂਸਲਰਾਂ ਨੂੰ ਨਹੀਂ ਮਨਾ ਸਕੀ ਕਾਂਗਰਸ

ਜਲੰਧਰ ਵਿੱਚ ਕਾਂਗਰਸ ਦੇ ਜੋ ਕੌਂਸਲਰ ਆਮ ਆਦਮੀ ਪਾਰਟੀ ਵਿਚ ਸ਼ਾਮਿਲ ਹੋ ਗਏ ਹਨ ਉਨ੍ਹਾਂ ਬਾਰੇ ਸਿਆਸੀ ਹਲਕਿਆਂ 'ਚ ਇਸ ਦੀ ਕਾਫੀ ਚਰਚਾ ਰਹੀ ਕਿ ਚੋਣਾਂ ਦੇ ਨਤੀਜੇ ਆਉਣ ਤੋਂ ਬਾਅਦ ਹੀ ਕਾਂਗਰਸ ਦੇ ਕੁਝ ਕੌਂਸਲਰ 'ਆਪ' ਦੇ ਸੰਪਰਕ ਵਿਚ ਹਨ। ਉਹ 'ਆਪ' ਵਿਚ ਜਾ ਸਕਦੇ ਸਨ ਪਰ ਇਸ ਦੇ ਬਾਵਜੂਦ ਕਾਂਗਰਸੀ ਆਗੂ ਸਰਗਰਮ ਨਹੀਂ ਹੋਏ। ਆਮ ਆਦਮੀ ਪਾਰਟੀ ਦੇ ਆਗੂਆਂ ਨੇ ਤਾਂ ਸਰਗਰਮੀ ਕਰਕੇ ਆਪਣਾ ਪੂਰਨ ਬਹੁਮਤ ਹਾਸਿਲ ਕਰ ਲਿਆ ਪਰ ਕਾਂਗਰਸ ਦੇ ਕਈ ਟਕਸਾਲੀ ਵਰਕਰ ਇਸ ਗੱਲ ਤੋਂ ਨਾਰਾਜ਼ ਸਨ ਕਿ ਜਿਹੜੇ ਕਾਂਗਰਸੀ ਕੌਂਸਲਰ 'ਆਪ' ਵਿਚ ਗਏ ਹਨ, ਸੀਨੀਅਰ ਆਗੂਆਂ ਨੂੰ ਉਨ੍ਹਾਂ ਨੂੰ ਮਨਾਉਣਾ ਚਾਹੀਦਾ ਸੀ।

## ਅਗਲੀ ਰਣਨੀਤੀ ਲਈ ਮੰਤਰੀਆਂ ਵਲੋਂ ਕੌਂਸਲਰਾਂ ਨਾਲ ਮੀਟਿੰਗ

ਨਗਰ ਨਿਗਮ ਚੋਣਾਂ ਵਿਚ ਸ਼ਾਨਦਾਰ ਜਿੱਤ ਹਾਸਿਲ ਕਰਨ ਤੋਂ ਬਾਅਦ ਆਮ ਆਦਮੀ ਪਾਰਟੀ ਹਾਈਕਮਾਨ ਨੇ ਜੇਤੂ ਕੌਂਸਲਰਾਂ ਨਾਲ ਇਕ ਮੀਟਿੰਗ ਕਰਕੇ ਨਾ ਸਿਰਫ਼ ਉਨ੍ਹਾਂ ਨੂੰ ਜਿੱਤ ਦੀ ਵਧਾਈ ਦਿੱਤੀ ਸਗੋਂ ਉਨ੍ਹਾਂ ਨੂੰ ਹੁਣ ਅੱਗੇ ਵਧ ਕੇ ਲੋਕਾਂ ਦੀਆਂ ਸਮੱਸਿਆਵਾਂ ਪ੍ਰਮੁੱਖਤਾ ਨਾਲ ਹੱਲ ਕਰਵਾਉਣ ਲਈ ਡਟ ਜਾਣ ਦਾ ਸੱਦਾ ਦਿੱਤਾ। ਇਸ ਮੀਟਿੰਗ 'ਚ ਕੈਬਨਿਟ ਮੰਤਰੀ ਹਰਭਜਨ ਸਿੰਘ ਈ. ਟੀ. ਓ ਤੋਂ ਇਲਾਵਾ ਵਿਧਾਇਕ ਬਲਕਾਰ ਸਿੰਘ, ਜਲੰਧਰ ਕੈਂਟ ਦੀ 'ਆਪ' ਦੀ ਹਲਕਾ ਇੰਚਾਰਜ ਰਾਜਵਿੰਦਰ ਕੌਰ ਬਿਆੜਾ, ਉੱਤਰੀ ਹਲਕਾ ਦੇ ਇੰਚਾਰਜ ਦਿਨੇਸ਼ ਢੱਲ, ਪੰਜਾਬ ਸਫ਼ਾਈ ਕਮਿਸ਼ਨ ਦੇ ਚੇਅਰਮੈਨ ਚੰਦਨ ਗਰੇਵਾਲ ਤੇ ਹੋਰ ਵੀ ਕਈ ਆਗੂ ਅਤੇ ਜੇਤੂ ਕੌਂਸਲਰ ਹਾਜ਼ਰ ਸਨ। ਇਸ ਮੌਕੇ ਸੀਨੀਅਰ ਆਗੂਆਂ ਨੇ ਸਾਰੇ ਕੌਂਸਲਰਾਂ ਨੂੰ ਕਿਹਾ ਕਿ ਉਹ ਹੁਣ ਲੋਕਾਂ ਦੇ ਕੰਮ ਕਰਵਾਉਣ ਅਤੇ ਉਨ੍ਹਾਂ ਨੂੰ ਫ਼ੰਡਾਂ ਦੀ ਕਿਸੇ ਤਰਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਸਾਰਿਆਂ ਨੂੰ ਸ਼ਹਿਰ ਨੂੰ ਹੋਰ ਸੋਹਣਾ ਬਣਾਉਣ ਦੇ ਕੰਮ 'ਚ ਜੁੱਟ ਜਾਣਾ ਚਾਹੀਦਾ ਹੈ।

# 'ਕਿਹੜੀ ਘੜੀ ਦਾ ਇੰਤਜ਼ਾਰ ਕਰ ਰਹੇ ਹੋ ਮੋਦੀ ਜੀ'

### ਡੱਲੇਵਾਲ ਦੇ ਮਰਨ ਵਰਤ ਬਾਰੇ ਬੋਲੇ ਭਗਵੰਤ ਮਾਨ, ਭਾਜਪਾ ਵਲੋਂ ਪਲਟ ਵਾਰ

**ਚੰਡੀਗੜ੍ਹ :** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ 'ਤੇ ਫ਼ਿਕਰਮੰਦੀ ਜ਼ਾਹਿਰ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲ ਸੇਧਿਤ ਇੱਕ ਤਨਜ਼ ਭਰਿਆ ਟਵੀਟ ਕੀਤਾ ਹੈ।

ਮੁੱਖ ਮੰਤਰੀ ਨੇ ਸੋਸ਼ਲ ਮੀਡੀਆ ਪਲੇਟਫ਼ਾਰਮ ਐਕਸ 'ਤੇ ਅੱਜ ਪੋਸਟ ਕੀਤੇ ਇੱਕ ਸੁਨੇਹੇ ਵਿੱਚ ਕੇਂਦਰ ਸਰਕਾਰ ਅਤੇ ਪ੍ਰਧਾਨ ਮੰਤਰੀ ਮੋਦੀ 'ਤੇ ਸਿੱਧਾ ਨਿਸ਼ਾਨਾ ਸਾਧਿਆ ਹੈ।

ਜ਼ਿਕਰਯੋਗ ਹੈ ਕਿ ਕਿਸਾਨ ਆਗੂ ਡੱਲੇਵਾਲ ਦਾ ਮਰਨ ਵਰਤ 29ਵੇਂ ਦਿਨ ਵਿੱਚ ਦਾਖ਼ਲ ਹੋ ਗਿਆ ਹੈ ਅਤੇ ਉਨ੍ਹਾਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ।



#### ਮੁੱਖ ਮੰਤਰੀ ਨੇ ਆਪਣੇ ਟਵੀਟ ਵਿੱਚ ਕਿਹਾ ਹੈ

"ਕੇਂਦਰ ਸਰਕਾਰ ਨੂੰ ਆਪਣੀ ਪੁਰਾਣੀ ਜ਼ਿੱਦ ਛੱਡ ਕੇ ਕਿਸਾਨ ਜਥੇਬੰਦੀਆਂ ਨਾਲ ਗੱਲ-ਬਾਤ ਦਾ ਰਾਹ ਖੋਲਣਾ ਚਾਹੀਦਾ ਹੈ...ਕਬੂਤਰ ਦੇ ਅੱਖਾਂ ਮੀਚਣ ਨਾਲ ਬਿੱਲੀ ਨਹੀਂ ਭੱਜਦੀ..ਸੈਂਟਰ ਸਰਕਾਰ ਪਤਾ ਨਹੀਂ ਹੁਣ ਕਿਹੜੀ ਤਪੱਸਿਆ ਕਰ ਰਹੀ ਹੈ ?? ਜੇ ਮੋਦੀ ਜੀ ਰੂਸ ਤੇ ਯੂਕਰੇਨ ਦੀ ਜੰਗ ਰੁਕਵਾ ਸਕਦੇ ਨੇ ਤਾਂ 200 ਕਿੱਲੋਮੀਟਰ ਤੇ ਬੈਠੇ ਅੰਨਦਾਤਿਆਂ ਨਾਲ ਨਹੀਂ ਗੱਲ ਕਰ ਸਕਦੇ? ਕਿਹੜੀ ਘੜੀ ਦਾ ਇੰਤਜ਼ਾਰ ਕਰ ਰਹੇ ਹੋ ਜੀ?"

ਮੁੱਖ ਮੰਤਰੀ ਦੇ ਇਸ ਟਵੀਟ ਉਤੇ ਪਲਟ ਵਾਰ ਕਰਦਿਆਂ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਖਨੌਰੀ ਪੰਜਾਬ ਦਾ ਹਿਸਾ ਹੈ,ਮੁੱਖ ਮੰਤਰੀ ਡੱਲੇਵਾਲ ਦਾ ਵਰਤ ਖੁਲ੍ਹਵਾਉਣ ਕਿਉਂ ਨਹੀਂ ਜਾਂਦੇ। ਜਾਖੜ ਨੇ ਕਿਹਾ ਕਿ ਪਹਿਲਾਂ ਵੀ ਮੁੱਖ ਮੰਤਰੀ ਕਰਕੇ ਹੀ ਗੱਲਬਾਤ ਸਿਰੇ ਨਹੀਂ ਚੜ੍ਹੀ ਸੀ।

# ਸੁਪਰੀਮ ਕੋਰਟ ਨੇ ਪਰਾਲੀ ਸਾੜਨ ਵਾਲਿਆਂ ਵਿਰੁੱਧ ਕਾਰਵਾਈ ਦੀ ਰਿਪੋਰਟ ਮੰਗੀ

ਚੰਡੀਗੜ੍ਹ: ਮਾਣਯੋਗ ਸੁਪਰੀਮ ਕੋਰਟ ਵਲੋਂ ਬੜੀ ਸਖ਼ਤੀ ਨਾਲ ਪੰਜਾਬ ਤੇ ਹਰਿਆਣਾ ਦੀਆਂ ਸਰਕਾਰਾਂ ਤੋਂ ਇਹ ਜਵਾਬ ਮੰਗਿਆ ਗਿਆ ਹੈ ਕਿ ਉਨ੍ਹਾਂ ਨੇ ਝੋਨੇ ਦੀ ਕਟਾਈ ਤੋਂ ਬਾਅਦ ਪਿੱਛੇ ਰਹਿੰਦੇ ਨਾੜ/ਪਰਾਲੀ ਨੂੰ ਅੱਗ ਲਗਾ ਰਹੇ ਲੋਕਾਂ 'ਤੇ ਹੁਣ ਤੱਕ ਕੋਈ ਕਾਰਵਾਈ ਕਿਉਂ ਨਹੀਂ ਕੀਤੀ ? ਸੋਚਣ ਵਾਲੀ ਗੱਲ ਇਹ ਹੈ ਕਿ ਸੁਪਰੀਮ ਕੋਰਟ ਨੂੰ ਇਸ ।ਸਮੱਸਿਆ ਬਾਰੇ ਦਾਖ਼ਲ ਕਿਉਂ ਦੇਣਾ ਪਿਆ? ਸਰਕਾਰਾਂ ਇਸ ਦੇ ਸਥਾਈ ਹੱਲ ਵੱਲ ਕਿਉਂ ਨਹੀਂ ਕਰਦੀਆਂ? ਪਰਾਲੀ ਨੂੰ ਅੱਗ ਲਗਾਉਣਾ ਬੇਸ਼ੱਕ ਠੀਕ ਨਹੀਂ ਹੈ। ਚਾਰੇ ਪਾਸੇ ਉੱਠਦੇ ਧੂੰਏਂ ਨਾਲ ਹਵਾ ਦੀ ਗੁਣਵੱਤਾ ਬੇਹੱਦ ਨੀਵੇਂ ਪੱਧਰ 'ਤੇ ਪਹੁੰਚ ਜਾਂਦੀ ਹੈ, ਜਿਸ ਬਾਰੇ ਅਸੀਂ ਸਾਰੇ ਹੀ ਜਾਣਦੇ ਹਾਂ ਕਿ ਅੱਖਾਂ 'ਚ ਜਲਣ, ਗਲਾ ਖਰਾਬ, ਜ਼ੁਕਾਮ ਤੇ ਸਾਹ ਲੈਣ 'ਚ ਤਕਲੀਫ਼ ਹੋਣ ਨਾਲ ਖ਼ਾਸਕਰ ਬਜ਼ੁਰਗ ਲੋਕ ਇਸ ਦੇ ਵਧੇਰੇ ਸ਼ਿਕਾਰ ਹੁੰਦੇ ਹਨ। ਇਸ ਤੋਂ ਇਲਾਵਾ ਸੜਕਾਂ ਦੇ ਨੇੜੇ ਲੱਗੀ ਅੱਗ ਤੇ ਧੂੰਏਂ ਨਾਲ ਹਰ ਸਾਲ ਬਹੁਤ ਸਾਰੇ ਹਾਦਸੇ ਵਾਪਰਦੇ ਹਨ ਤੇ ਬੇਸ਼ਕੀਮਤੀ ਜਾਨਾਂ ਚਲੀਆਂ ਜਾਂਦੀਆਂ ਹਨ, ਜੋ ਬਹੁਤ ਹੀ ਮੰਦਭਾਗੀ ਗੱਲ ਹੈ। ਇਹ ਸਮੱਸਿਆ ਪਹਿਲੀ ਵਾਰ ਦੀ ਨਹੀਂ, ਹਰ ਸਾਲ ਹੀ ਹੁੰਦੀ ਹੈ। ਪਰ ਇਸ ਪਰਾਲੀ ਦੇ ਨਿਪਟਾਰੇ ਦਾ ਕੋਈ ਢੁਕਵਾਂ ਹੱਲ ਅਜੇ ਤੱਕ ਨਹੀਂ ਮਿਲ ਸਕਿਆ। ਕਿਸਾਨਾ 'ਤੇ ਕਾਰਵਾਈ ਕਰਨ ਨਾਲ ਕੀ ਇਸ ਦਾ ਕੋਈ ਹੱਲ ਸੰਭਵ ਹੈ?

ਝੋਨੇ ਦੀ ਕਟਾਈ ਸਮੇਂ ਹੀ ਇਸ ਸਮੱਸਿਆ ਦੀ ਯਾਦ ਆਉਂਦੀ ਹੈ ਤੇ ਪੂਰੇ ਸਾਲ ਵਿਚ ਇਸ ਸਮੱਸਿਆ ਦੇ ਕੋਈ ਸਥਾਈ ਹੱਲ ਲੱਭਣ ਵੱਲ ਕੋਈ ਧਿਆਨ ਕਿਉਂ ਨਹੀਂ ਦਿੱਤਾ ਜਾਂਦਾ।

# ਮੋਹਾਲੀ ਹਾਦਸੇ ਦਾ ਜ਼ਿੰਮੇਵਾਰ ਕੌਣ?

**ਮੋਹਾਲੀ:** ਇਥੋਂ ਦੇ ਸੋਹਾਣਾ ਵਿਖੇ ਡਿੱਗੀ ਇਮਾਰਤ ਵਿਚ ਦੋ ਵਿਅਕਤੀਆਂ ਦੀ ਮੌਤ ਹੋ ਗਈ। ਸਥਾਨਕ ਲੋਕਾਂ, ਪ੍ਰਸ਼ਾਸਨ ਅਤੇ ਐਨ.ਡੀ.ਆਰ.ਐਫ. ਦੀਆਂ ਟੀਮਾਂ ਵੱਲੋਂ ਬਚਾਅ ਮੁਹਿੰਮ ਚਲਾਈ ਗਈ। ਖ਼ਾਲੀ ਥਾਂ 'ਚ ਬੇਸਮੈਂਟ ਦੀ ਖੁਦਾਈ ਚੱਲ ਰਹੀ ਸੀ ਜਿਸ ਕਾਰਨ ਇਸ ਇਮਾਰਤ ਦੀ ਨੀਂਹ ਕਮਜ਼ੋਰ ਹੋ ਗਈ ਸੀ। ਸੰਘਣੀ ਆਬਾਦੀ ਵਾਲੇ ਖੇਤਰ ਵਿਚ ਸਬੰਧਤ ਵਿਭਾਗ ਦੀ ਮਨਜ਼ੂਰੀ ਤੋਂ ਬਿਨਾਂ ਕਿਸ ਤਰ੍ਹਾਂ ਖੁਦਾਈ ਕੀਤੀ ਜਾ ਸਕਦੀ ਹੈ। ਬਿਲਡਿੰਗ ਮਾਲਕਾਂ ਖ਼ਿਲਾਫ਼ ਪਰਚਾ ਦਰਜ ਹੋ ਗਿਆ ਹੈ।




ਠੇਕੇਦਾਰਾਂ ਨੂੰ ਵੀ ਨਾਮਜ਼ਦ ਕੀਤਾ ਜਾਣਾ ਚਾਹੀਦਾ ਹੈ। ਅਜਿਹੇ ਠੇਕੇਦਾਰ ਘਟੀਆ ਸਾਮਾਨ ਲਗਾ ਕੇ ਮਾਲਕਾ ਨੂੰ ਵੀ ਰਗੜਾ ਲਗਾ ਜਾਂਦੇ ਹਨ। ਥੋੜ੍ਹੀ-ਥੋੜ੍ਹੀ ਥਾਂ 'ਤੇ ਵੱਡੇ-ਵੱਡੇ ਬਿਲਡਰਾਂ ਰਾਹੀਂ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਕਾਲੋਨੀਆਂ ਕੱਟ ਦਿੱਤੀਆਂ ਜਾਂਦੀਆਂ ਹਨ। ਪਤਾ ਨਹੀਂ ਉੱਥੇ ਮੈਟੀਰੀਅਲ ਚੰਗਾ ਲਗਾਇਆ ਜਾਂਦਾ ਹੈ ਜਾਂ ਨਹੀਂ। ਅਖ਼ਬਾਰਾਂ ਵਿਚ ਪੜ੍ਹਦੇ ਹੀ ਹਾਂ ਕਿ ਫਲੈਟਾਂ ਵਿਚ ਰਹਿਣ ਵਾਲੇ ਲੋਕ ਹਰ ਰੋਜ਼ ਬਿਲਡਰਾਂ ਖ਼ਿਲਾਫ਼ ਧਰਨੇ-ਪ੍ਰਦਰਸ਼ਨ ਕਰਦੇ ਹਨ। ਸਹੂਲਤਾਂ ਨਾ ਹੋਣ ਕਾਰਨ ਅਜਿਹਾ ਕਦਮ ਲੋਕਾਂ ਨੂੰ ਚੁੱਕਣਾ ਪੈਂਦਾ ਹੈ। ਮਨੁੱਖੀ ਜ਼ਿੰਦਗੀ ਦੀ ਅੱਜ-ਕੱਲ੍ਹ ਕੋਈ ਕੀਮਤ ਨਹੀਂ ਰਹਿ ਗਈ ਹੈ। ਪੈਸੇ ਦੀ ਦੌੜ ਜ਼ਿਆਦਾ ਲੱਗੀ ਹੋਈ ਹੈ। ਪੈਸੇ ਦੇ ਕੇ ਤੁਸੀਂ ਜਿੰਨਾ ਮਰਜ਼ੀ ਗ਼ਲਤ ਕੰਮ ਕਰਵਾ ਲਓ।

ਕਾਫ਼ੀ ਅਧਿਕਾਰੀ ਇਸੇ ਤਾਕ ਵਿਚ ਰਹਿੰਦੇ ਹਨ ਕਿ ਗ਼ਲਤ ਕੰਮ ਕਰੀਏ ਤੇ ਲੋਕਾਂ ਤੋਂ ਪੈਸੇ ਲਈਏ। ਜਦੋਂ ਕਿ ਥਾਂ ਬਿਲਡਿੰਗ ਬਣਾਉਣ ਦੇ ਲਾਇਕ ਹੀ ਨਹੀਂ ਹੁੰਦੀ ਤਾਂ ਸਥਾਨਕ ਵਿਭਾਗਾਂ ਦੇ ਅਧਿਕਾਰੀ ਅਜਿਹੀਆਂ ਥਾਵਾਂ ਦੇ ਨਕਸ਼ੇ ਕਿਉਂ ਪਾਸ ਕਰ ਦਿੰਦੇ ਹਨ। ਇਹ ਦੇਖਿਆ ਜਾਂਦਾ ਹੈ ਕਿ ਨਕਸ਼ਾ ਦੋ ਮੰਜ਼ਲਿਾਂ ਦਾ ਪਾਸ ਹੁੰਦਾ ਹੈ, ਮਾਲਕ ਦੋ-ਮੰਜ਼ਲਿਾਂ ਹੋਰ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਉੱਪਰ ਹੋਰ ਛੱਤ ਲੈਂਦੇ ਹਨ। ਇਸ ਸਭ ਦਾ ਜ਼ਿੰਮੇਵਾਰ ਕੌਣ ਹੈ?

# 'ਇਕ ਦੇਸ਼, ਇਕ ਚੋਣ' ਬਾਰੇ ਜੇ. ਪੀ. ਸੀ. ਦੀ ਬੈਠਕ ਅੱਠ ਜਨਵਰੀ ਨੂੰ

**ਨਵੀਂ ਦਿੱਲੀ**: ਇਕ ਦੇਸ਼, ਇਕ ਚੋਣ 'ਤੇ 39 ਮੈਂਬਰੀ ਸਾਂਝੀ ਸੰਸਦੀ ਕਮੇਟੀ ਦੀ ਪਹਿਲੀ ਬੈਠਕ ਅੱਠ ਜਨਵਰੀ ਨੂੰ ਹੋਵੇਗੀ ਜਿਸ ਵਿਚ ਭਾਜਪਾ ਦੀ ਅਗਵਾਈ ਵਾਲੀ ਐੱਨ.ਡੀ.ਏ. ਸਰਕਾਰ ਦੇ ਇਸ ਪ੍ਰਮੁੱਖ ਚੋਣ ਸੁਧਾਰਤੇ ਦੇਸ਼ ਪੱਧਰੀ ਵਿਚਾਰ ਵਟਾਂਦਰੇ ਦੀ ਦਿਸ਼ਾ ਤੈਅ ਹੋਵੇਗੀ। ਸੰਸਦੀ ਸੂਤਰਾਂ ਨੇ ਕਿਹਾ ਕਿ ਲੋਕ ਸਭਾ ਤੇ ਰਾਜ ਵਿਧਾਨ ਸਭਾਵਾਂ ਦੀ ਚੋਣ ਇਕੱਠੇ ਕਰਾਉਣ ਲਈ ਬਿੱਲਾਂ 'ਤੇ ਸਾਂਝੀ ਕਮੇਟੀ ਦੀ ਪਹਿਲੀ ਬੈਠਕ ਭਾਜਪਾ ਮੈਂਬਰ ਪੀਪੀ ਚੌਧਰੀ ਦੀ ਅਗਵਾਈ 'ਚ ਹੋਵੇਗੀ ਤੇ ਇਸ ਵਿਚ ਜਾਣ ਪਛਾਣ ਕਰਾਏ ਜਾਣ ਦੀ ਸੰਭਾਵਨਾ ਹੈ।



# ਹੁਣ ਪੰਜਵੀਂ ਅਤੇ ਅੱਠਵੀਂ 'ਚੋਂ ਫੇਲ੍ਹ ਦਾ ਮਤਲਬ ਫੇਲ੍ਹ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਸਕੂਲ ਸਿੱਖਿਆ 'ਚ ਵੱਡਾ ਬਦਲਾਅ ਕਰਦਿਆਂ 'ਨੋ ਡੀਟੈਨਸ਼ਨ ਪਾਲਿਸੀ' (ਫੇਲ੍ਹ ਨਾ ਕਰਨ ਦੀ ਨੀਤੀ) ਖ਼ਤਮ ਕਰ ਦਿੱਤੀ ਹੈ।

ਸਿੱਖਿਆ ਮੰਤਰਾਲੇ ਵਲੋਂ ਲਏ ਫੈਸਲੇ ਤੋਂ ਬਾਅਦ ਹੁਣ ਪੰਜਵੀਂ ਅਤੇ ਅੱਠਵੀਂ ਦੀ ਸਾਲਾਨਾ ਪ੍ਰੀਖਿਆ 'ਚ ਫੇਲ੍ਹ ਹੋਣ ਵਾਲੇ ਵਿਦਿਆਰਥੀਆਂ ਨੂੰ ਦੋ ਮਹੀਨੇ ਅੰਦਰ ਦੁਬਾਰਾ ਪ੍ਰੀਖਿਆ ਦੇਣ ਦਾ ਮੌਕਾ ਮਿਲੇਗਾ। ਜੇਕਰ ਕੋਈ ਵਿਦਿਆਰਥੀ ਮੁੜ ਫੇਲ੍ਹ ਹੋ ਜਾਂਦਾ ਹੈ ਤਾਂ ਉਸ ਨੂੰ ਅਗਲੀ ਜਮਾਤ 'ਚ ਨਹੀਂ ਭੇਜਿਆ ਜਾਵੇਗਾ। ਹਾਲਾਂਕਿ ਸਰਕਾਰ ਵਲੋਂ ਕੀਤੇ ਬਦਲਾਅ 'ਚ ਇਹ ਵੀ ਕਿਹਾ ਗਿਆ ਹੈ ਸ ਕਿ ਅੱਠਵੀਂ ਜਮਾਤ ਤੱਕ ਦੇ ਅਜਿਹੇ ਬੱਚਿਆਂ ਨੂੰ ਸਕੂਲ 'ਚੋਂ ਕੱਢਿਆ ਨਹੀਂ ਜਾਵੇਗਾ।

ਕੇਂਦਰ ਸਰਕਾਰ ਦੇ ਇਸ ਫ਼ੈਸਲੇ ਨਾਲ ਕੇਂਦਰੀ ਵਿਦਿਆਲਿਆ, ਨਵੋਦਿਆ ਅਤੇ ਸੈਨਿਕ ਸਕੂਲਾਂ ਸਮੇਤ 3 ਹਜ਼ਾਰ ਤੋਂ ਵੱਧ ਸਕੂਲਾਂ ਦੇ ਵਿਦਿਆਰਥੀਆਂ 'ਤੇ ਅਸਰ ਪਵੇਗਾ। ਸਾਲ 2019 'ਚ ਸਿੱਖਿਆ ਦੇ ਹੱਕ ਬਾਰੇ ਕਾਨੂੰਨ (ਆਰ.ਟੀ.ਈ.) 'ਚ ਹੋਈ। ਸਰਕਾਰ ਦੇ ਇਸ ਫ਼ੈਸਲੇ ਦੀ ਜਾਣਕਾਰੀ ਕੇਂਦਰੀ ਸਿੱਖਿਆ ਵਿਭਾਗ ਦੇ ਸਕੱਤਰ ਸੰਜੈ ਕੁਮਾਰ ਨੇ ਪ੍ਰੈੱਸ ਕਾਨਫ਼ਰੰਸ ਰਾਹੀਂ ਦਿੰਦਿਆਂ ਕਿਹਾ ਕਿ ਸਰਕਾਰ ਨੇ ਪੜ੍ਹਾਈ 'ਚ ਸੁਧਾਰ ਨੂੰ ਧਿਆਨ 'ਚ ਰੱਖਦਿਆਂ ਇਹ ਬਦਲਾਅ ਲਿਆਂਦਾ ਹੈ ਕਿ ਹੁਣ ਪੰਜਵੀਂ ਅਤੇ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਤਾਂ ਹੀ ਅਗਲੀ ਜਮਾਤ 'ਚ ਭੇਜਿਆ ਜਾਵੇਗਾ, ਜਦੋਂ ਉਹ ਪ੍ਰੀਖਿਆ ਪੂਰੀ ਤਰ੍ਹਾਂ ਨਾਲ ਪਾਸ ਕਰਨਗੇ। ਹਾਲੇ ਤੱਕ ਪੰਜਵੀਂ ਅਤੇ ਅੱਠਵੀਂ ਜਮਾਤ ਦੇ ਬੱਚਿਆਂ ਨੂੰ ਅਗਲੀ ਜਮਾਤ 'ਚ ਜਾਣ ਲਈ ਪ੍ਰੀਖਿਆ ਪਾਸ ਕਰਨਾ ਲਾਜ਼ਮੀ ਨਹੀਂ ਸੀ। ਸੰਜੇ ਕੁਮਾਰ ਨੇ ਕਿਹਾ ਕਿ ਪੰਜਵੀਂ ਅਤੇ ਅੱਠਵੀਂ ਜਮਾਤ 'ਚ ਫੇਲ੍ਹ ਹੋਣ ਵਾਲੇ ਵਿਦਿਆਰਥੀ ਦੋ ਮਹੀਨੇ ਦੇ ਅੰਦਰ-ਅੰਦਰ ਮੁੜ ਪ੍ਰੀਖਿਆ ਦੇ ਸਕਦੇ ਹਨ ਪਰ ਜੇਕਰ ਉਹ ਦੁਬਾਰਾ ਵੀ ਫੇਲ੍ਹ ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ ਅਗਲੀ ਜਮਾਤ 'ਚ ਨਹੀਂ ਭੇਜਿਆ ਜਾਵੇਗਾ। ਹਾਲਾਂਕਿ ਸਰਕਾਰ ਨੇ ਇਹ ਵੀ ਕਿਹਾ ਹੈ। ਕਿ ਮੁਢਲੀ ਸਿੱਖਿਆ ਪੂਰੀ ਹੋਣ ਤੱਕ ਭਾਵ ਅੱਠਵੀਂ ਤੱਕ ਕੱਢਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਅਜਿਹੇ ਬੱਚੇ ਜਿਨ੍ਹਾਂ ਦਾ ਕਿਸੇ ਕਾਰਨ ਪੜ੍ਹਾਈ ਨਾਲ ਖ਼ਾਸ ਲਗਾਅ ਨਹੀਂ ਹੈ, ਉਨ੍ਹਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਅਧਿਆਪਕ ਅਜਿਹੇ ਵਿਦਿਆਰਥੀ ਦੀ ਕਮਜ਼ੋਰੀ ਨੂੰ ਪਛਾਣ ਕੇ ਉਨ੍ਹਾਂ ਦੇ ਮਾਂ-ਬਾਪ ਨੂੰ ਵੀ ਵਿਸ਼ੇਸ਼ ਜਾਣਕਾਰੀ ਦੇਣਗੇ। ਪ੍ਰਿੰਸੀਪਲ ਅਜਿਹੇ ਵਿਦਿਆਰਥੀਆਂ ਦੀ ਸੂਚੀ ਬਣਾਉਣਗੇ ਅਤੇ ਉਨ੍ਹਾਂ ਦੀ ਪੜ੍ਹਾਈ ਅਤੇ ਕਾਰਗੁਜ਼ਾਰੀ 'ਤੇ ਨਿਗ੍ਹਾ ਰੱਖਣਗੇ। ਹਾਲਾਂਕਿ ਅਜਿਹੇ ਵਿਦਿਆਰਥੀਆਂ ਲਈ ਪ੍ਰੀਖਿਆਵਾਂ ਉਸ ਦੀ ਯਾਦ ਕਰਨ ਦੀ ਸਮਰੱਥਾ 'ਤੇ ਆਧਾਰਿਤ ਨਹੀਂ ਹੋਣਗੀਆਂ।

ਪੰਜਾਬ ਟਾਈਮਜ਼

ਸ਼ਨਿਚਰਵਾਰ, 28 ਦਸੰਬਰ, 2024

# ਸਥਾਨਕ ਚੋਣਾਂ ਦੇ ਸਬਕ

ਪੰਜਾਬ ਵਿਚ ਇੱਕੀ ਦਸੰਬਰ ਨੂੰ ਹੋਈਆਂ 5 ਨਗਰ ਨਿਗਮਾਂ ਅਤੇ 44 ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਪੰਜਾਬ ਦੇ ਲੋਕਾਂ ਲਈ ਕਾਫ਼ੀ ਦਿਲਚਸਪ ਅਤੇ ਰਾਜਨੀਤਕ ਪਾਰਟੀਆਂ ਲਈ ਕਾਫ਼ੀ ਵੰਗਾਰਾਂ ਭਰੀਆਂ ਅਤੇ ਸਬਕ ਸਿਖਾਉਣ ਵਾਲੀਆਂ ਰਹੀਆਂ ਹਨ।

ਆਮ ਧਾਰਨਾ ਹੈ ਕਿ ਸਥਾਨਕ ਸਰਕਾਰਾਂ ਦੀਆਂ ਚੋਣਾਂ ਵਿਚ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ ਚੋਣਾਂ ਨਾਲੋਂ ਵੀ ਵਧੇਰੇ ਦਿਲਚਸਪੀ ਲਈ ਜਾਂਦੀ ਹੈ, ਕਿਉਂਕਿ ਇਨ੍ਹਾਂ ਵਿਚ ਸਥਾਨਕ ਮੁੱਦਿਆਂ ਨੂੰ ਹੀ ਪਹਿਲ ਦਿੱਤੀ ਜਾਂਦੀ ਹੈ। ਉਮੀਦਵਾਰਾਂ ਨਾਲ ਨੇੜਲੇ ਸੰਬੰਧਾਂ ਕਾਰਨ ਆਮ ਵੋਟਰ ਭਾਵੁਕ ਤੌਰ 'ਤੇ ਵਧੇਰੇ ਜੁੜੇ ਹੁੰਦੇ ਹਨ। ਜਿਹੜੀ ਪਾਰਟੀ ਸੱਤਾ ਵਿਚ ਹੁੰਦੀ ਹੈ, ਉਸ ਨੂੰ ਅਜਿਹੀਆਂ ਚੋਣਾਂ ਵਿਚ ਵਧੇਰੇ ਲਾਭ ਮਿਲਣ ਦੀ ਆਸ ਹੁੰਦੀ ਹੈ, ਕਿਉਂਕਿ ਸਥਾਨਕ ਮਸਲਿਆਂ ਨੂੰ ਜ਼ਿਲ੍ਹਾ ਪੱਧਰ 'ਤੇ ਸਰਕਾਰੀ ਪ੍ਰਸ਼ਾਸਨ ਨੇ ਹੀ ਹੱਲ ਕਰਨਾ ਹੁੰਦਾ ਹੈ। ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਜ਼ਿਲ੍ਹਾ ਪ੍ਰਸ਼ਾਸਨ ਦਾ ਪ੍ਰਭਾਵ ਇਨ੍ਹਾਂ ਚੋਣਾਂ 'ਤੇ ਪੈਂਦਾ ਹੀ ਹੈ। ਪਿਛਲੀ ਵਾਰ ਸਥਾਨਕ ਸਰਕਾਰਾਂ ਦੀਆਂ ਚੋਣਾਂ ਸਾਲ 2018 ਵਿਚ ਹੋਈਆਂ ਸਨ। ਉਸ ਸਮੇਂ ਸੂਬੇ ਵਿਚ ਕਾਂਗਰਸ ਦੀ ਸਰਕਾਰ ਸੀ, ਜਿਸ ਕਰਕੇ ਨਤੀਜਿਆਂ ਵਿਚ ਕਾਂਗਰਸ ਦਾ ਜ਼ਿਆਦਾ ਪ੍ਰਭਾਵ ਦੇਖਿਆ ਗਿਆ ਸੀ। ਆਮ ਆਦਮੀ ਪਾਰਟੀ ਦੀ ਸਰਕਾਰ ਸਮੇਂ ਇਹ ਚੋਣਾਂ ਨਿਸ਼ਚਿਤ ਸਮੇਂ ਤੋਂ ਕਾਫ਼ੀ ਦੇਰ ਬਾਅਦ ਹੁਣ ਕਰਵਾਈਆਂ ਗਈਆਂ ਹਨ, ਪਰ ਇਨ੍ਹਾਂ 'ਤੇ ਵੀ ਸੂਬਾ ਪ੍ਰਸ਼ਾਸਨ ਦਾ ਪ੍ਰਭਾਵ ਪ੍ਰਤੱਖ ਰੂਪ ਵਿਚ ਵੇਖਿਆ ਜਾ ਸਕਦਾ ਹੈ।

ਇਹ ਸ਼ਿਕਾਇਤਾਂ ਵੀ ਆਉਂਦੀਆਂ ਰਹੀਆਂ ਹਨ ਕਿ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਕਈ ਪੱਧਰਾਂ 'ਤੇ ਪ੍ਰੇਸ਼ਾਨੀਆਂ ਉਠਾਉਣੀਆਂ ਪਈਆਂ ਤੇ ਉਨ੍ਹਾਂ ਦੇ ਰਸਤੇ ਵਿਚ ਵੱਖ-ਵੱਖ ਥਾਵਾਂ 'ਤੇ ਕੁਝ ਰੁਕਾਵਟਾਂ ਵੀ ਆਈਆਂ। ਪਰ ਇਸ ਸਭ ਦੇ ਬਾਵਜੂਦ ਇਹ ਚੋਣ ਪ੍ਰਕਿਰਿਆ ਕਾਫੀ ਹੱਦ ਤਕ ਅਮਨ ਪੂਰਬਕ ਨੇਪਰੇ ਚੜ੍ਹ ਗਈ ਹੈ। ਨਤੀਜਿਆਂ ਵਿਚ ਆਮ ਆਦਮੀ ਪਾਰਟੀ ਦਾ ਪੱਲੜਾ ਭਾਰੀ ਰਿਹਾ। ਪਟਿਆਲਾ ਵਿਚ ਇਸ ਨੂੰ ਵੱਡੀ ਜਿੱਤ ਪ੍ਰਾਪਤ ਹੋਈ,ਪਰ ਇਸ ਦੇ ਨਾਲ ਹੀ ਉਥੇ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਸੰਬੰਧੀ ਕੁਝ ਸ਼ਿਕਾਇਤਾ ਵੀ ਮਿਲੀਆਂ ਹਨ। ਇਸੇ ਤਰ੍ਹਾਂ ਅੰਮ੍ਰਿਤਸਰ ਵਿਚ ਚਾਹੇ ਕਾਂਗਰਸ ਦਾ ਪੱਲੜਾ ਭਾਰੀ ਦਿਖਾਈ ਦਿੱਤਾ ਹੈ।

ਪਰ ਇੱਥੇ ਉਸ ਨੂੰ ਬਹੁਮਤ ਨਹੀਂ ਮਿਲ ਸਕਿਆ। ਇੱਥੇ ਆਮ ਆਦਮੀ ਪਾਰਟੀ ਦੂਸਰੇ ਨੰਬਰ 'ਤੇ ਰਹੀ ਹੈ। ਇਸੇ ਤਰ੍ਹਾਂ ਜਲੰਧਰ ਵਿਚ ਆਮ ਆਦਮੀ ਪਾਰਟੀ ਨੂੰ ਬਹੁਮਤ ਤਾਂ ਨਹੀਂ ਮਿਲਿਆ ਪਰ ਇਹ ਬਹੁਮਤ ਦੇ ਨੇੜੇ ਜ਼ਰੂਰ ਪੁੱਜ ਗਈ ਹੈ। ਦਿਲਚਸਪ ਗੱਲ ਇਹ ਹੈ ਕਿ ਆਮ ਆਦਮੀ ਪਾਰਟੀ ਹੁਣ ਦਲਬਦਲੀਆਂ ਕਰਵਾ ਕੇ ਆਪਣੇ ਮੇਅਰ ਬਣਾਉਣ ਦੇ ਰਵਾਇਤੀ ਕਾਰਜਾਂ ਤੋਂ ਅਛੂਤੀ ਨਹੀਂ ਰਹਿ ਸਕੀ। ਇਨ੍ਹਾਂ ਯਤਨਾਂ ਕਰਕੇ ਉਸਦਾ ਬਦਲਵੀਂ ਰਾਜਨੀਤੀ ਵਾਲਾ ਸੰਕਲਪ ਇਕ ਵਾਰ ਫੇਰ ਸਵਾਲਾਂ ਦੇ ਘੇਰੇ ਵਿਚ ਆ ਗਿਆ ਹੈ। ਲੁਧਿਆਣਾ ਵਿਚ ਆਮ ਆਦਮੀ ਪਾਰਟੀ ਬਹੁਮਤ ਨਹੀਂ ਮਿਲਿਆ ਪਰ ਉਹ ਬਹੁਮਤ ਤੋਂ ਕੁਝ ਸੀਟਾਂ ਹੀ ਪਿੱਛੇ ਰਹੀ ਹੈ। ਫਗਵਾੜਾ ਵਿਚ ਕਿਸੇ ਵੀ ਪਾਰਟੀ ਨੂੰ ਬਹੁਮਤ ਨਹੀਂ ਮਿਲਿਆ। ਪਰ ਕਾਂਗਰਸ ਪਹਿਲੇ ਨੰਬਰ 'ਤੇ ਅਤੇ ਆਮ ਆਦਮੀ ਪਾਰਟੀ ਦੂਸਰੇ ਨੰਬਰ 'ਤੇ ਰਹੀ। ਵਰਣਨਯੋਗ ਗੱਲ ਇਹ ਹੈ ਕਿ ਇਨ੍ਹਾਂ ਚੋਣਾਂ ਵਿਚ ਅਕਾਲੀ ਦਲ ਨੂੰ ਬਹੁਤ ਵੱਡੀ ਨਿਰਾਸ਼ਾ ਉਠਾਉਣੀ ਪਈ ਹੈ। ਇਸ ਨੂੰ ਪੰਜ ਨਗਰ ਨਿਗਮਾਂ ਦੀਆਂ 368 ਸੀਟਾਂ ਵਿਚੋਂ ਸਿਰਫ 11 ਸੀਟਾਂ ਹੀ ਮਿਲ ਸਕੀਆਂ । ਜਲੰਧਰ ਦੀਆਂ 85 ਸੀਟਾਂ ਵਿਚੋਂ ਅਕਾਲੀ ਦਲ ਨੂੰ ਇਕ ਵੀ ਸੀਟ ਪ੍ਰਾਪਤ ਨਹੀਂ ਹੋਈ। ਲੁਧਿਆਣਾ ਦੀਆਂ 95 ਸੀਟਾਂ ਵਿਚੋਂ ਇਸਨੂੰ ਸਿਰਫ਼ ਦੋ ਸੀਟਾਂ ਹੀ ਮਿਲੀਆਂ। ਅੰਮ੍ਰਿਤਸਰ ਦੀਆਂ 85 ਸੀਟਾਂ ਵਿਚੋਂ ਇਹ 4 ਸੀਟਾਂ ਤੱਕ ਹੀ ਸੀਮਤ ਰਹੀ। ਪਟਿਆਲਾ ਵਿਚ ਅਕਾਲੀ ਦਲ ਨੂੰ ਦੋ ਸੀਟਾਂ ਅਤੇ ਫਗਵਾੜਾ ਵਿਚ 3 ਸੀਟਾਂ ਹੀ ਮਿਲੀਆਂ।

ਸੀਟਾਂ ਦੀ ਗਿਣਤੀ ਦੇ ਹਿਸਾਬ ਨਾਲ ਪਹਿਲੇ ਨੰਬਰ 'ਤੇ ਆਮ ਆਦਮੀ ਪਾਰਟੀ, ਦੂਸਰੇ 'ਤੇ ਕਾਂਗਰਸ ਅਤੇ ਤੀਸਰੇ ਨੰਬਰ 'ਤੇ ਭਾਜਪਾ ਰਹੀ ਹੈ। ਸ਼ਹਿਰਾਂ ਬਾਰੇ ਆਮ ਪ੍ਰਭਾਵ ਇਹ ਹੈ ਕਿ ਇਨ੍ਹਾਂ ਵਿਚ ਜਿੱਥੇ ਸਫ਼ਾਈ ਦਾ ਬੁਰਾ ਹਾਲ ਹੈ, ਉੱਥੇ ਬੁਨਿਆਦੀ ਢਾਂਚਾ ਵੀ ਵੱਡੀ ਹੱਦ ਤਕ ਖੋਖਲਾ ਹੋਇਆ ਦਿਖਾਈ ਦਿੰਦਾ ਹੈ। ਕੂੜੇ-ਕਰਕਟ ਦੇ ਸੁਚੱਜੇ ਨਿਪਟਾਰੇ ਅਤੇ ਸੀਵਰੇਜ ਪ੍ਰਬੰਧ ਵਿਚ ਅੱਜ ਤੱਕ ਵੀ ਵੱਡੇ ਸੁਧਾਰ ਨਹੀਂ ਹੋ ਸਕੇ। ਆਮ ਸ਼ਹਿਰੀਆਂ ਲਈ ਬੁਨਿਆਦੀ ਸਹੂਲਤਾਂ ਦੀ ਕਮੀ ਬੁਰੀ ਤਰ੍ਹਾਂ ਰੜਕਦੀ ਹੈ। ਟ੍ਰੈਫਿਕ ਦੇ ਪੱਖੋਂ ਵੀ ਬੇਜ਼ਾਬਤੀ ਅਤੇ ਬੇਪ੍ਰਵਾਹੀ ਵਾਲੀ ਸਥਿਤੀ ਵਧੇਰੇ ਹੈ। ਜੇਕਰ ਆਉਂਦੇ ਸਮੇਂ ਵਿਚ ਇਨ੍ਹਾਂ ਸ਼ਹਿਰਾਂ ਦੇ ਨਵੇਂ ਚੁਣੇ ਗਏ ਪ੍ਰਤੀਨਿਧ ਚੰਗਾ ਕੰਮ ਕਰਨ ਵਿਚ ਕਾਮਯਾਬ ਹੁੰਦੇ ਹਨ ਤਾਂ ਇਸ ਨਾਲ ਸਰਕਾਰ ਦੇ ਪ੍ਰਭਾਵ ਵਿਚ ਵੱਡਾ ਵਾਧਾ ਹੋ ਸਕਦਾ। ਜੋ ਪੰਜਾਬ ਵਿਚ ਹੋਣ ਵਾਲੀਆਂ ਭਵਿੱਖ ਦੀਆਂ ਚੋਣਾਂ ਵਿਚ ਉਸ ਲਈ ਲਾਹੇ ਵਾਲੀ ਗੱਲ ਹੋਵੇਗੀ। ਇਨ੍ਹਾਂ ਚੋਣਾਂ ਦੇ ਨਤੀਜਿਆਂ ਦਾ ਦੂਰਰਸ ਪ੍ਰਭਾਵ ਇਹ ਹੈ ਕਿ ਸੂਬੇ ਦੀਆਂ ਵੱਡੀਆਂ ਰਾਜਨੀਤਕ ਪਾਰਟੀਆਂ ਨੂੰ ਆਉਂਦੇ ਸਮੇਂ ਵਿਚ ਵੱਡੀਆਂ ਵਗਾਰਾਂ ਦਾ ਸਾਹਮਣਾ ਕਰਨਾ ਪਵੇਗਾ ਅਤੇ ਹੋਰ ਵੀ ਚੌਕੰਨੇ ਹੋ ਕੇ ਵਿਚਰਨ ਦੀ ਜ਼ਰੂਰਤ ਹੋਵੇਗੀ। ਤਾਂ ਹੀ ਉਹ ਆਉਂਦੀਆਂ ਚੋਣਾਂ ਤੱਕ ਆਮ ਆਦਮੀ ਪਾਰਟੀ ਦਾ ਮੁਕਾਬਲਾ ਕਰਨ ਦੇ ਕਾਬਲ ਹੋ ਸਕਣਗੀਆਂ। ਇਸ ਦੇ ਨਾਲ ਹੀ ਆਮ ਆਦਮੀ ਪਾਰਟੀ ਨੂੰ ਵੀ ਅਸੂਲਾਂ ਭਰੀ ਨੈਤਿਕ ਰਾਜਨੀਤੀ ਦੇ ਸੰਕਲਪਾਂ ਉੱਤੇ ਕੇਂਦਰਿਤ ਹੋਣਾ ਪਵੇਗ। ਜੋੜਾਂ-ਤੋੜਾਂ ਅਤੇ ਦਲ-ਬਦਲੀਆਂ ਨਾਲ ਆਪਣੇ ਮੇਅਰ ਬਣਾ ਕੇ ਵੀ, ਸੱਤਾਧਾਰੀ ਆਮ ਆਦਮੀ ਪਾਰਟੀ ਜੇਕਰ ਸ਼ਹਿਰਾਂ ਦੀ ਨੁਹਾਰ ਅਤੇ ਸ਼ਹਿਰ ਵਾਸੀਆਂ ਦੀ ਜ਼ਿੰਦਗੀ ਨੂੰ ਨਾ ਸੁਧਾਰ ਸਕੀ ਤਾਂ ਇਸ ਦਾ ਭਵਿੱਖ ਧੁੰਦਲਾ ਹੋਣ ਜਾਣ ਦਾ ਖਤਰਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਦਰਦ ਕਿਸਾਨਾਂ ਦਾ!

ਸੱਪਾਂ ਦੀਆਂ ਸਿਰੀਆਂ ਨੂੰ ਮਿੱਧਦੇ ਨਾ ਦੇਖੇ ਕੋਈ ਤੜਕੇ ਜਾਂ ਅੱਧੀ ਰਾਤੀਂ ਖੇਤੀਂ ਆਤੇ ਜਾਤਿਆਂ ਨੂੰ।
ਖੂਨ ਹੀ ਨਚੋੜੀ ਜਾਂਦੇ ਕਿਰਤੀ ਕਿਸਾਨਾਂ ਦਾ ਜੀ, ਦੋਹੀਂ ਹੱਥੀਂ ਭਰਦੇ ਅਡਾਨੀਆਂ ਦੇ ਖਾਤਿਆਂ ਨੂੰ।
'ਅੱਥਰੂ ਗੈਸ' ਦੇ ਗੋ.ਲੇ ਛੱਡ ਕੇ ਭਜਾਈ ਜਾਂਦੇ, ਬੈਠ ਕੇ ਸਰਹੱਦਾਂ ਉੱਤੇ ਦੁੱਖੜੇ ਬਤਾਤਿਆਂ ਨੂੰ।
ਹੁੰਦੀ ਏ ਕਮਾਈ ਫਟਕੜੀ ਬਿਨਾਂ ਹਿੰਗ ਲੱਗੇ, ਏ.ਸੀ ਰੂਮਾਂ ਵਿਚ ਬੈਠੇ ਧੋਤਿਆਂ ਤੇ ਨ੍ਹਾਤਿਆਂ ਨੂੰ।
ਦੁਖੀਆਂ ਦੇ 'ਕੱਠ ਦਾ 'ਇਲਾਜ' ਸਦਾ ਦੂਰ ਕਰੇ, ਸੱਤਾ ਧਾਰੀਆਂ ਦੇ ਅੱਖੀਂ ਹੋਏ ਅੰਧਰਾਤਿਆਂ ਨੂੰ।
ਹੱਕੀ ਮੰਗਾਂ ਪੂਰੀਆਂ ਕਰਾਣੇ ਲਈ ਵੀ ਦੇਖੋ ਲੋਕੋ, ਰੱਖਣੇ 'ਮਰਨ-ਵਰਤ' ਪੈਂਦੇ 'ਅੰਨ ਦਾਤਿਆਂ' ਨੂੰ!

# ਅਕਾਲੀ ਦਲ ਨੂੰ ਗ਼ਲਤੀ ਦਰ ਗ਼ਲਤੀ ਦਾ ਖ਼ਮਿਆਜ਼ਾ ਭੁਗਤਣਾ ਪਵੇਗਾ

**ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਪੰਜ ਸਿੰਘ ਸਹਿਬਾਨ ਨੇ ਵਿਰਸਾ ਸਿੰਘ ਵਲਟੋਹਾ ਨੂੰ 10 ਸਾਲ ਲਈ ਅਕਾਲੀ ਦਲ ਵਿੱਚੋਂ ਕੱਢਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਐਕਟਿੰਗ ਪ੍ਰਧਾਨ ਨੂੰ ਹੁਕਮ ਕੀਤੇ ਸਨ। ਅਕਾਲੀ ਦਲ ਨੇ ਵਿਰਸਾ ਸਿੰਘ ਵਲਟੋਹਾ ਨੂੰ ਕੱਢਿਆ ਨਹੀਂ ਸਗੋਂ ਉਸ ਤੋਂ ਅਸਤੀਫ਼ਾ ਲੈ ਲਿਆ। ਇਸ ਦਾ ਵੀ ਸਿੱਖ ਸੰਗਤ ਨੇ ਬੁਰਾ ਮਨਾਇਆ ਕਿ ਅਕਾਲੀ ਦਲ ਨੇ ਸ੍ਰੀ ਅਕਾਲ ਤਖ਼ਤ ਦੇ ਹੁਕਮਾਂ ਦੀ ਅਵੱਗਿਆ ਕੀਤੀ ਹੈ।**

ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਗਾਤਾਰ ਆਪਣੀਆਂ ਗ਼ਲਤੀਆਂ ਨੂੰ ਸੁਧਾਰਨ ਦੀ ਥਾਂ ਗ਼ਲਤੀ ਦਰ ਗ਼ਲਤੀ ਕਰਦੀ ਜਾ ਰਹੀ ਹੈ। ਕੀ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਮੁਅਤਲੀ/ਜਥੇਦਾਰੀ ਦੇ ਅਹੁਦੇ ਦੇ ਫਰਜ਼ ਨਿਭਾਉਣ 'ਤੇ ਲਗਾਈ ਗਈ ਰੋਕ ਸੁਖਬੀਰ ਸਿੰਘ ਬਾਦਲ ਅਤੇ ਹੋਰ ਅਕਾਲੀ ਨੇਤਾਵਾਂ ਦਾ ਖੁਸਿਆ ਹੋਇਆ ਵਕਾਰ ਬਹਾਲ ਕਰਨ ਵਿੱਚ ਸਹਾਈ ਹੋ ਸਕਦੀ ਹੈ? ਬਿਲਕੁਲ ਕੋਈ ਸੰਭਾਵਨਾ ਨਹੀਂ ਲੱਗਦੀ, ਸਗੋਂ ਇਉਂ ਲੱਗ ਰਿਹਾ ਹੈ ਕਿ ਅਕਾਲੀ ਦਲ, ਸ੍ਰੀ ਅਕਾਲ ਤਖ਼ਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀਆਂ ਸਿੱਖ ਸੰਸਥਾਵਾਂ ਨੂੰ ਖ਼ਤਮ ਕਰਨ 'ਤੇ ਤੁਲੀ ਹੈ। ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿਮ ਕਮੇਟੀ ਦੇ ਇਸ ਜਲਦਬਾਜੀ ਵਿੱਚ ਲਏ ਗਏ ਫ਼ੈਸਲੇ ਦਾ ਸਿੱਖ ਕੌਮ ਨੂੰ ਕੀ ਲਾਭ ਹੋਵੇਗਾ? ਸਗੋਂ ਸ੍ਰੀ ਅਕਾਲ ਤਖ਼ਤ ਸਾਹਿਬ, ਪੰਜ ਤਖ਼ਤਾਂ ਅਤੇ ਉਨ੍ਹਾਂ 'ਤੇ ਸ਼ਸ਼ੋਵਤ ਜਥੇਦਾਰ ਸਾਹਿਬਾਨ ਦੀ ਸ਼ਾਖ਼ ਹੋਰ ਮਜ਼ਬੂਤ ਹੋਵੇਗੀ, ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਰਤਮਾਨ ਫ਼ੈਸਲੇ ਨਾਲ ਉਨ੍ਹਾਂ ਦਾ ਖੋਇਆ ਹੋਇਆ ਵਕਾਰ ਮੁੜ ਬਹਾਲ ਹੋਇਆ ਹੈ। ਸ਼੍ਰੋਮਣੀ ਕਮੇਟੀ ਨੇ ਅਜਿਹਾ ਫ਼ੈਸਲਾ ਪਹਿਲੀ ਵਾਰ ਨਹੀਂ ਕੀਤਾ, ਜਦੋਂ ਕੋਈ ਜਥੇਦਾਰ ਉਨ੍ਹਾਂ ਮੁਤਾਬਕ ਫ਼ੈਸਲੇ ਨਹੀਂ ਕਰਦਾ ਫਿਰ ਉਹ ਕੋਈ ਬਹਾਨਾ ਬਣਾਕੇ ਉਸਨੂੰ ਹਟਾ ਦਿੰਦੇ ਹਨ। ਸਭ ਤੋਂ ਪਹਿਲਾਂ 1999 ਵਿੱਚ ਭਾਈ ਰਣਜੀਤ ਸਿੰਘ , ਮਾਰਚ 2000 ਵਿੱਚ ਗਿਆਨੀ ਪੂਰਨ ਸਿੰਘ, 2003 ਵਿੱਚ ਭਾਈ ਮਨਜੀਤ ਸਿੰਘ, 2015 ਵਿੱਚ ਗਿਆਨੀ ਬਲਵੰਤ ਸਿੰਘ ਨੰਦਗੜ੍ਹ, 2017 ਵਿੱਚ ਗਿਆਨੀ ਗੁਰਮੁੱਖ ਸਿੰਘ ਅਤੇ ਛੇਵੇਂ ਗਿਆਨੀ ਹਰਪ੍ਰੀਤ ਸਿੰਘ ਹਨ। ਹਾਲਾਂ ਕਿ ਜਥੇਦਾਰ ਸਾਹਿਬਾਨ ਵਿਰੁੱਘ ਅਜਿਹਾ ਫ਼ੈਸਲਾ ਕਰਨ ਦਾ ਅਧਿਕਾਰੀ ਕਮੇਟੀ ਕੋਲ ਹੈ ਹੀ ਨਹੀਂ। ਇਹ ਅਧਿਕਾਰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਕੋਲ ਹੈ। ਜੇਕਰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵਿਰੁੱਧ ਕੋਈ ਸ਼ਿਕਾਇਤ ਹੋਵੇ ਉਸਦੀ ਪੜਤਾਲ ਦਾ ਅਧਿਕਾਰ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਕੋਲ ਹੈ। ਗਿਆਨੀ ਹਰਪ੍ਰੀਤ ਸਿੰਘ ਵਿਰੁੱਧ ਜਿਹੜੀ ਸ਼ਿਕਾਇਤ ਉਸਦੇ ਰਿਸ਼ਤੇਦਾਰ ਨੇ ਹੁਣ ਦਿੱਤੀ ਹੈ, ਇਹ ਇੱਕ ਪਰਿਵਾਰਿਕ ਮਸਲਾ/ਝਗੜਾ ਹੈ, ਜੋ ਹਰ ਪਰਿਵਾਰ ਵਿੱਚ ਹੁੰਦਾ ਹੈ। ਗਿਆਨੀ ਹਰਪ੍ਰੀਤ ਸਿੰਘ 'ਤੇ 1999 ਵਿੱਚ ਇਹ ਦੋਸ਼ ਲੱਗੇ ਸੀ, ਸ਼੍ਰੋਮਣੀ ਕਮੇਟੀ ਨੇ 2007 ਪੜਤਾਲ ਕਰਵਾਈ ਤੇ ਗਿਆਨੀ ਹਰਪ੍ਰੀਤ ਸਿੰਘ ਨਿਰਦੋਸ਼ ਪਾਇਆ ਗਿਆ। ਪ੍ਰੰਤੂ ਸ਼ਿਕਾਇਤ ਕਰਤਾ ਗੁਰਪ੍ਰੀਤ ਸਿੰਘ ਦੀ ਇਸੇ ਸ਼ਿਕਾਇਤ 'ਤੇ ਪੁਲਿਸ ਨੇ ਪੜਤਾਲ ਕੀਤੀ ਜਿਸ ਕਰਕੇ ਗੁਰਪ੍ਰੀਤ ਸਿੰਘ ਨੂੰ ਸਜਾ ਹੋ ਗਈ ਸੀ। ਇਹ ਸ਼ਿਕਾਇਤ ਸਜ਼ਾ ਯਾਫਤਾ ਵਿਅਕਤੀ ਨੇ ਦਿੱਤੀ ਹੈ। ਉਸ ਤੋਂ ਬਾਅਦ ਗਿਆਨੀ ਹਰਪ੍ਰੀਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਕਾਰਜਕਾਰੀ ਜਥੇਦਾਰ ਲਗਾਇਆ ਸੀ। ਹੁਣ ਦੁਬਾਰਾ ਪੜਤਾਲ ਕਰਵਾਉਣ ਦਾ ਭਾਵ ਸ਼ਪਸ਼ਟ ਹੈ ਕਿ ਉਸਦਾ ਪੰਜ ਸਿੰਘ ਸਹਿਬਾਨ ਵਿੱਚ ਸ਼ਾਮਲ ਹੋ ਕੇ ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹ ਲਗਾਉਣਾ ਹਜ਼ਮ ਨਹੀਂ ਹੋ ਰਿਹਾ। ਇਸ ਫ਼ੈਸਲੇ 'ਤੇ ਸ਼ੱਕ ਦੀ ਸੂਈ ਘੁੰਮਦੀ ਹੈ ਕਿਉਂਕਿ ਇਹ ਫ਼ੈਸਲਾ ਸੁਖਬੀਰ ਸਿੰਘ ਬਾਦਲ ਅਤੇ ਹੋਰ ਅਕਾਲੀ ਨੇਤਾਵਾਂ ਨੂੰ ਤਨਖ਼ਾਹ ਲਗਾਏ ਜਾਣ ਦਾ ਪ੍ਰਤੀ ਕਰਮ ਹੈ। ਸਿੱਖ ਸੰਗਤ ਇਸ ਨੂੰ ਬਦਲੇ ਦੀ ਕਾਰਵਾਈ ਕਹਿ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਅਕਾਲੀ ਦਲ ਦੀ ਸਰਕਾਰ ਦੇ ਉਨ੍ਹਾਂ ਮੰਤਰੀਆਂ ਜਿਹੜੇ ਅਕਾਲੀ ਸਰਕਾਰ ਦਾ ਹਿੱਸਾ ਰਹੇ ਸਨ, ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਤਨਖ਼ਾਹ ਲਗਾਏ ਜਾਣ ਤੋਂ ਬਾਅਦ ਅਕਾਲੀ ਦਲ ਅਤੇ ਸੁਖਬੀਰ ਸਿੰਘ ਬਾਦਲ ਦਾ ਭਵਿਖ ਖ਼ਤਰੇ ਵਿੱਚ ਪੈ ਗਿਆ ਲੱਗਦਾ ਸੀ। ਇਸ ਫ਼ੈਸਲੇ ਦਾ ਸੰਸਾਰ ਦੇ ਵੱਖ-ਵੱਖ ਹਿੱਸਿਆ ਵਿੱਚ ਵਸਦੀ ਸਿੱਖ ਸੰਗਤ ਨੇ ਖੁਲ੍ਹੇ ਦਿਲ ਨਾਲ ਸਵਾਗਤ ਕੀਤਾ, ਕਿਉਂਕਿ 1970 ਤੋਂ ਬਾਅਦ ਪਹਿਲੀ ਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਨਿਰਪੱਖਤਾ ਨਾਲ ਪੰਥਕ ਹਿੱਤਾਂ ਲਈ ਕੀਤਾ ਗਿਆ ਫ਼ੈਸਲਾ ਮੰਨਿਆਂ ਗਿਆ ਹੈ। ਇਸ ਫ਼ੈਸਲੇ ਨਾਲ ਅਕਾਲੀ ਫੂਲਾ ਸਿੰਘ ਦੀ ਮਹਾਰਾਜਾ ਰਣਜੀਤ ਸਿੰਘ ਨੂੰ ਲਗਾਈ ਤਨਖ਼ਾਹ ਦੀ ਯਾਦ ਤਾਜਾ ਹੋ ਗਈ ਹੈ। ਇਹ ਫ਼ੈਸਲਾ ਵੀ ਅਕਾਲੀ ਫੂਲਾ ਸਿੰਘ ਵਰਗਾ ਹੀ ਲੱਗਦਾ ਹੈ। ਸਿੱਖ ਸੰਗਤ ਨੂੰ ਮਹਿਸੂਸ ਹੋ ਗਿਆ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੇ ਆਪਣੀ ਹੋਂਦ ਦਾ ਪ੍ਰਗਟਾਵਾ ਕਰ ਦਿੱਤਾ ਹੈ ਕਿ ਉਹ ਕਿਸੇ ਸਿਆਸਤਦਾਨ ਦੇ ਹੱਥਠੋਕੇ ਨਹੀਂ ਹਨ ਅਤੇ ਉਨ੍ਹਾਂ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪ੍ਰਭੁਸਤਾ ਤੇ ਮਾਣ ਮਰਿਆਦਾ ਸਰਵੋਤਮ ਹੈ। ਇਸ ਤੋਂ ਪਹਿਲਾਂ ਜਥੇਦਾਰ ਸਾਹਿਬਾਨ 'ਤੇ ਇਲਜ਼ਾਮ ਲੱਗਦੇ ਰਹੇ ਕਿ ਉਨ੍ਹਾਂ ਨੂੰ ਮੁੱਖ ਮੰਤਰੀ ਦੀ ਕੋਠੀ ਬੁਲਾਕੇ ਫ਼ੈਸਲੇ ਕਰਨ ਦੇ ਹੁਕਮ ਦਿੱਤੇ ਜਾਂਦੇ ਸਨ। ਸਿੱਖ ਸੰਗਤ ਨੂੰ ਇਸ ਫ਼ੈਸਲੇ ਵਿੱਚੋਂ ਪੰਥਕ ਸੋਚ ਦੀ ਖ਼ੁਸ਼ਬੋ ਆਉਂਦੀ ਮਹਿਸੂਸ ਹੋ ਰਹੀ ਸੀ। ਇਉਂ ਵੀ ਲੱਗ ਰਿਹਾ ਸੀ ਕਿ ਸਜ਼ਾ ਭੁਗਤਣ ਤੋਂ ਬਾਅਦ ਸਿੱਖ ਸਿਆਸਤਦਾਨ ਸੱਚੇ ਮਾਰਗ 'ਤੇ ਚਲਣਗੇ ਤੇ ਅਕਾਲੀ ਦਲ ਦੁਬਾਰਾ ਆਪਣੀ ਸ਼ਾਖ਼ ਬਣਾਉਣ ਦੇ ਸਮਰੱਥ ਹੋਵੇਗਾ। ਸੁਖਬੀਰ ਸਿੰਘ ਬਾਦਲ ਨੂੰ ਲਗਾਈ ਗਈ ਤਨਖ਼ਾਹ ਤੋਂ ਬਾਅਦ ਲੰਬਾ ਸਮਾਂ ਸਜ਼ਾ ਨਾ ਸੁਣਾਏ ਜਾਣ ਕਰਕੇ ਸ਼੍ਰੋਮਣੀ ਅਕਾਲੀ ਦਲ ਅਤੇ ਸੁਖਬੀਰ ਸਿੰਘ ਬਾਦਲ ਘਬਰਾਹਟ ਵਿੱਚ ਆ ਗਏ ਸਨ, ਜਿਸਦੇ ਸਿੱਟੇ ਵਜੋਂ ਅਕਾਲੀ ਦਲ ਦੇ ਕੁਝ ਲੀਡਰਾਂ ਜਿਨ੍ਹਾਂ ਵਿੱਚੋਂ ਵਿਰਸਾ ਸਿੰਘ ਵਲਟੋਹਾ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ 'ਤੇ ਗੰਭੀਰ ਇਲਜ਼ਾਮ ਲਗਾ ਦਿੱਤੇ ਸਨ। ਸਮੁੱਚੇ ਸੰਸਾਰ ਦੀ ਸਿੱਖ ਸੰਗਤ ਨੇ ਵਿਰਸਾ ਸਿੰਘ ਵਲਟੋਹਾ ਦੇ ਇਲਜ਼ਾਮਾ ਦਾ ਬਹੁਤ ਬੁਰਾ ਮਨਾਇਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਪੰਜ ਸਿੰਘ ਸਹਿਬਾਨ ਨੇ ਵਿਰਸਾ ਸਿੰਘ ਵਲਟੋਹਾ ਨੂੰ 10 ਸਾਲ ਲਈ ਅਕਾਲੀ ਦਲ ਵਿੱਚੋਂ ਕੱਢਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਐਕਟਿੰਗ ਪ੍ਰਧਾਨ ਨੂੰ ਹੁਕਮ ਕੀਤੇ ਸਨ। ਅਕਾਲੀ ਦਲ ਨੇ ਵਿਰਸਾ ਸਿੰਘ ਵਲਟੋਹਾ ਨੂੰ ਕੱਢਿਆ ਨਹੀਂ ਸਗੋਂ ਉਸ ਤੋਂ ਅਸਤੀਫ਼ਾ ਲੈ ਲਿਆ। ਇਸ ਦਾ ਵੀ ਸਿੱਖ ਸੰਗਤ ਨੇ ਬੁਰਾ ਮਨਾਇਆ ਕਿ ਅਕਾਲੀ ਦਲ ਨੇ ਸ੍ਰੀ ਅਕਾਲ ਤਖ਼ਤ ਦੇ ਹੁਕਮਾ ਦੀ ਅਵੱਗਿਆ ਕੀਤੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਕਾਲੀ ਦੇ ਪ੍ਰਧਾਨ ਦਾ ਅਸਤੀਫ਼ਾ ਕਾਰਜਕਾਰਨੀ ਨੂੰ ਤਿੰਨ ਦਿਨਾ ਵਿੱਚ ਮਨਜ਼ੂਰ ਕਰਨ ਦੀ ਹਦਾਇਤ ਤੇ ਵੀ ਅਜੇ ਤੱਕ ਅਮਲ ਨਹੀਂ ਹੋਇਆ। ਅਕਾਲੀ ਦਲ ਨੂੰ ਲਗਾਤਾਰ ਖੋਰਾ ਨੇਤਾਵਾਂ ਦੀਆਂ ਗ਼ਲਤੀਆਂ ਕਰਕੇ ਲੱਗ ਰਿਹਾ ਹੈ।

ਇਸ ਸਮੇਂ ਦੌਰਾਨ ਚਾਰ ਵਿਧਾਨ ਸਭਾ ਦੇ ਹਲਕਿਆਂ ਦੀ ਉਪ ਚੋਣ ਆ ਗਈ। ਅਕਾਲੀ ਦਲ ਨੇ ਉਪ ਚੋਣਾ ਨਾ ਲੜਨ ਦਾ ਫ਼ੈਸਲਾ ਕਰ ਲਿਆ। ਇਸ ਫ਼ੈਸਲੇ ਦਾ ਅਰਥ ਇਹ ਨਿਕਲਦਾ ਸੀ ਕਿ ਸੁਖਬੀਰ ਸਿੰਘ ਬਾਦਲ ਤੋਂ ਬਿਨਾ ਅਕਾਲੀ ਦਲ ਦੀ ਹੋਂਦ ਹੀ ਨਹੀਂ ਜਾਂ ਇਉਂ ਕਹਿ ਲਵੋ ਕਿ ਸੁਖਬੀਰ ਸਿੰਘ ਬਾਦਲ ਤੋਂ ਬਿਨਾ ਅਕਾਲੀ ਦਲ ਕੋਲ ਕੋਈ ਸਮਰੱਥ ਨੇਤਾ ਹੀ ਨਹੀਂ। ਸਿੱਖ ਸੰਗਤ ਨੇ ਉਪ ਚੋਣਾ ਨਾ ਲੜਨ ਨੂੰ ਵੀ ਗ਼ਲਤ ਫ਼ੈਸਲਾ ਕਿਹਾ। ਇਹ ਵੀ ਪਤਾ ਲੱਗਿਆ ਹੈ ਕਿ ਅਕਾਲੀ ਦਲ ਦੀ ਸ਼ੋਸ਼ਲ ਮੀਡੀਆ ਟੀਮ ਨੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ 'ਤੇ 10 ਇਲਜ਼ਾਮ ਲਗਾਕੇ ਮੀਡੀਆ ਵਿੱਚ ਸਰਕੂਲੇਟ ਕਰ ਦਿੱਤੇ ਹਨ। ਇਹ ਉਹੀ ਇਲਜ਼ਾਮ ਹਨ, ਜਿਹੜੇ ਗਿਆਨੀ ਹਰਪ੍ਰੀਤ ਸਿੰਘ ਦੇ ਰਿਸ਼ਤੇਦਾਰ ਨੇ



ਉਜਾਗਰ ਸਿੰਘ
ਫੋਨ: 94178-13072

ਲਗਾਏ ਹਨ। ਇਸਦਾ ਅਰਥ ਹੈ ਕਿ ਅਕਾਲੀ ਤੇ ਸ਼੍ਰੋਮਣੀ ਕਮੇਟੀ ਨੇ ਇਹ ਇਲਜ਼ਾਮ ਉਸ ਵਿਅਕਤੀ ਤੋਂ ਖੁਦ ਲਏ ਹਨ। ਇਨ੍ਹਾਂ ਇਲਜ਼ਾਮਾ ਦਾ ਜਵਾਬ ਗਿਆਨੀ ਹਰਪ੍ਰੀਤ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਪਿਆਰਿਆਂ ਨੂੰ ਦੇ ਦਿੱਤਾ, ਕੀ ਹਰਜਿੰਦਰ ਸਿੰਘ ਧਾਮੀ ਦੀ ਅੰਤ੍ਰਿਗ ਕਮੇਟੀ ਪੰਜ ਪਿਆਰਿਆਂ ਨਾਲੋਂ ਵੱਡੀ ਹੈ? ਸ਼੍ਰੋਮਣੀ ਪ੍ਰਬੰਧਕ ਕਮੇਟੀ ਦੀ ਅੰਤ੍ਰਿਮ ਕਮੇਟੀ ਦੀ ਮੀਟਿੰਗਿ ਲੁਧਿਆਣਾ ਜ਼ਿਲ੍ਹਾ ਦੇ ਗੁਰਦੁਆਰਾ ਦੇਗਸਰ ਸਾਹਿਬ ਕਟਾਣਾ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਵਿੱਚ ਹੋਈ, ਜਿਸ ਵਿੱਚ ਗਿਆਨੀ ਹਰਪ੍ਰੀਤ ਸਿੰਘ ਨੂੰ ਮੁਅੱਤਲ ਕਰਨ ਬਾਰੇ ਵਿਚਾਰ ਚਰਚਾ ਕੀਤੀ ਗਈ ਪ੍ਰੰਤੂ ਕੁਝ ਕਮੇਟੀ ਮੈਂਬਰਾਂ ਦੇ ਇਤਰਾਜ਼ ਕਰਨ 'ਤੇ ਇੱਕ ਤਿੰਨ ਮੈਂਬਰੀ ਕਮੇਟੀ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ ਅਤੇ ਅੰਤ੍ਰਿਗ ਕਮੇਟੀ ਮੈਂਬਰ ਦਲਜੀਤ ਸਿੰਘ ਭਿੰਡਰ ਦੀ ਬਣਾਈ ਹੈ, ਜਿਹੜੀ ਗਿਆਨੀ ਹਰਪ੍ਰੀਤ 'ਤੇ ਲੱਗੇ ਦੋਸ਼ਾਂ ਦੀ ਪੜਤਾਲ ਕਰੇਗੀ, ਉਤਨੀ ਦੇਰ ਤੱਕ ਗਿਆਨੀ ਹਰਪ੍ਰੀਤ ਸਿੰਘ 'ਤੇ ਸ੍ਰੀ ਅਕਾਲ ਤਖ਼ਤ ਦੀਆਂ ਮੀਟਿੰਗਾਂ ਵਿੱਚ ਜਾਣ ਤੇ ਰੋਕ ਲਗਾ ਦਿੱਤੀ ਹੈ। ਉਨ੍ਹਾਂ ਦੀ ਥਾਂ ਤਖ਼ਤ ਦਮਦਮਾ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੂੰ ਤਖ਼ਤ ਦਾ ਕੰਮ ਵੇਖਣ ਦੀ ਹਦਾਇਤ ਕੀਤੀ ਗਈ ਹੈ। ਤਿੰਨ ਮੈਂਬਰੀ ਕਮੇਟੀ ਵਿੱਚ ਸਾਰੇ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਧੜੇ (ਬਾਦਲ) ਦੇ ਹੀ ਹਨ, ਫਿਰ ਉਹ ਕਮੇਟੀ ਫ਼ੈਸਲਾ ਨਿਰਪੱਖਤਾ ਨਾਲ ਕਿਵੇਂ ਕਰੇਗੀ? ਪਾਰਦਰਸ਼ਤਾ ਲਈ ਵਿਰੋਧੀ ਧਿਰ ਦਾ ਮੈਂਬਰ ਕਮੇਟੀ ਵਿੱਚ ਲੈਣਾ ਚਾਹੀਦਾ ਸੀ। ਸ਼੍ਰੋਮਣੀ ਕਮੇਟੀ ਦੇ ਇਨ੍ਹਾਂ ਕਦਮਾ ਨਾਲ ਉਸਦੀ ਨੀਅਤ 'ਤੇ ਸ਼ੱਕ ਦੀ ਗੁੰਜਾਇਸ਼ ਬਣ ਗਈ ਹੈ। ਇਸ ਫ਼ੈਸਲੇ ਤੋਂ ਬਾਅਦ ਸਿੱਖ ਸੰਗਤਾਂ ਵਿੱਚ ਰੋਸ ਦੀ ਲਹਿਰ ਦੌੜ ਗਈ ਹੈ। ਜਿਤਨੀ ਦੇਰ ਜਥੇਦਾਰ ਸਾਹਿਬਾਨ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਰਹੇ, ਉਦੋਂ ਉਹ ਦੁੱਧ ਧੋਤੇ ਸਨ ਪ੍ਰੰਤੂ ਜਦੋਂ ਉਨ੍ਹਾਂ ਸਚਾਈ ਦਾ ਪੰਥਕ ਮਾਰਗ ਅਪਣਾਇਆ ਉਦੋਂ ਉਨ੍ਹਾਂ 'ਤੇ ਚਿਕੜ ਉਛਾਲਣਾ ਸ਼ੁਰੂ ਕਰ ਦਿੱਤਾ।

ਜਥੇਦਾਰ ਸਾਹਿਬਾਨ ਸਿੱਖ ਜਗਤ ਲਈ ਸਰਵੋਤਮ ਧਾਰਮਿਕ ਸ਼ਖ਼ਸੀਅਤਾਂ ਹਨ, ਇਨ੍ਹਾਂ 'ਤੇ ਇਲਜ਼ਾਮ ਲਗਾਉਣਾ ਸ਼ੁਭ ਸ਼ਗਨ ਨਹੀਂ, ਸਗੋਂ ਇਹ ਇਲਜ਼ਾਮ ਉਦੋਂ ਲਗਾਉਣੇ ਵਾਜਬ ਸਨ ਜਦੋਂ ਸਿਰਸੇ ਵਾਲੇ ਰਾਮ ਰਹੀਮ ਨੂੰ ਪੰਥ ਵਿੱਚ ਸ਼ਾਮਲ ਕੀਤਾ ਸੀ। ਅਜੇ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣਾ ਫ਼ੈਸਲਾ ਰੱਦ ਕਰ ਦੇਵੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਅੰਤ੍ਰਿਗ ਕਮੇਟੀ ਦੇ ਮੈਂਬਰਾਂ ਨੂੰ ਅੰਤਰਝਾਤ ਮਾਰਨੀ ਚਾਹੀਦੀ ਹੈ, ਇਤਿਹਾਸ ਵਿੱਚ ਉਨ੍ਹਾਂ ਦੇ ਨਾਮ ਉਨ੍ਹਾਂ ਜਥੇਦਾਰਾਂ ਨਾਲ ਅੰਕਤ ਹੋ ਜਾਣਗੇ ਜਿਨ੍ਹਾਂ ਨੇ ਸਿਰਸੇ ਵਾਲੇ ਨੂੰ ਮੁਆਫ਼ੀ ਦਿੱਤੀ ਸੀ।

-ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ

# ਪੈਗਾਸਸ ਵਿਵਾਦ, ਨਿੱਜਤਾ ਦਾ ਸਵਾਲ ਅਤੇ ਭਾਰਤ

***ਅਮਰੀਕਾ ਦੀ ਅਦਾਲਤ ਵਲੋਂ ਪੈਗਾਸਸ ਜਾਸੂਸੀ ਸਾਫ਼ਟਵੇਅਰ ਮਾਮਲੇ 'ਚ ਇਜ਼ਰਾਇਲ ਦੇ ਐੱਨਐੱਸਓ ਗਰੁੱਪ ਨੂੰ ਜਵਾਬਦੇਹ ਠਹਿਰਾਉਣਾ ਨਿੱਜਤਾ ਦੀ ਰਾਖੀ ਦੇ ਨਜ਼ਰੀਏ ਤੋਂ ਮਹੱਤਵਪੂਰਨ ਘਟਨਾਕ੍ਰਮ ਹੈ। ਇਸ ਕੇਸ ਅਤੇ ਪੈਗਾਸਸ ਰਾਹੀਂ ਜਾਸੂਸੀ ਨਾਲ ਗੰਭੀਰ ਚਿੰਤਾਵਾਂ ਦੀ ਚਰਚਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***

ਕੈਲੀਫੋਰਨੀਆ (ਅਮਰੀਕਾ) ਦੀ ਇਕ ਜ਼ਿਲ੍ਹਾ ਅਦਾਲਤ ਵੱਲੋਂ ਇਜ਼ਰਾਇਲ ਦੇ ਐੱਨ ਐੱਸ ਓ ਗਰੁੱਪ ਨੂੰ ਵੱਟਸਐਪ ਦੇ ਮੁਕੱਦਮੇ ਵਿਚ ਜਵਾਬਦੇਹ ਠਹਿਰਾਏ ਜਾਣ ਨਾਲ ਸਰਕਾਰਾਂ ਵੱਲੋਂ ਆਪਣੇ ਨਾਗਰਿਕਾਂ ਦੀ ਨਿੱਜਤਾ ਵਿਚ ਸੰਨ੍ਹ ਲਾਉਣ ਦਾ ਸਵਾਲ ਮੁੜ ਚਰਚਾ 'ਚ ਹੈ।

ਐੱਨ ਐੱਸ ਓ ਗਰੁੱਪ ਇਜ਼ਰਾਇਲੀ ਕੰਪਨੀ ਹੈ ਜੋ ਬਹੁਤ ਹੀ ਬਦਨਾਮ ਜਾਸੂਸੀ ਸਾਫ਼ਟਵੇਅਰ ਪੈਗਾਸਸ ਦੀ ਨਿਰਮਾਤਾ ਹੈ। ਪੈਗਾਸਸ ਮਿਲਟਰੀ ਗਰੇਡ ਸਾਫ਼ਟਵੇਅਰ (ਭਾਵ ਯੁੱਧ 'ਚ ਹਥਿਆਰ ਵਾਂਗ ਵਰਤਿਆ ਜਾਣ

ਬੂਟਾ ਸਿੰਘ ਮਹਿਮੂਦਪੁਰ

ਵਾਲਾ) ਹੈ, ਜੋ ਮੁੱਖ ਤੌਰ 'ਤੇ ਸਰਕਾਰਾਂ ਨੂੰ ਵੇਚਿਆ ਜਾਂਦਾ ਹੈ। ਵੱਟਸਐਪ ਨੇ 2019 'ਚ ਇਸ ਵਿਰੁੱਧ ਮੁਕੱਦਮਾ ਦਾਇਰ ਕਰਕੇ ਦੋਸ਼ ਲਾਇਆ ਸੀ ਕਿ ਸਰਕਾਰਾਂ ਵੱਲੋਂ ਤਕਰੀਬਨ 1400 ਮੋਬਾਈਲ ਫ਼ੋਨਾਂ ਅਤੇ ਹੋਰ ਡਿਜੀਟਲ ਯੰਤਰਾਂ ਵਿਚ ਪੈਗਾਸਾਸ ਸਾਫ਼ਟਵੇਅਰ ਲਗਾ ਕੇ ਉਨ੍ਹਾਂ ਦੀ ਜਾਸੂਸੀ ਕੀਤੀ ਗਈ, ਜੋ ਫੈਡਰਲ ਕੰਪਿਊਟਰ ਫਰਾਡ ਐਂਡ ਐਬਿਊਜ਼ ਐਕਟ ਅਤੇ ਕੈਲੀਫੋਰਨੀਆ ਦੇ ਕੰਪਰੀਹੈਂਸਿਵ ਕੰਪਿਊਟਰ ਡੇਟਾ ਐਕਸੈੱਸ ਐਂਡ ਫਰਾਡ ਐਕਟ ਦੋਹਾਂ ਦੀ ਉਲੰਘਣਾ ਹੈ।

ਐੱਨ ਐੱਸ ਓ ਗਰੁੱਪ ਦੀਆਂ ਆਪਣੇ ਜਾਸੂਸੀ ਸਾਫ਼ਟਵੇਅਰ ਨੂੰ ਵਾਜਬ ਠਹਿਰਾਉਣ ਲਈ ਪੇਸ਼ ਕੀਤੀਆਂ ਕੋਈ ਵੀ ਸ਼ਾਤਰ ਦਲੀਲਾਂ ਜੱਜ ਨੂੰ ਕਾਇਲ ਨਹੀਂ ਕਰ ਸਕੀਆਂ। ਮੁਕੱਦਮੇ ਦੌਰਾਨ ਐੱਨ ਐੱਸ ਓ ਗਰੁੱਪ ਨੇ ਕਿਹਾ ਕਿ ਖ਼ਰੀਦਣ ਵਾਲੀਆਂ ਸਰਕਾਰਾਂ ਹੀ ਪੈਗਾਸਸ ਦੀ ਵਰਤੋਂ ਨੂੰ ਕੰਟਰੋਲ ਕਰਦੀਆਂ ਹਨ ਅਤੇ ਉਹ ਹੀ ਇਸ ਜ਼ਰੀਏ ਹੈਕਿੰਗ ਲਈ ਜ਼ਿੰਮੇਵਾਰ ਹਨ। ਪਰ ਰਿਪੋਰਟਾਂ ਦੱਸਦੀਆਂ ਹਨ ਕਿ ਕੰਟਰੋਲ ਐੱਨ ਐੱਸ ਓ ਕੋਲ ਹੀ ਰਹਿੰਦਾ ਹੈ। ਐੱਨ ਐੱਸ ਓ ਨੇ ਇਹ ਵੀ ਕਿਹਾ ਕਿ ਇਹ ਆਪਣੇ ਸੋਰਸ ਕੋਡ ਸਿਰਫ਼ ਕਿਸੇ ਇਜ਼ਰਾਇਲੀ ਨਾਗਰਿਕ ਨੂੰ ਹੀ ਦਿਖਾ ਸਕਦਾ ਹੈ, ਜਿਸ ਨੂੰ ਜੱਜ ਨੇ ਗ਼ੈਰਵਿਹਾਰਕ ਕਹਿ ਕੇ ਰੱਦ ਕਰ ਦਿੱਤਾ।

ਜੱਜ ਨੇ ਆਪਣੇ ਆਦੇਸ਼ 'ਚ ਕਿਹਾ ਕਿ ਪੈਗਾਸਸ ਸਾਫ਼ਟਵੇਅਰ ਆਪਣੇ ਗਾਹਕਾਂ ਨੂੰ ਵੱਟਸਐਪ ਦਾ ਸੋਧਿਆ ਹੋਇਆ ਰੂਪ ਵਰਤਣ ਦੀ ਇਜਾਜ਼ਤ ਦਿੰਦਾ ਹੈ ਅਤੇ ਪੈਗਾਸਸ ਖ਼ਰੀਦਣ ਵਾਲੇ ਇਸ ਜ਼ਰੀਏ ਫ਼ੋਨਾਂ ਤੇ ਹੋਰ ਡਿਜੀਟਲ ਯੰਤਰ ਵਰਤਣ ਵਾਲਿਆਂ ਨੂੰ 'ਇੰਸਟਾਲੇਸ਼ਨ ਵੈਕਟਰਾਂ' ਦੇ ਨਾਲ-ਨਾਲ 'ਸਿਫ਼ਰ' ਫ਼ਾਈਲਾਂ ਭੇਜ ਕੇ ਉਨ੍ਹਾਂ ਦੀ ਜਾਸੂਸੀ ਕਰਨਾ ਸ਼ੁਰੂ ਕਰ ਦਿੰਦੇ ਹਨ। ਇਸ ਤਰ੍ਹਾਂ, ਐੱਨ ਐੱਸ ਓ ਗਰੁੱਪ ਨੇ ਯੂ.ਐੱਸ. ਦੇ ਕੰਪਿਊਟਰ ਫਰਾਡ ਐਂਡ ਐਬਿਊਜ਼ ਐਕਟ ਅਤੇ ਵੱਟਸ ਦੀਆਂ ਆਪਣੀਆਂ ਸੇਵਾਵਾਂ ਦੀਆਂ ਸ਼ਰਤਾਂ ਦੀ ਉਲੰਘਣਾ ਕੀਤੀ ਹੈ। ਜੱਜ ਨੇ ਇਹ ਵੀ ਨੋਟ ਕੀਤਾ ਕਿ ਗਰੁੱਪ 'ਪ੍ਰਸੰਗਿਕ ਖੋਜ' ਪੇਸ਼ ਕਰਨ 'ਚ ਲਗਾਤਾਰ ਅਸਫ਼ਲ ਰਿਹਾ ਅਤੇ 'ਅਜਿਹੀ ਖੋਜ ਸੰਬੰਧੀ ਅਦਾਲਤੀ ਹੁਕਮਾਂ ਦੀ ਪਾਲਣਾ ਕਰਨ 'ਚ ਅਸਫ਼ਲ ਰਿਹਾ।' ਵੱਟਸਐਪ ਦੇ ਅਧਿਕਾਰੀਆਂ ਨੇ ਇਸ ਅਦਾਲਤੀ ਆਦੇਸ਼ ਨੂੰ 'ਨਿੱਜਤਾ ਦੀ ਵੱਡੀ ਜਿੱਤ' ਕਿਹਾ ਹੈ। ਇਹ ਵੀ ਰਿਪੋਰਟ ਹੈ ਕਿ ਮਾਰਚ 2025 'ਚ ਐੱਨ ਐੱਸ ਓ ਨੂੰ ਵੱਟਸਐਪ ਨੂੰ ਹੋਏ ਨੁਕਸਾਨ ਦੇ ਇਕ ਵੱਖਰੇ ਮੁਕੱਦਮੇ ਦਾ ਸਾਹਮਣਾ ਵੀ ਕਰਨਾ ਪਵੇਗਾ।

ਪਿਛਲੇ ਸਾਲਾਂ 'ਚ ਇਹ ਭੇਤ ਖੁੱਲ੍ਹਿਆ ਸੀ ਕਿ 'ਪੈਗਾਸਸ' ਜ਼ਰੀਏ ਸਟੇਟ ਅਤੇ ਹੋਰ ਏਜੰਸੀਆਂ ਨਾਪਸੰਦ ਵਿਅਕਤੀ ਦੀ ਨਿੱਜਤਾ ਨੂੰ ਜਦੋਂ ਚਾਹੁਣ ਨਿਸ਼ਾਨਾ ਬਣਾ ਸਕਦੀਆਂ ਹਨ। ਜਿਸ ਫ਼ੋਨ ਜਾਂ ਕੰਪਿਊਟਰ ਨੂੰ ਨਿਸ਼ਾਨਾ ਬਣਾਉਣਾ ਹੋਵੇ, ਉਸ ਵਿਚ ਚੋਰੀ-ਚੋਰੀ ਸਾਫ਼ਟਵੇਅਰ ਭੇਜ ਦਿੱਤਾ ਜਾਂਦਾ ਹੈ। ਫ਼ੋਨ ਵਰਤੋਂਕਾਰ ਵੱਲੋਂ ਬਿਨਾਂ ਕਲਿੱਕ ਕੀਤੇ ਹੀ ਸਾਫ਼ਟਵੇਅਰ ਆਪਣੇ ਆਪ ਚੱਲ ਪੈਂਦਾ ਹੈ ਅਤੇ ਡਿਜੀਟਲ ਯੰਤਰ ਪੂਰੀ ਤਰ੍ਹਾਂ ਜਾਸੂਸੀ ਕਰਨ ਵਾਲਿਆਂ ਦੇ ਕੰਟਰੋਲ 'ਚ ਆ ਜਾਂਦਾ ਹੈ। ਇਹ ਫ਼ੋਨ ਦਾ ਸਮੁੱਚਾ ਡੇਟਾ ਚੁਰਾਉਣ ਦੇ ਨਾਲ-ਨਾਲ ਫ਼ੋਨ ਦੇ ਕੈਮਰੇ ਅਤੇ ਮਾਈਕ ਨੂੰ ਆਪਣੇ ਆਪ ਚਲਾ ਕੇ ਵਾਇਸ ਅਤੇ ਵੀਡੀਓ ਕਾਲ ਦੀ ਲਾਈਵ ਰਿਕਾਰਡਿੰਗ ਕਰਨ ਦੇ ਸਮਰੱਥ ਹੈ। ਇੰਞ, ਨਾਗਰਿਕਾਂ ਦੀ ਨਿੱਜਤਾ ਪੂਰੀ ਤਰ੍ਹਾਂ ਸਾਫ਼ਟਵੇਅਰ ਖ਼ਰੀਦਦਾਰ ਦੇ ਕੰਟਰੋਲ 'ਚ ਹੈ, ਖ਼ਰੀਦਦਾਰ ਚਾਹੇ ਸਟੇਟ ਹੋਵੇ ਜਾਂ ਕੋਈ ਹੋਰ ਤਾਕਤਵਰ ਏਜੰਸੀ।

ਇਹ ਸਾਫ਼ਟਵੇਅਰ ਐਨਾ ਜ਼ਿਆਦਾ ਮਹਿੰਗਾ ਹੈ ਕਿ ਇਸ ਨੂੰ ਸਰਕਾਰ ਅਤੇ ਵੱਡੇ ਕਾਰੋਬਾਰੀ ਹੀ ਖ਼ਰੀਦ ਸਕਦੇ ਹਨ। ਇਹ ਸਾਫ਼ਟਵੇਅਰ ਲਗਾਉਣ ਦੀ ਮੁੱਢਲੀ ਫ਼ੀਸ ਹੀ ਸਾਢੇ ਤਿੰਨ ਕਰੋੜ ਰੁਪਏ ਹੈ। 10 ਐਂਡਰੌਇਡ ਜਾਂ ਆਈਫ਼ੋਨਾਂ ਦੀ ਜਾਸੂਸੀ ਕਰਨ ਦਾ ਖ਼ਰਚਾ ਪੰਜ ਕਰੋੜ ਇਸ ਤੋਂ ਵੱਖਰਾ ਹੈ। ਨਿਰਸੰਦੇਹ, ਸਰਕਾਰਾਂ ਜਾਂ ਖ਼ੁਫ਼ੀਆ ਏਜੰਸੀਆਂ ਹੀ ਇਸ ਦੀ ਵਰਤੋਂ ਕਰ ਸਕਦੀਆਂ ਹਨ। ਭਾਰਤ ਦੀ ਮੌਜੂਦਾ ਹਕੂਮਤ ਆਪਣੇ ਸੌੜੇ ਸਵਾਰਥਾਂ ਲਈ ਇਸ ਸਾਫ਼ਟਵੇਅਰ ਦੀ ਵਿਆਪਕ ਪੈਮਾਨੇ 'ਤੇ ਦੁਰਵਰਤੋਂ ਕਰਨ ਦੀ ਸਿਰਫ਼ ਤਾਕਤ ਹੀ ਨਹੀਂ ਰੱਖਦੀ, ਸਗੋਂ ਆਪਣੇ ਹਿੰਦੂਤਵ ਪ੍ਰੋਜੈਕਟ ਅਨੁਸਾਰ ਸਮਾਜ ਦੀ ਭੰਨਘੜ ਕਰਨ ਲਈ ਨਾਪਸੰਦ ਖ਼ਿਆਲਾਂ ਨੂੰ ਨਿਸ਼ਾਨਾ ਬਣਾਉਣਾ ਇਸ ਦਾ ਬਕਾਇਦਾ ਏਜੰਡਾ ਹੈ। ਜੁਡੀਸ਼ਰੀ, ਚੋਣ ਕਮਿਸ਼ਨ, ਵਿਰੋਧੀ-ਧਿਰ, ਕੈਬਨਿਟ ਮੰਤਰੀ ਅਤੇ ਮੀਡੀਆ ਸਭ ਦੀ ਜਾਸੂਸੀ ਹੋ ਰਹੀ ਹੈ। ਉੱਘੇ ਪੱਤਰਕਾਰਾਂ ਤੋਂ ਲੈ ਕੇ ਸਰਕਾਰ ਦੇ ਚਹੇਤੇ ਕਾਰਪੋਰੇਟਾਂ, ਮੋਦੀ ਦੇ ਚਹੇਤੇ ਸੀਨੀਅਰ ਸੀ.ਬੀ.ਆਈ. ਅਫ਼ਸਰਾਂ ਅਤੇ ਹਿੰਦੂਤਵ ਆਗੂ ਪ੍ਰਵੀਨ ਤੋਗੜੀਆ ਤੱਕ ਦੀ ਜਾਸੂਸੀ ਤੋਂ ਸਪਸ਼ਟ ਹੈ ਕਿ ਜਿਸ ਦਾ ਵਤੀਰਾ ਸਰਕਾਰ ਵਿਰੋਧੀ ਹੈ ਜਾਂ ਜਿਸ ਦੀ ਸੱਤਾ ਪ੍ਰਤੀ ਵਫ਼ਾਦਾਰੀ ਉੱਪਰ ਸ਼ੱਕ ਹੈ ਜਾਂ ਜਿਸ ਕੋਲ ਸਰਕਾਰ ਬਣਾਉਣ ਉੱਪਰ ਅਸਰਅੰਦਾਜ਼ ਹੋਣ ਦੀ ਤਾਕਤ ਹੈ ਉਹ ਸਾਰੇ ਪੈਗਾਸਸ ਦੇ ਨਿਸ਼ਾਨੇ 'ਤੇ ਹਨ।

2019 'ਚ ਯੂਨੀਵਰਸਿਟੀ ਆਫ ਟੋਰਾਂਟੋ ਦੀ ਸਿਟੀਜ਼ਨ ਲੈਬ ਦੇ ਖ਼ੁਲਾਸੇ ਨੇ ਦੁਨੀਆ ਨੂੰ ਚੌਕਸ ਕੀਤਾ ਸੀ ਕਿ 2016-2018 ਦੇ ਦੋ ਸਾਲ ਦੇ ਅਰਸੇ ਵਿਚ ਕੈਨੇਡਾ, ਬਰਾਜ਼ੀਲ ਅਤੇ ਭਾਰਤ ਸਮੇਤ 45 ਮੁਲਕਾਂ ਵਿਚ ਪੈਗਾਸਸ ਰਾਹੀਂ ਨਾਗਰਿਕਾਂ ਦੀ ਨਿੱਜਤਾ ਨੂੰ ਨਿਸ਼ਾਨਾ ਬਣਾਇਆ ਗਿਆ। ਵੱਟਸਐਪ ਰਾਹੀਂ ਸੰਨ੍ਹ ਲਗਾ ਕੇ ਦੁਨੀਆ ਭਰ ਦੇ 1400 ਵਰਤੋਂਕਾਰਾਂ ਦੀ ਡਿਜੀਟਲ ਜਾਸੂਸੀ ਕੀਤੀ ਗਈ ਸੀ। ਭਾਰਤ ਦੇ ਅੱਠ ਮੋਬਾਈਲ ਨੈੱਟਵਰਕਾਂ ਨੂੰ ਇਸਤੇਮਾਲ ਕਰਕੇ 121 ਵਿਅਕਤੀਆਂ ਦੇ ਫ਼ੋਨਾਂ ਵਿਚ ਘੁਸਪੈਠ ਕੀਤੀ ਗਈ। ਇਨ੍ਹਾਂ ਵਿੱਚੋਂ 20 ਦੇ ਕਰੀਬ ਸ਼ਖਸੀਅਤਾਂ ਨੂੰ ਵੱਟਸਐਪ ਅਤੇ ਸਿਟੀਜ਼ਨ ਲੈਬ ਦੋਨਾਂ ਵੱਲੋਂ ਸੰਪਰਕ ਕਰਕੇ ਇਸ ਬਾਰੇ ਚੁਕੰਨੇ ਕੀਤਾ ਗਿਆ। ਫਿਰ 2021 'ਚ 'ਪੈਗਾਸਸ ਪ੍ਰੋਜੈਕਟ' ਤਹਿਤ 10 ਮੁਲਕਾਂ ਦੀਆਂ 17 ਮੀਡੀਆ ਸੰਸਥਾਵਾਂ, ਜਿਨ੍ਹਾਂ ਵਿਚ ਭਾਰਤ ਦਾ ਸੁਤੰਤਰ ਨਿਊਜ਼ ਪੋਰਟਲ ਦੀ ਵਾਇਰ ਵੀ ਸ਼ਾਮਿਲ ਸੀ, ਦੇ 80 ਪੱਤਰਕਾਰਾਂ ਵੱਲੋਂ ਐਮਨੈਸਟੀ ਇੰਟਰਨੈਸ਼ਨਲ ਦੇ ਸਹਿਯੋਗ ਨਾਲ ਜੋ ਛਾਣਬੀਣ ਕੀਤੀ ਗਈ, ਉਸ ਨੇ ਡਿਜੀਟਲ ਜਾਸੂਸੀ ਦੀਆਂ ਹੋਰ ਬਹੁਤ ਸਾਰੀਆਂ ਪਰਤਾਂ ਸਾਹਮਣੇ ਲਿਆਂਦੀਆਂ। ਇਸ ਪ੍ਰੋਜੈਕਟ ਦੀ ਤਾਲਮੇਲ ਕਰਤਾ ਫਰਾਂਸ ਦੀ ਸੁਤੰਤਰ ਮੀਡੀਆ ਸੰਸਥਾ ਫਾਰਬਿਡਨ ਸਟੋਰੀਜ਼ ਸੀ ਜੋ ਸੈਂਸਰਸ਼ਿਪ ਤੋਂ ਬੇਪ੍ਰਵਾਹ ਹੋ ਕੇ ਸੰਵੇਦਨਸ਼ੀਲ ਮੁੱਦਿਆਂ ਉੱਪਰ ਖੋਜੀ ਪੱਤਰਕਾਰਾਂ ਦੀਆਂ ਰਿਪੋਰਟਾਂ ਛਾਪਦੀ ਹੈ। ਇਸ ਪ੍ਰੋਜੈਕਟ ਨੇ 50 ਹਜ਼ਾਰ ਫ਼ੋਨ ਨੰਬਰਾਂ ਦੇ ਲੀਕ ਹੋਏ ਡੇਟਾਬੇਸ ਦੀ ਛਾਣਬੀਣ ਕੀਤੀ ਜਿਨ੍ਹਾਂ ਨੂੰ ਇਸ ਸਪਾਈਵੇਅਰ ਰਾਹੀਂ ਜਾਸੂਸੀ ਦਾ ਨਿਸ਼ਾਨਾ ਬਣਾਏ ਜਾਣ ਦਾ ਸ਼ੱਕ ਸੀ। ਇਨ੍ਹਾਂ ਵਿੱਚੋਂ 10 ਮੁਲਕਾਂ ਦੇ 1571 ਤੋਂ ਵੱਧ ਨੰਬਰਾਂ ਦੇ ਮਾਲਕਾਂ ਦੀ ਸ਼ਨਾਖ਼ਤ ਵੀ ਹੋ ਗਈ। ਫਾਰੈਂਸਿਕ ਜਾਂਚ ਕਰਨ 'ਤੇ ਪਤਾ ਲੱਗਿਆ ਕਿ ਡੇਟਾਬੇਸ ਵਿਚ ਸ਼ਾਮਿਲ ਕਿਹੜੇ ਨੰਬਰ ਨੂੰ ਹੈਕ ਕਰਨ ਦੀ ਕੋਸ਼ਿਸ਼ ਕੀਤੀ ਗਈ ਜਾਂ ਇਹ ਕੋਸ਼ਿਸ਼ ਕਾਮਯਾਬ ਰਹੀ। ਜੋ ਨੰਬਰ ਡੇਟਾਬੇਸ ਸੂਚੀ ਵਿਚ ਹੈ ਪਰ ਜਿਸ ਦੇ ਫ਼ੋਨ ਦੀ ਫਾਰੈਂਸਿਕ ਜਾਂਚ ਨਹੀਂ ਕੀਤੀ ਗਈ, ਉਹ ਸੰਭਾਵੀ ਨਿਸ਼ਾਨਾ ਵੀ ਹੋ ਸਕਦਾ ਹੈ। ਇਸ ਜਾਂਚ ਦੌਰਾਨ ਐੱਨ ਐੱਸ ਓ ਨੇ ਆਪਣੇ ਗਾਹਕਾਂ ਦੀ ਸੂਚੀ ਜਨਤਕ ਕਰਨ ਤੋਂ ਨਾਂਹ ਕਰ ਦਿੱਤੀ ਜਿਨ੍ਹਾਂ ਨੂੰ ਇਹ ਸਾਫ਼ਟਵੇਅਰ ਵੇਚਿਆ ਗਿਆ ਸੀ। ਪਰ ਭਾਰਤ ਵਿਚ ਪੈਗਾਸਸ ਵਰਤੇ ਜਾਣ ਦੇ ਸੁਰਾਗ ਅਤੇ ਜਿਨ੍ਹਾਂ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਣ ਲਈ ਚੁਣਿਆ ਗਿਆ, ਉਸ ਤੋਂ ਮਜ਼ਬੂਤ ਸੰਕੇਤ ਮਿਲ ਗਏ ਕਿ ਇੱਥੇ ਇਹ ਸਾਫ਼ਟਵੇਅਰ ਵਰਤਣ ਵਾਲੀ ਕੋਈ ਸਰਕਾਰੀ ਏਜੰਸੀ ਹੀ ਹੈ।

ਦੀ ਵਾਇਰ ਅਤੇ ਐਮਨੈਸਟੀ ਇੰਟਰਨੈਸ਼ਨਲ ਨੇ ਮੁੱਢਲੇ ਤੌਰ 'ਤੇ 136 ਵਿਅਕਤੀਆਂ ਦੀ ਸੂਚੀ ਨਸ਼ਰ ਕੀਤੀ ਜੋ ਨਿਸ਼ਾਨਾ ਬਣੇ ਜਾਂ ਨਿਸ਼ਾਨਾ ਬਣੇ ਹੋ ਸਕਦੇ ਹਨ। ਇਨ੍ਹਾਂ ਵਿਚ ਘੱਟੋ-ਘੱਟ 40 ਭਾਰਤੀ ਪੱਤਰਕਾਰ ਸ਼ਾਮਿਲ ਸਨ ਜਿਨ੍ਹਾਂ ਵਿੱਚੋਂ ਕਈਆਂ ਦੇ ਫ਼ੋਨਾਂ ਉੱਪਰ ਪੈਗਾਸਸ ਦੀ ਮੌਜੂਦਗੀ ਸਾਬਤ ਹੋ ਗਈ। ਸੀਨੀਅਰ ਪੱਤਰਕਾਰਾਂ ਐੱਮ.ਕੇ.ਵੇਣੂ, ਸਿਧਾਰਥ ਵਰਧਰਾਜਨ, ਸੁਸ਼ਾਂਤ ਸਿੰਘ, ਪਰੰਜੇ ਗੁਹਾ ਠਾਕੁਰਤਾ, ਐੱਸ.ਐੱਨ.ਐੱਮ.ਅਬਦੀ, ਵਿਜੇਤਾ ਸਿੰਘ, ਸਮਿਤਾ ਸ਼ਰਮਾ ਦੇ ਫ਼ੋਨਾਂ ਉੱਪਰ ਸਪਾਈਵੇਅਰ ਦੀ ਪੁਸ਼ਟੀ ਹੋਈ। ਸੂਚੀ ਵਿਚ ਜੋ ਹੋਰ ਸੀਨੀਅਰ ਪੱਤਰਕਾਰਾਂ ਦੇ ਨਾਂ ਸ਼ਾਮਿਲ ਸਨ ਜਿਵੇਂ ਰੋਹਿਨੀ ਸਿੰਘ, ਪ੍ਰਸ਼ਾਂਤ ਝਾਅ, ਪ੍ਰੇਮ ਸ਼ੰਕਰ ਝਾਅ, ਮੁਜ਼ਾਮਿਲ ਜਲੀਲ, ਜੇ.ਗੋਪੀਕ੍ਰਿਸ਼ਨ, ਸੈਕਤ ਦੱਤਾ, ਇਫ਼ਤਿਖ਼ਾਰ ਗਿਲਾਨੀ, ਜਸਪਾਲ ਸਿੰਘ ਹੇਰਾਂ (ਮੁੱਖ ਸੰਪਾਦਕ ਰੋਜ਼ਾਨਾ ਪਹਿਰੇਦਾਰ), ਰੂਪੇਸ਼ ਕੁਮਾਰ ਸਿੰਘ ਆਦਿ, ਉਹ ਵੀ ਨਿਸ਼ਾਨੇ 'ਤੇ ਸਨ। ਪੱਤਰਕਾਰਾਂ ਤੋਂ ਇਲਾਵਾ, ਉੱਘੇ ਮੁੱਖਧਾਰਾ ਸਿਆਸਤਦਾਨਾਂ ਅਤੇ ਸੀਬੀਆਈ ਦੇ ਸੀਨੀਅਰ ਅਧਿਕਾਰੀਆਂ, ਵਿਗਿਆਨੀਆਂ, ਨਾਗਾ ਤੇ ਕਸ਼ਮੀਰੀ ਆਗੂਆਂ ਅਤੇ ਉੱਤਰ-ਪੂਰਬ ਦੀਆਂ ਹੋਰ ਸ਼ਖਸੀਅਤਾਂ ਦੇ ਨਾਂ ਵੀ ਸੂਚੀ ਵਿਚ ਸਨ। ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ 'ਚ ਫਸਾਏ ਬੁੱਧੀਜੀਵੀਆਂ ਵਿੱਚੋਂ ਨੌਂ ਸ਼ਖਸੀਅਤਾਂ ਦੇ ਨਾਲ-ਨਾਲ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਤੇ ਉਨ੍ਹਾਂ ਦੇ ਵਕੀਲਾਂ, ਹੋਰ ਉੱਘੇ ਕਾਰਕੁੰਨਾਂ ਅਤੇ ਜੇ.ਐੱਨ.ਯੂ. ਦੇ ਤਿੰਨ ਸਾਬਕਾ ਵਿਦਿਆਰਥੀ ਆਗੂਆਂ ਦੇ ਨਾਂ ਵੀ ਸ਼ਾਮਿਲ ਸਨ। ਇਨ੍ਹਾਂ ਸਾਰਿਆਂ ਉੱਪਰ ਸਰਕਾਰ ਦੇ ਆਲੋਚਕ ਹੋਣ ਕਾਰਨ ਨਜ਼ਰ ਰੱਖੀ ਜਾ ਰਹੀ ਸੀ। ਰੱਖਿਆ ਮਾਮਲਿਆਂ ਦੀ ਰਿਪੋਰਟਿੰਗ ਕਰਨ ਵਾਲੇ ਪੱਤਰਕਾਰਾਂ ਦੀ ਜਾਸੂਸੀ ਤੋਂ ਜ਼ਾਹਿਰ ਸੀ ਕਿ ਰਾਫ਼ੇਲ ਘੋਟਾਲੇ ਨਾਲ ਜੁੜੀਆਂ ਖ਼ਬਰਾਂ ਉੱਪਰ ਨਜ਼ਰ ਰੱਖੀ ਜਾ ਰਹੀ ਸੀ। ਮੋਦੀ ਦੇ ਚਹੇਤੇ ਸੀ ਬੀ ਆਈ ਦੇ ਸੀਨੀਅਰ ਅਫ਼ਸਰਾਂ ਦੀ ਜਾਸੂਸੀ ਤੋਂ ਸਪਸ਼ਟ ਸੀ ਕਿ ਉਨ੍ਹਾਂ ਦੀ ਵਫ਼ਾਦਾਰੀ ਵੀ ਨਿਗਰਾਨੀ ਹੇਠ ਸੀ। ਸੀ ਬੀ ਆਈ ਦੇ ਤੱਤਕਾਲੀ ਨਿਰਦੇਸ਼ਕ ਆਲੋਕ ਵਰਮਾ ਅਤੇ ਉਸ ਦੇ ਪਰਿਵਾਰ ਦੇ ਅੱਠ ਜੀਆਂ ਦੀ ਜਾਸੂਸੀ ਦੀ ਕੋਈ ਖ਼ਾਸ ਵਜ੍ਹਾ ਹੋਵੇਗੀ। ਅਨਿਲ ਅੰਬਾਨੀ, ਰਾਫ਼ੇਲ ਜਹਾਜ਼ ਨਿਰਮਾਤਾ ਕੰਪਨੀ ਦੇ ਨੁਮਾਇੰਦੇ ਵੈਂਕਟ ਰਾਓ, ਸਾਬ ਇੰਡੀਆ ਦੇ ਮੁਖੀ ਇੰਦਰਜੀਤ ਸਿਆਲ ਅਤੇ ਬੋਇੰਗ ਇੰਡੀਆ ਦੇ ਮੁਖੀ ਪ੍ਰਤਿਊਸ਼ ਕੁਮਾਰ, ਫਰਾਂਸ ਦੀ ਕੰਪਨੀ ਐਨਰਜੀ ਈ ਡੀ ਐੱਫ ਦੇ ਮੁਖੀ ਹਰਮਨਜੀਤ ਨੇਗੀ ਆਦਿ ਵੱਡੇ ਕਾਰੋਬਾਰੀਆਂ ਜਾਂ ਉਨ੍ਹਾਂ ਦੇ ਨੁਮਾਇੰਦਿਆਂ ਦੇ ਫ਼ੋਨ ਨੰਬਰ ਵੀ ਲੀਕ ਹੋਏ ਡੇਟਾ ਵਿਚ ਮਿਲੇ। ਜ਼ਾਹਿਰ ਹੈ ਕਿ ਕਿਸੇ ਖ਼ਾਸ ਮਨੋਰਥ ਤਹਿਤ ਉਹ ਸਾਰੇ ਨਿਗਰਾਨੀ ਹੇਠ ਸਨ। ਅਨਿਲ ਅੰਬਾਨੀ ਅਤੇ ਉਸ ਦੇ ਅਧਿਕਾਰੀ ਇਸ ਲਈ ਨਿਗਰਾਨੀ ਹੇਠ ਸਨ ਕਿ ਉਹ ਰਾਫ਼ੇਲ ਘੁਟਾਲੇ ਵਿਚ ਕੋਈ ਬਿਆਨ ਦੇ ਕੇ ਮੋਦੀ ਵਜ਼ਾਰਤ ਲਈ ਕੋਈ ਮੁਸੀਬਤ ਖੜ੍ਹੀ ਨਾ ਕਰ ਦੇਣ।

ਆਰ ਐੱਸ ਐੱਸ-ਬੀ ਜੇ ਪੀ ਸਰਕਾਰ ਨੇ ਇਹ ਝੂਠ ਪ੍ਰਚਾਰਨ ਦੀ ਕੋਸ਼ਿਸ ਕੀਤੀ ਕਿ ਇਸ ਦਾ ਜਾਸੂਸੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਇਹ ਮੁੱਦਾ ਉਛਾਲਿਆ ਗਿਆ ਕਿ ਇਹ ਸਰਕਾਰ ਨੂੰ ਬਦਨਾਮ ਕਰਨ ਦੀ ਵਿਰੋਧੀ ਧਿਰ ਦੀ ਸਾਜ਼ਿਸ਼ ਹੈ। ਜਾਅਲੀ ਖ਼ਬਰਾਂ ਅਤੇ ਅਫ਼ਵਾਹਾਂ ਦੇ ਮਾਹਿਰ ਸੰਘ ਬਰਗੇਡ ਨੇ ਇਨ੍ਹਾਂ ਖ਼ੁਲਾਸਿਆਂ ਨੂੰ 'ਪੀਲੀ ਪੱਤਰਕਾਰੀ' ਕਹਿਣ ਦੀ ਬੇਸ਼ਰਮੀਂ ਕੀਤੀ। ਪਰ ਉਨ੍ਹਾਂ ਨੇ ਇਸ ਸਵਾਲ ਦਾ ਜਵਾਬ ਨਹੀਂ ਦਿੱਤਾ ਕਿ ਜੋ ਸਾਫ਼ਟਵੇਅਰ ਸਿਰਫ਼ ਸਰਕਾਰਾਂ ਨੂੰ ਵੇਚਿਆ ਜਾਂਦਾ ਹੈ ਅਤੇ ਜੋ ਆਮ ਨਾਗਰਿਕਾਂ ਦੀ ਪਹੁੰਚ ਵਿਚ ਨਹੀਂ ਹੈ, ਉਹ ਭਾਰਤ ਵਿਚ ਕਿਵੇਂ ਵਰਤਿਆ ਗਿਆ। ਜੇ ਭਾਰਤ ਸਰਕਾਰ ਨੇ ਨਹੀਂ ਖ਼ਰੀਦਿਆ, ਫਿਰ ਉਹ ਕਿਹੜੀ ਏਜੰਸੀ ਹੈ ਜਿਸ ਨੇ ਸਰਕਾਰ ਦੀ ਮਨਜ਼ੂਰੀ ਤੋਂ ਬਿਨਾਂ ਹੀ ਖ਼ਰੀਦ ਕੇ ਐਨੇ ਲੋਕਾਂ ਦੀ ਜਾਸੂਸੀ ਕੀਤੀ ਅਤੇ ਉਸ ਦਾ ਮਨੋਰਥ ਕੀ ਸੀ? ਫਰਾਂਸ ਨੇ ਇਸ ਦੀ ਪਾਰਲੀਮੈਂਟਰੀ ਜਾਂਚ ਦਾ ਆਦੇਸ਼ ਦਿੱਤਾ; ਜਰਮਨੀ ਦੇ ਚਾਂਸਲਰ ਨੇ ਇਸ ਸਾਫ਼ਟਵੇਅਰ ਦੇ ਵਪਾਰ ਉੱਪਰ ਬੰਦਸ਼ਾਂ ਲਾਉਣ ਦਾ ਸੱਦਾ ਦਿੱਤਾ; ਹੰਗਰੀ ਨੇ ਵੀ ਜਾਂਚ ਕਰਾਉਣ ਦਾ ਐਲਾਨ ਕੀਤਾ, ਪਰ ਭਾਰਤ ਦੀ ਭਗਵਾ ਸਰਕਾਰ ਜਾਂਚ ਕਰਾਉਣ ਤੋਂ ਹੀ ਟਾਲਮਟੋਲ ਕਰਦੀ ਰਹੀ। ਨਾ ਇਸ ਨੇ ਸਾਫ਼ਟਵੇਅਰ ਖ਼ਰੀਦਣ ਦੀ ਪੁਸ਼ਟੀ ਕੀਤੀ ਅਤੇ ਨਾ ਇਨਕਾਰ ਕੀਤਾ। 2021 'ਚ ਸੁਪਰੀਮ ਕੋਰਟ ਦੇ ਆਦੇਸ਼ 'ਤੇ ਬਣਾਈ ਤਕਨੀਕੀ ਕਮੇਟੀ ਨੇ ਪੰਜ ਫ਼ੋਨਾਂ ਦੀ ਜਾਂਚ ਕਰਕੇ ਕਿਹਾ ਕਿ ਉਨ੍ਹਾਂ ਨੂੰ ਸਿੱਟਾਜਨਕ ਸਬੂਤ ਤਾਂ ਨਹੀਂ ਮਿਲਿਆ, ਪਰ ਇਹ ਗੱਲ ਵੀ ਕਹੀ ਕਿ ਕੇਂਦਰ ਸਰਕਾਰ ਨੇ ਜਾਂਚ 'ਚ ਸਹਿਯੋਗ ਨਹੀਂ ਦਿੱਤਾ। ਰਿਪੋਰਟ ਅਜੇ ਵੀ ਸੀਲਬੰਦ ਪਈ ਹੈ।

ਭਾਰਤ ਵਰਗੇ ਮੁਲਕਾਂ 'ਚ ਜਿੱਥੇ ਨਾਗਰਿਕਾਂ ਦੀ ਨਿੱਜਤਾ ਦੀ ਸੁਰੱਖਿਆ ਲਈ ਭਰੋਸੇਯੋਗ ਸੰਵਿਧਾਨਕ ਵਿਵਸਥਾ ਨਾ ਹੋਣ ਕਾਰਨ ਸਰਕਾਰ ਦੀ ਕੋਈ ਜਵਾਬਦੇਹੀ ਨਹੀਂ ਹੈ ਅਤੇ ਜਿੱਥੇ ਸੰਵਿਧਾਨ ਦੀਆਂ ਸਭ ਤੋਂ ਵੱਧ ਧੱਜੀਆਂ ਹਕੂਮਤ ਵੱਲੋਂ ਹੀ ਉਡਾਈਆਂ ਜਾਂਦੀਆਂ ਹਨ, ਉੱਥੇ ਕੇਂਦਰ ਸਰਕਾਰ ਵੱਲੋਂ ਆਪਣੀ ਕਿਸੇ ਖ਼ੁਫ਼ੀਆ ਏਜੰਸੀ ਰਾਹੀਂ ਨਾਗਰਿਕਾਂ ਦੀ ਨਿੱਜਤਾ 'ਚ ਸੰਨ੍ਹ ਲਾਉਣਾ ਬਹੁਤ ਸੌਖਾ ਹੈ। ਏਸ਼ੀਆ ਟਾਈਮਜ਼ ਦੀ 2019 ਦੀ ਰਿਪੋਰਟ ਅਨੁਸਾਰ, 'ਘੱਟੋਘੱਟ ਇਕ ਕੇਂਦਰੀ ਖ਼ੁਫ਼ੀਆ ਏਜੰਸੀ ਪੈਗਾਸਸ ਜਾਸੂਸੀ ਸਾਫ਼ਟਵੇਅਰ ਦੇ ਖ਼ਰੀਦਦਾਰਾਂ ਚੋਂ ਇਕ ਸੀ ਜੋ ਹਰ ਸੂਬੇ ਤੋਂ ਖ਼ੁਫ਼ੀਆ ਜਾਣਕਾਰੀ ਇਕੱਠੀ ਕਰਦੀ ਹੈ।' ਕੇਂਦਰੀ ਏਜੰਸੀ ਆਈ ਬੀ (ਇੰਟੈਲੀਜੈਂਸ ਬਿਊਰੋ) ਬਰਤਾਨਵੀ ਹਕੂਮਤ ਦੇ 1887 ਦੇ ਇਕ ਹੁਕਮ ਤਹਿਤ ਬਣਾਈ ਗਈ ਸੀ ਅਤੇ ਰਾਅ ਵੀ 1968 'ਚ ਸਿਰਫ਼ ਇਕ ਸਰਕਾਰੀ ਹੁਕਮ ਰਾਹੀਂ ਬਣਾਈ ਗਈ ਸੀ। ਆਈ ਬੀ ਦਾ ਸਾਬਕਾ ਜੁਆਇੰਟ ਡਾਇਰੈਕਟਰ ਮਲੋਏ ਕ੍ਰਿਸ਼ਨਾ ਧਰ ਆਪਣੀ ਚਰਚਿਤ ਕਿਤਾਬ 'ਖੁੱਲ੍ਹੇ ਭੇਤ' ਵਿਚ ਏਜੰਸੀ ਦੀਆਂ ਮਨਮਾਨੀਆਂ ਉੱਪਰ ਗੰਭੀਰ ਸਵਾਲ ਉਠਾ ਚੁੱਕਾ ਹੈ। ਇਹ ਏਜੰਸੀਆਂ ਸਿੱਧੀਆਂ ਕੇਂਦਰ ਸਰਕਾਰ ਦੇ ਹੁਕਮਾਂ ਅਨੁਸਾਰ ਕੇਂਦਰੀ ਵਜ਼ਾਰਤ, ਖ਼ਾਸ ਕਰਕੇ ਪ੍ਰਧਾਨ ਮੰਤਰੀ ਦੀਆਂ ਨਿੱਜੀ ਏਜੰਸੀਆਂ ਵਜੋਂ ਕੰਮ ਕਰਦੀਆਂ ਹਨ। ਕੇਂਦਰ ਸਰਕਾਰ ਦੀਆਂ ਖ਼ੁਫ਼ੀਆ ਜਾਣਕਾਰੀ ਹਾਸਲ ਕਰਨ ਦੀਆਂ ਸਮਰੱਥਾਵਾਂ ਉੱਪਰ ਸੰਸਦ ਦਾ ਕੋਈ ਕੁੰਡਾ ਨਹੀਂ ਹੈ ਅਤੇ ਕੋਈ ਸੰਸਦੀ ਕਮੇਟੀ ਇਨ੍ਹਾਂ ਦੀ ਨਿਗਰਾਨੀ ਨਹੀਂ ਕਰਦੀ।

ਐੱਨ ਐੱਸ ਓ ਗਰੁੱਪ ਦਾ ਇਜ਼ਰਾਇਲੀ ਸਟੇਟ ਨਾਲ ਗੂੜ੍ਹਾ ਰਿਸ਼ਤਾ ਹੈ। ਪੈਗਾਸਸ ਇਜ਼ਰਾਇਲ ਦੇ ਰੱਖਿਆ ਮੰਤਰਾਲੇ ਦੀ ਮਨਜ਼ੂਰੀ ਨਾਲ ਵੇਚਿਆ ਜਾਂਦਾ ਹੈ। ਫਾਸ਼ੀਵਾਦੀ ਇਜ਼ਰਾਇਲੀ ਰਾਜ ਦੀ ਭਾਰਤੀ ਰਾਜ ਨਾਲ ਗੂੜ੍ਹੀ ਸਾਂਝ ਹੈ ਅਤੇ ਪੈਗਾਸਸ ਵਰਗੇ ਅਤਿ-ਆਧੁਨਿਕ, ਅਤਿ ਮਹਿੰਗੇ ਸਾਫ਼ਟਵੇਅਰ ਸਿਰਫ਼ ਭਾਰਤ ਸਰਕਾਰ ਹੀ ਵਰਤ ਸਕਦੀ ਹੈ। ਜਾਸੂਸੀ ਦੇ ਸਮੇਂ ਅਤੇ ਭਾਰਤ ਵਿਚਲੇ ਤੱਤਕਾਲੀ ਘਟਨਾਕ੍ਰਮ ਨੂੰ ਦੇਖਦਿਆਂ ਪੈਗਾਸਸ ਦਾ ਸੰਬੰਧ ਮੋਦੀ ਸਰਕਾਰ ਨਾਲ ਜੁੜਦਾ ਹੈ। ਤੱਥਾਂ ਅਨੁਸਾਰ ਭਾਰਤ ਵਿਚ ਪੈਗਾਸਸ ਦਾ ਇਸਤੇਮਾਲ 2017 'ਚ ਨਰਿੰਦਰ ਮੋਦੀ ਦੀ ਇਜ਼ਰਾਇਲ ਫੇਰੀ ਅਤੇ ਇਜ਼ਰਾਇਲੀ ਦੇ ਤੱਤਕਾਲੀ ਰਾਸ਼ਟਰਪਤੀ ਬੈਂਜਾਮਿਨ ਨੇਤਨਯਾਹੂ ਨਾਲ ਲੰਮੀ ਮੁਲਾਕਾਤ ਤੋਂ ਬਾਦ ਸ਼ੁਰੂ ਹੋਇਆ। ਉੱਘੇ ਵਕੀਲ ਪ੍ਰਸ਼ਾਂਤ ਭੂਸ਼ਨ ਵੱਲੋਂ ਕੀਤੇ ਖ਼ੁਲਾਸੇ ਅਨੁਸਾਰ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦਾ ਬਜਟ ਜੋ 2016-17 'ਚ 33 ਕਰੋੜ ਰੁਪਏ ਸੀ ਉਹ 2017-18 'ਚ ਦਸ ਗੁਣਾਂ ਵਧਾ ਕੇ 333 ਕਰੋੜ ਰੁਪਏ ਕੀਤਾ ਗਿਆ ਜਿਸ ਦਾ ਦੋ-ਤਿਹਾਈ ਹਿੱਸਾ ਸਾਈਬਰ ਸਕਿਊਰਿਟੀ ਰਿਸਰਚ ਲਈ ਸੀ। ਇਹ ਉਹੀ ਵਕਤ ਹੈ ਜਦੋਂ 100 ਕਰੋੜ ਰੁਪਏ ਪੈਗਾਸਸ ਖ਼ਰੀਦਣ ਉੱਪਰ ਖ਼ਰਚੇ ਗਏ।

ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਖ਼ੁਲਾਸਾ ਕੀਤਾ ਸੀ ਕਿ ਚਾਰ-ਪੰਜ ਸਾਲ ਪਹਿਲਾਂ ਉਸ ਨੂੰ ਰਾਜ ਦੀ ਪੁਲਿਸ ਲਈ 25 ਕਰੋੜ ਰੁਪਏ 'ਚ ਪੈਗਾਸਸ ਮੁਹੱਈਆ ਕਰਨ ਦੀ ਪੇਸ਼ਕਸ਼ ਕੀਤੀ ਗਈ ਸੀ। ਆਂਧਰਾ ਪ੍ਰਦੇਸ਼ 'ਚ ਵੀ ਪੈਗਾਸਸ ਦੀ ਵਰਤੋਂ ਵਾਈ ਐੱਸ ਆਰ ਕਾਂਗਰਸ ਪਾਰਟੀ ਅਤੇ ਤੇਲਗੂ ਦੇਸਮ ਪਾਰਟੀ ਦਰਮਿਆਨ ਰਾਜਨੀਤਕ ਮੁੱਦਾ ਬਣੀ ਹੋਈ ਹੈ। 2022 'ਚ ਤਤਕਾਲੀ ਸਰਕਾਰ ਨੇ ਇਹ ਜਾਂਚ ਕਰਾਉਣ ਲਈ ਵਿਧਾਨਸਭਾ 'ਚ ਮਤਾ ਪਾਸ ਕੀਤਾ ਕਿ ਕੀ ਚੰਦਰਬਾਬੂ ਨਾਇਡੂ ਵੱਲੋਂ ਆਪਣੇ ਰਾਜਨੀਤਕ ਸ਼ਰੀਕਾਂ ਦੀ ਜਾਸੂਸੀ ਲਈ ਪੈਗਾਸਸ ਖ਼ਰੀਦਿਆ ਗਿਆ ਸੀ? 2024 'ਚ ਚੰਦਰਬਾਬੂ ਦੀ ਸਰਕਾਰ ਬਣੀ ਤਾਂ ਉਸਨੇ ਡੀਜੀਪੀ ਤੋਂ ਰਿਪੋਰਟ ਮੰਗ ਲਈ ਕਿ ਕੀ ਜਗਨ ਮੋਹਨ ਰੈੱਡੀ ਦੀ ਸਰਕਾਰ ਨੇ ਉਸਦੇ ਅਤੇ ਉਸਦੇ ਪੁੱਤਰ ਦੇ ਫ਼ੋਨਾਂ ਦੀ ਜਾਸੂਸੀ ਲਈ ਪੈਗਾਸਸ ਵਰਤਿਆ ਸੀ ਜਾਂ ਨਹੀਂ। ਇਹ ਵੀ ਭਾਰਤ ਸਰਕਾਰ ਦੀ ਮਨਜ਼ੂਰੀ ਨਾਲ ਪੈਗਾਸਸ ਵਰਤਣ ਦੇ ਸੰਕੇਤ ਹਨ।

ਮਨੁੱਖਤਾ ਵਿਰੋਧੀ ਇਸ ਮਹਾਂ-ਜੁਰਮ ਲਈ ਸਿਰਫ਼ ਇਜ਼ਰਾਇਲੀ ਕੰਪਨੀ ਜ਼ਿੰਮੇਵਾਰ ਨਹੀਂ ਹੈ, ਅਸਲ ਜ਼ਿੰਮੇਵਾਰ ਇਜ਼ਰਾਇਲੀ ਸਟੇਟ ਅਤੇ ਇਸ ਦਾ ਸਰਪ੍ਰਸਤ ਅਮਰੀਕਾ ਹੈ ਜਿਸ ਦੀ ਮਨਜ਼ੂਰੀ ਤੋਂ ਬਿਨਾਂ ਸਾਫ਼ਟਵੇਅਰ ਵੇਚਣਾ ਸੰਭਵ ਹੀ ਨਹੀਂ ਹੈ। ਅਮਰੀਕਾ ਦੇ ਫ਼ੋਨ ਨੈੱਟਵਰਕ ਇਸ ਸਾਫ਼ਟਵੇਅਰ ਦੀ ਮਾਰ ਤੋਂ ਬਾਹਰ ਰੱਖੇ ਗਏ ਹਨ। ਇਸ ਕਰਕੇ ਇਸ ਦਾ ਅਸਲ ਯੋਜਨਾਘਾੜਾ ਅਮਰੀਕਨ-ਇਜ਼ਰਾਇਲੀ ਗੱਠਜੋੜ ਹੈ ਅਤੇ ਪੈਗਾਸਸ ਦੀ ਵਰਤੋਂ ਉਨ੍ਹਾਂ ਮੁਲਕਾਂ 'ਚ ਸਾਹਮਣੇ ਆਈ ਹੈ ਜਿੱਥੇ ਅਮਰੀਕਾ-ਇਜ਼ਰਾਇਲ ਗੱਠਜੋੜ ਦੇ ਭੂਗੋਲਿਕ-ਰਾਜਨੀਤਕ ਹਿਤ ਹਨ। ਇਸ ਲਈ ਜਾਸੂਸੀ ਉੱਪਰ ਅਮਰੀਕਨ ਹੁਕਮਰਾਨਾਂ ਦੀ ਖੇਖਣਹਾਰ ਚਿੰਤਾ ਨਿਰਾ ਢੌਂਗ ਹੈ। ਇਹ ਵਿਵਾਦ ਖੜ੍ਹਾ ਹੋਣ 'ਤੇ 2021 'ਚ ਬਾਇਡਨ ਸਰਕਾਰ ਨੇ ਐੱਨ ਐੱਸ ਓ ਨੂੰ ਕਾਲੀ ਸੂਚੀ ਵਿਚ ਪਾ ਦਿੱਤਾ ਸੀ ਅਤੇ ਅਮਰੀਕਾ ਦੀਆਂ ਸਰਕਾਰੀ ਏਜੰਸੀਆਂ ਨੂੰ ਇਸ ਦਾ ਸਮਾਨ ਖ਼ਰੀਦਣ ਦੀ ਮਨਾਹੀ ਕਰ ਦਿੱਤੀ ਸੀ। ਇਹ ਨਹੀਂ ਕਿਹਾ ਜਾ ਸਕਦਾ ਕਿ ਬਾਇਡਨ ਪ੍ਰਸ਼ਾਸਨ ਨਾਗਰਿਕਤਾ ਦੀ ਨਿੱਜਤਾ ਲਈ ਗੰਭੀਰ ਸੀ। ਇਸ ਦਾ ਕਾਰਨ ਭਰੋਸੇਯੋਗਤਾ ਬਣਾਈ ਰੱਖਣ ਦੀ ਜ਼ਰੂਰਤ ਵੀ ਹੋ ਸਕਦਾ ਹੈ ਅਤੇ ਇਜ਼ਰਾਇਲ ਤੋਂ ਛੋਟਾਂ ਲੈਣ ਲਈ ਉਸ ਉੱਪਰ ਦਬਾਅ ਪਾਉਣਾ ਵੀ।

ਪੈਗਾਸਸ ਸਾਫ਼ਟਵੇਅਰ ਰਾਹੀਂ ਡਿਜੀਟਲ ਜਾਸੂਸੀ ਦੇ ਵਾਰ-ਵਾਰ ਖ਼ੁਲਾਸੇ ਦੁਨੀਆ ਲਈ ਗੰਭੀਰ ਚੇਤਾਵਨੀ ਹਨ ਕਿ ਨਾਗਰਿਕਾਂ ਦੀ ਨਿੱਜਤਾ ਅਤਿਅੰਤ ਖ਼ਤਰਨਾਕ ਹਮਲੇ ਦੀ ਮਾਰ ਹੇਠ ਹੈ। ਨਿੱਜਤਾ 'ਚ ਇਹ ਸੰਨ੍ਹ ਸਟੇਟ ਵੱਲੋਂ ਹੋਣ ਕਾਰਨ ਇਸ ਦਾ ਦਾਇਰਾ ਅਤਿਅੰਤ ਵਸੀਹ ਹੈ। ਵੱਟਸਐਪ, ਫੇਸਬੁੱਕ ਅਤੇ ਹੋਰ ਸੋਸ਼ਲ ਮੀਡੀਆ ਐਪਸ ਦੇ ਵਰਤੋਂਕਾਰਾਂ ਦੀ ਨਿੱਜੀ ਜਾਣਕਾਰੀ ਨੂੰ ਬਿਨਾਂ ਦੱਸੇ ਕਿੱਥੇ ਅਤੇ ਕਿਵੇਂ ਇਸਤੇਮਾਲ ਕਰਨਾ ਹੈ, ਇਹ ਹਕੂਮਤੀ ਦੀ ਮਿਲੀਭੁਗਤ ਨਾਲ ਪੂਰੀ ਤਰ੍ਹਾਂ ਕਾਰਪੋਰੇਟ ਸਰਮਾਏਦਾਰੀ ਦੇ ਕੰਟਰੋਲ 'ਚ ਹੈ। ਭਾਰਤ ਵਿਚ ਫ਼ੋਨ ਅਤੇ ਹੋਰ ਜਾਣਕਾਰੀ ਨੂੰ ਆਧਾਰ ਨੰਬਰ ਨਾਲ ਜੋੜਨ ਦਾ ਮਨੋਰਥ ਵੀ ਕਥਿਤ ਸੁਰੱਖਿਆ ਅਤੇ ਸਹੂਲਤ ਦੀ ਬਜਾਏ ਨਾਗਰਿਕਾਂ ਦੀ ਨਿੱਜਤਾ ਉੱਪਰ ਕੰਟਰੋਲ ਹੀ ਹੈ। ਅਤਿ-ਆਧੁਨਿਕ ਸਾਫ਼ਟਵੇਅਰ ਜਾਂ ਸਪਾਈਵੇਅਰ ਨਾਲ ਲੈਸ ਏਜੰਸੀਆਂ ਨੇ ਕਦੋਂ, ਕਿਸ ਨੂੰ ਨਿਸ਼ਾਨਾ ਬਣਾਉਣਾ ਹੈ ਇਹ ਹਾਸਲ ਹਾਲਾਤ ਵਿਚ ਹੁਕਮਰਾਨ ਧਿਰ ਦੇ ਏਜੰਡਿਆਂ ਅਤੇ ਜ਼ਰੂਰਤਾਂ ਤੋਂ ਤੈਅ ਹੁੰਦਾ ਹੈ।

ਭਾਰਤ ਦੀ ਤ੍ਰਾਸਦੀ ਇਹ ਹੈ ਕਿ ਇੱਥੇ ਡਿਜੀਟਲ ਤਕਨਾਲੋਜੀ ਵਰਤਣ ਦਾ ਜਨੂੰਨ ਤਾਂ ਹੈ ਪਰ ਅਜੇ ਨਿੱਜਤਾ ਬਾਰੇ ਜਾਗਰੂਕਤਾ ਬਿਲਕੁਲ ਨਹੀਂ ਹੈ। ਲਿਹਾਜ਼ਾ, ਭਗਵਾ ਹਕੂਮਤ ਨੂੰ ਉਪਰੋਕਤ ਘਿਣਾਉਣੀ ਜਾਸੂਸੀ ਰਾਹੀਂ ਨਿੱਜਤਾ ਨੂੰ ਕੰਟਰੋਲ ਕਰਨ ਸਮੇਂ ਕਿਸੇ ਵੱਡੇ ਵਿਰੋਧ ਦਾ ਸਾਹਮਣਾ ਨਹੀਂ ਕਰਨਾ ਪੈ ਰਿਹਾ। ਜਦੋਂ ਕਦੇ ਭਵਿੱਖ 'ਚ ਭਾਰਤ ਦੇ ਆਵਾਮ ਇਸ ਬਾਰੇ ਜਾਗਰੂਕ ਹੋਏ, ਉਦੋਂ ਬਹੁਤ ਦੇਰ ਹੋ ਚੁੱਕੀ ਹੋਵੇਗੀ।

# ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ 'ਵੀਰ ਬਾਲ ਦਿਵਸ' ਕਹਿਣਾ: ਕੀ ਸਿੱਖ ਮਰਿਆਦਾ ਨਾਲ ਖਿਲਵਾੜ ਨਹੀਂ?



ਪ੍ਰੋਫੈਸਰ (ਡਾ.) ਦਲਜੀਤ ਸਿੰਘ

ਸਿੱਖ ਇਤਿਹਾਸ ਵਿਚ ਸ਼ਹਾਦਤ ਦੇ ਸੰਕਲਪ ਪੱਖੋਂ ਪੋਹ (ਦਸੰਬਰ-ਜਨਵਰੀ) ਦਾ ਮਹੀਨਾ ਬਹੁਤ ਮਹੱਤਵਪੂਰਨ ਹੈ। ਇਸ ਮਹੀਨੇ ਦੇ ਇੱਕ ਹਫਤੇ ਦੇ ਵਿਚ ਵਿਚ ਹੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ, ਅਤੇ ਮਾਤਾ ਗੁਜਰੀ ਜੀ ਨੇ ਸ਼ਹੀਦੀ ਪ੍ਰਾਪਤ ਕੀਤੀ। ਛੇ ਪੋਹ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਪਰਿਵਾਰ ਸਮੇਤ ਸ੍ਰੀ ਅਨੰਦਪੁਰ ਸਾਹਿਬ ਦਾ ਕਿਲਾ ਛੱਡਿਆ। ਸੱਤ ਪੋਹ ਨੂੰ ਸਰਸਾ ਨਦੀ ਪਾਰ ਕਰਦੇ ਹੋਏ ਗੁਰੂ ਜੀ ਦਾ ਪਰਿਵਾਰ ਵੰਡਿਆ ਗਿਆ। ਗੁਰੂ ਗੋਬਿੰਦ ਸਿੰਘ ਜੀ, ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਚਮਕੌਰ ਸਾਹਿਬ ਦੀ ਗੜ੍ਹੀ ਪਹੁੰਚੇ। ਦੂਜੇ ਪਾਸੇ ਸੱਤ ਪੋਹ ਦੀ ਰਾਤ ਨੂੰ ਹੀ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਸਰਸਾ ਨਦੀ ਕਿਨਾਰੇ ਕੁੰਮੇ ਮਸ਼ਕੀ ਦੀ ਝੌਂਪੜੀ ਵਿਚ ਠਹਿਰੇ। ਅੱਠ ਪੋਹ ਨੂੰ ਚਮਕੌਰ ਦੀ ਗੜ੍ਹੀ ਵਿਚ ਜੰਗ ਹੋਈ, ਜਿੱਥੇ ਦੋਨੋਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਮੁਗ਼ਲ ਫੌਜਾਂ ਨਾਲ 'ਸਵਾ ਲਾਖ ਸੇ ਏਕ ਲੜਾਊ' ਦੇ ਕਥਨ ਨੂੰ ਅਸਲੀ ਜਾਮਾ ਪਹਿਨਾਉਂਦਿਆਂ ਸ਼ਹਾਦਤ ਪ੍ਰਾਪਤ ਕਰ ਗਏ। ਅੱਠ ਪੋਹ ਨੂੰ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਗੰਗੂ ਬ੍ਰਾਹਮਣ ਦੀ ਝੌਂਪੜੀ ਵਿਚ ਰਹੇ। ਗੰਗੂ ਬ੍ਰਾਹਮਣ ਦੀ ਨਮਕ ਹਰਾਮੀ ਕਰਕੇ ਮਾਤਾ ਗੁਜਰੀ ਅਤੇ ਦੋਨਾਂ ਛੋਟੇ ਸਾਹਿਬਜ਼ਾਦਿਆਂ ਨੂੰ ਨੌਂ ਪੋਹ ਦੀ ਰਾਤ ਮੋਰਿੰਡਾ ਜੇਲ੍ਹ ਵਿਚ ਗੁਜ਼ਾਰਨੀ ਪਈ। 10, 11 ਅਤੇ 12 ਪੋਹ ਨੂੰ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਠੰਢੇ ਬੁਰਜ ਸਰਹੰਦ (ਹੁਣ ਸ੍ਰੀ ਫਤਿਹਗੜ੍ਹ ਸਾਹਿਬ) ਵਿਚ ਰੱਖੇ ਗਏ। ਇਨ੍ਹਾਂ ਦਿਨਾਂ ਦੌਰਾਨ ਸਰਹੰਦ ਦੇ ਨਵਾਬ ਵਜ਼ੀਰ ਖਾਂ ਦੀ ਅਦਾਲਤ ਵਿਚ ਦੋਨਾਂ ਸਾਹਿਬਜ਼ਾਦਿਆਂ ਦੀ ਪੇਸ਼ੀ ਹੋਈ ਅਤੇ ਉਨ੍ਹਾਂ ਨੂੰ ਇਸਲਾਮ ਧਰਮ ਕਬੂਲ ਕਰਨ ਲਈ ਕਿਹਾ ਗਿਆ। ਸਿਰਫ ਨੌਂ ਸਾਲ ਦੀ ਉਮਰ ਦੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਸੱਤ ਸਾਲ ਦੀ ਉਮਰ ਦੇ ਸਾਹਿਬਜ਼ਾਦਾ ਫਤਿਹ ਸਿੰਘ ਨੇ ਜਦੋਂ ਆਪਣੇ ਸਿੱਖ ਧਰਮ ਵਿਚ ਪਰਪੱਕਤਾ ਦਿਖਾਈ ਅਤੇ ਇਸਲਾਮ ਧਰਮ ਕਬੂਲ ਕਰਨ ਤੋਂ ਸਾਫ ਇਨਕਾਰ ਕੀਤਾ ਤਾਂ ਉਨ੍ਹਾਂ ਨੂੰ ਅਸਹਿ ਤਸੀਹੇ ਦਿੱਤੇ ਗਏ। ਪਹਿਲਾਂ ਉਨ੍ਹਾਂ ਨੂੰ ਨੀਂਹਾਂ ਵਿਚ ਚਿਣਵਾਇਆ ਗਿਆ, ਪਰ ਜਦੋਂ ਉਹ ਫੇਰ ਵੀ ਇਸਲਾਮ ਨੂੰ ਕਬੂਲ ਕਰਨ ਲਈ ਨਾ ਮੰਨੇ ਤਾਂ ਉਨ੍ਹਾਂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਦੁਨੀਆ ਵਿਚ ਇਹ ਪਹਿਲੀ ਮਿਸਾਲ ਹੈ ਕਿ ਜਦੋਂ ਇਨੀ ਛੋਟੀ ਉਮਰ ਵਿਚ ਆਪਣੇ ਧਰਮ ਦੀ ਖਾਤਰ ਗੁਰੂ ਦੇ ਲਾਲਾਂ ਨੇ ਸ਼ਹੀਦੀ ਦਾ ਜਾਮ ਪੀਣਾ ਕਬੂਲ ਕੀਤਾ। ਸਾਹਿਬਜ਼ਾਦਿਆਂ ਦੀ ਇਹ ਕੁਰਬਾਨੀ ਦੁਨੀਆ ਦੇ ਇਤਿਹਾਸ ਵਿਚ ਲਾਸਾਨੀ ਅਤੇ ਅਦੁੱਤੀ ਸ਼ਹਾਦਤ ਵਜੋਂ ਜਾਣੀ ਜਾਂਦੀ ਹੈ। ਛੋਟੇ ਸਾਹਿਬਜ਼ਾਦੇ ਨੀਂਹਾਂ ਵਿਚ ਚਿਣੇ ਜਾਣ ਤੋਂ ਬਾਅਦ ਸਿੱਖ ਧਰਮ ਦੀਆਂ ਨੀਂਹਾਂ ਮਜ਼ਬੂਤ ਕਰ ਗਏ। ਇਸ ਕਰਕੇ ਇਸ ਸ਼ਹਾਦਤ ਨੂੰ 'ਨਿੱਕੀਆਂ ਜਿੰਦਾਂ ਵੱਡਾ ਸਾਕਾ' ਦਾ ਨਾਂ ਦਿੱਤਾ ਗਿਆ ਹੈ।

ਹੁਣ ਗੱਲ ਕਰਦੇ ਹਾਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਨੂੰ 'ਵੀਰ ਬਾਲ', ਕਹੇ ਜਾਣ ਦੀ। ਅਸਲ ਵਿਚ ਕਿਸੇ ਕੌਮ ਨੂੰ ਖਤਮ ਕਰਨ ਲਈ ਟੈਂਕਾਂ, ਤੋਪਾਂ ਜਾਂ ਬਾਰੂਦ ਦੀ ਲੋੜ ਨਹੀਂ ਪੈਂਦੀ। ਉਸ ਕੌਮ ਦਾ ਇਤਿਹਾਸ ਖ਼ਰਾਬ ਕਰ ਦਿਓ, ਉਸ ਦੀ ਮਾਂ ਬੋਲੀ ਖ਼ਤਮ ਕਰ ਦਿਓ, ਉਹ ਕੌਮ ਆਪਣੇ ਆਪ ਸਮੇਂ ਨਾਲ ਖਤਮ ਹੋ ਜਾਵੇਗੀ। ਭਾਰਤ ਵਿਚ ਸਿੱਖ ਕੌਮ ਘੱਟ ਗਿਣਤੀ ਵਿਚ ਹੈ। ਇਹ ਭਾਰਤ ਦੀ ਕੁਲ ਆਬਾਦੀ ਦਾ ਸਿਰਫ 1.7% (2011) ਹਿੱਸਾ ਹੈ। ਇਹ ਭਾਵੇਂ ਕਹਿਣ ਨੂੰ ਪੰਜਾਬ ਵਿਚ ਬਹੁਤ ਗਿਣਤੀ ਵਿਚ ਹੈ, ਪਰ ਸਮਾਂ ਬੀਤਣ ਨਾਲ ਇਸ ਦੀ ਗਿਣਤੀ ਘਟਦੀ ਜਾ ਰਹੀ ਹੈ। ਦੁਨੀਆਂ ਵਿਚ ਖਾਸ ਤੌਰ 'ਤੇ ਭਾਰਤ ਵਿਚ ਬਹੁ-ਗਿਣਤੀ ਧਾਰਮਿਕ ਸਮੂਹ ਨੂੰ ਇਹ ਪਤਾ ਹੈ ਕਿ ਸਿੱਖ ਕੌਮ ਯੋਧਿਆਂ ਅਤੇ ਸੂਰਵੀਰਾਂ ਦੀ ਕੌਮ ਹੈ, ਜਿਸ ਦਾ ਮੁੱਖ ਨਿਸ਼ਚਾ ਭਾਵੇਂ ਸਰਬੱਤ ਦਾ ਭਲਾ ਹੈ, ਪਰ ਇਹ ਕੌਮ ਨਾ ਆਪਣੇ 'ਤੇ ਜ਼ੁਲਮ ਜਾਂ ਅਨਿਆਂ ਸਹਿੰਦੀ ਹੈ, ਨਾ ਹੀ ਕਿਸੇ ਹੋਰ ਉੱਤੇ। ਇਤਿਹਾਸ ਇਸ ਗੱਲ ਦਾ ਗਵਾਹ ਹੈ। ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਤਾਂ ਦੀ ਪੁਕਾਰ ਅਤੇ ਉਨ੍ਹਾਂ ਦਾ ਹਿੰਦੂ ਧਰਮ ਬਚਾਉਣ ਲਈ ਖ਼ੁਦ ਦਿੱਲੀ ਜਾ ਕੇ ਚਾਂਦਨੀ ਚੌਕ ਵਿਚ ਸ਼ਹੀਦੀ ਪ੍ਰਾਪਤ ਕੀਤੀ, ਜੋ ਇਕ ਵਿਲੱਖਣ ਇਤਿਹਾਸਕ ਮਿਸਾਲ ਹੈ। ਜਿਥੇ ਦੋਨੋਂ ਵੱਡੇ ਸਾਹਿਬਜ਼ਾਦਿਆਂ ਨੇ ਚਮਕੌਰ ਦੀ ਗੜ੍ਹੀ ਵਿਚ ਮੁਗ਼ਲ ਫੌਜਾਂ ਦਾ ਡਟ ਕੇ ਮੁਕਾਬਲਾ ਕਰਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ, ਉਥੇ ਹੀ ਦੋਨੋਂ ਛੋਟੇ ਸਾਹਿਬਜ਼ਾਦਿਆਂ ਨੇ ਸਿੱਖ ਧਰਮ ਤੋਂ ਇਸਲਾਮ ਵਿਚ ਪਰਿਵਰਤਿਤ ਹੋ ਕੇ ਆਪਣੀ ਜ਼ਿੰਦਗੀ ਬਚਾਉਣ ਦੀ ਬਜਾਏ ਅਣਮਨੁੱਖੀ ਤਸੀਹੇ ਸਹਿੰਦੇ ਹੋਏ, ਸਿੱਖ ਧਰਮ ਲਈ ਆਪਣੀ ਸ਼ਹਾਦਤ ਦੇਣਾ ਕਬੂਲ ਕੀਤਾ। ਇਹ ਠੀਕ ਹੈ ਕਿ ਭਾਵੇਂ ਸਿੱਖਾਂ ਨੂੰ 1947 ਤੋਂ ਭਾਰਤ ਦੀ ਆਜ਼ਾਦੀ ਤੋਂ ਬਾਅਦ ਆਪਣਾ ਬਣਦਾ ਹੱਕ ਨਹੀਂ ਮਿਲਿਆ, ਪਰ ਪਿਛਲੇ ਦਹਾਕੇ ਵਿਚ ਭਾਰਤ ਵਿਚ ਸ਼ੁਰੂ ਹੋਈ ਫਿਰਕੂਵਾਦ ਦੀ ਲਹਿਰ ਵਿਚ ਸਿੱਖਾਂ ਦੀ ਆਜ਼ਾਦ ਹਸਤੀ ਨੂੰ ਹੋਰ ਖਤਰਾ ਪੈਦਾ ਹੋ ਗਿਆ ਹੈ। ਸਾਨੂੰ ਸਭ ਨੂੰ ਪਤਾ ਹੈ ਕਿ ਕਿਸ ਤਰੀਕੇ ਨਾਲ ਬਹੁ-ਗਿਣਤੀ ਧਾਰਮਿਕ ਸਮੂਹ ਸਿੱਖਾਂ ਨੂੰ ਆਪਣਾ ਹਿੱਸਾ ਦਰਸਾਉਣ ਲਈ ਕੋਝੀਆਂ ਚਾਲਾਂ ਚੱਲ ਰਿਹਾ ਹੈ। ਇਹ ਵੀ ਸੱਚ ਹੈ ਕਿ ਇਹ ਲੋਕ ਭਲੀ ਭਾਂਤ ਜਾਣਦੇ ਹਨ ਕਿ ਸਿੱਖਾਂ ਨੂੰ ਸਾਹਮਣੇ ਤੋਂ ਜ਼ਬਰਦਸਤੀ ਨਾਲ ਨਹੀਂ ਮਿਟਾਇਆ ਜਾ ਸਕਦਾ। ਇਸ ਕਰਕੇ ਉਹ ਸਿੱਖੀ ਦੇ ਬੂਟੇ ਨੂੰ ਕੱਟਣ ਦੀ ਬਜਾਏ ਜੜ੍ਹਾਂ ਵਿਚ ਤੇਲ ਪਾ ਕੇ ਚੁੱਪ-ਚੁਪੀਤੇ ਇਸ ਨੂੰ ਸੁਕਾਉਣ 'ਤੇ ਲੱਗੇ ਹੋਏ ਹਨ। ਪਿਛਲੇ ਕੁਝ ਸਾਲਾਂ ਵਿਚ ਅਸੀਂ ਵੇਖਿਆ ਹੈ ਕਿ ਇਹ ਸਮੂਹ ਕਿਸ ਤਰ੍ਹਾਂ ਜ਼ਮੀਰੋਂ ਮਰ ਚੁੱਕੇ ਸਿੱਖ ਵਿਕਾਊ ਲੀਡਰਾਂ ਨੂੰ ਲਾਲਚ ਦੇ ਕੇ ਜਾਂ ਮਹੱਤਵਪੂਰਨ ਪਦਵੀ ਦੇ ਕੇ ਜਾਂ ਡਰਾ-ਧਮਕਾ ਕੇ ਆਪਣੇ ਖੇਮੇ ਵਿਚ ਕਰ ਰਹੇ ਹਨ। ਉਨ੍ਹਾਂ ਵੱਲੋਂ ਸਿੱਖਾਂ ਵਿਚ ਖਾਨਾਜੰਗੀ ਕਰਵਾ ਕੇ ਅਤੇ ਆਪਸ ਵਿਚ ਲੜਵਾ ਕੇ ਆਪਣੀਆਂ ਸਿਆਸੀ ਅਤੇ ਧਾਰਮਿਕ ਰੋਟੀਆਂ ਸੇਕਣ ਦਾ ਚੰਗਾ ਤਰੀਕਾ ਅਪਣਾਇਆ ਜਾ ਰਿਹਾ ਹੈ। ਆਪਾਂ ਸਾਰੇ ਜਾਣਦੇ ਹਾਂ ਕਿ ਸਿੱਖਾਂ ਨੂੰ ਬਾਹਰੀ ਦੁਸ਼ਮਣਾਂ ਤੋਂ ਉਨਾ ਖਤਰਾ ਨਹੀਂ ਹੈ, ਜਿੰਨਾ ਬੇਜ਼ਮੀਰ ਗ਼ਦਾਰਾਂ ਤੋਂ ਹੈ। ਇਸ ਲਈ ਸਮੇਂ ਦੀ ਲੋੜ ਹੈ ਕਿ ਇਨ੍ਹਾਂ ਜ਼ਮੀਰੋਂ ਮਰ ਚੁੱਕੇ ਲਾਲਚੀ ਧਾਰਮਿਕ ਅਤੇ ਰਾਜਸੀ ਨੇਤਾਵਾਂ ਜਾਂ ਸ਼ਖਸੀਅਤਾਂ ਨੂੰ ਪਹਿਚਾਨਣ ਦੀ।

ਭਾਵੇਂ ਭਾਰਤ ਸਰਕਾਰ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਧੁੰਦਲਾ ਕਰਨ ਦੀ ਕੋਸ਼ਿਸ਼ ਜਨਵਰੀ 2022 ਵਿਚ ਕੀਤੀ ਗਈ, ਜਦੋਂ ਉਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ ਛੋਟੇ ਸਾਹਿਬਜ਼ਾਦਿਆਂ ਦੀ ਬੇਮਿਸਾਲ ਅਦੁੱਤੀ ਸ਼ਹਾਦਤ ਨੂੰ 'ਵੀਰ ਬਾਲ ਦਿਵਸ' ਵਜੋਂ ਐਲਾਨਿਆ, ਪਰ ਮੇਰੇ ਵੱਲੋਂ ਸਿੱਖ ਸੰਗਤ ਨੂੰ ਇਸ 'ਬਾਲ ਦਿਵਸ' ਬਾਰੇ ਘੜੀ ਜਾ ਰਹੀ ਸਾਜ਼ਿਸ਼ ਬਾਰੇ ਸੁਚੇਤ ਕਰਨ ਲਈ ਅਖਬਾਰਾਂ ਵਿਚ ਇੱਕ ਲੇਖ ਜਿਸ ਦਾ ਸਿਰਲੇਖ ਸੀ, "ਇੱਕ ਖੁੱਲਾ ਖੱਤ ਸਿੱਖ ਸੰਗਤ ਦੇ ਨਾਮ: ਬਾਲ ਦਿਵਸ ਵਜੋਂ ਮਨਾਉਣ ਦੀ ਮੰਗ ਪਿੱਛੇ ਸਾਜ਼ਸ਼ੀ ਮਨਸੇ" ਛਾਪਿਆ ਗਿਆ ਸੀ, ਜਿਸ ਦੇ ਕੁਝ ਅੰਸ਼ ਇਸ ਤਰ੍ਹਾਂ ਸਨ, "ਮੈਂ ਇਸ ਖਤ ਰਾਹੀਂ ਹਰ ਉਸ ਨਾਨਕ ਨਾਮ ਲੇਵਾ ਨੂੰ ਸੰਬੋਧਿਤ ਹਾਂ, ਜੋ ਨਿਰਸਵਾਰਥ ਭਾਵਨਾ ਨਾਲ ਖਾਲਸਾ ਇਤਿਹਾਸ, ਖਾਲਸਾਈ ਆਨ, ਬਾਨ ਅਤੇ ਸ਼ਾਨ ਨੂੰ ਨਿੱਜ ਸਵਾਰਥ ਤੋਂ ਹਟ ਕੇ ਸਹੀ ਅਰਥਾਂ ਵਿਚ ਸਵੀਕਾਰਦਾ ਅਤੇ ਸਤਿਕਾਰਦਾ ਹੈ। ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੇ ਸ਼ਹੀਦੀ ਹਫ਼ਤੇ ਵਿਚ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਮਨਾ ਰਹੇ ਹਾਂ। ਇਸ ਹਫਤੇ ਨੂੰ ਦੁਨੀਆਂ ਭਰ ਵਿਚ ਬਹੁਤ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਪਿਛਲੇ ਕੁਝ ਸਮੇਂ ਤੋਂ ਕੁਝ ਅਖੌਤੀ ਸਿੱਖਾਂ ਦੀ ਦਿੱਲੀ ਵਿਚ ਬੈਠੇ ਲੀਡਰ ਅਤੇ ਧਾਰਮਿਕ ਜਥੇਬੰਦੀਆਂ ਵੱਲੋਂ 28 ਦਸੰਬਰ ਨੂੰ 'ਬਾਲ ਦਿਵਸ' ਵਜੋਂ ਮਨਾਉਣ ਦੀ ਮੰਗ ਸਾਜ਼ਿਸ਼ ਤਹਿਤ ਕੀਤੀ ਜਾ ਰਹੀ ਹੈ। ਇਸ ਵਿਚ ਕੁਝ ਕੁ ਅਖੌਤੀ ਸਿੱਖਾਂ ਦੀ ਲੀਡਰਸ਼ਿਪ ਵੀ ਸ਼ਾਮਿਲ ਹੈ। ਮੈਂ ਇਸ ਖੁੱਲ੍ਹੇ ਖਤ ਰਾਹੀਂ ਇਸ ਸਾਜ਼ਿਸ਼ ਤੋਂ ਸੁਚੇਤ ਕਰਨ ਲਈ ਸਮੂਹ ਸੰਗਤ ਨੂੰ ਮੁਖਾਤਿਬ ਹਾਂ....ਸਾਹਿਬਜ਼ਾਦਿਆਂ ਦੀ ਕੁਰਬਾਨੀ ਦੁਨੀਆਂ ਦੇ ਇਤਿਹਾਸ ਵਿਚ ਲਾਸਾਨੀ ਸ਼ਹਾਦਤ ਵਜੋਂ ਅਨੋਖੀ ਮਿਸਾਲ ਹੈ। ਨੌਂ ਸਾਲ ਅਤੇ ਸੱਤ ਸਾਲ ਦੇ ਗੁਰੂ ਦੇ ਲਾਲਾਂ ਨੇ ਆਪਣੇ ਧਰਮ ਖਾਤਰ ਸ਼ਹੀਦੀ ਦਾ ਜਾਮ ਪੀਣਾ ਕਬੂਲ ਕੀਤਾ। ਮੈਂ ਇਹਨਾਂ ਸਤਰਾਂ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਪਿਛੋਕੜ ਦੀ ਕੁਰਬਾਨੀ ਨਹੀਂ ਦੱਸ ਰਿਹਾ ਸਗੋਂ ਸਾਹਿਬਜ਼ਾਦਿਆਂ ਦੇ ਨਾਮ 'ਤੇ ਰਚੀ ਜਾ ਰਹੀ ਡੂੰਘੀ ਸਾਜ਼ਿਸ਼ ਜਾਂ ਕੁਝ ਵਿਕਾਊ ਨੇਤਾਵਾਂ ਦੁਆਰਾ ਰਚੀ ਜਾ ਰਹੀ ਸਾਜ਼ਿਸ਼ ਤੋਂ ਆਗਾਹ ਕਰ ਰਿਹਾ ਹਾਂ। ਪਿਛਲੇ ਕੁਝ ਸਮੇਂ ਤੋਂ ਕੁਝ ਰਾਜਨੀਤਿਕ ਨੇਤਾ ਅਤੇ ਅਖੌਤੀ ਧਾਰਮਿਕ ਜਥੇਬੰਦੀਆਂ ਇਸ ਦਿਨ




ਨੂੰ ਬਾਲ ਦਿਵਸ ਦਾ ਨਾਮ ਦੇਣਾ ਚਾਹੁੰਦੀਆਂ ਹਨ। ਇਹ ਰਾਜਨੀਤਿਕ ਅਤੇ ਅਖੌਤੀ ਧਾਰਮਿਕ ਲੋਕ ਸਿੱਖ ਧਰਮ ਦੀ ਵੱਡਮੁੱਲੀ ਸ਼ਾਖ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੇ ਹਨ.... ਦਿੱਲੀ ਦੀ ਸਿੱਖ ਲੀਡਰਸ਼ਿਪ, ਜਿਸ ਸਬੰਧੀ ਅਕਸਰ ਇਹ ਕਿਹਾ ਜਾਂਦਾ ਹੈ ਕਿ ਉਹ ਸਵੇਰ ਨੂੰ ਕੋਟ ਟਾਈ ਲਾ ਕੇ ਨਿਕਲਦੀ ਹੈ ਅਤੇ ਸੋਚਦੀ ਹੈ ਕਿ ਸਿੱਖੀ ਕਿਸ ਤਰਾਂ ਵੇਚੀ ਜਾ ਸਕਦੀ ਹੈ। ਉਹ ਲੀਡਰਸ਼ਿਪ ਇਸ ਭੂਮਿਕਾ ਵਿਚ ਵੱਡੀ ਭੂਮਿਕਾ ਨਿਭਾਉਣ ਲਈ ਪੱਬਾਂ ਭਾਰ ਹੈ। ਮੈਂ ਦਿੱਲੀ ਦੀ ਸਿੱਖ ਸੰਗਤ ਨੂੰ ਸੁਚੇਤ ਰੂਪ ਕਹਿ ਰਿਹਾ ਹਾਂ ਕਿ ਸਿੱਖ ਮਰਿਆਦਾ ਅਤੇ ਸਿੱਖੀ ਆਨ ਬਾਨ ਸ਼ਾਨ ਲਈ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ ਸਿਰਫ ਤੇ ਸਿਰਫ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਵਜੋਂ ਯਾਦ ਕਰਨ ਅਤੇ ਮਨਾਉਣ ਦੀ ਪਰੰਪਰਾ ਜਾਰੀ ਰੱਖੀ ਜਾਵੇ।

ਮੇਰੀ ਇਹ ਮੰਗ ਅਤੇ ਬੇਨਤੀ ਹੈ ਕਿ ਆਉ, ਸੁਚੇਤ ਰੂਪ ਵਿਚ ਜਾਗਰੂਕ ਹੋ ਕੇ ਖੁੱਲ੍ਹੀਆਂ ਅੱਖਾਂ ਨਾਲ ਇਸ ਸਾਜ਼ਿਸ਼ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਅਤੇ ਆਪਣੇ ਧਰਮ ਨੂੰ ਇਸ ਸੌੜੀ ਰਾਜਨੀਤੀ ਅਤੇ ਕੋਝੀ ਸੋਚ ਤੋਂ ਦੂਰ ਰੱਖਦੇ ਹੋਏ ਆਪਣੇ ਇਤਿਹਾਸ ਦੀ ਮਹਾਨਤਾ ਅਤੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ ਯਾਦ ਕਰਨ ਅਤੇ ਮਨਾਉਣ ਦੀ ਪਰੰਪਰਾ ਨੂੰ ਜਾਰੀ ਰੱਖੀਏ ਅਤੇ ਕੇਂਦਰ ਸਰਕਾਰ ਤੋਂ ਮੰਗ ਕਰੀਏ ਕਿ ਇਸ ਦਿਨ ਨੂੰ ਸਾਰੇ ਦੇਸ਼ ਵਿਚ ਸਾਹਿਬਜ਼ਾਦਾ ਸ਼ਹੀਦੀ ਦਿਵਸ ਵਜੋਂ ਮਨਾਉਣ ਦਾ ਐਲਾਨ ਕਰੇ।"

ਅਫਸੋਸ, ਕਿਸੇ ਵੀ ਸਿੱਖ ਸੰਸਥਾ, ਸਿੱਖ ਨੇਤਾ ਜਾਂ ਸਿੱਖ ਧਾਰਮਿਕ ਸਮਾਜ ਵੱਲੋਂ ਉਸ ਵਕਤ ਮੇਰੀ ਇਸ ਬੇਨਤੀ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਨਤੀਜੇ ਵਜੋਂ ਦੋ ਸਾਲ ਬਾਅਦ ਪੂਰੀ ਗਿਣੀ ਮਿੱਥੀ ਸਾਜ਼ਿਸ਼ ਅਧੀਨ ਸਿੱਖ ਧਰਮ ਦੀ ਆਨ-ਬਾਨ ਤੇ ਸ਼ਾਨ, ਸਾਹਿਬਜ਼ਾਦਿਆਂ ਦੇ 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਨੂੰ 'ਵੀਰ ਬਾਲ ਦਿਵਸ' ਦਾ ਚੋਲਾ ਪਹਿਨਾ ਦਿੱਤਾ ਗਿਆ।

ਇਹ ਠੀਕ ਹੈ ਕਿ 25-26 ਦਸੰਬਰ 2022 ਦੀਆਂ ਅਖਬਾਰਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ "ਵੀਰ ਬਾਲ ਦਿਵਸ" ਨੂੰ ਰੱਦ ਕਰਦਿਆਂ, ਸਿੱਖ ਇਤਿਹਾਸ ਛੁਟਿਆਉਣ ਵਾਲੀ ਸਰਕਾਰੀ ਚਾਲ ਤੋਂ ਸੰਗਤ ਨੂੰ ਸੁਚੇਤ ਰਹਿਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਭਾਰਤ ਸਰਕਾਰ ਸਿੱਖਾਂ ਦੇ ਇਤਿਹਾਸ ਨੂੰ ਰਲ਼ਗੱਡ ਕਰਨ ਦੇ ਰਾਹ ਤੁਰੀ ਹੋਈ ਹੈ ਅਤੇ ਦੁੱਖ ਦੀ ਗੱਲ ਇਹ ਹੈ ਕਿ ਦਿੱਲੀ ਕਮੇਟੀ ਦਾ ਪ੍ਰਧਾਨ ਹਰਮੀਤ ਸਿੰਘ ਕਾਲਕਾ ਇਸ ਵਿਚ ਸਹਿਯੋਗ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੀਆਂ ਪਰੰਪਰਾਵਾਂ ਦੇ ਵਿਰੁੱਧ ਜਾ ਕੇ ਭਾਰਤ ਸਰਕਾਰ ਵੱਲੋਂ ਸਾਹਿਬਜ਼ਾਦਿਆਂ ਦੇ ਸ਼ਹਾਦਤ ਦਿਵਸ ਨੂੰ 'ਵੀਰ ਬਾਲ ਦਿਵਸ' ਵਜੋਂ ਮਨਾਉਣਾ ਦੁਨੀਆ ਦੇ ਧਰਮ ਇਤਿਹਾਸ ਅੰਦਰ ਸਭ ਤੋਂ ਵੱਡੀ ਸ਼ਹਾਦਤ ਤੇ ਮੁੱਲਵਾਨ ਵਿਰਾਸਤ ਨੂੰ ਖੋਰਾ ਲਗਾਉਣ ਦੀ ਕੋਝੀ ਸਾਜ਼ਿਸ਼ ਹੈ।"

ਇੱਥੇ ਇਹ ਜਾਨਣਾ ਵੀ ਜ਼ਰੂਰੀ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਆਦੇਸ਼ 'ਤੇ ਸਿੱਖ ਵਿਦਵਾਨਾਂ ਦੀ ਕਮੇਟੀ ਵੱਲੋਂ 'ਵੀਰ ਬਾਲ ਦਿਵਸ' ਦੀ ਥਾਂ 'ਸਾਹਿਬਜ਼ਾਦਾ ਸ਼ਹਾਦਤ ਦਿਵਸ' ਨਾਮ ਸੁਝਾਇਆ ਗਿਆ ਸੀ ਅਤੇ ਇਸ ਸਬੰਧ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਸੱਭਿਆਚਾਰਕ ਮੰਤਰਾਲੇ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਪੱਤਰ ਵੀ ਭੇਜਿਆ ਗਿਆ ਸੀ। ਐਡਵੋਕੇਟ ਧਾਮੀ ਨੇ ਆਪਣੇ ਬਿਆਨ ਵਿਚ ਇਹ ਵੀ ਕਿਹਾ ਸੀ ਕਿ ਸਰਕਾਰ ਵੱਲੋਂ ਇਸ ਦੇ ਬਾਵਜੂਦ ਵੀ ਨਾਮ ਨਾ ਬਦਲਣਾ ਅਤੇ ਦਿੱਲੀ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਵੱਲੋਂ ਸਰਕਾਰੀ ਸਮਾਗਮਾਂ ਦਾ ਹਿੱਸਾ ਬਣਨਾ ਕੌਮ ਲਈ ਦੁਖਦਾਈ ਹੈ। ਉਨ੍ਹਾਂ ਇਹ ਵੀ ਕਿਹਾ ਸੀ ਕਿ ਸਿੱਖ ਕੌਮ ਆਪਣੇ ਇਤਿਹਾਸ ਦੀ ਮੌਲਿਕਤਾ ਅਤੇ ਮਹੱਤਤਾ ਨੂੰ ਕਦੇ ਵੀ ਘੱਟ ਨਹੀਂ ਹੋਣ ਦੇਵੇਗੀ ਅਤੇ ਆਪਣੇ ਇਤਿਹਾਸ ਦੀ ਭਾਵਨਾ ਅਨੁਸਾਰ ਹੀ ਸਾਹਿਬਜ਼ਾਦਿਆਂ ਨੂੰ ਸ਼ਰਧਾ ਅਤੇ ਸਤਿਕਾਰ ਭੇਟ ਕਰਦੇ ਹੋਏ, ਸਾਹਿਬਜ਼ਾਦਾ ਸ਼ਹਾਦਤ ਦਿਵਸ ਵਜੋਂ ਹੀ ਮਨਾਵੇਗੀ। ਭਾਵੇਂ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਵੱਲੋਂ ਸਰਕਾਰ ਦੁਆਰਾ 'ਵੀਰ ਬਾਲ ਦਿਵਸ' ਮਨਾਉਣ ਪਿੱਛੇ ਸਿੱਖ ਇਤਿਹਾਸ ਨੂੰ ਕਮਜ਼ੋਰ ਕਰਨ ਦੀ ਸ਼ਰਾਰਤੀ ਸਾਜ਼ਿਸ਼ ਕਰਾਰ ਦਿੱਤਾ ਗਿਆ ਸੀ, ਪਰ ਦੋ ਸਾਲ ਬੀਤਣ ਤੋਂ ਬਾਅਦ ਵੀ ਉਨ੍ਹਾਂ ਵੱਲੋਂ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ ਅਤੇ ਨਾ ਹੀ ਕੋਈ ਭਾਰਤ ਸਰਕਾਰ ਨੂੰ ਇਸ ਬਾਰੇ ਤਾੜਨਾ ਕੀਤੀ ਗਈ।

ਸਾਨੂੰ ਸਭ ਨੂੰ ਪਤਾ ਹੈ ਕਿ ਅੱਜ ਦਾ ਸਮਾਂ ਸੋਸ਼ਲ ਮੀਡੀਆ ਦਾ ਹੈ। ਸਿੱਖ ਇਤਿਹਾਸ ਨੂੰ ਗੰਧਲਾ ਕਰਨ ਵਾਲੇ, 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਨੂੰ ਧੁੰਦਲਾ ਕਰਨ ਲਈ ਪੂਰਾ ਜ਼ੋਰ ਲਗਾ ਰਹੇ ਹਨ ਅਤੇ 'ਵੀਰ ਬਾਲ ਦਿਵਸ' ਨੂੰ ਉਭਾਰਨ ਵਿਚ ਲੱਗੇ ਹੋਏ ਹਨ। ਹੋਰ ਤਾਂ ਹੋਰ ਜ਼ਿਆਦਾਤਰ ਪੋਸਟਾਂ ਵਿਚ ਸਾਹਿਬਜ਼ਾਦਾ ਸ਼ਬਦ ਵਰਤਣ ਤੋਂ ਵੀ ਗੁਰੇਜ਼ ਕੀਤਾ ਜਾ ਰਿਹਾ ਹੈ। ਕਈ ਪੋਸਟਾਂ ਵਿਚ ਸਾਹਿਬਜ਼ਾਦਾ ਸ਼ਬਦ ਲਿਖਣ ਦੀ ਬਜਾਏ ਉਨ੍ਹਾਂ ਨੂੰ 'ਬ੍ਰੇਵ ਲਿਟਲ ਵਾਰਈਅਰ' ਜਾਂ 'ਯੰਗ ਹੀਰੋ' ਲਿਖਿਆ ਹੋਇਆ ਹੈ। ਇਸ ਸਾਰੇ ਵਰਤਾਰੇ ਨੂੰ ਰੋਕਣ ਲਈ ਸਾਨੂੰ ਵੀ ਹੰਭਲਾ ਮਾਰਨਾ ਚਾਹੀਦਾ ਹੈ। ਸਿੱਖਾਂ ਦੇ ਵਿਚ ਵੀ ਬਹੁਤ ਕਾਬਲ ਤੇ ਹੋਣਹਾਰ ਡਿਜ਼ਾਈਨਰ ਬੈਠੇ ਹਨ। ਉਨ੍ਹਾਂ ਨੂੰ 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਦੇ ਬੈਨਰ ਥੱਲੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਦਾ ਸੰਪੂਰਨ ਨਾਮ ਲਿਖ ਕੇ ਬੈਨਰ ਜਾਂ ਪੋਸਟ ਜਾਂ ਇਸ਼ਤਿਹਾਰ ਤਿਆਰ ਕਰਨੇ ਚਾਹੀਦੇ ਹਨ ਤਾਂ ਕਿ ਆਉਂਦੇ ਦਿਨਾਂ ਵਿਚ ਵੀਰ ਬਾਲ ਦਿਵਸ ਦੀ ਬਜਾਏ 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਨੂੰ ਅਸੀਂ ਵੀ ਉਬਾਰ ਸਕੀਏ।

ਆਓ, ਸਾਰੇ ਰਲ਼ ਕੇ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਕਰੀਏ ਕਿ ਉਹ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਿੱਖ ਮਰਿਆਦਾ ਅਨੁਸਾਰ ਯਾਦ ਕਰਨ ਲਈ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਨਾਲ ਇਸ ਗੰਭੀਰ ਮੁੱਦੇ ਨੂੰ ਉਠਾਉਣ ਤਾਂ ਕਿ ਸਾਹਿਬਜ਼ਾਦਿਆਂ ਦੀ ਅਦੁੱਤੀ ਅਤੇ ਲਾਸਾਨੀ ਸ਼ਹਾਦਤ ਨੂੰ 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਵਜੋਂ ਹੀ ਮਨਾਇਆ ਜਾਵੇ। ਇਹੋ ਸਾਡੀ ਸਾਹਿਬਜ਼ਾਦਿਆਂ ਨੂੰ 13 ਪੋਹ (27 ਦਸੰਬਰ, 2024) ਨੂੰ ਸੱਚੀ-ਸੁੱਚੀ ਅਤੇ ਭਾਵਨਾ ਭਰਪੂਰ ਸ਼ਰਧਾਂਜਲੀ ਹੋਵੇਗੀ।

## *ਯਾਦ ਰੱਖਣ ਯੋਗ ਗੱਲਾਂ*



ਹਰਦੀਪ ਸਿੰਘ ਸੋਢੀ
ਫੋਨ: 480-794-0325

* ਜਿਸ ਇਸਤਰੀ ਦੀ ਗੋਦ ਖਾਲੀ ਅਤੇ ਜਿਸ ਮਰਦ ਦੀ ਜੇਬ ਖਾਲੀ ਹੋਵੇ ਉਨ੍ਹਾਂ ਨੂੰ ਆਮ ਲੋਕਾਂ ਨਾਲੋਂ ਘੱਟ ਸਤਿਕਾਰ ਮਿਲਦਾ ਹੈ।

* ਆਪਣੇ ਘਰ ਦੀ ਛੱਤ ਬੇਸ਼ੱਕ ਛਤਰੀ ਜਿੰਨੀ ਹੋਵੇ ਘਰ ਵਿਚ ਸਕੂਨ ਹੁੰਦਾ ਹੈ ਪਰ ਕਿਰਾਏ 'ਤੇ ਬੇਸ਼ੱਕ ਮਹਿਲ ਲਿਆ ਹੋਵੇ ਕਿਰਾਏ ਦਾ ਫ਼ਿਕਰ ਹੀ ਰਹਿੰਦਾ ਹੈ।

* ਬੀਤੇ ਹੋਏ 'ਤੇ ਪਛਤਾਵਾ ਨਾ ਕਰੋ ਕੁਝ ਨੁਕਸਾਨ ਹੋਇਆ ਹੈ ਤਾਂ ਸਬਕ ਲਵੋ, ਸਾਡੇ ਨਾਲੋਂ ਤਾਂ ਦਰਖਤ ਚੰਗੇ ਹਨ ਪੱਤਝੜ ਵਿਚ ਸਾਰੇ ਪੱਤੇ ਝੜ ਜਾਣ 'ਤੇ ਵੀ ਘਬਰਾਉਂਦੇ ਨਹੀਂ ਸਗੋਂ ਨਵੀਂ ਬਹਾਰ ਸਿਰਜਦੇ ਹਨ।

* ਹਰ ਉਹ ਕੌਮ ਘਾਟੇ ਵਿਚ ਰਹਿੰਦੀ ਹੈ ਅਤੇ ਨੁਕਸਾਨ ਉਠਾਉਂਦੀ ਹੈ ਜੋ ਆਪਸ ਵਿਚ ਪਾਟ ਜਾਵੇ ਕਿਉਂਕਿ ਹਰ ਗਰੁੱਪ ਆਪਣੇ ਆਪ ਨੂੰ ਅਸਲੀ ਹੋਣ ਦਾ ਦਾਅਵਾ ਕਰਦਾ ਹੈ। (ਖਲੀਲ ਜ਼ਿਬਰਾਨ)

* ਨਾਸਤਿਕ ਹੋਣਾ ਹਰੇਕ ਦੀ ਨਿੱਜੀ ਸੋਚ ਜਾਂ ਮਰਜ਼ੀ ਹੈ ਪਰ ਨਾਸਤਿਕ ਹੋ ਕੇ ਧਾਰਮਿਕ ਲੋਕਾਂ ਨੂੰ ਗਾਲ਼ਾਂ ਕੱਢਣ ਵਾਲਾ ਨਾਸਤਿਕ ਨਹੀਂ 'ਨੀਚ' ਹੁੰਦਾ ਹੈ।

* ਸਮੇਂ ਦਾ ਕੌੜਾ ਸੱਚ ਹੈ ਕਿ ਜਿਨ੍ਹਾਂ ਬੱਚਿਆਂ ਨੂੰ ਮਾਂ ਪਿਉ ਬੋਲਣਾ ਸਿਖਾਉਂਦੇ ਹਨ ਉਹੀ ਬੱਚੇ ਵੱਡੇ ਹੋ ਕੇ ਮਾਂ ਪਿਉ ਨੂੰ ਚੁੱਪ ਰਹਿਣਾ ਸਿਖਾਉਂਦੇ ਹਨ।

* ਧੋਖੇ ਦਾ ਜਵਾਬ ਧੋਖਾ ਹੀ ਮਿਲਦਾ ਹੈ ਕਿਸੇ ਨੇ ਦੁੱਧ ਵਾਲੇ ਨੂੰ ਫਟਿਆ ਨੋਟ ਦਿੱਤਾ ਤੇ ਖੁਸ਼ੀ ਮਨਾਈ ਪਰ ਖੁਸ਼ੀ ਜ਼ਿਆਦਾ ਨਹੀਂ ਟਿਕੀ ਜਦੋਂ ਚਾਹ ਬਣਾਈ ਤਾਂ ਦੁੱਧ ਫਟ ਗਿਆ ਸ਼ਾਇਦ ਦੋਧੀ ਵੀ ਉਸੇ ਸੋਚ ਦਾ ਸੀ ਕੱਲ੍ਹ ਦਾ ਦੁੱਧ ਵੇਚ ਕੇ ਖੁਸ਼ ਹੋਇਆ ਹੋਵੇ ਤੇ ਨੋਟ ਵੇਖ ਕੇ...!

* ਮਿਥਿਹਾਸ ਤਾਂ ਬੇਸ਼ੱਕ ਏਅਰਕੰਡੀਸ਼ਨ ਕਮਰਿਆਂ ਵਿਚ ਬਹਿ ਕੇ ਲਿਖ ਸਕਦੇ ਹੋ ਪਰ ਇਤਿਹਾਸ ਹਮੇਸ਼ਾਂ ਚਮਕੌਰ ਦੀ ਗੜ੍ਹੀ, ਸਰਹਿੰਦ ਦੀ ਦੀਵਾਰ, ਗੁਰਦਾਸ ਨੰਗਲ ਦੀ ਗੜ੍ਹੀ, ਜਮਰੌਦ ਦੇ ਕਿਲ੍ਹੇ ਦੇ ਆਲੇ-ਦੁਆਲੇ ਦੀਆਂ ਪਹਾੜੀਆਂ ਵਿਚ ਲੜਨ ਉਪਰੰਤ ਲਿਖਿਆ ਜਾਂਦਾ ਹੈ।

## ਸਿੱਖੀ ਸ਼ਹਾਦਤਾਂ ਨੂੰ ਸਮਰਪਿਤ

# ਕਕਰੀਲੀਆਂ ਰਾਤਾਂ ਦਾ ਦਰਦ-ਨਾਮਾ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਸਿੱਖ ਇਤਿਹਾਸ ਵਿਚ ਪੋਹ ਮਾਘ ਦੀਆਂ ਕਕਰੀਲੀਆਂ ਰਾਤਾਂ ਦਾ ਜ਼ਿਕਰ ਬਹੁਤ ਅਹਿਮ। ਇਨ੍ਹਾਂ ਰਾਤਾਂ ਵਿਚ ਸਿੱਖ ਇਤਿਹਾਸ ਸ਼ਹਾਦਤਾਂ ਦੇ ਰੰਗ ਵਿਚ ਰੰਗਿਆ ਗਿਆ। ਇਨ੍ਹਾਂ ਰਾਤਾਂ ਵਿਚੋਂ ਹੀ ਇਹ ਜੱਗ ਜ਼ਾਹਿਰ ਹੋਇਆ ਕਿ ਜ਼ਿੰਦਾ ਦਿਲ ਕੌਮਾਂ ਇੰਝ ਹੀ ਆਪਣੇ ਖ਼ੂਨ ਨਾਲ ਇਤਿਹਾਸ ਲਿਖਦੀਆਂ। ਇਹ ਯੱਖ ਰਾਤਾਂ ਸੀਨਿਆਂ ਵਿਚਲੀ ਮਘਦੀ ਜਵਾਲਾ 'ਚ ਪਿਘਲ ਗਈਆਂ। ਸਿੱਖਾਂ ਦੇ ਜੋਸ਼ ਤੇ ਜਜ਼ਬੇ ਸਾਹਵੇਂ ਨਤਮਸਤਕ ਹੋਈਆਂ। ਇਨ੍ਹਾਂ ਰਾਤਾਂ ਵਿਚਲੀਆਂ ਰਾਹਾਂ ਨੂੰ ਸਿੱਖੀ ਸੋਚ ਨੇ ਰੁਸ਼ਨਾਇਆ ਅਤੇ ਸ਼ਹਾਦਤਾਂ ਦਾ ਨਿਵੇਕਲਾ ਅਤੇ ਅਲੋਕਾਰੀ ਸਫ਼ਰ ਸ਼ੁਰੂ ਹੋਇਆ। ਇਸ ਸਫ਼ਰ ਵਿਚ ਇਹ ਵੀ ਸਾਬਤ ਹੋਇਆ ਕਿ ਸਰਬੰਸ ਦਾਨੀ ਬਣਨ ਲਈ ਸਾਰੇ ਪਰਿਵਾਰ ਨੂੰ ਵਾਰ ਕੇ ਰੱਬ ਦਾ ਸ਼ੁਕਰਾਨਾ ਕਰਨ ਦਾ ਵੱਲ ਆਉਣਾ ਚਾਹੀਦੈ।

ਕਕਰੀਲੀਆਂ ਰਾਤਾਂ ਵਿਚ ਸਭ ਤੋਂ ਪਹਿਲੀ ਉਹ ਰਾਤ ਸੀ ਜਦ ਗੁਰੂ ਗੋਬਿੰਦ ਸਿੰਘ ਨੇ ਚਾਲੀ ਸਿੱਖਾਂ ਵੱਲੋਂ ਬੇਦਾਵਾ ਦੇਣ ਅਤੇ ਲੰਮੀ ਘੇਰਾਬੰਦੀ ਤੋਂ ਬਾਅਦ ਰਾਤ ਨੂੰ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਦਾ ਫ਼ੈਸਲਾ ਕੀਤਾ। ਕਿਲ੍ਹੇ 'ਚੋਂ ਬਾਹਰ ਪੈਰ ਪੁੱਟਦਿਆਂ ਸਾਰ ਹੀ ਰਾਤ ਨੇ ਆਪਣਾ ਕਹਿਰਾਨਾ ਰੰਗ ਦਿਖਾਇਆ ਜਦ ਮੁਗ਼ਲ ਫ਼ੌਜਾਂ ਨੇ ਆਪਣੀਆਂ ਖਾਧੀਆਂ ਕਸਮਾਂ ਅਤੇ ਕੀਤੇ ਵਾਅਦਿਆਂ ਨੂੰ ਤੋੜ ਸਿੱਖਾਂ ਦੀ ਵਹੀਰ 'ਤੇ ਹਮਲਾ ਕਰ ਦਿੱਤਾ। ਉਸ ਰਾਤ ਨੇ ਦੇਖਿਆ ਹੋਣਾ ਗੁਰੂ ਜੀ ਸਮੇਤ ਸਿੱਖਾਂ ਦੇ ਨੈਣਾਂ ਵਿਚਲਾ ਦ੍ਰਿਸ਼ ਕਿ ਆਪਣਾ ਘਰ ਛੱਡ ਕੇ ਬੇਘਰ ਹੋਣਾ ਕਿੰਨਾ ਅਸਹਿ ਅਤੇ ਦਰਦੀਲਾ ਹੁੰਦੈ। ਸਿੱਖ ਯੋਧਿਆਂ ਨੇ ਮੁਗ਼ਲ ਫ਼ੌਜਾਂ ਨੂੰ ਦਲੇਰੀ ਨਾਲ ਪਛਾੜਦਿਆਂ ਰਾਤ ਨੂੰ ਵੀ ਦਿਖਾ ਦਿੱਤਾ ਹੋਣਾ ਕਿ ਸਿੱਖ ਕਿਸ ਮਿੱਟੀ ਦੇ ਬਣੇ ਦਲੇਰੀ ਦਾ ਸਿਰਨਾਵਾਂ ਹਨ ਕਿ ਉਹ ਭੁੱਖਣਭਾਣੇ ਵੀ ਵੈਰੀਆਂ ਨੂੰ ਪਛਾੜ, ਆਪਣਾ ਸਫ਼ਰ ਜਾਰੀ ਰੱਖ ਸਕਦੇ। ਉਸ ਰਾਤ ਨੂੰ ਸ਼ਾਇਦ ਹੁਣ ਤੀਕ ਵੀ ਯਾਦ ਹੋਵੇਗੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਅਤੇ ਸਿੱਖਾਂ ਦੀ ਤੋਰ ਵਿਚਲੀ ਮੜਕ ਕਿ ਸ਼ੇਰ ਕੌਮਾਂ ਕਦੇ ਵੀ ਗਿੱਦੜ ਭਬਕੀਆਂ ਤੋਂ ਨਹੀਂ ਤ੍ਰਿਹੁੰਦੀਆਂ। ਉਨ੍ਹਾਂ ਦੇ ਕਦਮਾਂ ਵਿਚ ਉਗਿਆ ਸਫ਼ਰ ਹੀ ਉਨ੍ਹਾਂ ਦੀਆਂ ਮੰਜ਼ਲਾਂ ਨਿਸ਼ਚਿਤ ਕਰਦਾ।

ਸਿਆਲ ਦੀ ਉਹ ਕੇਹੀ ਰਾਤ ਸੀ ਜਦ ਬਾਰਸ਼ ਦਾ ਕਹਿਰ ਅਤੇ ਸਰਸਾ ਨਦੀ ਦੇ ਪਾਣੀ ਦਾ ਉਛਾਲ ਸਿੱਖਾਂ ਦੀ ਦ੍ਰਿੜ੍ਹਤਾ ਪਰਖਣ ਲਈ ਕਾਹਲਾ ਸੀ। ਨਦੀ ਦੀ ਹਠੀਲੀਆਂ ਅਤੇ ਮੂੰਹ-ਜ਼ੋਰ ਲਹਿਰਾਂ ਜਦ ਸਿੱਖਾਂ ਦੇ ਹਠ ਨਾਲ ਟਕਰਾਈਆਂ ਤਾਂ ਉਹ ਠਠੰਬਰ ਗਈਆਂ ਅਤੇ ਸਿੱਖਾਂ ਨੂੰ ਰਾਹ ਦੇ ਦਿੱਤਾ। ਭਾਵੇਂ ਸਰਸਾ ਨਦੀ ਵਿਚ ਉਸ ਰਾਤ ਨੂੰ ਬਹੁਤ ਸਾਰੇ ਹੱਥ ਲਿਖਤ ਗ੍ਰੰਥ ਅਤੇ ਸਿੱਖਾਂ ਦੀਆਂ ਅਨਮੋਲ ਨਿਸ਼ਾਨੀਆਂ ਵਹਿ ਗਈਆਂ ਪਰ ਨਦੀ ਸਿੱਖਾਂ ਦੇ ਹੌਸਲੇ ਤੇ ਹਠ ਦੇ ਆਵੇਗ ਨੂੰ ਠੱਲ੍ਹ ਨਾ ਸਕੀ।

ਇਸ ਰਾਤ ਦਾ ਸਭ ਤੋਂ ਵੱਡਾ ਕਹਿਰੀਲਾ ਦੁਖਾਂਤ ਸੀ ਗੁਰੂ ਜੀ ਦੇ ਪਰਿਵਾਰ ਦਾ ਤਿੰਨ ਹਿੱਸਿਆਂ ਵਿਚ ਵੰਡੇ ਜਾਣਾ ਅਤੇ ਵੱਖ ਵੱਖ ਦਿਸ਼ਾਵਾਂ ਨੂੰ ਤੁਰ ਪੈਣਾ। ਦਰਅਸਲ ਇਹ ਵਿਛੜਨਾ ਹੀ ਸਿੱਖੀ ਇਤਿਹਾਸ ਦੇ ਪੰਨਿਆਂ ਦਾ ਉਹ ਸੁਰਖ਼ ਪੰਨਾ ਬਣਨਾ ਸੀ ਜਿਸ ਨੂੰ ਪੜ੍ਹ ਕੇ ਹਰ ਸਿੱਖ ਦੇ ਮਨ ਵਿਚ ਰੋਹ ਅਤੇ ਸੋਚ ਵਿਚ ਸ਼ਹੀਦਾਂ ਪ੍ਰਤੀ ਅਕੀਦਤ ਨੇ ਜਨਮ ਲੈਣਾ ਸੀ। ਇਸ ਰਾਤ ਵਿਚ ਪਿਆ ਵਿਛੋੜਾ ਹੀ ਦਰਅਸਲ ਗੁਰੂ ਗੋਬਿੰਦ ਸਿੰਘ ਜੀ, ਉਸ ਦੇ ਪਰਿਵਾਰ ਅਤੇ ਸਿੱਖਾਂ ਲਈ ਪਰਖ ਦੀ ਘੜੀ ਸੀ ਜਿਸ ਨੇ ਸਿੱਖੀ ਸਿਧਾਂਤਾਂ ਪ੍ਰਤੀ ਸਿੱਖਾਂ ਦੀ ਨਿਸ਼ਠਾ ਅਤੇ ਬਹਾਦਰੀ ਦੇ ਕਿੱਸਿਆਂ ਨੂੰ ਲਿਖਣਾ ਸੀ। ਇਸ ਰਾਤ ਤੋਂ ਬਾਅਦ ਸਰਹਿੰਦ ਅਤੇ ਚਮਕੌਰ ਸਾਹਿਬ ਵਿਚ ਵਾਪਰੀਆਂ ਦਰਦਨਾਕ ਘਟਨਾਵਾਂ ਨੂੰ ਕਲਮਬੰਦ ਕਰਦਿਆਂ ਯਾਰ ਅੱਲ੍ਹਾ ਖਾਂ ਜੋਗੀ ਦੇ ਨੈਣਾਂ ਵਿਚ ਵਗਦੇ ਹੰਝੂਆਂ ਨੇ ਹੀ ਸਿਆਹੀ ਬਣ ਕੇ ਵਰਕਿਆਂ 'ਤੇ ਫੈਲਣਾ ਸੀ।

ਇਸ ਰਾਤ ਵਿਚੋਂ ਹੀ ਉਸ ਰਾਤ ਦਾ ਆਗਮਨ ਹੋਇਆ ਜਦ ਗੁਰੂ ਗੋਬਿੰਦ ਸਿੰਘ ਨੇ ਆਪਣੇ ਵੱਡੇ ਸਾਹਿਬਜ਼ਾਦਿਆਂ ਅਜੀਤ ਸਿੰਘ ਅਤੇ ਜੁਝਾਰ ਸਿੰਘ ਸਮੇਤ ਕੁਝ ਸਿੱਖਾਂ ਨਾਲ ਚਮਕੌਰ ਦੀ ਕੱਚੀ ਗੜੀ ਵਿਚ ਸ਼ਰਨ ਲੈਣੀ ਅਤੇ ਪਿੱਛਾ ਕਰ ਰਹੀ ਮੁਗ਼ਲ ਫ਼ੌਜ ਨੂੰ ਸਾਹਵੇਂ ਹੋ ਕੇ ਟੱਕਰਨਾ ਸੀ। ਇਸ ਰਾਤ ਵਿਚੋਂ ਹੀ ਕੱਚੀ ਗੜੀ ਦੇ ਦੁਆਲੇ ਪਏ ਘੇਰੇ ਵਿਚ ਵੀ ਚੜ੍ਹਦੀ ਕਲਾ ਵਿਚ ਰਹਿਣ ਵਾਲੇ ਕੁਝ ਕੁ ਸਿੱਖਾਂ ਨੇ ਇਹ ਵੀ ਦਰਸਾਉਣਾ ਸੀ ਕਿ 'ਕੱਲਾ 'ਕੱਲਾ ਸਿੱਖ ਕਿਵੇਂ ਸਵਾ ਲੱਖ ਦਾ ਮੁਕਾਬਲਾ ਕਰ ਸਕਦੈ? ਕਿਵੇਂ ਕੋਈ ਬਾਪ ਆਪਣੇ ਨੌਜਵਾਨ ਪੁੱਤਰਾਂ ਨੂੰ ਸਿੱਖਾਂ ਵਾਂਗ ਤਿਆਰ ਬਰ ਤਿਆਰ ਕਰ ਜੰਗੇ ਮੈਦਾਨ ਵਿਚ ਤੋਰ, ਉਨ੍ਹਾਂ ਦੀ ਦਲੇਰੀ ਅਤੇ ਜੰਗਜੂ ਬਿਰਤੀ ਨੂੰ ਸਾਹਮਣੇ ਦੇਖਦਿਆਂ, ਸ਼ਹਾਦਤ ਨੂੰ ਅੱਖਾਂ ਸਾਹਵੇਂ ਦ੍ਰਿਸ਼ਟਮਾਨ ਕਰ ਸਕਦੈ? ਇਸ ਰਾਤ ਨੇ ਉਹ ਵੀ ਦ੍ਰਿਸ਼ ਦੇਖਿਆ ਹੋਵੇਗਾ ਜਦ ਗੁਰੂ ਜੀ ਨੇ ਪਿਆਰੇ ਸਿੱਖਾਂ ਅਤੇ ਸਾਹਿਬਜ਼ਾਦਿਆਂ ਦੀ ਮੈਦਾਨੇ ਜੰਗ ਵਿਚ ਦਿਖਾਈ ਬਹਾਦਰੀ ਅਤੇ ਤੀਰਾਂ ਨਾਲ ਵਿੰਨ੍ਹੀਂ ਹਿੱਕ ਨੂੰ ਦੇਖ ਕੇ ਖ਼ੁਦਾ ਦਾ ਸ਼ੁਕਰ ਕੀਤਾ ਹੋਵੇਗਾ। ਬੇਕਫ਼ਨੇ ਸਿੰਘਾਂ ਅਤੇ ਸਿੱਖਾਂ ਦੀਆਂ ਲਾਸ਼ਾਂ 'ਤੇ ਕਫ਼ਨ ਪਾਉਣ ਅਤੇ ਇਨ੍ਹਾਂ ਨੂੰ ਆਪਣੇ ਵਿਚ ਸਮਾਉਣ ਲਈ ਕੁਦਰਤ ਨੂੰ ਅਰਦਾਸ ਕੀਤੀ ਹੋਵੇਗੀ।

ਰਾਤ ਨੇ ਇਹ ਵੀ ਜ਼ਰੂਰ ਅੱਖੀਂ ਦੇਖਿਆ ਹੋਵੇਗਾ ਕਿ ਗੁਰੂ ਪਾਤਸ਼ਾਹ ਸਿੱਖਾਂ ਦੇ ਹੁਕਮਨਾਮੇ ਸਾਹਵੇਂ ਸਿਰ ਝੁਕਾਉਂਦਿਆਂ ਅਤੇ ਜ਼ੁਲਮ ਖ਼ਿਲਾਫ਼ ਜੰਗ ਜਾਰੀ ਰੱਖਣ ਲਈ ਗੜੀ ਵਿਚੋਂ ਨਿਕਲਦਿਆਂ ਲਲਕਾਰਾ ਮਾਰਿਆ ਹੋਵੇਗਾ ਕਿ ਸਿੱਖਾਂ ਦਾ ਗੁਰੂ ਜਾ ਰਿਹਾ ਹੈ। ਕਿਉਂਕਿ ਮਰਦ ਦਲੇਰ ਕਦੇ ਵੀ ਲੁਕ ਛਿਪ ਕੇ ਮੈਦਾਨ ਨਹੀਂ ਛੱਡਦੇ। ਲਲਕਾਰਾ ਸੁਣ ਕੇ ਬਿਰਖਾਂ ਤੋਂ ਉਡੇ ਪੰਛੀਆਂ ਦੇ ਪਰਾਂ ਦੇ ਸੰਗੀਤ ਵਿਚ ਕੁਦਰਤ ਨੇ ਗੁਰੂ ਜੀ ਦੀ ਬਹਾਦਰੀ ਅਤੇ ਦਲੇਰੀ ਦੀ ਉਸਤਤੀ ਵਿਚ ਗੁਣਗੁਣਾਇਆ ਹੋਵੇਗਾ।

ਉਸ ਕਕਰੀਲੀ ਰਾਤ ਨੂੰ ਕੇਹਾ ਆਲਮ ਹੋਵੇਗਾ  
ਜਦ ਗੁਰੂ ਗੋਬਿੰਦ ਸਿੰਘ ਜੀ ਨੇ ਮਾਛੀਵਾੜੇ ਨੂੰ ਤੁਰਨ ਲੱਗਿਆਂ  
ਕੱਚੀ ਗੜੀ ਨੂੰ ਨਦਰਿ ਨਿਹਾਲ ਕੀਤਾ ਹੋਵੇਗਾ  
ਜਿਸ ਨੇ ਕੱਚੀ ਹੋ ਕੇ ਵੀ ਪੱਕੀ ਵਰਗਾ ਸਾਥ ਨਿਭਾਇਆ।

ਉਨ੍ਹਾਂ ਦੇ ਲਲਕਾਰੇ ਨਾਲ  
ਹਵਾ ਤਾਂ ਹੁਲਾਸੀ ਗਈ ਹੋਵੇਗੀ  
ਦਰਖ਼ਤਾਂ ਚੌਰ ਕੀਤਾ ਹੋਵੇਗਾ



ਪਰਿੰਦਿਆਂ ਸੋਹਲੇ ਗਾਏ ਹੋਣਗੇ  
ਚਾਨਣੀ ਪੈਰੀਂ ਵਿਛੀ ਹੋਵੇਗੀ  
ਅਤੇ ਨੰਗੇ ਪੈਰਾਂ ਦੀ ਛੋਹ ਨਾਲ  
ਸਰੂਰਿਆ ਗਿਆ ਹੋਵੇਗਾ ਜੰਗ ਦਾ ਮੈਦਾਨ।

ਤੁਰਿਆ ਜਾਂਦਾ ਗੁਰ-ਬਾਬਾ  
ਸਾਹਿਬਜ਼ਾਦਿਆਂ ਤੇ ਸਿੰਘਾਂ ਦੀਆਂ ਬੇਕਫ਼ਨੀਆਂ ਲਾਸ਼ਾਂ ਨਿਹਾਰਦਾ  
ਹਿੱਕ ਤੇ ਲੱਗੇ ਫੱਟ ਅਤੇ ਸੀਨੇ 'ਚ ਖੁੱਭੇ ਤੀਰ ਗਿਣਦਾ  
ਲਾਡਲਿਆਂ ਦੇ ਚਿਹਰਿਆਂ 'ਚੋਂ  
ਸ਼ਹਾਦਤ ਦਾ ਸ਼ੁਕਰਾਨਾ ਤਾਂ ਜ਼ਰੂਰ ਪੜ੍ਹਦਾ ਹੋਵੇਗਾ  
ਤੇ ਫਿਰ ਅਸਮਾਨ ਵੱਲ ਦੇਖਿਆ ਹੋਵੇਗਾ  
ਤਾਂ ਹੀ ਉਨ੍ਹਾਂ ਮਾਛੀਵਾੜੇ ਵਿਚ ਪਰਵਰਦਿਗਾਰ ਨੂੰ ਪਰਵਾਰ ਹੁੰਦਿਆਂ,  
'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਉਚਾਰਿਆ ਸੀ।

ਗੁਰੂ ਜੀ ਨੂੰ ਤੁਰੇ ਜਾਂਦਿਆਂ ਦੇਖ ਕੇ  
ਤਾਰੇ ਜ਼ਰੂਰ ਰਸ਼ਕ ਕਰਦੇ ਹੋਣਗੇ  
ਕਿ  
ਕੇਹਾ ਕਮਾਲ!  
ਪੁੱਤ ਤੇ ਸਿੰਘ ਵਾਰ ਕੇ ਵੀ  
ਚਿਹਰੇ 'ਤੇ ਜਲਾਲ।

ਉਨ੍ਹਾਂ ਦੀ ਪੈੜਚਾਲ ਦੀ ਰਾਗਣੀ 'ਚ  
ਰਾਤ ਦੀ ਚੁੱਪ ਨੇ ਗੁਰ-ਉਸਤਤ ਦਾ ਗੀਤ ਗਾਇਆ ਹੋਵੇਗਾ  
ਤੇ ਉਹ ਕਕਰੀਲੀ ਰਾਤ ਸਦੀਆਂ ਤੀਕ  
ਖ਼ੁਦ ਨੂੰ ਵਡਿਆਉਂਦੀ ਰਹੇਗੀ  
ਕਿ ਰਾਤ ਦੇ ਪਿੰਡੇ 'ਤੇ ਇਤਿਹਾਸ ਇੰਝ ਵੀ ਲਿਖਿਆ ਜਾਂਦਾ।

ਕਕਰੀਲੀਆਂ ਰਾਤਾਂ ਵਿਚੋਂ ਹੀ ਉਗੀ ਸੀ ਖਿਦਰਾਣੇ ਦੀ ਢਾਬ ਹੋਈ ਗਹਿਗੱਚ ਲੜਾਈ ਜਿਸ ਵਿਚ ਬੇਦਾਵਾ ਦੇ ਕੇ ਆਏ ਸਿੰਘਾਂ ਨੇ ਗੁਰੂ ਕੋਲੋਂ ਭੁੱਲ ਬਖ਼ਸ਼ਾਉਣ ਲਈ ਮਾਈ ਭਾਗੋ ਦੀ ਕਮਾਨ ਹੇਠ ਮੁਗ਼ਲ ਫ਼ੌਜਾਂ ਨੂੰ ਇਹ ਦਰਸਾ ਦਿੱਤਾ ਕਿ ਸਿੰਘਾਂ ਦੀ ਦਲੇਰ ਕੌਮ ਸ਼ੇਰਾਂ ਦੀ ਕੌਮ ਹੈ। ਉਹ ਆਪਣੇ ਗੁਰੂ ਦੇ ਅਕੀਦੇ ਲਈ ਜਾਨ ਕੁਰਬਾਨ ਕਰਨ ਲੱਗਿਆ ਪਲ ਵੀ ਨਹੀਂ ਲਾਉਂਦੇ। ਉਹ ਕੇਹਾ ਦ੍ਰਿਸ਼ ਹੋਵੇਗਾ ਜਦ ਜੰਗ ਦੇ ਲਹੂ ਰੱਤੇ ਮੈਦਾਨ ਵਿਚ ਆਖਰੀ ਸਾਹ ਲੈ ਰਹੇ ਭਾਈ ਮਹਾਂ ਸਿੰਘ ਨੂੰ ਆਪਣੀ ਗੋਦ ਵਿਚ ਲੈ ਕੇ ਗੁਰੂ ਜੀ ਨੇ ਦੁਲਾਰਦਿਆਂ ਉਸ ਦੀ ਆਖਰੀ ਇੱਛਾ ਦੀ ਪੂਰਤੀ ਲਈ ਕਮਰਕੱਸੇ ਵਿਚੋਂ ਬੇਦਾਵੇ ਨੂੰ ਕੱਢ ਕੇ ਪਾੜਿਆ ਹੋਵੇਗਾ। ਟੁੱਟੀ ਗੰਢੀ ਦਾ ਵਰਦਾਨ ਆਪਣੇ ਚਾਲੀ ਮੁਕਤਿਆਂ ਦੇ ਨਾਮ ਕਰਕੇ, ਸਾਬੋ ਕੀ ਤਲਵੰਡੀ ਵੱਲ ਨੂੰ ਚਾਲੇ ਪਾਏ ਹੋਣਗੇ।

ਯਾਦ ਰਹੇ ਕਿ ਬੜਾ ਸਹਿਜ ਹੁੰਦੈ ਕਿਸੇ ਬੇਇਤਬਾਰੇ 'ਤੇ ਯਕੀਨ ਨਾ ਕਰਨਾ। ਪਰ ਬੜਾ ਅਸਹਿਜ ਸੀ ਕੁਰਾਨ ਦੀ ਝੂਠੀ ਕਸਮ 'ਤੇ ਇਤਬਾਰ ਕਰਕੇ ਆਪਣੇ ਘਰ ਨੂੰ ਅਲਵਿਦਾ ਕਹਿ ਦੇਣਾ।

ਬੜਾ ਸਹਿਜ ਹੁੰਦਾ ਬਿਫਰੇ ਪਾਣੀਆਂ ਨੂੰ ਦੇਖ ਕੇ ਸਹਿਮ ਜਾਣਾ। ਪਰ ਬੜਾ ਅਸਹਿਜ ਸੀ ਵਹਿੰਦੀ ਮੌਤ ਨੂੰ ਗਲਵੱਕੜੀ ਪਾਉਣ ਲਈ ਲਹਿਰਾਂ ਦੀ ਹਿੱਕ 'ਤੇ ਤੈਰ ਜਾਣਾ।

ਬੜਾ ਸਹਿਜ ਹੁੰਦਾ ਗੜ੍ਹੀ ਦੀਆਂ ਕੱਚੀਆਂ ਕੰਧਾਂ 'ਚੋਂ ਆਪਣੇ ਮਰਸੀਏ ਦੇ ਨਕਸ਼ ਚਿਤਾਰਨੇ। ਪਰ ਬੜਾ ਅਸਹਿਜ ਸੀ ਕੱਚੀ ਗੜੀ ਨੂੰ ਬਕਤਰਬੰਦ ਬਣਾ ਕੇ ਦੁਸ਼ਮਣ ਲਈ ਲਲਕਾਰ ਬਣ ਜਾਣਾ।

ਬੜਾ ਸਹਿਜ ਹੁੰਦਾ ਚੁਫੇਰੇ ਦਨਦਨਾਉਂਦੀ ਮੌਤ ਸਾਹਵੇਂ ਖ਼ੌਫ਼ਜ਼ਦਾ ਹੋ ਜਾਣਾ। ਪਰ ਬੜਾ ਅਸਹਿਜ ਸੀ ਜਾਨ ਤੋਂ ਵੀ ਵੱਧ ਪਿਆਰਿਆਂ ਦਾ ਅੱਖਾਂ ਸਾਹਵੇਂ ਨੇਜ਼ਿਆਂ ਅਤੇ ਬਰਛਿਆਂ ਵਿਚ ਪਰੋਏ ਜਾਣਾ। ਬੜਾ ਸਹਿਜ ਹੁੰਦਾ ਆਪਣਿਆਂ ਦੀਆਂ ਲਾਸ਼ਾਂ 'ਤੇ ਅੱਗ ਦੇ ਕੀਰਨੇ ਪਾਉਣਾ। ਪਰ ਬੜਾ ਅਸਹਿਜ ਸੀ ਆਪਣਿਆਂ ਦੀਆਂ ਬੇਕੱਫਣ ਲਾਸ਼ਾਂ ਵਿਚੋਂ ਭਾਣੇ 'ਚ ਰਹਿੰਦਿਆਂ ਗੁਜਰ ਜਾਣਾ।

ਬੜਾ ਅਸਹਿਜ ਹੁੰਦਾ ਸੀਨੇ 'ਚ ਲੱਗੇ ਜ਼ਖ਼ਮਾਂ ਦੀ ਚੀਸ ਨਾਲ ਕੁਰਲਾਉਣਾ। ਪਰ ਬੜਾ ਸਹਿਜ ਸੀ ਟਿੰਡ ਦਾ ਸਿਰਹਾਣਾ ਲੈ ਠਰੀ ਰਾਤੇ 'ਮਿੱਤਰ ਪਿਆਰੇ ਨੂੰ..' ਗੁਣਗੁਣਾਉਣਾ।

ਬੜਾ ਸਹਿਜ ਹੁੰਦਾ ਹਾਕਮ ਦੇ ਘੇਰੇ 'ਚੋਂ ਨਿਕਲਣ ਲੱਗਿਆਂ ਡਰ ਜਾਣਾ। ਪਰ ਬੜਾ ਅਸਹਿਜ ਸੀ ਉੱਚ ਦਾ ਪੀਰ ਬਣ ਕੇ ਦੁਸ਼ਮਣਾਂ ਦੀ ਅੱਖੀਂ ਘੱਟਾ ਪਾਉਣਾ ਬੜਾ ਸਹਿਜ ਹੁੰਦਾ ਆਪਣੀਆਂ ਆਂਦਰਾਂ ਦੀ ਵਿਦਾਇਗੀ 'ਤੇ ਅੱਥਰੂਆਂ 'ਚ ਭਿੱਜ ਜਾਣਾ। ਪਰ ਬੜਾ ਸਹਿਜ ਸੀ, ਅਲੂੰਏਂ ਫੁੱਲਾਂ ਦੇ ਮੁਰੰਡੇ ਜਾਣ 'ਤੇ ਜ਼ੁਲਮ ਨੂੰ ਧਰਤੀ ਤੋਂ ਮਿਟਾਉਣ ਦੀ ਕਸਮ ਖਾਣਾ।

ਬੜਾ ਸਹਿਜ ਹੁੰਦਾ ਹੈ ਮਾਸੂਮਾਂ ਦੀ ਰੱਤ ਨਾਲ ਲਿੱਬੜੇ ਹੱਥਾਂ ਨੂੰ ਸਦਾ ਲਈ ਪਤਾਲ 'ਚ ਦਫ਼ਨਾ ਦੇਣਾ। ਪਰ ਬੜਾ ਅਸਹਿਜ ਸੀ ਆਪਣੇ ਮਨ ਨੂੰ ਹਰਫ਼ਾਂ ਦੇ ਹਵਾਲੇ ਕਰ 'ਜ਼ਫ਼ਰਨਾਮਾ' ਦੀ ਰਚਨਾ ਕਰਨਾ। ਬੜਾ ਸਹਿਜ ਹੁੰਦਾ ਭੀੜ ਪੈਣ 'ਤੇ ਬੇਵਫ਼ਾ ਹੋਇਆਂ ਨੂੰ ਸਦਾ ਲਈ ਸੋਚ 'ਚੋਂ ਮਨਫ਼ੀ ਕਰ ਦੇਣਾ। ਪਰ ਬੜਾ ਅਸਹਿਜ ਸੀ ਹਿੱਕ ਨਾਲ ਲਾ, ਹੱਥੀਂ ਬੇਦਾਵਾ ਪਾੜ ਕੇ ਖ਼ਿਤਾਬਾਂ ਦੀ ਬਖ਼ਸ਼ਿਸ਼ ਕਰਨਾ।

ਬੜਾ ਸਹਿਜ ਹੁੰਦਾ ਪੀੜਾ 'ਚੋਂ ਕਿਰਪਾਨਾਂ, ਬੰਦੂਕਾਂ ਅਤੇ ਬਦਲੇ ਦੀ ਕਾਸ਼ਤ ਕਰਨਾ। ਪਰ ਬੜਾ ਅਸਹਿਜ ਸੀ ਕਲਮਾਂ ਦੀ ਭਰਵੀਂ ਫ਼ਸਲ ਨਾਲ ਜ਼ਾਲਮ ਨੂੰ ਕੀਤੇ ਦਾ ਅਹਿਸਾਸ ਕਰਵਾਉਣਾ। ਅਸੀਂ ਸਾਰੇ ਹਾਂ ਸਹਿਜ ਵਰਤਾਰੇ ਦੀ ਪ੍ਰਯੋਗਸ਼ਾਲਾ ਪਰ ਸੰਤ ਸਿਪਾਹੀ ਸਨ ਅਸਹਿਜਤਾ ਦੀ ਅਧਾਰ ਸ਼ਿਲਾ।

ਕਕਰੀਲੀਆਂ ਰਾਤਾਂ ਵਿਚੋਂ ਸਭ ਤੋਂ ਭਿਆਨਕ ਅਤੇ ਦਰਦਵੰਤਾ ਸੀ ਮਾਤਾ ਗੁਜਰੀ ਦਾ ਛੋਟੇ ਸਾਹਿਬਜ਼ਾਦਿਆਂ ਜ਼ੋਰਾਵਰ ਸਿੰਘ ਅਤੇ ਫਤਹਿ ਸਿੰਘ ਨਾਲ ਸਰਸਾ ਨਦੀ ਦੇ ਕੰਢੇ 'ਤੇ ਪਰਿਵਾਰ ਨਾਲੋਂ ਵਿਛੜਨਾ। ਗੁਰੂ ਘਰ ਦੇ ਰਸੋਈਏ ਗੰਗੂ ਬ੍ਰਾਹਮਣ ਨਾਲ ਮੋਰਿੰਡੇ ਵੱਲ ਨੂੰ ਚਾਲੇ ਪਾਉਣਾ। ਸੀਤ ਹਵਾਵਾਂ ਨੇ ਉਸ ਰਾਤ ਜ਼ਰਾ ਵੀ ਰਹਿਮ ਨਾ ਕੀਤਾ। ਇਹ ਛੋਟੇ ਸਾਹਿਬਜ਼ਾਦਿਆਂ ਅਤੇ ਦਾਦੀ ਮਾਂ ਲਈ ਔਖੇ ਇਮਤਿਹਾਨ ਦਾ ਸਮਾਂ ਸੀ। ਰਾਤ ਦੇ ਕਹਿਰ ਨੂੰ ਵੰਗਾਰਦਿਆਂ ਆਪਣੀ ਤੋਰੇ ਤੁਰੇ ਜਾਣਾ, ਸਿੱਖ ਇਤਿਹਾਸ ਦਾ ਅਜੇਹਾ ਪੰਨਾ ਹੈ ਜਿਸ ਨੂੰ ਪੜ੍ਹ ਸੁਣ ਕੇ ਹਰ ਅੱਖ ਨਮ ਹੋ ਜਾਂਦੀ, ਸੋਚ ਸੁੰਨ ਹੋ ਜਾਂਦੀ ਅਤੇ ਮਨ ਵੈਰਾਗ ਨਾਲ ਭਰ ਜਾਂਦਾ ਅਤੇ ਚਿੱਤ ਹਤਾਸ਼ ਹੋ ਜਾਂਦਾ।

ਉਹ ਕੇਹੀ ਕਾਲੀ ਅਤੇ ਕਹਿਰ ਭਰੀ ਰਾਤ ਸੀ ਜਦ ਰਾਤ ਦੇ ਹਨੇਰੇ ਵਿਚ ਲਾਲਚੀ ਗੰਗੂ ਦੇ ਮਨ ਵਿਚ ਪੈਦਾ ਹੋਏ ਕਪਟ ਤੇ ਲਾਲਚ ਨੇ ਉਸ ਨੂੰ ਨਮਕ ਹਰਾਮੀ ਹੋਣ ਦੇ ਰਾਹ ਤੋਰ ਦਿੱਤਾ। ਉਸ ਰਾਤ ਨੇ ਵੀ ਗੰਗੂ ਬ੍ਰਾਹਮਣ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਹੋਵੇ। ਪਰ ਲਾਲਚ ਵਿਚ ਅੰਨ੍ਹੇ ਵਿਅਕਤੀ ਮਰੀ ਮੱਤ ਉਸ ਦੀਆਂ ਕਈ ਕੁਲਾਂ ਨੂੰ ਗਾਲ ਦਿੰਦੀ ਹੈ। ਲਾਲਚ-ਵੱਸ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਆਂ ਨੂੰ ਮੁਗ਼ਲਾਂ ਦੇ ਹਵਾਲੇ ਕਰਨਾ ਅਤੇ ਮੋਰਿੰਡਾ ਦੀ ਜੇਲ੍ਹ ਵਿਚ ਕੱਟੀ ਹੋਈ ਰਾਤ ਖ਼ੁਦ 'ਤੇ ਸ਼ਰਮਿੰਦਾ ਹੁੰਦੀ ਗੰਗੂ ਨੂੰ ਲਾਹਨਤਾਂ ਤਾਂ ਜ਼ਰੂਰ ਪਾਉਂਦੀ ਹੋਵੇਗੀ। ਪਰ ਜੇਲ੍ਹ ਦੀ ਕੋਠੜੀ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦੀ ਛੋਹ ਨਾਲ ਪਵਿੱਤਰ ਹੋਈ ਸਦੀਆਂ ਤੀਕ ਪੂਜਣਯੋਗ ਅਸਥਾਨ ਬਣੀ ਰਹੇਗੀ।

ਕਕਰੀਲੀਆਂ ਰਾਤਾਂ ਦਾ ਦਰਦ ਰੂਹ ਵਿਚ ਕੰਬਣੀ ਛੇੜ ਜਾਂਦਾ ਜਦ ਯਾਦ ਆਉਂਦੀ ਉਹ ਰਾਤ ਜਦ ਮਾਤਾ ਗੁਜਰੀ ਠੰਢੇ ਬੁਰਜ ਵਿਚ ਆਪਣੇ ਪੋਤਰਿਆਂ ਨੂੰ ਹਿੱਕ ਨਾਲ ਲਾ ਕੇ ਨਿੱਘ ਦੇ ਰਹੀ ਸੀ। ਆਪਣੇ ਪਤੀ ਅਤੇ ਸਹੁਰੇ ਗੁਰੂ ਅਰਜਨ ਦੇਵ ਜੀ ਦੀਆਂ ਸ਼ਹਾਦਤਾਂ ਦੀ ਕਥਾ ਸੁਣਾਉਂਦਿਆਂ ਉਹ ਲਾਡਲਿਆਂ ਦੇ ਸੀਨਿਆਂ ਵਿਚ ਰੋਹ ਦਾ ਸੇਕ ਭਰਦੀ, ਸਿੱਖੀ ਅਸੂਲਾਂ ਤੇ ਪਹਿਰਾ ਦੇਣ ਦੀ ਤਾਕੀਦ ਕਰਦੀ, ਉਨ੍ਹਾਂ ਦੇ ਮਨਾਂ ਵਿਚ ਸ਼ਹੀਦ ਹੋਣ ਦੀ ਤਤਪਰਤਾ ਜਾਗ ਵੀ ਲਾਉਂਦੀ ਹੋਵੇਗੀ। ਰਾਤ ਵਿਚ ਤਾਰਿਆਂ ਦੀ ਲੋਅ ਵਿਚ ਦਗਦਾ ਮਾਤਾ ਅਤੇ ਸਾਹਿਬਜ਼ਾਦਿਆਂ ਦੇ ਮੁਖੜੇ ਦਾ ਨੂਰ ਰਾਤ ਦੀ ਕੁੱਖ ਵਿਚ ਚਾਨਣ ਧਰਦਾ, ਇਹ ਸੰਦੇਸ਼ ਜ਼ਰੂਰ ਦਿੰਦਾ ਹੋਵੇਗਾ ਨਿੱਕੇ ਨਿੱਕੇ ਚਿਰਾਗ਼ਾਂ ਦਾ ਵਜੂਦ ਭਾਵੇਂ ਖ਼ਤਮ ਹੋ ਜਾਵੇਗਾ ਪਰ ਚਾਨਣ ਨੂੰ ਕੋਈ ਕਤਲ ਨਹੀਂ ਕਰ ਸਕਦਾ। ਇਸ ਚਾਨਣ ਨੇ ਸਦਾ ਸਿੱਖੀ ਪਰੰਪਰਾਵਾਂ ਅਤੇ ਸਿਧਾਂਤਾਂ ਨੂੰ ਜਿਉਂਦਾ ਰੱਖਣਾ। ਸਰਹਿੰਦ ਦੇ ਸੂਬੇਦਾਰ ਦੇ ਜ਼ੁਲਮ ਸਾਹਵੇਂ ਇਨ੍ਹਾਂ ਨੇ ਝੁਕਣਾ ਨਹੀਂ ਕਿਉਂਕਿ ਜਾਗਦੀ ਜ਼ਮੀਰ ਵਾਲੇ ਸਿਰ ਉੱਚਾ ਰੱਖਦੇ ਸਿਰਫ਼ ਮਰੀਆਂ ਜ਼ਮੀਰਾਂ ਵਾਲੇ ਹੀ ਸਿਰ ਝੁਕਾਉਂਦੇ। ਮੋਤੀ ਰਾਮ ਮਹਿਰਾ ਨੂੰ ਜ਼ਰੂਰ ਰਾਤ ਨੇ ਨੀਝ ਨਾਲ ਨਿਹਾਰਿਆ ਹੋਵੇਗਾ ਜਿਹੜਾ ਠਰੀਆਂ ਰਾਤਾਂ ਵਿਚ ਸਾਹਿਬਜ਼ਾਦਿਆਂ ਨੂੰ ਕੋਸਾ ਦੁੱਧ ਪਿਆਉਣ ਲਈ ਆਪਣੀ ਜਾਨ ਜੋਖ਼ਮ ਵਿਚ ਪਾਉਂਦਾ ਰਿਹਾ।

ਕਕਰੀਲੀਆਂ ਰਾਤਾਂ ਵਿਚ ਉਹ ਕਹਿਰਵਾਨ ਦਿਨ ਵੀ ਉਗਿਆ ਹੋਵੇਗਾ ਜਦ ਮਾਸੂਮ ਪਰ ਦਲੇਰ ਅਤੇ ਆਪਣੇ ਧਰਮ ਤੇ ਅਕੀਦੇ ਵਿਚ ਪਰਪੱਕ ਕਕਰੀਲਿਆਂ ਨੂੰ ਸ਼ਹੀਦ ਕੀਤਾ ਗਿਆ। ਸੱਚੇ ਸਿੱਖ ਦੀਵਾਨ ਟੋਡਰ ਮੱਲ ਨੇ ਧਰਤੀ 'ਤੇ ਖੜੀਆਂ ਮੋਹਰਾਂ ਵਿਛਾ ਕੇ ਜ਼ਮੀਨ ਖ਼ਰੀਦ ਕੇ ਸ਼ਰਧਾ ਪੂਰਨ ਸਸਕਾਰ ਕੀਤਾ।

ਇਹ ਕਕਰੀਲੀਆਂ ਰਾਤਾਂ ਹਰ ਸਿੱਖ ਦੇ ਚੇਤੇ ਵਿਚ ਰੜਕ ਤੇ ਕਸਕ ਪੈਦਾ ਕਰਦੀਆਂ। ਉਨ੍ਹਾਂ ਰਾਤਾਂ ਵਿਚ ਵਰਤਿਆ ਭਾਵੀ ਬਿਰਤਾਂਤ ਅੱਖਾਂ ਸਾਹਵੇਂ ਉਜਾਗਰ ਹੋ ਜਾਂਦਾ ਅਤੇ ਅੱਖਾਂ ਵਿਚ ਹੰਝੂਆਂ ਦੀ ਨੈਂ ਵਹਿਣ ਲੱਗਦੀ। ਇਨ੍ਹਾਂ ਰਾਤਾਂ ਵਿਚੋਂ ਉਗੇ ਸਿੱਖ ਇਤਿਹਾਸ ਦੇ ਪੰਨੇ ਹੀ ਹਨ ਜਿਨ੍ਹਾਂ ਵਿਚ ਉਗੇ ਸ਼ਹਾਦਤੀ ਸੂਰਜਾਂ ਦੀ ਲੋਅ ਵਿਚ ਸਿੱਖ ਜਾਗਰਿਤ ਹੋ, ਸਿੱਖੀ ਸਿਧਾਂਤਾਂ ਦੇ ਪਹਿਰੇਦਾਰ ਬਣੇ, ਇਸ ਦੀ ਪਹਿਰੇਦਾਰੀ ਵਿਚ ਸਭ ਕੁਝ ਨਿਛਾਵਰ ਕਰਨ ਲਈ ਹਰ ਪਲ ਤਤਪਰ ਰਹਿੰਦੇ।

ਜਿਸਦਾ ਹੈ ਇਨ੍ਹਾਂ ਕਕਰੀਲੀਆਂ ਰਾਤਾਂ ਵਿਚ ਚੰਨ-ਤਾਰਿਆਂ ਵਾਂਗ ਚਮਕਦੇ ਉਨ੍ਹਾਂ ਸ਼ਹੀਦ ਸੂਰਿਆਂ ਨੂੰ ਜਿਨ੍ਹਾਂ ਸਦਕਾ ਹਰ ਸਿੱਖ ਆਪਣੇ ਵਿਰਸੇ 'ਤੇ ਨਾਜ਼ ਕਰਦਾ ਰਹੇਗਾ। ਇਹੀ ਸਿੱਖੀ ਦੀ ਵਿਰਾਸਤ ਦਾ ਮਾਣਮੱਤਾ ਖ਼ਜ਼ਾਨਾ ਹੈ।

## ਪੋਹ ਚੜ੍ਹਿਆ ਤੇ ਧੁੰਦ ਹੈ ਆਈ

ਪੋਹ ਚੜ੍ਹਿਆ ਤੇ ਧੁੰਦ ਹੈ ਆਈ  
ਚਾਰੇ ਪਾਸੇ ਠੰਡ ਲਿਆਈ  
ਸੋਹਣਾ ਲੱਗਦਾ ਮੌਸਮ ਠੰਡਾ  
ਚਾਹ ਪੀਣ ਨੂੰ ਦਿਲ ਹੈ ਕਰਦਾ।

ਮੌਸਮ ਇਹ ਖ਼ੂਬਸੂਰਤ ਬਹੁਤ  
ਬਹੁਤਿਆਂ ਨੂੰ ਤੰਗ ਹੈ ਕਰਦਾ  
ਠੰਢ 'ਚ ਜਾਣਾ ਜ਼ਰੂਰ ਹੈ ਪੈਂਦਾ,  
ਜਾਏ ਬਿਨਾਂ ਨਹੀਂ ਹੈ ਸਰਦਾ।

ਧੁੰਦ ਵਿੱਚ ਵਾਹਨ ਹੌਲੀ ਚਲਾਓ,  
ਹੌਲੀ ਜਾਓ, ਹੌਲੀ ਆਓ  
ਦੇਖ ਕੇ ਡਿੱਪਰ ਚਮਕਾਓ  
ਧੁੰਦ ਵਿੱਚ ਗੱਡੀ ਹੌਲੀ ਚਲਾਓ।

*-ਗੁਰਿੰਦਰ ਪਾਲ ਸਿੰਘ ਰਾਜਪੁਰਾ*

# 'ਚੁਰਾਸੀ ਲੱਖ ਯਾਦਾਂ' ਦੇ ਅੰਗ-ਸੰਗ ਵਿਚਰਦਿਆਂ



ਸਰਬਜੀਤ ਧਾਲੀਵਾਲ

ਸਾਰਾ ਆਲਾ-ਦੁਆਲਾ ਵੈਰਾਗ ਵਿਚ ਡੁਬਿਆ ਹੋਇਆ। ਕੌਮ ਸਾਹਿਬਜ਼ਾਦਿਆਂ ਦੀ ਲਾਸਾਨੀ ਕੁਰਬਾਨੀ ਦੀ ਯਾਦ ਨੂੰ ਆਪਣੇ ਸੀਨੇ ਨਾਲ ਲਾਉਣ ਲਈ ਉਸ ਕੰਧ ਵਾਲੀ ਥਾਂ 'ਤੇ ਨਤਮਸਤਕ ਹੋ ਰਹੀ ਹੈ ਜਿਥੇ ਉਨ੍ਹਾਂ ਨੂੰ ਜ਼ਿੰਦਾ ਨੀਹਾਂ 'ਚ ਚਿਣ ਦਿੱਤਾ ਗਿਆ ਸੀ। ਮੀਂਹ ਤੋਂ ਬਾਅਦ ਸੀਤ ਹਵਾਵਾਂ ਚੱਲ ਰਹੀਆਂ ਹਨ। ਪਰ ਇਨ੍ਹਾਂ ਦੀ ਕਿਸੇ ਨੂੰ ਵੀ ਪ੍ਰਵਾਹ ਨਹੀਂ। ਲੱਖਾਂ ਲੋਕ ਫਤਹਿਗੜ੍ਹ ਸਾਹਿਬ ਨੂੰ ਵਹੀਰਾਂ ਘੱਤੀ ਆ ਰਹੇ ਨੇ। ਗੁਰੂ ਦੇ ਲੰਗਰ ਅਟੁੱਟ ਵਰਤ ਰਹੇ ਨੇ। ਸਿੱਖ ਇਤਿਹਾਸ ਵਿਚ ਫਤਹਿਗੜ੍ਹ ਸਾਹਿਬ ਦੀ ਸਭਾ ਸਫ਼ਰ-ਏ-ਸ਼ਹਾਦਤ ਦਾ ਸਭ ਤੋਂ ਇਤਿਹਾਸਕ ਤੇ ਅਹਿਮ ਪੜਾਅ ਹੈ।

ਮੈਂ ਹੁਣੇ ਹੀ ਜਸਬੀਰ ਮੰਡ ਦੀ ਚੁਰਾਸੀ ਨਾਲ ਸੰਬੰਧਿਤ ਕਿਤਾਬ ਪੜ੍ਹ ਕੇ ਹਟਿਆਂ ਹਾਂ। ਉਹ ਚੁਰਾਸੀ ਜੋ ਸਿੱਖ ਕੌਮ ਦੇ ਚੇਤਿਆਂ 'ਚ ਬਰਛੀ ਵਾਂਗ ਖੁੱਭਿਆ ਹੋਇਆ ਹੈ। ਚੁਰਾਸੀ ਸੁਣਦੇ ਸਾਰ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜ਼ਖ਼ਮੀ ਸਰੂਪ ਸਾਹਮਣੇ ਆ ਜਾਂਦਾ ਹੈ। ਇਸ ਸਦਮੇ ਦਾ ਵੈਰਾਗ ਤੇ ਯਾਦ ਪੂਰੀ ਦੀ ਪੂਰੀ ਕੌਮ ਦੀ ਰੂਹ ਨੂੰ ਤੜਫਾ ਦਿੰਦੀ ਹੈ। ਇਤਿਹਾਸਕਾਰਾਂ ਨੇ ਪੰਜਾਬ ਦੇ ਚੁਰਾਸੀ ਤੇ ਉਸਤੋਂ ਬਾਅਦ ਦੇ ਖ਼ੂਨ ਨਾਲ ਲੱਥ-ਪੱਥ ਹੋਏ ਦੌਰ ਨੂੰ ਕਲਮਬੰਦ ਕੀਤਾ ਹੈ ਤੇ ਕੁਝ ਕਰਨ ਲਗੇ ਹੋਏ ਨੇ। ਪੰਜਾਬੀ ਦੇ ਕੁਝ ਸਿਰਮੌਰ ਕਵੀਆਂ ਨੇ ਚੁਰਾਸੀ ਨੂੰ ਮੁੱਖ ਰੱਖ ਕੇ ਕਵਿਤਾਵਾਂ ਵੀ ਲਿਖੀਆਂ ਹਨ। ਪਰ ਇਸ ਵੇਲੇ ਜਿਸਦਾ ਜ਼ਿਕਰ ਪੰਜਾਬੀ ਸਾਹਿਤਕ ਹਲਕਿਆਂ 'ਚ ਰੱਜ ਕੇ ਹੋ ਰਿਹਾ ਹੈ, ਉਹ ਹੈ 'ਚੁਰਾਸੀ ਲੱਖ ਯਾਦਾਂ'। ਇਹ ਜਸਬੀਰ ਮੰਡ ਦਾ ਵੱਡੇ ਆਕਾਰ ਦਾ ਨਾਵਲ ਹੈ। ਹਾਲਾਂਕਿ ਨਾਵਲ ਕੁਝ ਹਫਤੇ ਪਹਿਲਾਂ ਹੀ ਛਪਿਆ ਹੈ ਪਰ ਇਸਦਾ ਜ਼ਿਕਰ ਹਰ ਵੱਡੀ ਪੰਜਾਬੀ ਸਾਹਿਤਕ ਮਹਿਫ਼ਲ 'ਚ ਹੋਣ ਲੱਗ ਪਿਆ ਹੈ। ਪੰਜਾਬੀ ਸਾਹਿਤ ਦਾ ਆਲੋਚਨਾਤਮਕ ਅਧਿਐਨ ਕਰਨ ਵਾਲੇ ਇਸ ਨਾਵਲ ਤੋਂ ਪ੍ਰਭਾਵਿਤ ਹੋਏ ਨੇ।

ਲੰਬਾ ਸਮਾਂ ਜਪਾਨ ਰਹਿਣ ਤੋਂ ਬਾਅਦ ਸ਼ਿਵਾਲਿਕ ਦੀਆਂ ਟਿੱਬੀਆਂ 'ਚ ਵਸੇ ਰੋਪੜ ਜ਼ਿਲ੍ਹੇ ਦੇ ਪਿੰਡ ਹਿਰਦਾਪੁਰ ਵਿਚ ਰਹਿ ਰਿਹਾ ਜਸਬੀਰ ਮੰਡ ਪੰਜਾਬੀ ਸਾਹਿਤ ਦਾ ਵਿਸ਼ੇਸ਼ ਤੇ ਵੱਖਰਾ ਹਸਤਾਖਰ ਹੈ। ਉਹ ਸਾਧਾਰਨ ਕਿਸਮ ਦਾ ਸਾਹਿਤਕਾਰ ਨਹੀਂ ਹੈ। ਉਸਦੇ ਨਾਵਲ ਵਿਚ ਕੁਦਰਤ ਤੇ ਦਰਸ਼ਨ (ਫਿਲਾਸਫੀ) ਨਾਲ ਗੁੜੱਚ ਹੁੰਦੇ ਨੇ। ਇਹ ਉਸਦਾ ਛੇਵਾਂ ਨਾਵਲ ਹੈ ਤੇ ਇਸਨੇ ਉਸਨੂੰ ਪੰਜਾਬੀ ਸਾਹਿਤ ਦੇ ਸਿਖਰਲੇ ਡੰਡੇ 'ਤੇ ਪਹੁੰਚਾ ਦਿੱਤਾ ਹੈ। ਇਸ ਤੋਂ ਪਹਿਲਾਂ ਉਸਦੇ ਦੋ ਹੋਰ ਨਾਵਲਾਂ - 'ਬੋਲ ਮਰਦਾਨਿਆਂ' ਤੇ 'ਆਖਰੀ ਬਾਬੇ' ਉਤੇ ਵੀ ਭਰਵੀਂ ਚਰਚਾ ਹੋਈ ਹੈ। ਉਸਦੇ ਨਵੇਂ ਨਾਵਲ ਨੇ ਵਿਸ਼ਵ ਵਿਦਿਆਲਿਆਂ 'ਚ ਪੜ੍ਹਾ ਰਹੇ ਅਧਿਆਪਕਾਂ ਤੇ ਪੜ੍ਹ ਰਹੇ ਵਿਦਿਆਰਥੀਆਂ ਨੂੰ ਵੀ ਮੋਹਿਆ ਹੈ।

ਮੰਡ ਪੁੱਜ ਕੇ ਸੰਗਾਲੂ ਆਦਮੀ ਹੈ। ਉਸਨੂੰ ਪਿਛਲੀ ਕਤਾਰ 'ਚ ਖੜ੍ਹ ਕੇ, ਬੈਠ ਕੇ ਸਕੂਨ ਮਿਲਦਾ ਹੈ। ਉਹ ਬਹੁਤ ਘੱਟ ਤੇ ਧੀਮਾ ਬੋਲਦਾ ਹੈ ਤੇ ਉਸਦੇ ਲਿਖਣ ਦੀ ਰਫਤਾਰ ਵੀ ਧੀਮੀ ਹੈ। 'ਆਖਰੀ ਬਾਬੇ' ਤੋਂ ਪੰਜ ਸਾਲ ਬਾਅਦ ਉਸਦਾ ਇਹ ਨਾਵਲ ਆਇਆ ਹੈ। ਕਿੱਤੇ ਵਜੋਂ ਉਹ ਕਿਸਾਨ ਹੈ ਤੇ ਉਸਨੂੰ ਆਪਣੀਆਂ ਟਿੱਬੀਆਂ ਨਾਲ ਅੰਤਾਂ ਦਾ ਮੋਹ ਹੈ। ਜ਼ਿਆਦਾ ਸਮਾਂ ਉਹ ਉਨ੍ਹਾਂ ਟਿੱਬੀਆਂ 'ਚ ਹੀ ਕੰਮ ਕਰਦਾ ਬਿਤਾਉਂਦਾ ਹੈ। ਉਸਦੀ ਟਿੱਬੀਆਂ ਵਾਲੀ ਜ਼ਮੀਨ 'ਚ ਖੈਰ ਦਾ ਜੰਗਲ ਹੈ ਜਿਸਦੀ ਰਾਖੀ ਲਈ ਉਸਨੇ ਕਈ ਫੁੱਟ ਉਚਾ ਮਚਾਨ ਬਣਾਇਆ ਹੋਇਆ। ਇਹ ਮਚਾਨ ਉਸਨੂੰ ਉਚੇ ਖੜ੍ਹ ਕੇ ਘਟਨਾਵਾਂ ਨੂੰ ਵੇਖਣ, ਵਿਚਾਰਨ ਤੇ ਲਿਖਣ ਦਾ ਬਲ ਬਖ਼ਸ਼ਦਾ ਹੈ।

'ਚੁਰਾਸੀ ਲੱਖ ਯਾਦਾਂ' ਪੜ੍ਹਦਿਆਂ ਮਨ 'ਚ ਕਈ ਵਾਰ ਖਿਆਲ ਆਇਆ ਕਿ ਇੰਨੇ ਜਟਿਲ ਤੇ ਗੰਭੀਰ ਵਿਸ਼ੇ ਬਾਰੇ ਇੰਨੇ ਸਹਿਜ ਨਾਲ ਵੀ ਲਿਖਿਆ ਜਾ ਸਕਦਾ ਹੈ। ਕਿਤੇ ਕੋਈ ਮਾਰਕੇਬਾਜ਼ੀ ਨਹੀਂ। ਕਿਤੇ ਕੋਈ ਬੜ੍ਹਕ ਨਹੀਂ। ਕੋਈ ਉਤੇਜਨਾ ਨਹੀਂ ਤੇ ਨਾ ਹੀ ਤਲਖ਼ੀ। ਨਾਵਲ ਵਿਚ ਉਹ ਨਾ ਕਿਸੇ ਦੇ ਹੱਕ 'ਚ ਭੁਗਤਦਾ ਹੈ ਤੇ ਨਾ ਹੀ ਕਿਸੇ ਦੇ ਵਿਰੁੱਧ। ਹਾਂ, ਕਈ ਵਾਰ ਭਾਵਨਾਵਾਂ ਦਾ ਜਵਾਰਭਾਟਾ ਵੱਡੀ ਹਲਚਲ ਜ਼ਰੂਰ ਪੈਦਾ ਕਰਦਾ ਹੈ। ਇਸ ਨਾਵਲ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਸਿੱਖ ਕੌਮ ਦੇ ਸਾਹਮਣੇ ਵੱਡੇ ਸਵਾਲ ਰੱਖਦਾ ਹੈ ਤੇ ਨਾਲ ਹੀ ਵੱਡੇ ਸੁਨੇਹੇ ਵੀ ਦਿੰਦਾ ਹੈ। ਮੰਡ ਜਵਾਨ ਕੁੜੀ ਨਾਲ ਖਾੜਕੂ ਮੁੰਡੇ ਦੇ ਪਿਆਰ ਦੀਆਂ ਤਰੰਗਾਂ ਨੂੰ ਏਨੀ ਨਿਰਮਲਤਾ ਨਾਲ ਬਿਆਨਦਾ ਹੈ ਕਿ ਨਾਵਲ 'ਚ ਇਸ ਰਿਸ਼ਤੇ ਦੇ ਵਾਸ਼ਨਾ ਨੇੜੇ ਨਹੀਂ ਢੁਕਦੀ।

ਨਾਵਲ ਪੜ੍ਹਦੇ ਸਮੇਂ ਭਾਸ਼ਾ ਦੀ ਸਰਲਤਾ, ਸ਼ਾਲੀਨਤਾ ਤੇ ਖ਼ੂਬਸੂਰਤੀ ਮਿੱਠੀ-ਮਿੱਠੀ ਲੱਗਦੀ ਹੈ। ਮੰਡ ਨੂੰ ਆਪਣੀ ਪੁਆਧੀ ਬੋਲੀ ਤੇ ਆਪਣੇ ਘਾੜ ਦੇ ਇਲਾਕੇ ਨਾਲ ਲੋਹੜੇ ਦਾ ਪਿਆਰ ਹੈ। ਇਸੇ ਲਈ ਉਹ ਆਪਣੀ ਮਾਂ ਬੋਲੀ ਦੇ ਲਫਜ਼ ਤੇ ਲਹਿਜ਼ੇ ਨੂੰ ਨਾਵਲ 'ਚ ਖੁੱਲ੍ਹ ਕੇ ਵਰਤਦਾ ਹੈ। ਕੁਦਰਤ, ਨਦੀਆਂ, ਖੇਤਾਂ, ਖੱਡਾਂ ਦੇ ਜ਼ਿਕਰ ਕਰਦਾ-ਕਰਦਾ ਮੰਡ ਪਤਾ ਹੀ ਨਹੀਂ ਲੱਗਣ ਦਿੰਦਾ ਕਿ ਕਿਹੜੇ ਵੇਲੇ ਉਹ ਡੂੰਘੇ ਸੰਵਾਦ ਛੋਹ ਲੈਂਦਾ ਹੈ। ਗੱਲ ਦੀ ਡੂੰਘਾਈ ਤਕ ਪਹੁੰਚਣ ਲਈ ਪੜ੍ਹਦੇ-ਪੜ੍ਹਦੇ ਕਈ ਵਾਰ ਉਸਦੀ ਇਕ ਲਾਈਨ 'ਤੇ ਲੰਬਾ ਸਮਾਂ ਰੁਕਣਾ ਪੈਂਦਾ ਹੈ। ਕਈ ਉਸਦੇ ਬੜੇ ਹੀ ਸਹਿਜ ਨਾਲ ਰਚੇ ਸੰਵਾਦ ਕਾਂਬਾ ਛੇੜ ਦਿੰਦੇ ਨੇ, ਰੂਹ ਝੰਜੋੜ ਦਿੰਦੇ ਨੇ।

ਪੂਰਾ ਨਾਵਲ ਖਾੜਕੂ ਲਹਿਰ, ਹਿੰਸਾ ਤੇ ਹਿੰਸਕ ਵਰਤਾਰੇ ਦੇ ਮਨੋਵਿਗਿਆਨਕ ਪਹਿਲੂਆਂ ਬਾਰੇ ਹੈ। ਲਹਿਰ ਅੰਦਰਲੀ ਵਿਚਾਰਧਾਰਕ ਕਸ਼ਮਕਸ਼ ਬਾਰੇ ਹੈ। ਖਾੜਕੂ ਲਹਿਰ ਦੀਆਂ ਕਈ ਪਰਤਾਂ ਦੇ ਸਨਮੁਖ ਹੋ ਕੇ ਮੰਡ ਨੇ ਲਿਖਿਆ ਹੈ ਇਹ ਨਾਵਲ। ਇਹ ਪੰਜਾਬ 'ਚ ਲੰਬੇ ਚੱਲੇ ਹਿੰਸਕ ਦੌਰ ਦੇ ਕਈ ਮਹੱਤਵਪੂਰਨ ਪਹਿਲੂਆਂ ਨੂੰ ਫੜਨ ਦਾ ਵੱਡਾ ਯਤਨ ਹੈ। ਹਿੰਸਾ ਦੋਪਾਸੜੀ ਸੀ। ਇਸ ਦੀ ਦਹਿਸ਼ਤ ਨੇ ਚਾਰ ਚੁਫੇਰੇ ਚੁੱਪ ਪਰੋਸ ਦਿੱਤੀ ਸੀ। ਨਾਵਲ ਦੇ ਬਹੁਤੇ ਪਾਤਰ ਖਾੜਕੂ ਤੇ ਉਨ੍ਹਾਂ ਦੇ ਪਰਿਵਾਰ, ਜਾਣਕਾਰ ਤੇ ਖਾੜਕੂਵਾਦ ਦਾ ਸ਼ਿਕਾਰ ਹੋਏ ਟੱਬਰ ਹਨ। ਇਸ ਦਾ ਮੁਖ ਪਾਤਰ ਅਮਰਪਾਲ ਹੈ। ਇਸਤੋਂ ਇਲਾਵਾ ਦੀਪਾ ਬਾਬਾ, ਜੈਲਾ ਬਾਬਾ, ਫਿਰਕੀ, ਝਿਲਮਿਲ ਤੇ ਕਈ ਹੋਰ ਲੜਕੇ ਹਨ। ਦੋ ਲੜਕੀਆਂ ਬਲਵੰਤ ਤੇ ਮਨਜੋਤ ਵੀ ਇਸ ਦੇ ਵਿਸ਼ੇਸ਼ ਪਾਤਰ ਹਨ। ਨਾਵਲ 'ਚ ਇਹ ਖਾੜਕੂ ਰੋਪੜ ਜ਼ਿਲ੍ਹੇ ਦੀਆਂ ਸ਼ਿਵਾਲਿਕ ਦੀਆਂ ਪਹਾੜੀਆਂ ਨਾਲ ਲੱਗਦੇ ਖੇਤਰ 'ਚ ਵਿਚਰਦੇ ਨੇ। ਇਨ੍ਹਾਂ ਪਹਾੜੀਆਂ 'ਚ ਹੀ ਖਾਲਸੇ ਦੀ ਜਨਮ ਭੂਮੀ ਆਨੰਦਪੁਰ ਸਾਹਿਬ ਹੈ। ਤੇ ਆਨੰਦਪੁਰ ਸਾਹਿਬ ਦੀ ਸੋਚ ਤੇ ਖ਼ਾਸ ਕਰਕੇ ਗੁਰੂਆਂ ਦੇ ਫਲਸਫੇ ਤੇ ਸ਼ਬਦ ਗੁਰੂ ਦਾ ਨਾਵਲ ਜਾਂ ਕਹਿ ਲਵੋ ਇਸ ਦੇ ਰਚਨਹਾਰੇ 'ਤੇ ਗਹਿਰਾ ਅਸਰ ਹੈ। ਇਸ ਤੋਂ ਪਹਿਲਾਂ ਕਿ ਨਾਵਲ ਬਾਰੇ ਅੱਗੇ ਵਧਿਆ ਜਾਵੇ, ਮੈਨੂੰ ਲੱਗਦਾ ਹੈ ਕਿ ਇਸਦੇ ਕੁਝ ਅੰਸ਼ ਤੁਹਾਡੇ ਨਾਲ ਸਾਂਝੇ ਕੀਤੇ ਜਾਣ।

ਇਕ ਥਾਂ ਅਮਰਪਾਲ ਕਹਿੰਦਾ ਹੈ: "ਉਂਝ ਰਾਤਾਂ ਨਾਲ ਲਗਾਤਾਰ ਤੁਰਦਿਆਂ ਹਨੇਰਾ ਸਾਨੂੰ ਪਛਾਣਨ ਲੱਗ ਪਿਆ ਸੀ।"

ਉਹ ਅੱਗੇ ਕਹਿੰਦਾ ਹੈ: ''ਜਿਨ੍ਹਾਂ ਔਖਾ ਕਿਸੇ ਨੂੰ ਬਿਨ ਬੋਲਿਆਂ ਮਾਰਨਾ ਹੁੰਦਾ, ਉਨ੍ਹਾਂ ਔਖਾ ਕਿਸੇ ਨੂੰ ਚੁੱਪ-ਚਾਪ ਮਰਦੇ ਦੇਖਣਾ ਵੀ ਹੁੰਦਾ ਹੈ...ਗੋਲੀਆਂ ਦੀ ਅਵਾਜ ਵਿਚ ਜਿੰਨੇ ਤਰਲੇ ਸੁਣੇ ਸਨ, ਉਨੀਆਂ ਇਕੱਠੀਆਂ ਤਾਂ ਮੈਂ ਅਰਦਾਸਾਂ ਵੀ ਨਹੀਂ ਸਨ ਸੁਣੀਆਂ।

ਕੁਝ ਘਟਨਾਵਾਂ ਭਾਸ਼ਾ ਦੇ ਜੰਜਾਲ ਚ ਫਸਦੀਆਂ ਹੀ ਨਹੀਂ। ਉਹ ਜਾਂ ਤਾਂ ਦਿਸਦੀਆਂ ਨੇ ਜਾਂ ਸੁਣਦੀਆਂ ਨੇ।''

''ਤੂੰ ਭੂਆ ਨੂੰ ਪੁੱਛਿਆਂ ਨਹੀਂ ਕੇ ਭੈਣ ਕਹਾਉਣਾ ਕਿਉਂ ਨਹੀਂ ਚੰਗਾ ਲੱਗਦਾ?'' ਜਵਾਬ: "ਅੱਜ ਕੱਲ੍ਹ ਵੀਰ ਬਹੁਤ ਛੇਤੀ ਵਿਛੜਦੇ ਨੇ...ਰਿਸ਼ਤਾ ਥੋੜਾ ਦੂਰ ਦਾ ਹੀ ਰੱਖੀਏ''।


''ਭੂਆ ਮੌਤ ਹੁਣ ਖਾਲੀ ਹੱਥ ਨਹੀਂ ਮੋੜਨੀ।'' ਉਹ ਅਗੇ ਜ਼ਿਕਰ ਕਰਦਾ ਹੈ "ਹੁਣ ਅਸੀਂ ਓਟਾਂ ਵਾਲੀ ਧਰਤੀ ਉਪਰੋਂ ਲੰਘ ਰਹੇ ਸੀ, ਘਾੜ ਇਸ ਕਰਕੇ ਚੰਗਾ ਲੱਗਦਾ, ਇਹ ਨਾ-ਦਿਸਣ ਦੀ ਹਮਾਇਤ ਚ ਉਤਰ ਆਉਂਦਾ ਹੈ। ਅਨੰਦਪੁਰ ਸਾਹਿਬ ਦੀ ਧਰਤੀ ਵੀ ਤਾਂ ਇਸਤਰਾਂ ਦੀ ਹੀ ਸੀ। ਜਦੋਂ ਸਿੰਘਾਂ ਦੇ ਸਿਰ ਦੇ ਮੁੱਲ ਪਏ; ਉਸ ਵੇਲੇ ਅਜੇਹੀ ਹੀ ਗੋਦ ਦੀ ਜਰੂਰਤ ਪਈ ਹੋਵੇਗੀ''।

''ਮੈਂ ਉਚਾਣਾਂ-ਨਿਵਾਣਾਂ ਚ ਪਲਿਆਂ ਹਾਂ...ਇਕੱਲੀ ਖ਼ੁਸ਼ੀ ਕਿੰਨੀ ਠੰਡੀ ਹੁੰਦੀ ਹੈ।''

ਇਕ ਖਾੜਕੂ ਕੁੜੀ ਅਮਰਪਾਲ ਦੀ ਮਾਂ ਨੂੰ ਮਿਲਣ ਆਉਂਦੀ ਹੈ।

ਮਾਂ ਉਹਨੂੰ ਕਹਿੰਦੀ ਹੈ "ਪੁੱਤ, ਤੂੰ ਫੌਜੀਆਂ ਮੰਗਣਾ (ਵਾਂਗਣ) ਆਉਂਦੀ ਚੰਗੀ ਲੱਗਦੀ ਐਂ? ਪੁੱਤ ਤੂੰ ਇਹ ਹੌਂਸਲੇ ਕਿਥੋਂ ਲੈ ਆਈ? ਕਿਸ ਤਰਾਂ ਤੁਸੀਂ ਮੁੜ ਨਹੀਂ ਸਕਦੇ?''

''ਨਹੀਂ ਬੀਬੀ ਇਹ ਤਾਂ ਉਹ ਫੌਜ ਏ ਜੀਹਦੀ ਪੈਨਸ਼ਨ ਮੌਤ ਨਾਲ ਹੀ ਲੱਗਣੀ ਹੈ।''




ਪੁਸਤਕ 'ਚੁਰਾਸੀ ਲੱਖ ਯਾਦਾਂ' ਦਾ ਸਰਵਰਕ।

ਆਪਣੇ ਸਾਥੀ ਖਾੜਕੂ ਦਾ ਜ਼ਿਕਰ ਕਰਦਾ ਅਮਰਪਾਲ ਕਹਿੰਦਾ ਹੈ: ''ਮੈਂ ਧਿਆਨ ਨਾਲ ਮਨਜੀਤ ਵੱਲ ਵੇਖਿਆ, ਉਹਦੇ ਚਿਹਰੇ ਤੇ ਕਿੰਨੇ ਦੁੱਖ ਅਣ-ਵੰਗਾਰੇ ਪਏ ਸਨ...ਉਨ੍ਹਾਂ ਵਿਚ ਹੀ ਕਿਤੇ ਅਕਾਲ ਤਖ਼ਤ ਦੇ ਖੰਡਰਾਂ ਦੀ ਤਿਕੋਣ ਸੀ।''

''ਉਂਝ ਅਸੀਂ ਵਧਦੇ ਅੰਕੜਿਆਂ ਤੋਂ ਉਤੇਜਿਤ ਹੁੰਦੇ ਹੀ ਰਹਿੰਦੇ ਸਾਂ ਪਰ ਜਦੋਂ ਕੋਈ ਅੰਕੜਾ ਚੁਰਾਸੀ ਕੋਲ ਪਹੁੰਚਦਾ ਤਾਂ ਜਾਪਦਾ ਕੋਈ ਜਾਣ-ਬੁੱਝ ਕੇ ਗ਼ਲਤ ਗਿਣਤੀ ਦੱਸ ਰਿਹਾ ਹੈ। ਇਹ ਅੰਕੜਾ ਸਾਡੇ ਇਤਹਾਸ ਨਾਲ ਲੜ ਪਿਆ ਹੈ।''

ਅਮਰਪਾਲ ਦਾ ਸਾਥੀ ਦੀਪ ਨਦੀ ਦੇ ਕਿਨਾਰੇ ਬੈਠਾ ਕਹਿੰਦਾ "ਦੇਖ ਅਮਰਪਾਲ ਪਾਣੀ ਵਗਦਾ ਵਗਦਾ ਹੀ ਇਸ਼ਨਾਨ ਕਰ ਲੈਂਦਾ...ਥੋੜੀ ਦੇਰ ਪਹਿਲਾ ਜਿਹੜੀ ਨਦੀ ਗੰਧਲੇ ਪਾਣੀ ਨਾਲ ਮਿਟੀ ਰੰਗੀ ਹੋ ਗਈ ਸੀ, ਉਹ ਨਿਤਰਨੀ ਸ਼ੁਰੂ ਹੋ ਗਈ।''

ਸੋਚ 'ਚ ਡੁਬਿਆ ਅਮਰਪਾਲ ਕਹਿ ਰਿਹਾ: ''ਅਸੀਂ ਆਪਣੇ ਸਦਮਿਆਂ ਦੇ ਵਿਰਾਗ ਵੇਖੇ ਤੇ ਫਿਰ ਜਦੋਂ ਕੋਈ ਰਾਹ ਨਾ ਮਿਲਿਆ ਤਾਂ ਉਨ੍ਹਾਂ ਨੂੰ ਘਿਰਣਾ ਦਾ ਰਾਹ ਵਿਖਾਇਆ। ...ਚੰਗਿਆੜੇ ਲੋਹੇ ਨੂੰ ਵੀ ਜੋੜ ਦਿੰਦੇ ਨੇ ਅਮਰਪਾਲ, ਉਸਦੇ ਸਾਥੀ ਦਾ ਬਾਪੂ ਕਹਿੰਦਾ ਹੈ।

ਇਕ ਥਾਂ ਅਮਰਪਾਲ ਕਹਿੰਦਾ ਹੈ: ''ਜੰਗਲ ਮੈਨੂੰ ਅੱਜ-ਕਲ ਸੁਨਸਾਨ ਜਿਹੀ ਚਿਤਾਵਨੀ ਨਹੀਂ ਲੱਗਦਾ, ਜਿਵੇਂ ਕੁਝ ਸਾਲ ਪਹਿਲਾਂ ਲੱਗਦਾ ਸੀ। ਸ਼ਾਇਦ ਸਾਡਾ ਕੋਈ ਜਾਂਗਲੀਪਣਾ ਜੰਗਲ ਨੂੰ ਭਾਅ ਗਿਆ ਹੋਵੇ।''

ਜਿਸ ਤਰ੍ਹਾਂ ਮੰਡ ਖਾੜਕੂ ਮੁੰਡਿਆਂ 'ਚ ਹੁੰਦੀ ਬਹਿਸ ਨੂੰ ਚਿਤਰਦਾ ਹੈ, ਉਹ ਨਿਰਾ ਦਰਸ਼ਨ ਹੀ ਲੱਗਦਾ ਹੈ।

ਇਕ ਦਿਨ ਮਨਜੀਤ ਤੇ ਦੀਪ ਬਾਬੇ 'ਚ ਬਹਿਸ ਹੋ ਜਾਂਦੀ ਹੈ।

ਮਨਜੀਤ ਕਹਿੰਦਾ ਹੈ "ਜੇਕਰ ਸੰਤ ਭਿੰਡਰਾਂਵਾਲੇ ਨਾ ਹੁੰਦਾ ਤਾਂ ਸਿੱਖੀ ਨੇ ਇਕ ਵਾਰ ਫਿਰ ਸਹਿਮ ਜਾਣਾ ਸੀ ਦੀਪ ਬਾਬੇ''।

ਦੀਪ ਜਵਾਬ 'ਚ ਕਹਿੰਦਾ ਹੈ "ਕਦੋਂ ਸਹਿਮੀ ਹੈ ਸਿੱਖੀ? ਤੂੰ ਇਹ ਕਿਉਂ ਸੋਚਿਆ?

''ਹੋਰ ਕਿਆ ਸੋਚਾਂ?'' ਮਨਜੀਤ ਪੁੱਛਦਾ।

ਦੀਪ ਬੋਲਦਾ: ''ਤੂੰ ਦਸ਼ਮੇਸ਼ ਕੋਲ ਕਿਉਂ ਨਹੀਂ ਰੁਕਿਆ? ਤੇਰਾ ਡਰ ਹੁਣ ਕੋਈ ਹੋਰ ਦੂਰ ਕਰੇਗਾ? ਕਲਗੀਆਂ ਆਲੇ ਤੋਂ ਬਿਨਾਂ।''

ਮਨਜੀਤ ਜਵਾਬ 'ਚ ਕਹਿੰਦਾ ਹੈ ''ਪਰ ਸੰਤਾਂ ਦਾ ਡਰ ਵੀ ਤਾਂ ਦਸ਼ਮੇਸ਼ ਨੇ ਹੀ ਦੂਰ ਕਰਿਆ ਹੋਣਾ।''

ਦੀਪ ਕਹਿੰਦਾ "ਤੂੰ ਆਪਣਾ ਭਰੋਸਾ ਕਿਉਂ ਖੋਇਆ?''

''ਨਹੀਂ ਖੋਇਆ, ਸੂਰਬੀਰਾਂ ਨੂੰ ਯਾਦ ਕਰਨਾ ਕਿਆ ਗਲਤ ਹੈ'', ਮਨਜੀਤ ਨੇ ਕਿਹਾ।

ਦੀਪ ਮਨਜੀਤ ਨੂੰ ਸਮਝਾਉਂਦਾ ਹੈ "ਤੇਰੀ ਯਾਦ ਦਸ਼ਮੇਸ਼ ਕੋਲ ਹੈ, ਤੇਰਾ ਮਾਰਗ ਦਸ਼ਮੇਸ਼ ਕੋਲ ਹੈ।''

''ਮੈਨੂੰ ਤੇਰੀ ਟੇਡੀ ਗੱਲ ਸਮਝ ਨਹੀਂ ਆਉਂਦੀ ਦੀਪ ਬਾਬੇ।''

ਦੀਪ ਅੱਗੋਂ ਕਹਿੰਦਾ ''ਆਪਣਾ ਕਾਲਜਾ ਦਸ਼ਮੇਸ਼ ਅਗੇ ਰੱਖ, ਹਿੱਕ ਨਹੀਂ, ਇਹ ਨਾਨਕ ਦਾ ਘਰ ਹੈ।''

ਇਕ ਥਾਂ ਅਗ ਬਲਦੀ ਵੇਖ ਕੇ ਦੀਪ ਬਾਬਾ ਕਹਿੰਦਾ ਹੈ "ਦੇਖ ਬਈ ਸਿੰਘਾ ਇਤਿਹਾਸ ਦੀਆਂ ਕੁਝ ਝਲਕਾਂ ਇਨ੍ਹਾਂ ਅੰਗਿਆਰਿਆਂ ਵਰਗੀਆਂ ਹੀ ਹੁੰਦੀਆਂ, ਪਤਾ ਹੁੰਦਾ ਕੇ ਅਸੀਂ ਥੋੜੀ ਦੇਰ ਬਾਦ ਬੁੱਝ ਜਾਣਾ...ਫਿਰ ਵੀ ਅੱਗ ਕੋਲੋਂ ਜਜਬਾਤੀ ਹੋ ਕੇ ਉਡ ਉਡ ਪੈਂਦੀਆਂ।''

ਦੀਪ ਬਾਬਾ ਵਾਪਰ ਚੁਕੇ ਤੇ ਵਾਪਰ ਰਹੇ ਲਈ ਫ਼ਿਕਰਮੰਦ ਹੋਇਆ ਖਾੜਕੂਆਂ ਦੇ ਇਕ ਗਰੁੱਪ ਨਾਲ ਸੰਵਾਦ ਰਚਾਉਂਦਾ ਕਹਿੰਦਾ ਹੈ "ਸਭ ਕਿੰਝ ਤੁਹਾਡੇ ਹੱਥਾਂ ਤੋਂ ਬਾਹਰ ਕਿਵੇਂ ਚਲਾ ਗਿਆ?''

''ਬਾਬਾ ਅਸੀਂ ਸਮਝਿਆ ਸੀ ਇਹ ਅਕਾਲ ਤਖ਼ਤ ਦੇ ਢਾਹੁਣ ਦਾ ਗੁਸਾ ਹੈ, ਉਤਰ ਜਾਵੇਗਾ, ਗੁਰੂ ਆਪੇ ਠੰਡ ਬਖਸ਼ ਦੇਵੇਗਾ।...ਕਿਸੇ ਨੂੰ ਦੁੱਖ ਵਿਚ ਤੜਫਦਾ ਵੇਖ ਕੇ ਝਿੜਕਿਆ ਵੀ ਤਾਂ ਨਹੀਂ ਜਾ ਸਕਦਾ।

''... ਪਰ ਕੋਈ ਆਪਣੀ ਘਿਰਣਾ ਨੂੰ ਅਕਾਲ ਤਖ਼ਤ ਦੇ ਸਦਮੇ ਵਿਚ ਰਲਾ ਲਵੇਗਾ, ਇਹ ਸਾਨੂੰ ਪਤਾ ਨਹੀਂ ਸੀ।'' ਇਕ ਪਿੱਛੇ ਖੜਾ ਜਥੇਦਾਰ ਬੋਲਿਆ।

''ਸਾਰੇ ਗੁਸੈਲ ਸਿੰਘ ਆਪਣੇ ਆਪ ਨੂੰ ਵਾਪਸ ਨਹੀਂ ਮੋੜ ਸਕੇ।'' ਠੀਕ ਏ ਅਸੀਂ ਮੰਨਦੇ ਹਾਂ, ਸਿਖਾਂ ਲਈ ਇਹ ਸਹਿਣਯੋਗ ਸਦਮਾ ਨਹੀਂ ਸੀ।

''ਇਕ ਸਦਮਾ ਗੁਰੂ ਦੀ ਸ਼ਰਨ ਵਿਚ ਵੀ ਲੈ ਕੇ ਜਾਣਾ ਸੀ, ਸੱਚੇ ਪਾਤਸ਼ਾਹ ਦੇ ਹੁਕਮ ਦੀ ਉਡੀਕ ਕਿਉਂ ਨਹੀਂ ਕੀਤੀ'', ਦੀਪ ਬਾਬੇ ਨੇ ਕਿਹਾ।

''...ਸਟੇਟ ਤੇ ਖਾੜਕੂਆਂ ਕੋਲੋਂ ਲੋਕ ਇਕੋ ਜਿੰਨਾ ਡਰਨ? ਇਹ ਵਾਰਸ ਤੁਸੀਂ ਕਿਥੋਂ ਸਿੱਖੀ'', ਬਾਬਾ ਦੀਪ ਜਜ਼ਬਾਤੀ ਹੋਇਆ ਕਹਿੰਦਾ ਹੈ।

ਪਰ ਹੁਣ ਜਿਨ੍ਹਾਂ ਨੂੰ ਅਸੀਂ ਮੋੜਨਾ ਚਾਹੁੰਦੇ ਹਾਂ, ਉਹ ਸਾਡੇ ਹੱਥ 'ਚੋਂ ਨਿਕਲ ਚੁੱਕੇ ਨੇ। ਸਾਡਾ ਹੋਣਾ ਹੱਤਿਆਵਾਂ ਨਾਲ ਹੀ ਜੋੜ ਦਿੱਤਾ ਗਿਆ।

ਅਮਰਪਾਲ ਨੂੰ ਮਨਜੀਤ ਤੇ ਝਿਲਮਿਲ ਨਾਲ ਗੱਲ ਕਰਦੇ ਹੋਏ ਦੀਪ ਬਾਬੇ ਦੀ ਉਹ ਗੱਲ ਯਾਦ ਆਉਂਦੀ ਹੈ ਜਦੋਂ ਉਹਨੇ ਕਿਹਾ ਸੀ ''ਪੰਜਾਬ ਇਕ ਹੋਰ ਦਿਸ਼ਾਹੀਣ ਨਾਇਕ ਦੀ ਤਲਾਸ਼ ਉਪਰ ਨਿਕਲ ਪਿਆ ਹੈ।'' ਇਹ ਕਹਿ ਕੇ ਦੀਪ ਬਾਬਾ ਉਠ ਕੇ ਚਲਾ ਗਿਆ ਸੀ।

ਜੈਲੇ ਬਾਬੇ ਨੇ ਇਸ 'ਤੇ ਟਿਪਣੀ ਕਰਦੇ ਹੋਏ ਕਿਹਾ ਸੀ ''ਜ਼ਿਆਦਾ ਅਕਲ ਵੀ ਬੰਦੇ ਨੂੰ ਬੈਠਣ ਨਹੀਂ ਦਿੰਦੀ।''

ਨਾਵਲ ਦੀ ਇਕ ਪਾਤਰ ਲੜਕੀ ਮਨਜੋਤ ਹੈ। ਖਾੜਕੂ ਉਸਦੇ ਸਾਰੇ ਪਰਿਵਾਰ ਨੂੰ ਇਸ ਸ਼ੱਕ 'ਚ ਮਾਰ ਦਿੰਦੇ ਨੇ ਕੇ ਉਨ੍ਹਾਂ ਦੇ ਘਰ ਦਾ ਇਕ ਬੰਦਾ ਕੈਟ ਬਣਿਆ ਹੋਇਆ ਸੀ ।

ਅਮਰਪਾਲ ਦੇ ਕਹਿਣ 'ਤੇ ਮਨਜੋਤ ਨੂੰ ਛੱਡ ਦਿੱਤਾ ਗਿਆ ਸੀ। ਉਹ ਆਪਣੀ ਨਾਨੀ ਨਾਲ ਰਹਿੰਦੀ ਹੈ। ਅਮਰਪਾਲ ਨੂੰ ਮਨਜੋਤ ਨਾਲ ਲਗਾਅ ਹੋ ਜਾਂਦਾ ਹੈ, ਉਹ ਉਸਨੂੰ ਵਾਰ ਵਾਰ ਯਾਦ ਆਉਂਦੀ ਹੈ। ਉਹ ਉਸਨੂੰ ਨਾਲ ਲੈ ਕੇ ਜਾਣ ਲਈ ਆਉਂਦਾ ਹੈ। ਉਸ ਸਮੇਂ ਉਸ ਨਾਲ ਕੁਝ ਹੋਰ ਖਾੜਕੂ ਵੀ ਹੁੰਦੇ ਨੇ।

ਸਾਹਮਣੇ ਆਉਂਦੀ ਮਨਜੋਤ ਨੂੰ ਅਮਰਪਾਲ ਕਹਿੰਦਾ ''ਮੈਂ ਤੈਨੂੰ ਲੈਣ ਆਇਆਂ।''

ਪ੍ਰਤੀਕਰਮ 'ਚ ਉਸਦੀ ਨਾਨੀ ਜੋ ਬੋਲਦੀ ਹੈ, ਉਹ ਦਿਲ ਕੰਬਾਉਣ ਵਾਲਾ ਹੈ। ਨਾਨੀ ਕਹਿੰਦੀ ਹੈ ''ਵੇ ਘਰ ਨੂੰ ਸਮਾਧ ਨਾ ਬਣਾਓ, ਵੇ ਇਕ ਨੂੰ ਤਾਂ ਬਖ਼ਸ਼ ਦਿਓ... ਵੇ ਕੋਈ ਧੂਫ ਬੱਤੀ ਵਾਲਾ ਵੀ ਰਹਿਣ ਦਿਓ।'' ਅਚਾਨਕ ਨਾਨੀ ਅਮਰਪਾਲ ਦੀ ਬਾਂਹ ਫੜ ਲੈਂਦੀ ਹੈ।

ਅਮਰਪਾਲ ਨੂੰ ਲੱਗਦਾ ਕਿ ਉਹ ਉਸਨੂੰ ਗਲੋਂ ਫੜ ਲਵੇਗੀ।

ਨਾਨੀ ਅਮਰਪਾਲ ਨੂੰ ਪੁੱਛਦੀ ਹੈ ''ਕਿੰਨੀਆਂ ਮਾਵਾਂ ਨੂੰ ਰੁਆਇਆ? ਚੱਲ ਪੁੱਤ ਬਣ ਕੇ ਦੱਸ ਜਾ।''

ਫਿਰ ਨਾਨੀ ਨੇ ਅਮਰਪਾਲ ਦੇ ਅੱਗੇ ਹੋ ਕੇ ਦੁਹਤੜਾ ਮਾਰਿਆ ਤੇ ਕਿਹਾ "ਇਹ ਕੁੜੀ ਤਾਂ ਟੁੱਟੇ ਮਨਾਂ ਦੀ ਧਰਮਸ਼ਾਲਾ ਏ ਪੁੱਤ।''

ਅਮਰਪਾਲ ਆਪਣੇ ਸਾਥੀ ਖਾੜਕੂ ਫਿਰਕੀ ਦਾ ਜ਼ਿਕਰ ਕਰਦੇ ਹੋਏ ਆਪਣੇ ਤੇ ਸਾਥੀਆਂ ਦੇ ਵਿਆਕਤਵ ਦਾ ਵਿਸ਼ਲੇਸ਼ਣ ਕਰਦੇ ਹੋਏ ਕਹਿੰਦਾ ਹੈ "ਫਿਰਕੀ ਨੂੰ ਅੱਜ ਕਲ ਔਸਤ ਬੰਦੇ ਵਾਂਗ ਗੱਲਾਂ ਕਰਨੀਆਂ ਆਪਣੀ ਹੇਠੀ ਜਾਪਦੀ ਸੀ।''

ਅਸੀਂ ਸਭ ਇਸ ਦੌਰ 'ਚੋਂ ਲੰਘ ਕੇ ਆਏ ਸਾਂ। ਫਿਰ ਇਕ ਸਮਾਂ ਆਉਂਦਾ ਹੈ ਜਦੋਂ ਆਪਣੀ ਅਸਹਿਜਤਾ ਦਾ ਦਬਾਅ ਝੱਲ ਨਹੀਂ ਹੁੰਦਾ।

ਇਥੋਂ ਦੋ ਕਿਸਮ ਦੀਆਂ ਆਦਤਾਂ ਵਾਲੇ ਸਿੰਘਾਂ ਦੀ ਬਣਤਰ ਸ਼ੁਰੂ ਹੋ ਜਾਂਦੀ ਹੈ। ਜੋ ਸਹਿਜਤਾ ਤੋਂ ਥਿੜਕ ਜਾਵੇ ਉਹ ਜੈਲਾ ਬਾਬਾ ਬਣ ਜਾਂਦਾ ਹੈ ਤੇ ਜੋ ਸਹਿਜਤਾ 'ਚ ਸੰਭਲ ਜਾਵੇ ਉਹ ਦੀਪ ਬਾਬਾ, ਝਿਲਮਿਲ ਬਣ ਜਾਂਦੇ ਨੇ।

ਇਕ ਦਿਨ ਅਮਰਪਾਲ ਤੇ ਮਨਜੀਤ ਇਕ ਅੰਮ੍ਰਿਤਧਾਰੀ ਸਿੰਘ ਦੇ ਘਰ ਰੋਟੀ ਖਾ ਰਹੇ ਹੁੰਦੇ ਨੇ ਤਾਂ ਘਰ ਦਾ ਮੁਖੀ ਪੁੱਛਦਾ ਐ "ਖਾਲਸਾ ਜੀ ਇਹ ਲੜਾਈ ਹੋਰ ਕਿੰਨੀ ਦੇਰ ਲੜਨੀ ਏ?''

''ਜਦ ਤਕ ਜਿਤੀ ਨਹੀਂ ਜਾਂਦੀ।''

ਘਰ ਦਾ ਮੁਖੀ ਬੋਲਦਾ ''ਹੁਣ ਤਾਂ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੇ ਵੀ ਨਹੀਂ ਰਹੇ।''

ਇਕ ਥਾਂ ਮੰਡ 'ਸ਼ਹੀਦ' ਬਾਰੇ ਇਕ ਪਾਤਰ ਰਾਹੀਂ ਕਹਿੰਦਾ ਹੈ "ਉਹ ਸਮਝਦੇ ਸਨ ਸ਼ਹੀਦ ਉਹ ਹੁੰਦਾ ਹੈ, ਜੋ ਟੀਚੇ ਤੋਂ ਪਹਿਲਾਂ ਮਰ ਜਾਵੇ। ਟੀਚਾ ਪਾਉਣ ਵਾਲਾ ਤਾਂ ਕੋਈ ਅਗਲਾ ਚੇਹਰਾ ਹੋਵੇਗਾ, ਜੋ ਉਨ੍ਹਾਂ ਲਈ ਸ਼ਰਧਾ ਦੇ ਫੁੱਲ ਚੜ੍ਹਾਵੇਗਾ।

ਅਸੀਂ ਸਾਹਸ ਨੂੰ ਦਾਰਸ਼ਨਿਕ ਰੂਪ ਨਹੀਂ ਸੀ ਦੇ ਸਕੇ। ਇਹ ਸਾਹਸ ਸਵੈ-ਰੱਖਿਆ ਵਰਗੀ ਪ੍ਰਣਾਲੀ ਕੋਲ ਆ ਕੇ ਬੌਂਦਲ ਗਿਆ ਸੀ। ਅਸੀਂ ਸਾਹਸ ਸਿਰਫ ਜ਼ਾਲਮ ਦੇ ਖਾਤਮੇ ਲਈ ਵਰਤਿਆ। ਉਹਨੇ ਪਲਟਵਾਰ ਕਰਨਾ ਹੀ ਸੀ। ਤੇ ਉਹ ਕਰ ਦਿੱਤਾ।

ਦਰਬਾਰ ਸਾਹਿਬ ਤੋਂ ਵਾਪਸ ਆਉਂਦੇ ਸਮੇਂ ਅਮਰਪਾਲ ਨੂੰ ਮਨਜੋਤ ਇਹ ਕਹਿ ਕੇ ਝੰਜੋੜ ਦਿੰਦੀ ਹੈ ''ਜਿਸ ਦਿਨ ਤੁਸੀਂ ਮੇਰੀ ਜਾਨ ਬਖ਼ਸ਼ੀ ਸੀ, ਮੈਨੂੰ ਪਤਾ ਲੱਗ ਗਿਆ ਤਾਂ ਤੁਸੀਂ ਮੈਨੂੰ ਛੱਡਣਾ ਨਹੀਂ''

ਕਿਉਂ?'' ਤੁਸੀਂ ਮੈਨੂੰ ਆਪਣੇ ਲਈ ਬਖਸ਼ਿਆ ਤਾਂ...ਮੇਰੇ ਲਈ ਨਹੀਂ।'

ਕਈ ਵਾਰੀ ਅਮਰਪਾਲ ਆਪਣੇ ਆਪ ਨਾਲ ਗੱਲਾਂ ਕਰਦਾ ਸੋਚਦਾ ਹੈ ''ਮੈਂ ਅਤਿਆਚਾਰੀ ਬਣੇ ਰਹਿਣਾ ਹੈ ਜਾਂ ਅਤਿਆਚਾਰੀ ਨੂੰ ਖਤਮ ਕਰਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਹੈ।''

ਇਕ ਹੋਰ ਡਾਇਲਾਗ ਦੇਖੋ: ਬਾਬਾ ਦੀਪ ਕਹਿੰਦਾ ਹੈ ''ਸਾਡੇ ਕੋਲ ਸਦਮਿਆਂ ਤੋਂ ਬਿਨਾ ਜੀਵਨ ਦੇ ਨਗਾਰੇ ਵੀ ਵੱਜਦੇ ਸੁਣਦੇ ਨੇ।

...ਤੁਸੀਂ ਹਰ ਸ਼ਹਾਦਤ ਤੋਂ ਬਾਅਦ ਗੁਸੈਲ ਹੋਣ ਲੱਗ ਪਏ ਹੋ। ਉਨ੍ਹਾਂ ਜੀਵਨ ਦੀ ਜਾਗਤੀ ਜੋਤ ਵਿਖਾਉਣ ਲਈ ਜਾਨਾਂ ਵਾਰੀਆਂ।

...''ਸਿੱਖੀ ਪ੍ਰੇਮ ਹੈ...ਇਸ ਜੋਤ ਦਾ ਧੂੰਆਂ ਨਹੀਂ ਨਿਕਲਦਾ। ਸਿੱਖੀ ਸਤਾ ਉਪਰ ਨਹੀਂ, ਸਾਧਨਾ ਉਪਰ ਟਿਕੀ ਹੈ।''

''ਮੈਨੂੰ ਇਤਿਹਾਸ ਵਿਚ ਪਏ ਅਧੂਰੇ ਕ੍ਰੋਧ ਬਹੁਤ ਸਤਾਉਂਦੇ ਨੇ। ਇਹ ਛੱਡ ਕੇ ਤੁਰਦਾ ਹਾਂ ਤਾਂ ਉਹ ਕਾਇਰ ਕਹਿਣ ਲੱਗ ਪੈਣਗੇ...ਠੀਕ ਅਜੇਹੇ ਵੇਲੇ ਮੇਰੀਆਂ ਯਾਦਾਂ ਦੀ ਖ਼ੁਦਮੁਖ਼ਤਿਆਰੀ ਅਕਾਲ ਤਖ਼ਤ ਕੋਲ ਆ ਕੇ ਕਿਉਂ ਕੰਬਦੀ ਹੈ? ਉਹ ਕਿਹੜੀ ਯਾਦ ਹੈ ਜਿਸਨੂੰ ਗੁਰੂ ਦੀ ਝਿੜਕ ਪੈਣੀ ਚਾਹੀਦੀ ਹੈ।

ਸ਼ਬਦ ਗੁਰੂ ਤੋਂ ਬਿਨਾਂ ਨਿਡਰ ਹੋਣ ਦਾ ਕਸ਼ਟ ਵੀ ਭੋਗਣਾ ਪੈਂਦਾ ਹੈ।

''ਬੇਬੇ ਅਸੀਂ ਦਰਸ਼ਨ ਦਾ ਬਦਲਾ ਲੈ ਲਿਆ।''

ਬੇਬੇ ਅੱਗੋਂ ਬੋਲਦੀ ਹੈ ''ਵੇ ਤੁਸੀਂ ਮੇਰੇ ਪੁੱਤ ਦਾ ਕਿਸੇ ਹੋਰ ਦੇ ਪੁੱਤ ਨੂੰ ਮਾਰ ਕੇ ਬਦਲਾ ਲਿਆ ...ਵੇ ਕੋਈ ਦੁੱਖ ਰੱਬ ਵਾਸਤੇ ਵੀ ਛੱਡ ਦਿਓ,

ਤੁਸੀਂ ਤਾਂ ਜਮ੍ਹਾ ਹੀ ਵੇਹਲਾ ਕਰਤਾ ਉਹ ਚੰਦਰਾ।

ਇਹ ਇਕ ਅਜਿਹਾ ਨਾਵਲ ਹੈ ਜੋ ਚੇਤਨਾ ਨੂੰ ਉਗਾਸਾ ਦਿੰਦਾ ਹੈ। ਇਸ ਨਾਵਲ ਨੂੰ ਪੜ੍ਹਨਾ ਆਪਣੇ ਆਪ 'ਚ ਵੱਡੀ ਬੌਧਿਕ ਚੁਣੌਤੀ ਹੈ। ਇਸ ਚੁਣੌਤੀ ਨੂੰ ਬੁਧੀਜੀਵੀ ਤੇ ਪੰਜਾਬ ਨਾਲ ਸਰੋਕਾਰ ਰੱਖਣ ਵਾਲੇ ਨੂੰ ਸਵੀਕਾਰ ਕਰਨਾ ਚਾਹੀਦਾ ਹੈ।

# ਸ਼ਹਾਦਤਾਂ ਦਾ ਸਫਰ: 'ਚਮਕੌਰ ਦੀ ਜੰਗ' ਜ਼ਫ਼ਰਨਾਮੇ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਦੀ ਜ਼ੁਬਾਨੀ

'ਜ਼ਫ਼ਰਨਾਮਾ', ਗੁਰੂ ਗੋਬਿੰਦ ਸਿੰਘ ਜੀ ਵੱਲੋਂ ਮੁਗ਼ਲ ਸਮਰਾਟ ਔਰੰਗਜ਼ੇਬ ਨੂੰ ਫ਼ਾਰਸੀ ਸ਼ਿਅਰਾਂ ਵਿਚ ਲਿਖੀ ਹੋਈ ਚਿੱਠੀ ਹੈ। ਇਸ ਤਰ੍ਹਾਂ ਇਹ ਇੱਕ ਇਤਿਹਾਸਕ ਦਸਤਾਵੇਜ਼ ਹੈ। ਇਸ ਦਾ ਹਰੇਕ ਸ਼ਿਅਰ, ਅਣਖ, ਸਵੈਮਾਨ ਤੇ ਪ੍ਰਭੂ ਭਰੋਸਾ ਜਗਾਉਂਦਾ ਹੈ। 'ਜ਼ਫ਼ਰਨਾਮਾ' ਉਹ ਮਹਾਨ ਵਿਜੈ-ਪੱਤਰ ਹੈ, ਜਿਸ ਨੂੰ ਪੜ੍ਹ ਕੇ ਔਰੰਗਜ਼ੇਬ ਨੇ ਅਸਿੱਧੇ ਤੌਰ 'ਤੇ ਆਪਣੀ ਹਾਰ ਮੰਨ ਲਈ ਸੀ। ਇਹ ਚਿੱਠੀ ਔਰੰਗਜ਼ੇਬ ਨੂੰ ਸ਼ਰਮਸਾਰ ਹੀ ਨਹੀਂ ਕਰਦੀ, ਸਗੋਂ ਉਸ ਦੇ 'ਕੱਦ' ਨੂੰ ਵੀ ਬੌਣਾ ਬਣਾਉਂਦੀ ਹੈ। ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ 'ਟਕੇ ਦਾ ਮੁਰੀਦ' ਅਤੇ 'ਈਮਾਂ ਫ਼ਿਕਨ', ਭਾਵ ਬੇਈਮਾਨ ਕਹਿਣ ਤੋਂ ਸੰਕੋਚ ਨਹੀਂ ਕੀਤਾ।

ਕੁਝ ਘਟਨਾਵਾਂ ਅਜਿਹੀਆਂ ਹੁੰਦੀਆਂ ਹਨ, ਜਿਨ੍ਹਾਂ ਦਾ ਦੁਖਾਂਤ ਸਮੁੱਚੀ ਕੌਮ ਦਾ ਦੁਖਾਂਤ ਹੋ ਨਿੱਬੜਦਾ ਹੈ ਅਤੇ ਉਸ ਦੁਖਾਂਤ ਨਾਲ ਹੋਏ ਜ਼ਖ਼ਮ ਹਮੇਸ਼ਾ ਰਿਸਦੇ ਰਹਿੰਦੇ ਹਨ, ਹਰੇ ਰਹਿੰਦੇ ਹਨ। ਸਾਕਾ ਚਮਕੌਰ ਸਾਹਿਬ (ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ, ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਦੀ ਅਦੁੱਤੀ ਸ਼ਹਾਦਤ ਦੀ ਘਟਨਾ) ਵੀ ਅਜਿਹਾ ਹੀ ਦੁਖਾਂਤ ਹੈ, ਜਿਸ ਨੂੰ ਉਸ ਸਮੇਂ ਸਮੁੱਚੀ ਕੌਮ ਨੇ ਹੰਢਾਇਆ।

ਬੇਸ਼ੱਕ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਬਾਅਦ ਗੁਰੂ ਸਾਹਿਬ ਅਡੋਲ ਰਹੇ ਪਰ ਇਹ ਘਟਨਾ ਉਨ੍ਹਾਂ ਦੇ ਦਿਲ 'ਤੇ ਡੂੰਘੀ ਉੱਕਰੀ ਗਈ। ਇਹੋ ਕਾਰਨ ਹੈ ਕਿ ਗੁਰੂ ਸਾਹਿਬ ਨੇ 'ਜ਼ਫ਼ਰਨਾਮਾ' ਵਿਚ ਪਹਿਲੀ ਵਾਰ ਜ਼ੁਲਮ, ਜਬਰ ਤੇ ਤਕੱਬਰ ਵਿਰੁੱਧ ਤਲਵਾਰ ਉਠਾਉਣ ਲਈ ਲਲਕਾਰ ਕੇ ਆਖਿਆ:

'ਚੂੰ ਕਰਾ ਅਜ਼ ਹਮਾ ਹੀਲਤੇ ਦਰਗੁਜ਼ਸ਼ਤ। ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।'

ਗੁਰੂ ਸਾਹਿਬ ਨੇ ਆਪਣੇ ਇਸ ਵਿਜੈ-ਪੱਤਰ ਵਿਚ ਚਮਕੌਰ



ਦੀ ਜੰਗ ਦਾ ਬੜੀ ਬਰੀਕੀ ਨਾਲ ਵਰਣਨ ਕੀਤਾ ਹੈ। ਉਨ੍ਹਾਂ ਵੱਲੋਂ ਪੇਸ਼ ਕੀਤੀ ਜੰਗ ਦੀ ਇਹ ਇਤਿਹਾਸਕ ਝਾਕੀ ਬੇਮਿਸਾਲ ਹੈ ਅਤੇ ਚਮਕੌਰ ਦੀ ਜੰਗ ਦੀ ਚਸ਼ਮਦੀਦ ਗਵਾਹੀ ਭਰਦੀ ਹੈ।

ਚਮਕੌਰ ਦੀ ਜੰਗ ਬਰਾਬਰ ਦੀ ਚੋਟ ਨਹੀਂ ਸੀ। ਦੋਵੇਂ ਵਿਰੋਧੀ ਦਲਾਂ ਦੀ ਨਫ਼ਰੀ ਵਿਚ ਜ਼ਮੀਂ-ਅਸਮਾਨ ਦਾ ਫ਼ਰਕ ਸੀ। ਇੱਕ ਪਾਸੇ ਥੱਕੇ-ਟੁੱਟੇ ਤੇ ਭੁੱਖਣ-ਭਾਣੇ ਚਾਲੀ ਸਿੰਘ ਅਤੇ ਦੂਜੇ ਪਾਸੇ ਟਿੱਡੀ ਦਲ ਮੁਗ਼ਲ ਫ਼ੌਜ। ਇਸ ਅਤੁਲਵੇਂ ਯੁੱਧ ਦਾ ਜ਼ਿਕਰ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ 'ਜ਼ਫ਼ਰਨਾਮਾ' ਵਿਚ ਲਿਖਿਆ ਹੈ:

ਗੁਰਸਨਾ: ਚਿ ਕਾਰੇ ਕੁਨਦ ਚਿਹਲ ਨਰ। ਕਿ ਦਹ ਲਕ ਬਰਾਯਦ ਬਰੂ ਬੇਖ਼ਬਰ।

ਭਾਵ ਭੁੱਖਣ ਭਾਣੇ ਚਾਲੀ ਆਦਮੀ ਕੀ ਕਰ ਸਕਦੇ ਹਨ, ਜੇ ਉਨ੍ਹਾਂ ਉੱਤੇ ਅਚਨਚੇਤ ਦਸ ਲੱਖ (ਅਣਗਿਣਤ) ਫ਼ੌਜ ਟੁੱਟ ਪਵੇ। ਗੁਰੂ ਸਾਹਿਬ ਨੇ ਮੁਗ਼ਲ ਫ਼ੌਜ ਵੱਲੋਂ ਕੀਤੇ ਹੱਲੇ ਦਾ ਬੜੀ ਖ਼ੂਬਸੂਰਤੀ ਨਾਲ ਜ਼ਿਕਰ ਕੀਤਾ ਹੈ:

ਬਰੰਗਿ ਮਗਸ ਸ਼ਯਾਹ-ਪੋਸ਼ ਆਮਦੰਦ। ਬ: ਯਕ-ਬਾਰਗੀ ਦਸ ਖਰੋਸ਼ ਆਮਦੰਦ।

ਭਾਵ ਤੇਰੀ ਕਾਲੀ ਖੋਸ਼ ਫ਼ੌਜ ਮੱਖੀਆਂ ਵਾਂਗ ਆ ਪਈ ਅਤੇ ਸ਼ੋਰ ਮਚਾਉਂਦੀ ਇਕਦਮ ਟੁੱਟ ਪਈ।

ਗੁਰੂ ਸਾਹਿਬ ਨੇ 'ਜ਼ਫਰਨਾਮਾ' ਵਿਚ ਚਮਕੌਰ ਦੀ ਜੰਗ ਦੇ ਖ਼ੌਫ਼ਨਾਕ ਦ੍ਰਿਸ਼ਾਂ ਨੂੰ ਬੜੀ ਮੁਹਾਰਤ ਨਾਲ ਚਿੱਤਰਿਆ ਹੈ। ਉਨ੍ਹਾਂ ਲਿਖਿਆ ਕਿ ਅਖ਼ੀਰ ਤੀਰਾਂ ਤੇ ਬੰਦੂਕਾਂ ਦੇ ਫੱਟ ਖਾ-ਖਾ ਥੋੜ੍ਹੇ ਚਿਰ ਵਿਚ ਹੀ ਦੋਹਾਂ ਪਾਸਿਆਂ ਦੇ ਬਹੁਤ ਸਾਰੇ ਆਦਮੀ ਮਾਰੇ ਗਏ। ਬੰਦੂਕਾਂ ਤੇ ਤੀਰਾਂ ਦੀ ਇੰਨੀ ਵਰਖਾ ਹੋਈ ਕਿ ਧਰਤੀ ਲਹੂ ਨਾਲ ਪੋਸਤ ਦੇ ਫੁੱਲ ਵਾਂਗ ਲਾਲੋ-ਲਾਲ ਹੋ ਗਈ। ਮਾਰੇ ਗਏ ਬੰਦਿਆਂ ਦੇ ਸਿਰ-ਪੈਰਾਂ ਦੇ ਇਉਂ ਢੇਰ ਲੱਗ ਗਏ ਜਿਵੇਂ ਖੇਡ ਦਾ ਮੈਦਾਨ ਖਿੱਦੋ-ਖੂੰਡੀਆਂ ਨਾਲ ਭਰਿਆ ਹੋਵੇ। ਤੀਰਾਂ ਤੇ ਕਮਾਨਾਂ ਦੀਆਂ ਟਣਕਾਰਾਂ ਨਾਲ ਲੋਕਾਂ ਵਿਚ ਚੀਕ-ਚਿਹਾੜਾ ਪੈ ਗਿਆ। ਇਸ ਪਿੱਛੋਂ ਮਾਰੂ ਬਰਛਿਆਂ ਨੇ ਇਸ ਤਰ੍ਹਾਂ ਗੜਬੜ ਮਚਾ ਦਿੱਤੀ ਕਿ ਵੱਡੇ-ਵੱਡੇ ਸੂਰਮਿਆਂ ਦੇ ਵੀ ਹੋਸ਼ ਗੁੰਮ ਗਏ।

44ਵੇਂ ਸ਼ਿਅਰ ਵਿਚ ਗੁਰੂ ਸਾਹਿਬ ਲਿਖਦੇ ਹਨ ਕਿ ਨਾ ਉਨ੍ਹਾਂ ਦਾ ਰਤਾ ਵਾਲ ਵਿੰਗਾ ਹੋਇਆ ਤੇ ਨਾ ਹੀ ਉਨ੍ਹਾਂ ਦੇ ਸਰੀਰ ਨੂੰ ਕੋਈ ਖਦ ਪਹੁੰਚਿਆ, ਕਿਉਂਕਿ ਸ਼ੱਤਰੂ-ਹਰਤਾ ਪਰਮੇਸ਼ਰ ਨੇ ਆਪ ਉਨ੍ਹਾਂ ਨੂੰ ਮੁਸੀਬਤ ਵਿਚੋਂ ਕੱਢ ਲਿਆਂਦਾ।

45ਵੇਂ ਸ਼ਿਅਰ ਵਿਚ ਗੁਰੂ ਸਾਹਿਬ, ਚਮਕੌਰ ਦੀ ਘਟਨਾ ਦੇ ਤਿੱਖੇ ਪ੍ਰਤੀਕਰਮ ਵਜੋਂ ਲਿਖਦੇ ਹਨ ਕਿ ਉਨ੍ਹਾਂ ਨੂੰ ਇਹ ਪਤਾ ਨਹੀਂ ਸੀ ਕਿ ਇਕਰਾਰ ਤੋੜਨ ਵਾਲਾ (ਔਰੰਗਜ਼ੇਬ) ਟਕੇ ਦਾ ਮੁਰੀਦ ਹੈ ਤੇ ਧਰਮ ਈਮਾਨ ਨੂੰ ਪਰੇ ਸੁੱਟ ਦੇਣ ਵਾਲਾ ਹੈ। ਅਗਲੇ ਸ਼ਿਅਰ ਵਿਚ ਗੁਰੂ ਸਾਹਿਬ ਲਿਖਦੇ ਹਨ, 'ਔਰੰਗਜ਼ੇਬ! ਨਾ ਤੂੰ ਦੀਨ ਈਮਾਨ ਉੱਤੇ ਕਾਇਮ ਹੈਂ ਤੇ ਨਾ ਹੀ ਤੂੰ ਸ਼ਰ੍ਹਾ-ਸ਼ਰੀਅਤ ਦਾ ਪਾਬੰਦ ਹੈਂ। ਨਾ ਤੈਨੂੰ ਪਰਮਾਤਮਾ ਦੀ ਪਛਾਣ ਹੈ ਅਤੇ ਨਾ ਹੀ ਤੇਰਾ ਹਜ਼ਰਤ ਮੁਹੰਮਦ ਉੱਤੇ ਹੀ ਕੋਈ ਭਰੋਸਾ ਹੈ।'

'ਜ਼ਫ਼ਰਨਾਮਾ' ਦੇ ਕੁੱਲ 112 ਸ਼ਿਅਰ ਹਨ। ਇਸ ਇਤਿਹਾਸਕ ਪੱਤਰ ਵਿਚ ਚਮਕੌਰ ਦੀ ਦਾਸਤਾਨ ਦਾ ਉਭਰਵਾਂ ਸਥਾਨ ਹੈ। ਸਪੱਸ਼ਟ ਹੈ ਕਿ ਚਮਕੌਰ ਦੀ ਜੰਗ ਗੁਰੂ ਸਾਹਿਬ ਦੇ ਦਿਮਾਗ਼ 'ਤੇ ਛਾਈ ਰਹੀ, ਪਰ ਉਦਾਸੀ, ਝੋਰਾ ਤੇ ਕਲੇਸ਼ ਕਦੇ ਵੀ ਉਨ੍ਹਾਂ ਦੇ ਨੂਰਾਨੀ ਜਲਾਲ ਦੀ ਤਾਬ ਨਹੀਂ ਝੱਲ ਸਕੇ। ਨਿਮਨ ਦਰਜ ਸ਼ਿਅਰ ਗੁਰੂ ਸਾਹਿਬ ਦੇ ਚੜ੍ਹਦੀ ਕਲਾ ਦਾ ਅਵਤਾਰ ਹੋਣ ਦੀ ਤਸਵੀਰ ਪੇਸ਼ ਕਰਦਾ ਹੈ:

ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸਤ: ਚਾਰ। ਕਿ ਬਾਕੀ ਬਮਾਂਦਸਤ ਪੇਚੀਦ: ਮਾਰ।

ਇਸ ਸ਼ਿਅਰ ਵਿਚ ਗੁਰੂ ਸਾਹਿਬ ਦਾ ਸਮੇਂ ਦੇ ਸ਼ਕਤੀਸ਼ਾਲੀ ਹੁਕਮਰਾਨ ਨੂੰ ਇਹ ਕਹਿਣਾ, 'ਕੀ ਹੋਇਆ ਜੇ ਮੇਰੇ ਚਾਰ ਬੱਚੇ ਮਾਰੇ ਗਏ, ਅਜੇ ਤਾਂ ਕੁੰਡਲੀਦਾਰ ਨਾਗ (ਭਾਵ ਖ਼ਾਲਸਾ) ਬਾਕੀ ਹੈ', ਬਾਦਸ਼ਾਹ 'ਤੇ ਜਿੱਤ ਦਾ ਪ੍ਰਤੀਕ ਹੈ।

***-ਡਾ. ਹਰਚੰਦ ਸਿੰਘ ਸਰਹਿੰਦੀ***

## ਜਦੋਂ ਸਿੰਘਾਂ ਨੇ ਇੱਟ ਨਾ.ਲ ਇੱਟ ਖੜਕਾਈ

ਚੱਪੜ ਚਿੜੀ* ਮੈਦਾਨ 'ਚ ਸੀ ਆਣ ਵੰਗਾਰੇ,
ਬੰਦਾ ਸਿੰਘ ਤੇ ਫਤਿਹ ਸਿੰਘ ਨੇ ਛੱਡੇ ਜੈਕਾਰੇ।
ਪੈ ਗਏ ਟੁੱਟ ਕੇ ਵੈਰੀ ਨੂੰ ਤਲਵਾਰਾਂ ਖੜਕਣ,
ਹਿਣਕੇ ਘੋੜੇ ਹਾਥੀ ਚਿੰਘਾੜੇ ਤੋਪਾਂ ਗੜ੍ਹਕਣ।

ਨੇਜ਼ੇ ਭਾਲੇ ਬਰਛੇ ਬੰਦੂਕਾਂ ਦੀ ਹੋਵੇ ਤੜ ਤੜ,
ਹੱਥੋ ਹੱਥੀ ਵੀ ਹੋ ਪਏ ਖੰਡਿਆਂ ਦੀ ਕੜ ਕੜ।
ਅਲੀ ਅਲੀ ਇੱਕ ਕਰਦੇ ਦੂਜੇ ਮਾਰਨ ਲਲਕਾਰੇ,
ਦਿਨੇ ਹਨ੍ਹੇਰਾ ਹੋ ਗਿਆ ਸੂਰਜ ਝਾਤ ਨ ਮਾਰੇ।

ਬੰਦੇ ਸਣੇ ਘੋੜੇ ਉੱਡਦੇ ਤੋਪਾਂ ਦੇ ਚੱਲਦੇ ਗੋ.ਲੇ,
ਢੁੱਠਾਂ ਵਾ.ਲੇ ਕਈ ਢਾਹ ਲਏ ਸੁੱਟ ਪੈਰੀਂ ਰੋ.ਲੇ।
ਵਜ਼ੀਰੇ ਨੂੰ ਹੱਥ ਪਾਇਆ 'ਬੰਦੇ' ਗ.ਲੋਂ ਫੜ ਕੇ,
ਲਾਹ ਲਿਆ ਭੁੰਜੇ ਖੜ੍ਹਾ ਸੀ ਜੋ ਹਾਥੀ ਚੜ੍ਹ ਕੇ।

ਭਿੜੇ ਦੋਨੋਂ ਸੂਰਮੇ ਖੜਕਣ ਟੱਕ ਟੱਕ ਤਲਵਾਰਾਂ,
ਅੱਖਾਂ 'ਚ ਅੱਖਾਂ ਪਾ ਕੇ ਰੋਕਦੇ ਵਾਰ 'ਤੇ ਵਾਰਾਂ।
ਕਹਿੰਦੇ ਨੇ ਜਿੱਤਦਾ ਹੌਂਸਲਾ, ਦਾਅ, ਹਥਿਆਰ,
ਵਜ਼ੀਰੇ ਦਾ ਸਿਰ ਵੱਢਿਆ ਬੰਦੇ ਨੇ ਕਰ ਵਾਰ।

ਵੈਰੀ 'ਚ ਭਾਜੜ ਪੈ ਗਈ ਵਜ਼ੀਰ ਉੱਠ ਨੱਠੇ,
ਮਿੰਨਤਾਂ ਕਰਦੇ ਜਾਨ ਲਈ, ਸਿੰਘ ਕਰਦੇ ਠੱਠੇ।
ਤੱਕ ਕੇ ਇਹ ਨਜ਼ਾਰਾ ਬਹੁਤੇ ਸਰਹਿੰਦ ਜਾ ਲੁਕੇ,
ਤੀਵੀਆਂ ਕੀਤੀਆਂ ਅੱਗੇ, ਜਦੋਂ ਸਿੰਘ ਨੇੜੇ ਢੁੱਕੇ।

ਵਾਸਤਾ ਪਾਉਂਦੀਆਂ ਕੰਤ ਦਾ ਨ ਇਸ ਨੂੰ ਮਾਰੋ,
ਜਾਨ ਬਖਸ਼ ਦਿਉ ਸਿੰਘ ਜੀ ਧਨ ਨਾ.ਲ ਸਾਰੋ।
ਆਖੇ ਅੱਗੋਂ ਖਾਲਸਾ ਐਵੇਂ ਨ ਸਾਨੂੰ ਲਲਚਾਓ,
ਬਦਲਾ ਲੈਣਾਂ ਹੈ 'ਬਾਲਾਂ' ਦਾ ਨ ਤੁਸੀਂ ਬਚਾਓ।

ਸੁੱਚਾਨੰਦ ਜਿਹੇ ਸੈਂਕੜੇ ਫਿਰ ਫੜ ਕੇ ਝਟਕਾਉਂਦੇ,
ਰੋਹ ਵਿਚ ਸਰਹਿੰਦ ਦੀ ਇੱਟ ਇੱਟ ਖੜਕਾਉਂਦੇ।
ਭੈਣਾਂ ਦੇ ਮਰ ਗਏ ਵੀਰ ਜੀਉਂਦੇ ਮਰ ਗਏ ਮਾਪੇ,
ਰੰਡੀਆਂ ਰੋਣ ਮੁਗ਼ਲਾਣੀਆਂ ਹੁੰਦੇ ਪਿੱਟ ਸਿਆਪੇ।

ਹਾਹਾਕਾਰ ਸੀ ਮਚ ਗਈ ਢਹਿ ਹੋਇਆ ਢੇਰੀ,
ਪਾਪੀ ਪਾਰ ਬੁਲਾਏ ਸੀ ਨਹੀਂ ਲਾਈ ਸੀ ਦੇਰੀ।
ਗ.ਲੀਆਂ ਲਹੂ ਨਾ.ਲ ਰੰਗੀਆਂ ਉੱਠਦੀ ਬਦਬੋ,
ਕੀਤਾ ਕਾਇਮ ਸਿੱਖ ਰਾਜ, ਨਵੀਂ ਚੜ੍ਹਦੀ ਲੋਅ।

***-ਸੇਵਾ ਸਿੰਘ ਨੂਰਪੁਰੀ***

---

## ਉਹ ਤਾਂ ਵੀ ਨਾ ਡੋਲੀ

ਸਮੇਂ ਜ਼ੋਰ ਲਾਇਆ, ਉਹ ਤਾਂ ਵੀ ਨਾ ਡੋਲੀ।
ਬੜਾ ਸਿਤਮ ਢਾਇਆ, ਉਹ ਤਾਂ ਵੀ ਨਾ ਡੋਲੀ।

ਉਹਦੇ ਸ਼ੌਹਰ ਬਣ ਕੇ ਸ੍ਰਿਸ਼ਟੀ ਦੀ ਚਾਦਰ,
ਜਾ ਸੀਸ ਕਟਾਇਆ, ਉਹ ਤਾਂ ਵੀ ਨਾ ਡੋਲੀ।

ਜੇ ਘਰ ਬਾਰ ਛੱਡਣਾ ਪਿਆ ਰਾਤ ਅੱਧੀ,
ਤਾਂ ਜੇਰਾ ਦਿਖਾਇਆ, ਉਹ ਤਾਂ ਵੀ ਨਾ ਡੋਲੀ।

ਨਾ ਲਾਲਾਂ ਨੂੰ ਬੰਨ੍ਹੇ ਸੀ, ਸ਼ਗਨਾਂ ਦੇ ਗਾਨੇ,
ਨਾ ਘੋੜੀ ਚੜ੍ਹਾਇਆ, ਉਹ ਤਾਂ ਵੀ ਨਾ ਡੋਲੀ।

ਰਸੋਈਏ 'ਤੇ ਕਰ ਕੇ ਭਰੋਸਾ ਉਹ ਤੁਰ ਪਈ,
ਦਗ਼ਾ ਉਸ ਕਮਾਇਆ, ਉਹ ਤਾਂ ਵੀ ਨਾ ਡੋਲੀ।

ਉਹਦੇ ਲਾਲ ਠਰਦੇ ਰਹੇ ਬੁਰਜ ਅੰਦਰ,
ਦੁਪੱਟੇ ਲੁਕਾਇਆ, ਉਹ ਤਾਂ ਵੀ ਨਾ ਡੋਲੀ।

ਬਿਨਾਂ ਦੋਸ਼ ਮਾਸੂਮ ਲਾਲਾਂ ਨੂੰ; ਜ਼ਾਲਿਮ,
ਨੀਹਾਂ ਵਿਚ ਚਿਣਾਇਆ, ਉਹ ਤਾਂ ਵੀ ਨਾ ਡੋਲੀ।

ਉਹ ਸੀ 'ਦੀਸ਼' ਗੁਜਰੀ, ਤੇ ਸਿਦਕੀ ਸੀ ਮਾਤਾ,
ਕਿ ਸਰਬੰਸ ਲੁਟਾਇਆ, ਉਹ ਤਾਂ ਵੀ ਨਾ ਡੋਲੀ।

***-ਗੁਰਦੀਸ਼ ਕੌਰ ਗਰੇਵਾਲ***
***ਫੋਨ: +1 403-404-1450***

---

## ਛੇ ਪੋਹ-ਵੀਹ ਦਸੰਬਰ

ਛੇ ਪੋਹ ਚੜ੍ਹਿਆ ਤੇ ਝੰਡਾ ਗੱਡਤਾ
ਗੁਰਾਂ ਨੇ ਅਨੰਦਪੁਰ ਕਿਲਾ ਛੱਡਤਾ।

ਚੰਦਰਾ ਔਰੰਗਾ ਸੀ ਸ਼ੈਤਾਨ ਹੋ ਗਿਆ
ਸੌਹਾਂ ਖਾ ਕੇ ਪਾਪੀ ਬੇਈਮਾਨ ਹੋ ਗਿਆ।
ਗੁਰੂ ਜੀ 'ਤੇ ਧੋਖੇ ਨਾਲ, ਧਾਵਾ ਬੋਲਤਾ
ਵਾਹਦਿਆਂ ਨੂੰ ਝੱਟ, ਮਿੱਟੀ ਵਿਚ ਰੋਲਤਾ।

ਭਾਈ ਜੈਤਾ ਖੜ ਗਿਆ, ਹਿੱਕ ਤਾਣ ਕੇ
ਉਦੈ ਸਿੰਘ ਡਟ ਗਿਆ ਮੂਹਰੇ ਆਣ ਕੇ।

ਬੱਚਿਆਂ ਸਮੇਤ ਗੁਰੂ, ਅੱਗੇ ਵਧ ਗਏ
ਕੁਝ ਸਿੰਘ ਸੂਰਿਆਂ ਨੂੰ ਪਿੱਛੇ ਛੱਡ ਗਏ।
ਸਰਸਾ ਕਿਨਾਰੇ ਜਾ ਕੇ ਡੇਰਾ ਲਾ ਲਿਆ
ਵੈਰੀਆਂ ਨੇ ਪਿੱਛੋਂ ਆ ਕੇ ਘੇਰਾ ਪਾ ਲਿਆ।

ਚੱਲ ਰਹੀ ਸੀ ਉੱਪਰੋਂ ਹਨੇਰੀ ਜ਼ੋਰ ਦੀ
ਪੋਹ ਵਾਲੀ ਠੰਢ ਸਿਗੀ ਹੱਡ ਤੋੜਦੀ।

ਬੜਾ ਘਮਸਾਨ ਵਾਲਾ ਯੁੱਧ ਛਿੜਿਆ
ਸ਼ੇਰਾਂ ਵਾਂਗੂੰ ਖਾਲਸਾ ਸੀ, ਜਾ ਭਿੜਿਆ।

ਚੰਦਰੀ ਹੋਣੀ ਨੇ ਸਾਰਾ ਕੁਝ, ਖੋਹ ਲਿਆ
ਸਾਰਾ ਪਰਿਵਾਰ ਖੇਰੂੰ ਖੇਰੂੰ, ਹੋ ਗਿਆ।

ਵਿਰਲਾ ਹੀ ਸਰਸਾ ਦੇ ਵਿੱਚੋਂ ਲੰਘਿਆ
ਤਿੰਨ ਥਾਹੀਂ ਗਿਆ ਪਰਿਵਾਰ ਵੰਡਿਆ।

ਪੁੱਤ ਨੂੰ ਨਾ ਮਾਤਾ ਦਾ ਪਿਆਰ ਮਿਲਿਆ
ਮੁੜ ਕੇ ਨਾ ਫੇਰ ਪਰਿਵਾਰ ਮਿਲਿਆ।

ਸਰਸਾ ਦਾ ਪਾਣੀ ਸਭ ਹੂੰਝ ਲੈ ਗਿਆ
ਗੁਰੂ 'ਤੇ ਪਹਾੜ ਜਿੱਡਾ, ਕਹਿਰ ਢਹਿ ਗਿਆ।

ਜੋੜਦਾ ਇਹ ਛੰਦ ਗਮਗੀਨ ਹੋ ਗਿਆ
ਲਿਖਦਾ ਕਹਾਣੀ ਕੁਲਵੀਰ ਰੋ ਪਿਆ।

***-ਕੁਲਵੀਰ ਸਿੰਘ ਡਾਨਸੀਵਾਲ***
***ਫੋਨ: 778-863-2472***

---

## ਸਾਕਾ ਚਮਕੌਰ

ਦਲ ਵੈਰੀ ਦੇ ਲੱਖਾਂ ਤੋਂ ਕੱਖ ਹੋ ਗਏ,
ਉੱਚੀ ਮਮਟੀਓਂ ਚਲਦੇ ਨੇ ਤੀਰ ਦੇਖੋ।
ਮੂੰਹ ਮੋੜਤਾ ਸੀ ਜਰਵਾਣਿਆਂ ਦਾ,
ਦਸਮੇਸ਼ ਪਿਤਾ ਦੀ ਰੱਬੀ ਸ਼ਮਸ਼ੀਰ ਦੇਖੋ।
ਲੱਗੇ ਭਾਗ ਚਮਕੌਰ ਨੂੰ ਖਾਲਸੇ ਦੇ,
ਕੱਚੀ ਗੜ੍ਹੀ ਸੀ ਤਣੀ ਚਟਾਨ ਵਾਂਗੂੰ,
ਜੈਕਾਰੇ ਮਾਰ ਕੇ ਫਤਹਿ ਬੁਲੰਦ ਕਰਦੇ,
ਕਲਗੀਧਰ ਦੇ ਖਾਲਸੇ ਬੀਰ ਦੇਖੋ।

ਜਥੇ ਸਿੰਘਾਂ ਦੇ ਵੈਰੀ 'ਤੇ ਟੁੱਟ ਪੈਂਦੇ,
ਚਾਅ ਚੜ੍ਹਿਆ ਹੈ ਬੜਾ ਸ਼ਹੀਦੀਆਂ ਦਾ,
ਬਾਈਧਾਰ ਨੂੰ ਛਿੜਦਾ ਰਿਹਾ ਕਾਂਬਾ,
ਦਹਿਲ ਗਏ ਸੀ ਮੁਗਲੀਆ ਮੀਰ ਦੇਖੋ।

ਦਿੱਤਾ ਥਾਪੜਾ ਅਜੀਤ ਜੁਝਾਰ ਨੂੰ ਵੀ,
ਹੱਥੀਂ ਸਜਾ ਕੇ ਜੰਗ ਨੂੰ ਤੋਰ ਦਿੱਤੇ,
ਸਵਾ ਲੱਖ ਨਾਲ ਇੱਕ ਲੜਾਂਵਦੇ ਜੋ,
ਗੁਰੂ ਗੋਬਿੰਦ ਸਿੰਘ ਜੱਗ ਦੇ ਪੀਰ ਦੇਖੋ।

ਜਦੋਂ ਹੁਕਮ ਵਜਾ ਕੇ ਖਾਲਸੇ ਦਾ,
ਤਾੜੀ ਮਾਰ ਕੇ ਸਤਗੁਰਾਂ ਗੜ੍ਹੀ ਛੱਡੀ,
ਵੈਰੀ ਦਲਾਂ 'ਚ ਬੜਾ ਘਮਸਾਨ ਮਚਿਆ,
ਹੋਏ ਦਿਲੋਂ ਜੋ ਸੀ ਦਲਗੀਰ ਦੇਖੋ।

ਖੰਡੇ ਬਾਟੇ ਦੀ ਪਹੁਲ ਦਾ ਜੌਹਰ ਦੇਖੋ,
ਫਤਹਿ ਫਤਹਿ ਹੀ ਸਿੰਘ ਪੁਕਰਦੇ ਨੇ,
ਧਾਂਕ ਸੂਰਿਆਂ ਪੂਰਿਆਂ ਪਾਈ ਐਸੀ,
ਜਿਗਰਾ ਜਾਂਦਾ ਚਟਾਨਾਂ ਨੂੰ ਚੀਰ ਦੇਖੋ।

ਪਿਆਰੇ ਸਿੰਘ ਗੁਰੂ ਗੋਬਿੰਦ ਸਿੰਘ ਦੇ,
ਨਾਲ ਪਰਬਤਾਂ ਮੱਥਾ ਨੇ ਲਾਉਣ ਵਾਲੇ,
ਜਿਹੜਾ ਕਦੀ ਸਹਾਰੇ ਨਾ ਖਾਲਸੇ ਨੂੰ,
ਬਿਪਰਵਾਦ ਦੀ ਅੱਖ ਦਾ ਟੀਰ ਦੇਖੋ।

ਨਿਗ੍ਹਾ ਰਹੇ ਸਵੱਲੀ ਗੁਰੂ ਖਾਲਸੇ 'ਤੇ,
ਤਿੱਤਰ ਫੇਰ ਉਡਾਰੀਆਂ ਮਾਰਦੇ ਨੇ,

## ਸ਼ਹਾਦਤਾਂ ਨੂੰ ਸਮਰਪਿਤ

'ਢੇਸੀ' ਖਾਲਸਾਈ ਸ਼ੇਰ ਨੇ ਗਰਜਣਾ ਹੈ,
ਜੀਂਦੀ ਸਦਾ ਹੈ ਸਿੱਖੀ ਜ਼ਮੀਰ ਦੇਖੋ।

***-ਕੁਲਵੰਤ ਸਿੰਘ 'ਢੇਸੀ', ਯੂ ਕੇ।***

---

## ਮਾਤਾ ਗੁਜਰੀ ਦੀ ਸਾਹਿਬਜ਼ਾਦਿਆਂ ਨੂੰ ਅਸੀਸ

ਗੋਦ ਵਿਚ ਲੈ ਕੇ ਅੰਮੜੀ
ਜਾਂਦੀ ਵਾਰ ਪੋਤਿਆਂ ਨੂੰ ਗਲ ਲਾਵੇ
ਅਸੀਸ ਲੈ ਜਾਓ ਜਾਂਦੀ ਵਾਰ ਦੀ
ਸਿੱਖੀ ਸਿਦਕ ਤੁਹਾਡਾ ਨਿਭ ਜਾਵੇ।

ਕਚਹਿਰੀ ਵਿਚ ਜਾ ਕੇ ਤੁਸਾਂ ਨੂੰ
ਸੂਬੇ ਦੇ ਕੇ ਡਰਾਵੇ ਹੈ ਡਰਾਉਣਾ
ਈਨ ਮਨਾਉਣੀ ਪਾਪੀਆਂ
ਦੁਖ ਦੱਸ ਕੇ ਤੁਸਾਂ ਨੂੰ ਧਮਕਾਉਣਾ
ਸਿਦਕ ਨਿਭਾਇਓ ਸੋਹਣਿਓ
ਭਾਵੇਂ ਜਾਨ ਤੁਸਾਂ ਦੀ ਚਲੀ ਜਾਵੇ
ਗੋਦ ਵਿਚ...।

ਫਤਹਿ ਗੱਜ ਜਾ ਕੇ ਬੋਲਿਓ
ਸ਼ੇਰਾਂ ਵਾਲਾ ਤੁਸੀਂ ਹੌਸਲਾ ਵਿਖਾਇਓ
ਸਮਝੇ ਨਾ ਬਾਲ ਤੁਸਾਂ ਨੂੰ
ਗੱਲਾਂ ਖਰੀਆਂ ਜਾ ਸੂਬੇ ਨੂੰ ਸੁਣਾਇਓ
ਪੁਤ ਤੁਸੀਂ ਬਾਜਾਂ ਵਾਲੇ ਦੇ
ਜਿਹੜਾ ਚਿੜੀਆਂ ਤੋਂ ਬਾਜ਼ ਤੁੜਾਵੇ।
ਗੋਦ ਵਿਚ...।

ਧਰਮ ਹੀ ਜਿੰਦ ਸਾਡੀ
ਧਰਮ ਹੀ ਪ੍ਰਾਣ ਹੈ
ਦਾਦੇ ਤੁਸਾਂ ਨੇ ਰੱਖੀ
ਧਰਮ ਦੀ ਸ਼ਾਨ ਹੈ
ਡੋਲ੍ਹਿਓ ਨਾ ਨੀਰ ਅੱਖੀਓਂ
ਰੱਤ ਤੁਸਾਂ ਦੀ ਚਾਹੇ ਡੁੱਲ੍ਹ ਜਾਵੇ।
ਗੋਦ ਵਿਚ...।

ਹੱਥੀਂ ਆਪ ਮਾਤਾ ਤੋਰਦੀ
ਕਹਿੰਦੀ ਹੱਸ ਹੱਸ ਵਾਰੋ ਜ਼ਿੰਦਗਾਨੀ
ਦੁਨੀਆ ਯਾਦ ਕਰੇਗੀ
ਯਾਦ ਕਰੂਗੀ ਤੁਸਾਂ ਦੀ ਕੁਰਬਾਨੀ
'ਮਹਿਮੂਦਪੁਰੀ' ਗੀਤ ਲਿਖਦਾ
ਜਸ ਸਦਾ ਹੀ ਸ਼ਹੀਦਾਂ ਦੇ ਗਾਵੇ।
ਗੋਦ ਵਿਚ ਲੈ ਕੇ ਅੰਮੜੀ
ਜਾਂਦੀ ਵਾਰ ਪੋਤਿਆਂ ਨੂੰ ਗਲ ਲਾਵੇ।

***-ਲਖਵਿੰਦਰ 'ਮਹਿਮੂਦਪੁਰੀ'***
***ਫੋਨ: 94634-71945***

# ਪੰਜਾਬੀ ਸਭਿਆਚਾਰ ਦਾ ਇਤਿਹਾਸ, ਵਰਤਮਾਨ ਤੇ ਭਵਿੱਖ

**ਆਪਾਂ ਆਪਣੇ ਜੁਆਕਾਂ ਨੂੰ ਬਰਾਂਡਿੰਡ ਸੁੱਖ-ਸਹੂਲਤਾਂ ਤਾਂ ਦੇ ਦਿੱਤੀਆਂ।ਪਰ ਸੋਚ ਨ੍ਹੀਂ ਬਰਾਂਡਿੰਡ ਦੇ ਸਕੇ।ਆਪਣੇ ਔਲਾਦ ਨੂੰ ਪੈਸੇ ਨਾਲ ਖਰੀਦੀਆਂ ਜਾਣ ਵਾਲੀਆਂ ਵਸਤਾਂ ਤਾਂ ਦੇ ਦਿੱਤੀਆਂ ਪਰ ਪ੍ਰਵਰਿਸ਼ ਨਹੀਂ ਕੀਤੀ।ਆਪਾ ਪਿਓ ਬਨਣ ਦੀ ਵਜਾਏ ਆਪਣੇ ਜੁਆਕਾ ਦੇ ਏ.ਟੀ. ਐਮ. ਬਣ ਗਏ।ਜੇ ਆਪਣੀਆਂ ਔਲਾਦਾਂ ਆਪਣੀ ਭਾਸ਼ਾ ਤੋਂ, ਆਪਣੇ ਸਭਿਆਚਾਰ ਤੋਂ, ਆਪਣੇ ਸੰਸਕਾਰਾਂ ਤੋਂ, ਆਪਣਿਆਂ ਤੋਂ, ਆਪਣੇ ਆਪ ਤੋਂ ਬੇਮੁੱਖ ਗਈ, ਜਾਂ ਬੇਮੁੱਖ ਹੋ ਰਹੇ ਹੈ ਤਾਂ ਇਸ ਦੇ ਜ਼ੁੰਮੇਵਾਰ ਉਹ ਨ੍ਹੀਂ ਅਸੀਂ ਹਾਂ।**



**ਸੰਜੀਵਨ ਸਿੰਘ**
94174-60656

ਸਭਿਆਚਾਰ ਦਾ ਅਰਥ ਬਹੁਤ ਵਿਸ਼ਾਲ ਅਤੇ ਵਿਆਪਕ ਹੈ।ਆਮ ਤੌਰ 'ਤੇ ਕਿਹਾ ਜਾਂਦਾ ਹੈ। ਅਸਮਾਨ/ਪਤਾਲ ਦੀ ਥਾਹ ਪਾਉਣੀ ਬਹੁੱਤ ਕਠਿਨ ਹੈ।ਪਰ ਸਭਿਆਚਾਰ ਦੀ ਘੋਖ ਕਰਨੀ ਅਸਮਾਨ/ਪਤਾਲ ਦੀ ਥਾਹ ਪਾਉਣ ਨਾਲੋਂ ਵੀ ਔਖਾ ਹੈ।ਅਸੀਂ ਪੰਜਾਬੀ ਗਿੱਧੇ-ਭੰਗੜੇ, ਨਾਚ-ਗਾਣਿਆਂ ਨੂੰ ਹੀ ਸਭਿਆਚਾਰ ਸਮਝੀ ਜਾਂਦੇ ਹਾਂ।ਸਭਿਆਚਾਰ ਕਿਸੇ ਵੀ ਸਮਾਜ ਦੀ, ਕਿਸੇ ਵੀ ਇਲਾਕੇ ਦੀ, ਕਿਸੇ ਵੀ ਖਿੱਤੇ ਦੀ ਰੂਹ ਹੁੰਦੀ ਹੈ, ਜੜ੍ਹ ਹੁੰਦੀ ਹੈ। ਸਭਿਆਚਾਰ ਦੀ ਹੋਂਦ ਮਨੁੱਖ ਦੀ ਹੋਂਦ ਦੇ ਨਾਲ ਹੀ ਜੁੜੀ ਹੋਈ ਹੈ।ਜਿਵੇਂ-ਜਿਵੇਂ ਮਨੁੱਖ ਨੇ ਜਿਸਮਾਨੀ ਅਤੇ ਦਿਮਾਗੀ ਵਿਕਾਸ ਕੀਤਾ।ਉਵੇਂ ਹੀ ਸਭਿਆਚਾਰ ਦਾ ਰੂਪ-ਸਰੂਪ ਵੀ ਤਬਦੀਲ ਹੁੰਦਾ ਗਿਆ।ਤਬਦੀਲੀ ਕੁਦਰਤ ਦਾ ਅਟੱਲ ਨਿਯਮ ਹੈ। ਉਸਾਰੂ ਤੇ ਹਾਂ-ਪੱਖੀ ਤਬਦੀਲੀ ਸਮਾਜ ਦੇ ਵਿਕਾਸ ਵਿਚ ਸਹਾਈ ਸਿੱਧ ਹੁੰਦੀ ਹੈ।ਮਾਰੂ ਤੇ ਨਾਂਹ-ਪੱਖੀ ਤਬਦੀਲੀ ਵਿਨਾਸ਼ ਦਾ ਕਾਰਣ ਬਣਦੀ ਹੈ।

ਜੇ ਗੱਲ ਪੰਜਾਬੀ ਸਭਿਆਚਾਰ ਦੀ ਕੀਤੀ ਜਾਵੇ ਤਾਂ ਪੰਜਾਬੀ ਸਭਿਆਚਾਰ ਦਾ ਇਤਿਹਾਸ ਹਜ਼ਾਰਾਂ ਸਾਲ ਪੁਰਾਣਾ ਹੈ।ਪੰਜਾਬੀ ਸਭਿਆਚਾਰ ਦਾ ਅਗਾਜ਼ ਸਿੰਧੂ ਘਾਟੀ ਸਭਿਆਚਾਰ ਤੋਂ ਆਰੰਭ ਹੁੰਦਾ ਹੈ, ਜਿੱਥੇ ਮੋਹੇਂਜੋਦੜੋ ਅਤੇ ਹੜੱਪਾ ਵਾਸੀ ਰਹਿੰਦੇ ਸਨ। ਸਿੰਧੂ ਘਾਟੀ ਨੇ ਭਾਰਤ ਨੂੰ ਹੀ ਨਹੀਂ ਪੂਰੇ ਸੰਸਾਰ ਨੂੰ ਖੇਤੀ, ਵਪਾਰ ਅਤੇ ਕਲਾ ਦੀਆਂ ਵੱਖ-ਵੱਖ ਵਿਧਾਵਾਂ ਵਿਚ ਪੀੜ੍ਹੀ ਦਰ ਪੀੜੀ ਚੱਲ ਰਹੀਆਂ ਰਵਾਇਤਾਂ ਦੇ ਬਦਲ ਵਿਚ ਅਸਲੋਂ ਨਵੀਆਂ ਧਾਰਾਵਾਂ ਦਿੱਤੀਆਂ।

ਬਾਬੇ ਨਾਨਕ ਨੂੰ ਸਾਰੇ ਸੰਸਾਰ ਦੇ ਵੱਖ-ਵੱਖ ਖਿੱਤਿਆਂ ਵਿਚ ਰਹਿੰਦੇ ਉਨ੍ਹਾਂ ਦੇ ਉਪਾਸ਼ਕ ਅਤੇ ਮੁਰੀਦ ਵੱਖ-ਵੱਖ ਨਾਵਾਂ ਨਾਲ ਸੱਦਦੇ, ਭਾਰਤ ਵਿੱਚ ਨਾਨਕ ਸ਼ਾਹ, ਗੁਰੂ ਬਾਬਾ, ਗੁਰੂ ਨਾਨਕ, ਅਫਗਾਨਿਸਤਾਨ ਵਿਚ ਨਾਨਕ ਪੀਰ, ਬਾਬਾ ਨਾਨਕ, ਪਾਕਿਸਤਾਨ ਵਿਚ, ਬਾਬਾ ਨਾਨਕ, ਵਲੀ ਹਿੰਦ (ਭਾਰਤ ਦਾ ਸਾਧੂ), ਤੁਰਕੀ ਵਿੱਚ ਹਿੰਦੂ ਫਕੀਰ, ਮੱਧ ਏਸ਼ੀਆ (ਉਜ਼ਬੇਕਿਸਤਾਨ, ਤਾਜਿਕਸਤਾਨ) ਵਿੱਚ ਬਾਬਾ ਨਾਨਕ, ਫਕੀਰ-ਏ-ਹਿੰਦ, ਤਰਕੋਨੀਆ (ਇਰਾਨ) ਵਿੱਚ ਬੁਜ਼ੁਰਗ ਪੀਰ, ਸ੍ਰੀਲੰਕਾ ਵਿੱਚ ਨਾਨਕ ਸੰਤ ਚੇਤਨ ਗੁਰੂ, ਤਿੱਬਤ ਵਿਚ ਗੁਰੂ ਰਿਨਪੋਛੇ, ਨਾਨਕ ਲਾਮਾ, ਅਰਬ ਦੇਸ਼ਾਂ ਵਿੱਚ ਵਲੀ-ਉੱਲਾਹ (ਅੱਲਾਹ ਦੇ ਸੰਤ), ਸ਼ੇਖ ਨਾਨਕ, ਚੀਨ ਵਿੱਚ ਫਕੀਰ ਸਾਹਿਬ, ਨਾਨਕ ਸਿਧਾ। ਗੁਰੂ ਨਾਨਕ ਦੇਵ ਜੀ ਨੇ ਆਪਣੇ ਸੰਦੇਸ਼ਾਂ/ਉਪਦੇਸ਼ ਦੇ ਜ਼ਰੀਏ ਤਮਾਮ ਕਾਇਨਾਤ ਵਿੱਚ ਪਿਆਰ, ਸਹਿਣਸ਼ੀਲਤਾ ਅਤੇ ਏਕਤਾ ਦਾ ਸੰਦੇਸ਼ ਫੈਲਾਇਆ। ਉਨ੍ਹਾਂ ਦੇ ਸਿਧਾਂਤ ਅਤੇ ਜੀਵਨਸ਼ੈਲੀ ਨੇ ਵੱਖ-ਵਖ ਮੁਲਕਾਂ ਅਤੇ ਸੰਸਕਾਰਾਂ ਦੇ ਲੋਕਾਂ ਨੂੰ ਪ੍ਰੇਰਿਤ ਅਤੇ ਪ੍ਰਭਾਵਿਤ ਕੀਤਾ।

ਗੁਰੂ ਨਾਨਕ ਦੇਵ ਜੀ ਕ੍ਰਾਂਤੀਕਾਰੀ ਅਤੇ ਸਮਾਜ-ਸੁਧਾਰਕ ਦੇ ਨਾਲ ਹੀ ਕਵੀ ਵੀ ਸਨ। ਗੁਰੂ ਨਾਨਕ ਦੇਵ ਜੀ ਵੱਲੋਂ ਰਚੀ ਗੁਰਬਾਣੀ ਮੂਲ-ਮੰਤਰ, ਜਪੁਜੀ ਸਾਹਿਬ, ਵਾਰਾਂ ਅਤੇ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮਹੱਤਵਪੂਰਣ ਹਿੱਸਾ ਹਨ।ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ। ਵਾਰਾਂ ਰਾਹੀਂ ਸਿੱਖ ਧਰਮ ਦੇ ਸਿਧਾਂਤਾ ਦਾ ਚਿੱਤਰਣ ਕਰਕੇ ਭਾਈ ਗੁਰਦਾਸ ਜੀ ਨੇ ਪੰਜਾਬੀ ਸਾਹਿਤ ਨੂੰ ਨਵੀਂ ਦਿੱਖ ਦਿੱਤੀ।

ਅਬਦੁੱਲ ਰਹੀਮ ਕਾਨਖਾਨਾ (ਰਹੀਮ) ਦੇ ਸ਼ੇਅਰ (ਸ਼ੇਰ) ਅਤੇ ਦੋਹੇ (ਦੁਹੇ) ਪੰਜਾਬੀ, ਬ੍ਰਜ ਅਤੇ ਹਿੰਦਵੀ ਲਾਮਿਸਾਲ ਸਾਹਿਤਕ ਕ੍ਰਿਤਾ ਸਨ।ਸੂਫ਼ੀ ਕਵੀ ਵਿਚ ਬੁੱਲ੍ਹੇ ਸ਼ਾਹ ਨੇ ਪਿਆਰ ਅਤੇ ਮਨੁੱਖਤਾ ਦੀ ਗੱਲ ਕੀਤੀ।ਸ਼ਾਹ ਹੁਸੈਨ ਕਾਫੀਆਂ ਦੇ ਰਚੇਤਾ ਸਨ ਅਤੇ ਵਰਿਸ ਸ਼ਾਹ ਨੇ ਹੀਰ ਦੇ ਕਿੱਸੇ ਨਾਲ ਪੰਜਾਬੀ ਸਾਹਿਤ ਨੂੰ ਅਮੀਰੀ ਬਖਸ਼ੀ।ਇਸ ਤੋਂ ਇਲਾਵਾ ਸੋਹਣੀ-ਮਹਿਵਾਲ, ਸੱਸੀ-ਪੁੰਨੂੰ ਸਿਰਫ ਇਸ਼ਕੀਆਂ ਕਿੱਸੇ ਅਤੇ ਇਸ਼ਕ-ਮੁਸ਼ਕ ਦੀਆ ਬਾਤਾਂ ਹੀ ਨਹੀਂ ਹਨ ਬਲਕਿ ਸਮਾਜਿਕ ਸੰਵੇਦਨਾਵਾਂ ਅਤੇ ਮਨੁੱਖੀ ਮੂਲਾਂ ਦੇ ਮਜ਼ਬੂਤ ਪ੍ਰਤੀਕ ਵੀ ਹਨ।ਸਾਡਾ ਲੋਕ-ਕਾਵਿ, ਵਾਰਾਂ ਅਤੇ ਲੋਕ-ਗੀਤ ਸਮਾਜਿਕ ਰੁਚੀਆਂ ਅਤੇ ਸੰਘਰਸ਼ਾਂ ਦੀ ਆਵਾਜ਼ ਹਨ। ਇਸ ਕਿਸਮ ਦੀਆਂ ਸਾਹਿਤਕ ਕ੍ਰਿਤਾਂ ਸਿਰਫ ਵਕਤੀ ਮਨੋਰੰਜਨ ਜਾਂ ਮਨਪ੍ਰਚਾਵੇ ਲਈ ਹੀ ਨਹੀਂ ਸਗੋਂ ਸਮਾਜ ਦੇ ਤਾਣੇ-ਬਾਣੇ ਦਾ ਪ੍ਰਗਟਾ ਵੀ ਹਨ।ਜੋ ਹਾਲੇ ਵੀ ਸਾਨੂੰ ਝੰਜੋੜੀਆ ਵੀ ਨੇ।

ਅਠਰਾਵੀਂ ਸਦੀ ਦੇ ਸੱਤਵੇਂ ਦਹਾਕੇ ਤੇ ਆਰੰਭ ਤੋਂ ਲੈਕੇ ਉਨੀਵੀਂ ਸਦੀ ਦੇ ਪੰਜਵੇਂ ਦਹਾਕੇ ਦੇ ਅੰਤ (1872-1957) ਤੱਕ ਫੈਲੇ ਪੰਜਾਬੀ ਸਾਹਿਤ ਦੇ ਆਧੁਨਿਕ ਯੁੱਗ ਦੇ ਪਿਤਾਮਾ ਭਾਈ ਵੀਰ ਨੂੰ ਮੰਨਿਆਂ ਜਾਂਦਾ ਹੈ।ਜਿੰਨ੍ਹਾਂ ਰੂਹਨੀਅਤ ਅਤੇ ਸਿੱਖ ਇਤਿਹਾਸ ਨੂੰ ਸਾਹਿਤਕ ਕ੍ਰਿਤਾ ਵਿਚ ਰੂਪਮਾਨ ਕੀਤਾ।ਇਸੇ ਕਤਾਰ ਵਿਚ ਨਾਨਕ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤ ਲੜੀ, ਗੁਰਦਿਆਲ ਸਿੰਘ, ਅਮ੍ਰਿਤਾ ਪ੍ਰੀਤਮ, ਜਸਵੰਤ ਕੰਵਲ, ਸੰਤੋਖ ਸਿੰਘ ਧੀਰ, ਸੰਤ ਸਿੰਘ ਸੇਖੋਂ, ਸ਼ਿਵ ਕੁਮਾਰ ਬਟਾਲਵੀ, ਬਲਵੰਤ ਗਾਰਗੀ, ਡਾ. ਹਰਚਰਨ ਸਿੰਘ, ਗੁਰਸ਼ਰਨ ਭਾਅ ਜੀ ਆਦਿ ਨੇ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਰਾਹੀਂ ਲੋਕ-ਮਸਲੇ, ਲੋਕਾਂ-ਦੀ ਭਾਸ਼ਾਂ ਵਿਚ ਛੋਹੇ।

ਓਨੀਵੀਂ ਸਦੀ ਦੇ ਪੰਜਵੇਂ ਦਹਾਕੇ ਦੇ ਦੂਸਰੇ ਦਹਾਕੇ ਤੋਂ ਲੈਕੇ ਵੀਹਵੀਂ ਸਦੀ ਦੇ ਆਰੰਭ (1920-2002) ਤੱਕ ਫੈਲੇ ਪੰਜਾਬੀ ਸਾਹਿਤ ਅਤੀ ਆਧੁਨਿਕ ਯੁੱਗ ਦਾ ਆਗਾਜ਼ ਹਰਿਭਜਨ ਸਿੰਘ ਨੇ ਕੀਤਾ।ਇਸ ਲੜੀ ਵਿਚ ਅਜੀਤ ਕੌਰ, ਸੁਖਪਾਲ, ਦਲਪਤ ਚੈਰਾਸੀ, ਪੀਸ਼ੌਰੀ ਲਾਲ ਸਿੰਘ, ਰਣਜੀਤ ਸਿੰਘ, ਜੀਤਿ ਨੀਰਵਾਨਾ, ਬਲਬੀਰ ਮਾਧੋਪੁਰੀ, ਹਰਜੀਤ ਅਟਵਾਲ, ਮੋਹਨ ਬਾਵਾ, ਸਰਕਾਰ ਅਜਨਾਲਾ, ਅਮਰਜੀਤ ਚੰਦਨ ਆਦਿ ਨੂੰ ਰੱਖਿਆ ਜਾ ਸਕਦਾ ਹੈ। ਜਿੰਨ੍ਹਾਂ ਸਮਾਜਿਕ ਮਸਲਿਆਂ ਨੂੰ ਆਪਣੀਆਂ ਲਿਖਤਾਂ ਵਿਚ ਆਪਣੇ ਨਜ਼ਰੀ ਨਾਲ ਪੇਸ਼ ਕੀਤਾ।

ਫੇਰ ਸ਼ੁਰੂ ਹੁੰਦਾ ਹੈ ਦੌਰ ਅਤੀ ਅਤੀ ਆਧੁਨਿਕ ਯੁੱਗ ਦਾ, ਜਿਸ ਵਿਚ ਸੁਰਜੀਤ ਪਾਤਰ, ਮੋਹਨਜੀਤ, ਵਰਿਆਮ ਸੰਧੂ, ਡਾ. ਆਤਮਜੀਤ, ਪਾਲੀ ਭੁਪਿੰਦਰ ਆਦਿ ਨੂੰ ਸ਼ਾਮਿਲ ਜਾ ਸਕਦਾ ਹੈ। ਇਨ੍ਹਾਂ ਸਾਤਿਕਾਰਾਂ ਨੇ ਆਧੁਨਿਕਤਾ ਤੋਂ ਅਗਾਂਹ ਵਧੇਰੇ ਤਕਨੀਕੀ ਅਤੇ ਵਿਸ਼ਵੀ ਨਜ਼ਰੀਏ ਤੋਂ ਇਲਾਕਾਈ ਅਤੇ ਵਿਸ਼ਵੀ ਮੁਸ਼ਕਲਾਂ ਅਤੇ ਦਿੱਕਤਾਂ ਨਾਲ ਦਸਤਪੰਜਾ ਲਿਆ।

ਮੇਰੀ ਰਾਏ ਹੈ ਕਿ ਪੰਜਾਬੀ ਸਾਹਿਤ ਨੂੰ ਆਧੁਨਿਕ, ਅਤੀ ਆਧੁਨਿਕ, ਅਤੀ ਅਤੀ ਆਧੁਨਿਕ ਵਰਗੀਆਂ ਬੇਲੋੜੀ ਵੰਡੀਆਂ ਪਾਠਕ ਨੂੰ ਤਾਂ ਗਧੀ-ਗੇੜ ਵਿਚ ਪਾਉਂਦੀਆਂ ਹੀ ਨੇ, ਮੇਰੇ ਵਰਗੇ ਮਾੜੇ-ਮੋਟੇ ਆਪਣੇ ਆਪ ਨੂੰ ਸਾਹਿਤਕਾਰ ਸਮਝਣੇ ਸਾਹਿਕਾਰਾਂ ਦੀ ਮੱਤ ਵੀ ਮਾਰ ਦਿੰਦੀਆਂ ਨੇ।ਅਧੁਨਿਕ ਨੇ ਆਧੁਨਿਕ ਹੀ ਰਹਿਣਾ ਹੈ, ਚਾਹੇ ਮੂਹਰੇ ਜਿੰਨੇ ਮਰਜ਼ੀ ਅਤੀ, ਅਤੀ ਲਾਈ ਜਾਓ।

ਸਾਹਿਤ/ਕਲਮ ਦਾ ਮੁੱਢਲਾ ਉਦੇਸ਼ ਅਤੇ ਮਕਸਦ ਲੋਕਾਂ ਲਈ ਖੜਣਾ, ਅੜਣਾ ਅਤੇ ਲੜਣਾ ਹੈ।ਲੋਕਾਂ ਵਿਚ ਉਹੀ ਸਾਹਿਤਕਾਰ ਪ੍ਰਵਾਨ ਚੜੇਗਾ, ਜੋ ਆਪਣੇ ਲੋਕਾਂ ਦੀ, ਆਪਣੀ ਮਿੱਟੀ ਦੀ, ਆਪਣੀਆਂ ਨਸਲਾਂ ਦੀ ਬਾਤ ਪਾਉਗਾ।

ਜ਼ਾਲਿਮ ਤੇ ਕਰੂਰ ਅੰਗਰੇਜ਼ੀ ਹਕੂਮਤ ਦੌਰਾਨ ਪੰਜਾਬ ਨੇ ਆਪਣੀ ਲੜਾਕੂ ਤੇ ਈਨ ਨਾ ਮੰਨਣ ਦੇ ਸੁਭਾਅ ਕਰਕੇ ਕੂਕਾ ਅੰਦੋਲਨ, ਗਦਰ ਲਹਿਰ, ਅਕਾਲੀ ਲਹਿਰ ਤੇ ਗੁਰਦੁਆਰ ਸੁਧਾਰ ਲਹਿਰ, ਅਜੀਤ ਸਿੰਘ (ਭਗਤ ਸਿੰਘ ਦੇ ਚਾਚਾ) ਦਾ ਅਗਵਾਈ ਹੇਠ ਕਿਸਾਨ ਅੰਦੋਲਨ (ਪਗੜੀ ਸੰਭਾਲ ਜੱਟਾ), ਭਗਤ ਸਿੰਘ ਦੀ ਰਹਿਨੁਮਾਈ ਹੇਠ ਕ੍ਰਾਂਤੀਕਾਰੀ ਅੰਦੋਲਨ ਅਤੇ ਦਿੱਲੋਂ ਸਹਿਗਲ, ਸ਼ਹਨਵਾਜ਼ ਦਾ ਅੰਦੋਲਨ ਅਤੇ ਪੰਜਾਬ ਜਲਿਆਂਵਾਲਾ ਹਤਿਆ ਕਾਂਡ ਵਰਗੇ ਖੂਨੀ ਸਾਕੇ ਲਹੂ-ਲੁਹਾਨ ਵੀ ਹੋਇਆ ਅਤੇ ਸਭ ਤੋਂ ਕਠੋਰ ਸਮਝੀ ਜਾਂਦੀ ਕਾਲੇ ਪਾਣੀਆਂ ਦੀ ਸਜ਼ਾ ਵੀ ਖਿੜੇ-ਮੱਥੇ ਕਬੂਲੀ। ਆਪਣੇ ਪੁਰਖਿਆਂ, ਗੁਰੂਆਂ-ਪੀਰਾਂ ਪੈਗੰਬਰਾਂ, ਦੇਸ਼ ਲਈ ਅਪਾ-ਵਾਰਣ ਵਾਲੇ ਦੇਸ਼-ਭਗਤਾਂ, ਸੂਰਬੀਰਾ ਤੇ ਯੋਧਿਆਂ ਵੱਲੋਂ ਜਾਨਾਂ ਦੇ ਕੇ ਦਲੇਰੀ ਅਤੇ ਸੂਰਮਗਤੀ ਨਾਲ ਹੱਕ-ਹਕੂਕਾਂ ਲਈ ਲੜੇ ਲਹੂ-ਵਿੱਚਵੇਂ ਸੰਘਰਸ਼ਾਂ ਨੇ ਪੰਜਾਬੀਆਂ ਨੇ ਆਪਣੇ ਚੇਤਿਆਂ ਵਿਚ ਹਮੇਸ਼ਾਂ ਸਾਂਭੀ ਰੱਖਿਆਂ। ਜਿਸ ਦੀ ਮਿਸਾਲ ਅੱਜ ਕਿਸਾਨ ਅੰਦੋਲਨ ਦੀ ਸ਼ਕਲ ਵਿਚ ਸਾਡੇ ਸਾਹਮਣੇ ਹੈ।

ਕਿਸੇ ਦੀ ਨੈਂਅ ਨਾ ਮੰਨਣ ਵਾਲੇ, ਅਧੀਨਗੀ ਨਾ ਕਬੂਲਣ ਵਾਲੇ ਗੈਰਤ-ਮੰਦ, ਅਣਖੀਲੇ, ਦਲੇਰ ਅਤੇ ਬੇਬਾਕ ਪੰਜਾਬੀ ਜਾਂ ਤਾਂ ਜਾਨਾਂ ਦਿੰਦੇ ਨੇ, ਜਾਂ ਜਾਨਾਂ ਲੈਂਦੇ ਨੇ।ਖੁੱਲਾ ਖਾਣਾ-ਪੀਣਾ ਅਤੇ ਪਹਿਨਣ-ਪਰਚਣ ਦੇ ਸ਼ੌਕੀ, ਖੁੱਲੇ ਸੁਭਅ, ਯਾਰਾ ਉੱਤੋਂ ਜਾਨ ਵਾਰਨਾ ਵਾਲੇ ਪੰਜਾਬੀਆਂ ਜਦ ਵੀ ਕਿਸੇ ਮੂਹਰੇ ਸੁੱਟਦੇ ਹਨ, ਥਾਨ ਹੀ ਸੁੱਟਦੇ ਹਨ।ਚਾਹੇ ਉਹ ਨੇਤਾ ਹੋਵੇ, ਚਾਹੇ ਹੋਵੇ ਅਭੀਨੇਤਾ, ਚਾਹੇ ਉਹ 'ਸਾਧ' ਹੋਵੇ, ਚਾਹੇ ਹੋਵੇ ਸੰਤ ਤੇ ਚਾਹੇ ਹੋਵੇ ਫਨਕਾਰ।ਅੱਗੋਂ ਉਸਦੀ ਮਰਜ਼ੀ ਚਾਹੇ ਉਹ ਸੁੱਥਣ ਸੁਆਵੇ, ਚਾਹੇ ਝੱਗਾ।ਇਹ ਜੀਵਨ-ਜਾਚ ਪੰਜਾਬੀਆਂ ਦੀ।

'ਲਾਹੌਰ ਦੇ ਜੰਮਿਆਂ ਨੂੰ ਨਿੱਤ ਮੁਹਿੰਮਾ' ਪੰਜਾਬੀ ਸਭਿਆਚਾਰ ਦੀ ਮੂਲ-ਖਾਸਾ ਹੈ।ਸਾਡਾ ਸੁਭਾਅ, ਸਾਡੀ ਤਬੀਅਤ, ਸਾਡਾ ਵਿਵਹਾਰ, ਸਾਡੇ ਲੋਕ-ਨਾਚਾ-ਗਾਣਿਆਂ ਵਿਚ ਹਮਲਿਆਂ ਅਤੇ ਕਬਜ਼ਿਆ ਦਾ ਪ੍ਰਭਾਵ ਅਤੇ ਅਸਰ ਅਕਸਰ ਮਹਿਸੂਸ ਹੁੰਦਾ ਹੈ।ਸਾਹਿਤ ਦੀਆਂ ਹੋਰਾਂ ਵਿਧਾਵਾਂ ਨਾਲੋਂ ਗੀਤ-ਸੰਗੀਤ ਸਾਨੂੰ ਵੱਧ ਅਸਰਅੰਦਾਜ਼ ਕਰਦੇ ਹੈ। ਬੀਤੀ ਇਕ ਸਦੀ ਦੌਰਾਨ ਲਹਿੰਦੇ (ਪਾਕਿਸਤਾਨੀ) ਪੰਜਾਬ ਨੇ ਨੂਰ ਜਹਾਂ, ਮਲਕਾ ਤਰੰਨੁਮ, ਗੁਲਾਮ ਅਲੀ, ਮਹਿੰਦੀ ਹਸਨ, ਰੋਸ਼ਨ ਆਰਾ ਬੇਗਮ, ਸਲਾਮਤ ਅਲੀ ਖਾਨ, ਨੁਸਰਤ ਫਤਿਹ ਅਲੀ ਖਾਨ, ਰੂਨਾ ਲੈਲਾ, ਆਬਿਦਾ ਪਰਵੀਨ, ਰਾਹਤ ਫਤਿਹ ਅਲੀ ਖਾਨ ਆਦਿ ਅਤੇ ਚੜ੍ਹਦੇ (ਭਾਰਤੀ) ਪੰਜਾਬ ਨੇ ਮੁਹੰਮਦ ਰਫ਼ੀ, ਕੇ. ਐਲ ਸਹਿਗਲ, ਸੁਰਿੰਦਰ ਕੌਰ, ਅਮਰਜੀਤ ਗੁਰਦਾਸਪੁਰੀ, ਆਸਾ ਸਿੰਘ ਮਸਤਾਨਾ, ਯਮਲਾ ਜੱਟ, ਨਰਿੰਦਰ ਬੀਬਾ, ਬਾਬੂ ਰਜ਼ਬ ਅਲੀ, ਪ੍ਰਥਵੀ ਸਿੰਘ, ਕਿਦਾਰ ਸ਼ਰਮਾਂ ਆਦਿ ਨੇ ਪੰਜਾਬੀ ਲੋਕ-ਗੀਤਾਂ, ਸੂਫੀ ਗਾਇਕੀ, ਕਲਾਸੀਕਲ ਸੰਗੀਤ, ਕਵਾਲੀ ਵਿੱਚ ਜ਼ਿਕਰਯੋਗ ਯੋਗਦਾਨ ਪਾਇਆ।ਇਨ੍ਹਾਂ ਦੇ ਗਾਏ ਫਿਲਮੀ ਗਾਏ ਗੀਤ ਹਾਲੇ ਵੀ ਚੇਤਿਆਂ ਵਿਚ ਵੱਸੇ ਹੋਏ ਹਨ।ਇਨ੍ਹਾਂ ਦੇ ਗਾਇਕੀ ਰੂਹ ਨੂੰ ਸਕੂਨ ਦੇਣ ਵਾਲੀ ਅਤੇ ਬਾਮਕਸਦ ਸੀ।

ਉਹ ਵੀ ਸਮਾਂ ਸੀ, ਜਦ ਪੰਜਾਬ ਬੜਕ ਤੇ ਮੜਕ ਹੁੰਦੀ ਸੀ। ਪੰਜਾਬੀਆ ਨੇ ਨਾ ਕਦੇ ਕਿਸੇ ਦੀ ਝੇਪ ਮੰਨੀ, ਨਾ ਟੈਅ।ਪੰਜਾਬ ਦਾ ਮੁਕਾਬਲਾ ਪੰਜਾਬ ਨਾਲ ਹੀ ਸੀ।ਕੋਈ ਪੰਜਾਬ ਨੂੰ ਸਿਰ ਦੀ ਪੱਗ ਕਹੇ, ਕੋਈ ਤਾਜ, ਕੋਈ ਅੰਨਦਾਤਾ ਕਹੇ, ਕੋਈ ਪਾਲਣਹਾਰ। ਪੰਜਾਬ ਦੀਆਂ ਹੱਦਾਂ-ਸਰਹੱਦਾ ਅਣ-ਮਿਥੀਆਂ, ਅਣ-ਕਿਆਸੀਆਂ। ਨਾ ਪੰਜਾਬ ਕੋਲੋਂ ਕੋਈ ਲੰਘ ਸਕਦਾ, ਨਾ ਖੰਘ ਸਕਦਾ। ਬੋਲੀ ਹਜ਼ਾਰਾ ਸਾਲ ਪੁਰਾਣੀ ਪ੍ਰਾਚੀਨ। ਪੰਜਾਬ ਨੂੰ ਗੁਰੂਆਂ, ਸੂਫੀਆਂ, ਸੰਤਾਂ-ਫ਼ਕੀਰਾਂ, ਸੂਰਬੀਰਾਂ-ਯੋਧਿਆਂ ਦੀ ਧਰਤੀ ਹੋਣ ਦਾ ਮਾਣ, ਪੰਜਾਬ ਦਾ ਪਾਣੀ ਅਮ੍ਰਿਤ, ਮਿੱਟੀ ਜਰਖੇਜ਼, ਪੰਜ ਪਾਣੀਆਂ ਦੀ ਧਰਤੀ, ਸਭਿਅਤਾ ਅਮੀਰ, ਵਿਰਸਾ ਨਿਰੋਇਆ, ਤਹਿਜ਼ੀਬ ਬਾ-ਕਮਾਲ।

ਪੰਜਾਬੀ ਦੀ ਜਵਾਨੀ ਦਾ ਤੇਜ਼ ਸੂਰਜ ਵਾਂਗ ਤਪਦਾ, ਹੁਸਨ ਮਹਿਕਾ ਬਿਖੇਰਦਾ, ਜੋਬਨ ਟਹਿਕਦਾ ਗੁਲਾਬ, ਗੱਭਰੂਆਂ ਦਾ ਜੁੱਸਾ ਮੱਖਣਾਂ-ਮਲਾਈਆਂ ਨਾਲ ਪਲਿਆ, ਦੁਸ਼ਮਣ ਦੀ ਅੱਖ 'ਚ ਅੱਖ ਪਾਉਣ ਦੀ ਜੁਰਅੱਤ ਨੀ ਸੀ, ਡਰ ਵੀ ਕੋਲੋ ਡਰ ਕੇ ਲੰਘਦਾ, ਭੈਅ ਵੀ ਤ੍ਰਬਕਦਾ।ਪੰਜਾਬੀ ਬੜੀ ਤੋਂ ਬੜੀ ਮੁਸੀਬਤ ਨਾਲ ਖਹਿ ਕੇ ਲੰਘਦੇ, ਵੱਡੀਆਂ ਤੋਂ ਵੱਡੀਆਂ ਚਣੌਤੀਆਂ ਨੂੰ ਖਿੜੇ-ਮੱਥੇ ਕਬੂਲ ਕਰਦੇ।ਪੰਜਾਬ ਆਪਣੇ ਵਤਨ, ਆਪਣੇ ਮੁਲਕ ਲਈ ਵੈਰੀ ਨਾਲ ਡੱਟ ਕੇ ਲੜਿਆ ਐ, ਹਿੱਕ ਡਾਹ ਕੇ ਖੜਿਆ ਐ।

ਪਰ...ਪਰ ਪਤਾ ਨ੍ਹੀਂ ਕਿਉਂ ਪੰਜਾਬ ਤੇ ਪੰਜਾਬੀ ਬੇਗਾਨਿਆਂ ਦੇ ਤਾਂ ਕੀ ਆਪਣਿਆਂ ਦੀ ਅੱਖ ਵਿਚ ਵੀ ਰੜਕਣ ਲੱਗ ਗਏ।ਵੈਰੀ ਤਾਂ ਕੀ ਆਪਣੇ ਹੀ ਦੁਸ਼ਮਣ ਬਣਗੇ, ਪਿੱਠ ਲਾਉਣ ਦੀਆਂ ਗੋਂਦਾ ਗੁੰਦਣ ਲੱਗੇ ਪੰਜਾਬ ਦੀ।ਪਹਿਲਾਂ ਇਕ ਤੋਂ ਦੋ ਕੀਤਾ। ਫੇਰ ਛਾਂਗਿਆ ਗਿਆ, ਵੱਢਿਆ ਗਿਆ, ਟੁੱਕਿਆ ਗਿਆ।ਫੇਰ ਪੰਜਾਬ ਨਾਲ ਸ਼ੁਰੂ ਹੋਇਆ ਨਾ ਮੁੱਕਣ ਵਾਲੇ ਵਿਤਕਰਿਆ ਦਾ ਦੌਰ, ਧੱਕੇਸ਼ਾਹੀਆਂ ਦਾ ਸਿਲਸਿਲਾ। ਪੰਜਾਬ ਜਕੜਿਆ ਗਿਆ, ਤੰਗੀਆਂ-ਤੁਰਸ਼ੀਆਂ ਨਾਲ, ਔਕੜਾਂ-ਮਜਬੂਰੀਆਂ ਨਾਲ।

ਪੰਜਾਬ ਦਾ ਵਿਰਸਾ, ਸਭਿਆਚਾਰ, ਬੋਲੀ, ਰਿਸ਼ਤੇ-ਨਾਤੇ ਸਭ ਪ੍ਰਦੂਸ਼ਤ ਹੁੰਦੇ ਚਲੇ ਹੋ ਗਏ ਜਾਂ ਕਰ ਦਿੱਤੇ ਗਏ।ਪੰਜਾਬ ਇਸ ਪ੍ਰਦੂਸ਼ਤ ਮਾਹੌਲ ਦੀ ਜਕੜ ਦੀ ਪਕੜ ਵਿਚ ਤਿਲ-ਮਿਲਾ ਰਿਹਾ ਐ, ਸਿਸਕ ਰਿਹਾ ਐ, ਪੰਜਾਬ ਦਾ ਬੋਹੀਆ ਦਿੱਕਤਾਂ-ਦੁਸ਼ਵਾਰੀਆਂ ਦੀਆਂ ਪੂਣੀਆਂ ਨਾਲ ਭਰਿਆ ਪਿਆ ਐ।ਕੁੱਝ ਨੀ ਸੁੱਝ ਰਿਹਾ ਕਿਹੜੀ ਪੂਣੀ ਛੋਹੀ ਜਾਵੇ, ਕੁੱਝ ਨਹੀਂ ਔੜ ਰਿਹਾ, ਕਿਥੋਂ ਗੱਲ ਸ਼ੁਰੂ ਕੀਤੀ ਜਾਵੇ।ਬੇਹਿਸਾਬ ਤੇ ਬੇਸ਼ੁਮਾਰ ਨੇ ਪੂਣੀਆਂ ਪੰਜਾਬ ਦੇ ਬੋਹੀਏ 'ਚ, ਦਿੱਕਤਾਂ ਦੀਆਂ, ਦੁਸ਼ਵਾਰੀਆਂ ਦੀਆਂ, ਦੁੱਖਾਂ ਦੀਆਂ, ਤਕਲੀਫਾਂ ਦੀਆਂ। ਪੰਜਾਬ ਦਾ ਜੇਠਾ ਪੁੱਤ ਖੱਜਲ ਹੋ ਰਿਹਾ ਹੈ, ਕਦੇ ਖੇਤਾਂ 'ਚ, ਕਦੇ ਮੰਡੀਆਂ 'ਚ।ਉਸ 'ਤੇ ਕਹਿਰ ਤੇ ਕਰੋਪੀ ਹਮੇਸ਼ਾਂ ਰਹਿੰਦੀ ਹੈ।ਕਦੇ ਕੁਦਰਤੀ, ਕਦੇ ਇਨਸਾਨੀ।ਹਰ ਦੋਸ਼, ਹਰ ਇਲਜ਼ਾਮ ਉਸੇ ਸਿਰ ਮੜਿਆ ਜਾਂਦਾ ਐ।ਕਦੇ ਕਿਹਾ ਜਾਂਦਾ ਹੈ, ਖਰਚੇ ਵਧਾਏ ਹੋਏ ਨੇ, ਕਦੇ ਕਿਹਾ ਜਾਂਦਾ ਹੈ, ਸਪਰੇਆਂ ਬਹੁਤੀਆਂ ਪਾਉਂਦਾ ਹੈ, ਕਦੇ ਕਿਹਾ ਜਾਂਦਾ ਹੈ ਪਰਾਲੀਆਂ ਫੂਕ-ਫੂਕ ਮਾਹੌਲ ਜ਼ਹਰੀਲਾ ਕਰਦਾ ਹੈ। ਆਪਣੀ ਜਿਣਸ ਪੰਜ ਰੁਪਏ ਕਿਲੋ ਵੇਚ ਕੇ, ਮੰਡੀ 'ਚ ਪੰਜਾਹ ਰੁਪਏ ਲੈਣ ਲਈ ਮਜਬੂਰ ਐ ਪੰਜਾਬ ਦਾ ਜੇਠਾ ਪੁੱਤ। ਖ਼ਤਮ ਕਰ ਰਿਹਾ ਹੈ ਆਪਣੀ ਜੀਵਨ-ਲੀਲਾ, ਸਪਰੇਆਂ ਪੀ-ਪੀ ਕੇ, ਫਾਹੇ ਪੈ ਲੈ ਕੇ।ਕੀ ਖੁੱਦਕਸ਼ੀ ਨਾਲ ਮੇਰੇ ਜੇਠੇ ਪੁੱਤ ਦੇ ਸਾਰੇ ਸੰਕਟ, ਸਾਰੇ ਝੰਜਟ ਮੁੱਕ ਜਾਂਦੇ ਨੇ? ਹਾਂਅ, ਸ਼ਾਇਦ ਮੁੱਕ ਜਾਂਦੇ ਨੇ ਪਰ ਸਿਰਫ ਉਸ ਲਈ। ਪਿੱਛੇ ਰਹਿ ਗਿਆਂ ਉਪਰ ਤਾਂ ਮੁਸੀਬਤਾਂ ਦਾ ਪਹਾੜ ਟੁੱਟ ਜਾਂਦਾ ਹੈ। ਪਹਿਲਾਂ ਗੰਧਲੇ ਹੋ ਰਹੇ ਸਭਿਆਚਾਰ ਵਾਲੀ ਪੂਣੀ ਹੀ ਛੋਹ ਲੈਨੇ ਆਂ। ਪਹਿਲਾਂ ਗਾਇਕੀ ਅਬਾਦਤ ਹੁੰਦੀ ਸੀ, ਸਾਧਨਾ ਹੁੰਦੀ ਸੀ, ਤੱਪਸਿਆ ਹੁੰਦੀ ਸੀ, ਪੂਜਾ ਹੁੰਦੀ ਸੀ।ਗਾਇਕ ਹੁੰਦਾ ਸੀ ਸਾਧਕ, ਤੱਪਸਵੀ, ਪੁਜਾਰੀ।ਗਾਇਕੀ ਸਮਾਜ ਨੂੰ ਸੇਧ ਦਿੰਦੀ ਸੀ, ਰਾਹ ਵਿਖਾਉਂਦੀ ਸੀ ਤੇ ਗਾਇਕ ਬਣਦਾ ਸੀ ਜ਼ਰੀਆ।ਪਹਿਲਾਂ ਗਾਇਕੀ ਰੂਹ ਨੂੰ ਸਕੂਨ ਦਿੰਦੀ ਸੀ, ਸੀਨਾ ਠਾਰਦੀ ਸੀ ਪਰ ਹੁਣ...ਹੁਣ ਅੱਚਵੀਂ ਲਾਉਂਦੀ ਹੈ, ਬਚੈਨ ਕਰਦੀ ਹੈ, ਧੀਆਂ ਭੈਣਾਂ ਦੀ ਚੁੰਨੀ ਲੀਰੋ-ਲੀਰ ਕਰਦੀ ਹੈ, ਨਸ਼ੇ ਕਰਨ ਲਈ ਉਕਸਾਉਂਦੀ ਹੈ, ਵੈਰੀਆਂ ਦੀ ਹਿੱਕ ਵਿਚ ਗੋਲੀ ਮਾਰਨ ਲਈ ਵੰਗਾਰਦੀ ਹੈ।

**ਪੰਜਾਬੀ ਗਾਇਕੀ ਦਾ ਇਤਿਹਾਸ ਸਦੀਆਂ ਪੁਰਾਣਾ ਹੈ।ਪੰਜਾਬੀ ਗਾਇਕੀ ਦਾ ਆਗਾਜ਼ ਲੋਕ ਸੰਗੀਤ ਤੋਂ ਹੋਇਆ।ਪੰਜਾਬੀ ਗਾਇਕੀ ਦੇ ਪੁਰਾਤਨ ਸਰੂਪਾਂ ਵਿੱਚ ਸੂਫੀ ਗੀਤ-ਸੰਗੀਤ, ਵਾਰਾਂ ਅਤੇ ਗੁਰਬਾਣੀ ਸ਼ੁਮਾਰ ਹਨ। ਜੰਮਣ-ਮਰਨ ਦੀਆਂ ਰਸਮਾਂ, ਲੋਰੀਆਂ ਅਤੇ ਕਿਰਨਿਆਂ ਨੂੰ ਇਸੇ ਵਿਚ ਸ਼ਾਮਿਲ ਕੀਤੇ ਜਾਅ ਸਕਦੇ ਹੈ। 20ਵੀਂ ਸਦੀ ਦੇ ਆਰੰਭ ਵਿਚ ਰਾਸ਼ਟਰੀ ਜਾਗਰਤੀ ਦੌਰਾਨ ਪੰਜਾਬੀ ਗਾਇਕੀ ਨੇ ਨਵੀਆਂ ਦਿਸ਼ਾਵਾਂ ਧਾਰਨ ਕੀਤੀਆਂ। ਮਿਥਾ, ਲੋਕ-ਗੀਤਾਂ ਦੇ ਨਾਲ ਲਲਕਾਰਨ/ਵੰਗਾਰਨ ਵਾਲੀ ਗਾਇਕੀ ਵੀ ਉਸ ਸਮੇਂ ਦੇ ਚਰਚਿਤ ਗਾਇਕ ਸਰੀਰਾਮ ਲੁਹਾਰ ਅਤੇ ਭਾਈ ਲਛਮਣ ਸਿੰਘ ਸੇਖੋਂ ਨਾਲ ਚਲਨ ਵਿਚ ਆਈ।**

ਆਪਣੇ ਆਪ ਨੂੰ ਸਭਿਆਚਾਰ ਦੇ ਰਾਖੇ ਤੇ ਅਲੰਬਦਾਰ ਸਮਝਦੇ ਕੁੱਝ ਗਾਇਕਾਂ ਤੇ ਗੀਤਕਾਰਾਂ ਨੇ ਪੰਜਾਬ ਦੇ ਜੇਠੇ ਪੁੱਤ ਦੀ ਤਾਂ ਜੱਖਣਾਂ ਈ ਪੱਟ ਕੇ ਰੱਖ 'ਤੀ। ਕੋਈ ਉਸਨੂੰ ਸਿਰੇ ਦਾ ਵੈਲੀ ਕਹਿ ਰਿਹੈ, ਕੋਈ ਦਾਰੂ ਪੀ ਕੇ ਲਲਕਾਰੇ ਮਾਰਨ ਆਲਾ। ਕੋਈ ਖੁੱਲੇਆਮ ਫਾਇਰ ਕੱਢਣ ਆਲਾ, ਉਹ ਵੀ ਉਥੇ, ਜਿੱਥੇ ਹਥਿਆਰਾਂ ਦੀ ਪਾਬੰਧੀ ਹੁੰਦੀ ਐ, ਕੋਈ ਕੁੜੀਆਂ ਨੂੰ ਸ਼ਰੇਆਮ ਚੱਕ ਕੇ ਲੈ ਜਾਣ ਆਲਾ ਤੇ ਕੋਈ...।

ਕਈ ਕਹਿੰਦੇ ਨੇ ਪ੍ਰਦੂਸ਼ਣ ਤਾਂ ਮੁਢ-ਕਦੀਮੋਂ ਹੀ ਐ ਜੀ, ਸਦੀਆਂ ਤੋਂ।ਚੰਗਾ ਮਾੜਾ ਨਾਲੋ-ਨਾਲ ਚੱਲਦਾ ਐ।ਮਾੜਾ ਕੁੱਝ ਸਮੇਂ ਬਾਅਦ ਦਮ ਤੋੜ ਜਾਂਦੈ, ਚੰਗਾ ਸਦੀਆਂ ਤੱਕ ਚੱਲਦੈ।ਮਾੜਾ ਚੰਗੇ ਦੇ ਵੱਧਣ-ਫੁੱਲਣ ਦੀ ਖਾਦ ਦਾ ਕੰਮ ਕਰਦਾ ਐ।ਜੇ ਮਾੜਾ ਹੋਊ ਤਾਂਹੀ ਚੰਗੇ ਦੀ ਪਰਖ ਹੋਊ।ਜਦ ਕੁੰਢੀਆਂ ਦੇ ਸਿੰਗ ਫੱਸਣਗੇ ਫੇਰ ਨਿੱਤਰੂ ਤਾਂ ਵੜੇਵੇਂ ਖਾਣੀ ਹੀ।

ਪਰ ਹਾਲ ਦੀ ਘੜੀ ਤਾਂ ਮਾੜਾ ਦਨਦਨਾਉਂਦਾ ਫਿਰ ਰਿਹੈ, ਹਰਲ-ਹਰਲ ਕਰਦਾ ਫਿਰ ਰਿਹਾ ਐ।ਗਲੀ-ਮੁਹੱਲਿਆਂ ਵਿਚ, ਘਰਾਂ-ਦਰਾਂ ਤਾਂ ਕੀ ਹੁਣ ਤਾਂ ਬੈਠਕਾਂ-ਕਮਰਿਆਂ 'ਚ ਵੀ ਘੁਸਪੈਠ ਕਰ ਗਿਆ। ਕਹਿੰਦੇ ਨੇ ਮਾੜਾ ਤਾ ਰਾਹ 'ਚ ਈ ਦਮ ਤੋੜ ਦਿੰਦਾ ਹੈ, ਰਾਹ 'ਚ ਈ ਬੈਠ ਜਾਂਦਾ ਐ ਥੱਕ-ਹਾਰ ਕੇ। ਚੰਗਾ ਨਿਭੈ ਧੁਰ ਤੱਕ ਨਾਲ।ਪਰ ਮਾੜੇ ਨੇ ਮਹੀਨਿਆਂ-ਸਾਲਾਂ 'ਚ ਹੀ ਪੰਜਾਬ ਦਾ ਜਿਸਮ ਏਨਾ ਜ਼ਖਮੀ ਕਰ ਦਿਤਾ, ਲਹੂ-ਲੁਹਾਣ ਕਰ ਦਿਤਾ, ਆਤਮਾ ਏਨੀ ਵਲੂੰਦਰ ਦਿਤੀ, ਨਸਲਾਂ ਨੂੰ ਜ਼ਹਿਨੀ ਤੌਰ 'ਤੇ ਬਿਮਾਰ ਤੇ ਕੰਗਾਲ ਕਰ ਦਿਤਾ।ਚੰਗਿਆਂ ਦੇ ਦਹਾਕਿਆਂ ਬੱਧੀ ਯਤਨਾਂ, ਕੋਸ਼ਿਸ਼ਾਂ ਨਾਲ ਵੀ ਪੰਜਾਬ ਦੇ ਜ਼ਖਮ ਆਠਰਨੇ ਨੀ, ਰੂਹ ਨੂੰ ਸਕੂਨ ਨਸੀਬ ਨ੍ਹੀਂ ਹੋਣਾ, ਕੁਰਾਹੇ ਪਈ ਔਲਾਦ ਰਾਹੇ ਨੀ ਪੈਣੀ।

ਅੱਧ-ਖੜ ਜਾਂ ਬਜ਼ੁਰਗ ਜਦ ਵੀ ਕਦੇ ਇੱਕਠੇ ਬੈਠਦੇ ਨੇ, ਕੋਈ ਸ਼ਿਕਵਾ ਕਰਦਾ ਐ, ''ਅੱਜ-ਕੱਲ ਦੇ ਜੁਆਕ ਨੂੰ ਤਾਂ ਜੀ ਆਪਣੀ ਭਾਸ਼ਾ ਤੋਂ, ਆਪਣੇ ਪਹਿਰਾਵੇ ਤੋਂ, ਆਪਣੀ ਖਾਦ-ਖੁਰਾਕ ਤੋਂ, ਆਪਣੇ ਸਭਿਆਚਾਰ ਤੋਂ ਮੁਸ਼ਕ ਆਉਂਦੇ।'' ਕੋਈ ਮਾਯੂਸਤਾ ਕਰਦਾ ਐ, ''ਗੁਸਤਾਖ ਵੀ ਬੁਹਤ ਹੋ ਗਏ ਜੀ, ਬੜੇ-ਛੋਟੇ ਦਾ ਕੋਈ ਲਿਹਾਜ਼ ਨ੍ਹੀਂ।'' ਕੋਈ ਉਲਾਂਭਾ ਦਊ, ''ਡੱਕਾ ਤੋੜਕੇ ਦੂਹਰਾ ਨ੍ਹੀਂ ਕਰਦੇ।'' ਕੋਈ ਕਹੂ, ''ਆਪਣੀ ਮਨਾਉਂਦੇ ਨੇ ਗਲ ਗੂਠਾ ਦੇ ਕੇ।'' ਕੋਈ ਕਹੂ, ''ਸਾਡੇ ਵੇਲੇ ਭਲੇ ਸੀ ਜੀ, ਸਾਦਾ ਖਾਣਾ-ਪਹਿਨਣਾ, ਆਪਣੀਆਂ ਜੜ੍ਹਾਂ ਨਾਲ ਜੁੜੇ ਹੋਏ, ਵੱਡਿਆ ਦਾ ਡਰ-ਭੈਅ, ਅੱਖ 'ਚ ਸ਼ਰਮ-ਹਿਯਾ।''


ਪਰ ਆਪਾਂ ਨੂੰ ਇਹ ਨਹੀਂ ਪਤਾ, ਜੇ ਆਪ ਆਗਿਆਕਾਰੀ ਸੀ, ਆਪਣੀਆਂ ਜੜ੍ਹਾਂ ਨਾਲ ਜੁੜੇ ਹੋਏ ਸੀ ਤਾਂ ਇਹਦੇ ਵਿਚ ਆਪਣਾ ਓਂਕਾ ਹੀ ਯੋਗਦਾਨ ਨ੍ਹੀਂ, ਆਪਾਂ ਆਪਣੇ ਮਾਂ-ਪਿਓ, ਦਾਦੇ-ਦਾਦੀਆਂ, ਤਾਏ-ਤਾਈਆਂ, ਚਾਚੇ ਚਾਚੀਆਂ ਕਰਕੇ ਆਪਣੀਆਂ ਜੜ੍ਹਾਂ, ਵਿਰਸੇ ਅਤੇ ਸੰਸਕਾਰਾਂ ਨਾਲ ਜੁੜੇ ਹੋਏ ਆਂ।ਉਨ੍ਹਾਂ ਨੇ ਆਪਾਂ ਹੋਰ ਚਾਹੇ ਕੁੱਸ਼ ਦਿੱਤਾ ਹੋਵੇ ਜਾਂ ਨਾ ਪਰ ਆਪਣੀ ਮਿੱਟੀ ਨਾਲ ਆਪਣੀਆਂ ਜੜਾਂ ਨਾਲ ਜੋੜ ਕੇ ਰੱਖਣ ਦੇ ਮਿੱਥ ਕੇ ਯਤਨ ਕੀਤੇ। ਅਜ਼ਾਦੀ ਤੋਂ ਪਹਿਲਾਂ ਨੌਜਵਾਨਾਂ ਕੋਲ ਮਕਸਦ ਸੀ, ਦੇਸ਼ ਨੂੰ ਅਜ਼ਾਦ ਕਰਵਾਉਣਾ, ਦੇਸ਼ ਦੀ ਅਜ਼ਾਦੀ ਤੋਂ ਬਾਅਦ ਉਦੇਸ਼ ਸੀ ਦੇਸ਼ ਦੀ ਤੱਰਕੀ।ਹੁਣ ਨੌਜਵਾਨ ਭਟਕੇ ਹੋਏ ਨੇ, ਦਿਸ਼ਾਹੀਣ ਨੇ ।ਭਟਕੇ ਹੋਏ ਤੇ ਦਿਸ਼ਾਹੀਣ ਨੌਜਵਾਨੀ ਨੂੰ ਸੁਖਾਲੇ ਹੀ ਗੁੰਮਰਾਹ ਕੀਤਾ ਜਾ ਸਕਦਾ ਐ।

ਬੇਸ਼ਕ ਸਮਾਜ ਦੀਆਂ ਮੁੱਢਲੀਆ ਲੋੜਾਂ ਕੁੱਲੀ, ਗੁੱਲੀ ਅਤੇ ਜੁੱਲੀ ਨੇ। ਇਨ੍ਹਾਂ ਨੂੰ ਪਹਿਲ ਵੀ ਦੇਣੀ ਚਾਹੀਦੀ ਹੈ। ਪਰ ਜੇ ਸਮਾਜ ਜ਼ਹਿਨੀ ਅਤੇ ਮਾਨਿਸਕ ਤੌਰ 'ਤੇ ਬਿਮਾ ਅਤੇ ਅਪੰਗ ਹੋ ਜਾਵੇਗਾ ਤਾਂ ਚਾਹੇ ਅਸੀਂ ਜਿੰਨੀ ਮਰਜ਼ੀ ਤੱਰਕੀ ਕਰ ਲਈਏ, ਚੰਨ ਤਾਰਿਆਂ ਦੇ ਭੇਦ ਪਾ ਲਈਏ, ਜ਼ਮੀਨ-ਅਸਮਾਨ ਖੰਗਾਲ ਸੁੱਟੀਏ। ਇਸ ਸਭ ਦਾ ਕੋਈ ਮਤਲਬ ਨਹੀਂ, ਮਾਨਿਸਕ ਤੌਰ 'ਤੇ ਬਿਮਾਰ ਅਤੇ ਅਪੰਗ ਬੰਦੇ ਲਈ ਸਭ ਕੁੱਝ ਅਰਥਹੀਣ ਹੈ।ਪੁਰਾਣੇ ਸਮਿਆਂ ਵਾਂਗ ਅੱਜ ਕਿਸੇ ਵੀ ਮੁਲਕ ਨੂੰ ਗੁਲਾਮ ਕਰਨ ਲਈ ਬੰਬਾਂ, ਬੰਦੂਕਾਂ, ਤੋਪਾਂ ਮਜ਼ਾਇਲਾਂ ਦੀ ਲੋੜ ਨ੍ਹੀਂ। ਉਸਦੇ ਸਭਿਆਚਾਰ, ਭਾਸ਼ਾ ਅਤੇ ਵਿਰਸੇ ਨੂੰ ਤਬਾਹ ਕਰ ਦੇਵੋ।ਮੁਲਕ ਖੁਦ-ਬ-ਖੁਦ ਗੁਲਾਮ ਬਣ ਜਾਵੇਗਾ।

ਹਾਲੇ ਵੀ ਡੁੱਲੇ ਬੇਰਾਂ ਦਾ ਕੁੱਝ ਨਹੀਂ ਵਿਗੜਿਆਂ, ਹਾਲੇ ਵੀ ਚਿੜ੍ਹੀਆਂ ਨੇ ਸਾਰਾ ਖੇਤ ਨਹੀਂ ਚੁੱਗਿਆ।ਜੇ ਆਪਾਂ ਉਲਝ ਚੁੱਕੀ ਤਾਣੀ ਨੂੰ ਸੁਲਝਾਉਣਾ ਚਾਹੁੰਦੇ ਹਾਂ, ਕੁਰਾਹੇ ਪਈ ਜੁਆਨੀ ਨੂੰ ਰਾਹੇ ਪਾਉਣਾ ਚਾਹੁੰਦੇ ਹਾਂ, ਪਲੀਤ ਹੋ ਚੁੱਕੀ ਰਾਜਨੀਤੀ ਨੂੰ, ਧਰਮਾਂ 'ਚ ਆ ਰਹੇ ਵਿਗਾੜਾਂ ਨੂੰ, ਰਿਸ਼ਤਿਆਂ 'ਚ ਆ ਰਹੇ ਨਿਘਾਰ ਨੂੰ ਠੱਲਣਾ ਚਾਹੁੰਦੇ ਹਾਂ, ਨੱਥ ਪਾਉਣਾ ਚਾਹੁੰਦੇ ਹਾਂ, ਸ਼ੇਰ ਤੇ ਬੱਕਰੀ ਨੂੰ ਇਕੋ ਘਾਟ 'ਤੇ ਪਾਣੀ ਪੀਂਦੇ ਵੇਖਣਾ ਚਾਹੁੰਦੇ ਹਾਂ, ਪੰਜਾਬ ਦੀ ਵਲੂੰਦਰੀ ਹੋਈ ਰੂਹ ਨੂੰ ਸਕੂਨ ਦੇਣਾ ਚਾਹੁੰਦੇ ਹਾਂ, ਜ਼ਖ਼ਮੀ ਸਰੀਰ 'ਤੇ ਮਲ੍ਹਮ ਲਾ ਕੇ ਰਾਹਤ ਦੇਣੀ ਚਾਹੁੰਦੇ ਹਾਂ।ਤਾਂ ਆਪਾਂ ਨੂੰ ਕਦਮ ਨਾਲ ਕਦਮ ਮਿਲਾ ਕੇ, ਮੋਢੇ ਨਾਲ ਮੋਢਾ ਢਾਹ ਕੇ, ਹੱਥਾਂ ਦੇ ਹੱਥੌਤੇ ਬਣਾ ਕੇ ਇਕ ਸੁਰ ਤੇ ਇਕ ਅਵਾਜ਼ 'ਚ ਕਹਿਣਾ ਪਊ, ਜ਼ੋਰ......ਲਗਾ......ਕੇ......ਹਈ......ਸ਼ਾਅ......।

ਤੇਰੇ ਲਾਲਾਂ ਦਾ ਖੂਨ ਜੇ ਡੁੱਲਦਾ ਨਾ, ਸਿਰ ਸਿੱਖੀ ਦੇ ਤਖਤ ਨਾ ਤਾਜ ਰਹਿੰਦਾ।
ਤਾਲੇ ਟੁਟਦੇ ਨਾ ਗੁਲਾਮੀਆਂ ਦੇ, ਦੇਸ਼ ਉਵੇਂ ਹੀ ਅੱਜ ਮੁਥਾਜ ਰਹਿੰਦਾ
ਨੌਂਵੇਂ ਗੁਰੂ ਜੇ ਬਲਿਦਾਨ ਨਾ ਦਿੰਦੇ ਤੇ ਜੰਞੂ ਲਾਹੁਣ ਦਾ ਅੱਜ ਰਿਵਾਜ ਰਹਿੰਦਾ।
ਦਸਮ ਪਿਤਾ ਸਰਬੰਸ ਜੇ ਵਾਰਦੇ ਨਾ, ਤੇ ਅਮਰ ਅੱਜ ਵੀ ਮੁਗ਼ਲ ਦਾ ਰਾਜ ਰਹਿੰਦਾ।

ਦੁਨੀਆ ਦੇ ਇਤਿਹਾਸ ਵਿਚ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਦਾ ਆਪਣਾ ਅਦੁੱਤੀ ਮੁਕਾਮ ਹੈ। ਇਤਿਹਾਸ ਦੇ ਪੰਨਿਆਂ 'ਤੇ ਸੁਨਹਿਰੇ ਅੱਖਰਾਂ ਵਿਚ ਲਿਖੇ ਇਨ੍ਹਾਂ ਲਾਸਾਨੀ ਸ਼ਹਾਦਤਾਂ ਦੇ ਬਿਰਤਾਂਤ ਨੂੰ ਕਦੇ ਨਹੀਂ ਭੁਲਾਇਆ ਜਾ ਸਕਦਾ।



## ਮਾਤਾ ਗੁਜਰੀ ਜੀ ਅਤੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਕੋਟਨਿ-ਕੋਟ ਪ੍ਰਣਾਮ !

**From: Guru Ladho Re Baba Makhan Shah Lubana Sewa Society Milwaukee WI & All Sadh Sangat**

ਕਲਾ ਪਰਿਕਰਮਾ

100 ਵੇਂ ਜਨਮ ਦਿਨ 'ਤੇ ਵਿਸ਼ੇਸ਼

# ਹਰ ਦਿਲ ਅਜ਼ੀਜ਼ ਗਾਇਕ ਮੁਹੰਮਦ ਰਫ਼ੀ ਦੇ ਜੀਵਨ ਦੇ ਦਿਲਚਸਪ ਕਿੱਸੇ

## ਰਫ਼ੀ ਦੀ ਮੌਤ ਤੇ ਰੱਬ ਵੀ ਸੀ ਰੋਇਆ



ਆਖ਼ਦੇ ਨੇ ਕਿ 31 ਜੁਲਾਈ, ਸੰਨ 1980 ਨੂੰ ਹੋਏ ਰਫ਼ੀ ਦੇ ਇੰਤਕਾਲ ਦੇ ਦਿਨ ਕੇਵਲ ਉਸਦੇ ਲੱਖਾਂ-ਕਰੋੜਾਂ ਪ੍ਰਸ਼ੰਸ਼ਕ ਹੀ ਨਹੀਂ ਸਗੋਂ ਉਹ ਖ਼ੁਦਾ ਵੀ ਰੱਜ ਕੇ ਰੋਇਆ ਸੀ ਕਿਉਂਕਿ ਰਫ਼ੀ ਦੇ ਜਨਾਜ਼ੇ ਤੋਂ ਲੈ ਕੇ ਸਪੁਰਦੇ ਖ਼ਾਕ ਕੀਤੇ ਜਾਣ ਤੱਕ ਲਗਾਤਾਰ ਬਾਰਿਸ਼ ਪੈਂਦੀ ਰਹੀ ਸੀ ਜਿਸਨੂੰ ਮੀਡੀਆ ਵਿੱਚ 'ਰੱਬ ਦੇ ਹੰਝੂ' ਵੀਕਿਹਾ ਗਿਆ ਸੀ ਤੇ ਵਰ੍ਹਦੇ ਮੀਂਹ ਦੇ ਬਾਵਜੂਦ

**ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ**
410, ਚੰਦਰ ਨਗਰ, ਬਟਾਲਾ।
ਮੋਬਾ: 97816-46008

ਦਸ ਹਜ਼ਾਰ ਤੋਂ ਵੱਧ ਲੋਕਾਂ ਦਾ ਉਸਦੇ ਜਨਾਜ਼ੇ ਵਿਚ ਸ਼ਾਮਿਲ ਹੋਣਾ ਤੇ ਆਪਣੇ ਮਹਿਬੂਬ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਾ ਬਾਲੀਵੁੱਡ ਦੀ ਇਕ ਲਾਮਿਸਾਲ ਘਟਨਾ ਸੀ।

### ਜੀਵਨ ਲਾਲ ਮੱਟੂ ਨਾਲ ਹੋਈ ਮੁਲਾਕਾਤ ਬਣੀ ਵਰਦਾਨ


ਮੁਹੰਮਦ ਰਫ਼ੀ ਦਾ ਨਿੱਕਾ ਨਾਂ 'ਫ਼ੀਕੋ' ਸੀ ਤੇ ਉਸਦਾ ਅੱਬਾ ਜਨਾਬ ਅਲੀ ਮੁਹੰਮਦ ਅਤੇ ਅੰਮੀ ਅੱਲ੍ਹਾ ਰੱਖੀ ਉਸਨੂੰ ਇਸੇ ਨਾਂ ਨਾਲ ਪੁਕਾਰਦੇ ਸਨ।ਕੌਣ ਜਾਣਦਾ ਸੀ ਕਿ 24 ਦਸੰਬਰ, ਸੰਨ 1924 ਨੂੰ ਮਜੀਠਾ ਨੇੜਲੇ ਪਿੰਡ ਕੋਟਲਾ ਸੁਲਤਾਨ ਸਿੰਘ ਵਿਚ ਪੈਦਾ ਹੋਇਆ ਮੁਹੰਮਦ ਰਫ਼ੀ ਇਕ ਦਿਨ ਭਾਰਤੀ ਸਿਨੇਮਾ ਦਾ ਸਭ ਤੋਂ ਸੁਰੀਲਾ ਅਤੇ ਸਤਿਕਾਰਤ ਗਵੱਈਆ ਬਣ ਜਾਵੇਗਾ।ਪਿੰਡ ਦੇ ਖੇਤਾਂ ਵਿਚ ਪਸ਼ੂ ਚਰਾਉਂਦੇ ਰਫ਼ੀ ਦੀ ਖ਼ੁਸ਼ਕਿਸਮਤੀ ਸੀ ਕਿ ਇਕ ਦਿਨ ਉਹ ਵਜਦ ਚ ਆ ਕੇ ਗੀਤ ਗਾਉਂਦਾ ਤੁਰਿਆ ਜਾ ਰਿਹਾ ਸੀ ਕਿ ਉਸ ਰਸਤਿਉਂ ਆਲ ਇੰਡੀਆ ਰੇਡੀਓ ਦੇ ਸੰਗੀਤ ਨਿਰਦੇਸ਼ਕ ਪੰਡਿਤ ਜੀਵਨ ਲਾਲ ਮੱਟੂ ਦਾ ਗੁਜ਼ਰਨਾ ਹੋਇਆ।ਖੇਤਾਂ ਵਿਚ ਡੰਗਰ ਚਾਰਦੇ ਇਕ ਆਜੜੀ ਜਿਹੇ ਮੁੰਡੇ ਦੀ ਦਿਲਕਸ਼ ਆਵਾਜ਼ ਸੁਣ ਕੇ ਮੱਟੂ ਸਾਹਿਬ ਮੰਤਰਮੁਗਧ ਹੋ ਗਏ ਤੇ ਉਨ੍ਹਾ ਆਪਣੀ ਗੱਡੀ ਤੁਰੰਤ ਰੋਕ ਲਈ।ਉਨ੍ਹਾ ਗੱਡੀਉਂ ਉਤਰ ਕੇ ਰਫ਼ੀ ਨੂੰ ਘੁੱਟ ਕੇ ਗਲ ਨਾਲ ਲਾ ਲਿਆ ਤੇ ਫਿਰ ਉਸਦੇ ਅੱਬਾ ਕੋਲ ਜਾ ਕੇ ਅਰਜ਼ ਕੀਤੀ "ਇਹ ਅਨਮੋਲ ਹੀਰਾ ਮੇਰੀ ਝੋਲੀ ਪਾ ਦਿਉ"।ਮੱਟੂ ਸਾਹਿਬ ਦੀ ਰਹਿਨੁਮਾਈ ਹੇਠ ਰਫ਼ੀ ਨੇ ਲਾਹੌਰ ਜਾ ਕੇ ਉਸਤਾਦ ਬਰਕਤ ਅਲੀ ਅਤੇ ਉਸਤਾਦ ਵਾਹਿਦ ਖ਼ਾਨ ਤੋਂ ਸੰਗੀਤ ਦੀਆਂ ਬਾਰੀਕੀਆਂ ਸਿੱਖੀਆਂ ਤੇ ਜਦੋਂ ਪਹਿਲੀ ਵਾਰ ਰਫ਼ੀ ਨੇ ਕਿਸੇ ਮੰਚ ਉੱਤੇ ਆਪਣੀ ਗਾਇਕੀ ਦੀ ਪੇਸ਼ਕਾਰੀ ਕੀਤੀ ਸੀ ਉਦੋਂ ਉਹ ਕੇਵਲ 13 ਵਰ੍ਹਿਆਂ ਦਾ ਸੀ।ਰਫ਼ੀ ਨੇ ਜਿਵੇਂ ਹੀ ਆਪਣੀ ਮਿੱਠੀ ਆਵਾਜ਼ ਤੇ ਉੱਚੇ ਸੁਰ ਵਿਚ ਆਪਣਾ ਨਗ਼ਮਾ ਅੰਰਭ ਕੀਤਾ ਸਾਰੇ ਹਾਲ ਵਿੱਚ ਸੰਨਾਟਾ ਛਾ ਗਿਆ ਸੀ ਜ਼ੋ ਇਸ ਗੱਲ ਦਾ ਗਵਾਹ ਸੀ ਕਿ ਰਫ਼ੀ ਦੀ ਆਵਾਜ਼ ਦਿਲ ਹੀ ਨਹੀਂ ਰੂਹ ਨੂੰ ਵੀ ਧੂਹ ਪਾਉਣ ਦੇ ਸਮਰੱਥ ਸੀ।

### ਸੰਗੀਤਕਾਰ ਸ਼ਾਮ ਸੁੰਦਰ ਨੇ ਦਿੱਤਾ ਪਲੇਅਬੈਕ ਦਾ ਮੌਕਾ

ਰਫ਼ੀ ਦੀ ਕਿਸਮਤ ਵੇਖੋ ਕਿ ਜਨਾਬ ਜਵੀਨ ਲਾਲ ਮੱਟੂ ਅਤੇ ਸੰਗੀਤਕਾਰ ਹੰਸ ਰਾਜ ਬਹਿਲ ਦੀਆਂ ਕੋਸ਼ਿਸ਼ਾਂ ਨਾਲ ਤਰਾਸ਼ਿਆ ਇਹ ਹੀਰਾ ਸਭ ਤੋਂ ਪਹਿਲਾਂ ਸੰਗੀਤ ਨਿਰਦੇਸ਼ਕ ਸ਼ਾਮ ਸੁੰਦਰ ਦੇ ਕੰਮ ਆਇਆ ਸੀਸ਼ਾਮ ਸੁੰਦਰ ਨੇ ਹੀ ਸੰਨ 1944 ਵਿਚ ਬਣੀ ਪੰਜਾਬੀ ਫ਼ਿਲਮ 'ਗੁਲ ਬਲੋਚ'ਲਈ ਉਸ ਕੋਲੋਂ ਉਸਦੇ ਫ਼ਿਲਮੀ ਕਰੀਅਰ ਦਾ ਪਲੇਠਾ ਗੀਤ "ਹੀਰੀਏ ਨੀ ਸੋਹਣੀਏ ਨੀ,ਤੇਰੀ ਯਾਦ ਨੇ ਬਹੁਤ ਸਤਾਇਆ" ਰਿਕਾਰਡ ਕਰਵਾਇਆ ਸੀ ਤੇ ਹਿੰਦੀ ਫ਼ਿਲਮਾਂ ਲਈ ਰਫ਼ੀ ਦਾ ਪਹਿਲਾ ਗੀਤ ਰਿਕਾਰਡ ਕਰਵਾਉਣ ਦਾ ਸ਼ਰਫ਼ ਵੀ ਸ਼ਾਮ ਸੁੰਦਰ ਦੇ ਹਿੱਸੇ ਹੀ ਆਇਆ ਸੀ।ਰਫ਼ੀ ਨੇ ਸੰਨ 1945 ਵਿਚ ਬਣੀ ਹਿੰਦੀ ਫ਼ਿਲਮ 'ਗਾਂਵ ਕੀ ਗੋਰੀ' ਲਈ ਆਪਣੇ ਫ਼ਿਲਮੀ ਸਫ਼ਰ ਦਾ ਪਹਿਲਾ ਹਿੰਦੀ ਗੀਤ ਸ਼ਾਮ ਸੁੰਦਰ ਦੇ ਸੰਗੀਤ ਨਿਰਦੇਸ਼ਨ ਵਿਚ ਹੀ ਗਾਇਆ ਸੀ।

### ਲਤਾ ਮੰਗੇਸ਼ਕਰ ਨਾਲ ਹੋਈ ਸੀ ਅਣਬਣ

ਉਂਜ ਤਾਂ ਰਫ਼ੀ ਸਾਹਿਬ ਨੇ ਸੁਰ-ਕੋਕਿਲਾ ਲਤਾ ਮੰਗੇਸ਼ਕਰ ਨਾਲ ਕਈ ਸੁਪਰਹਿੱਟ ਗੀਤ ਗਾਏ ਸਨ ਪਰ ਗਾਇਕ ਨੂੰ ਰਾਇਲਟੀ ਦਿੱਤੇ ਜਾਣ ਦੇ ਮੁੱਦੇ ਤੇ ਦੋਵਾਂ ਦਰਮਿਆਨ ਭਾਰੀ ਮਨਮੁਟਾਅ ਹੋ ਗਿਆ ਸੀ ਤੇ ਬੋਲਚਾਲ ਬੰਦ ਹੋਣ ਤੋਂ ਇਲਾਵਾ ਲਤਾ ਅਤੇ ਰਫ਼ੀ ਨੇ ਇਕੱਠਿਆਂ ਕੰਮ ਕਰਨਾ ਵੀ ਬੰਦ ਕਰ ਦਿੱਤਾ ਸੀ।ਲਤਾ ਚਾਹੁੰਦੀ ਸੀ ਕਿ ਗਾਇਕਾਂ ਨੂੰ ਵੀ ਰਾਇਲਟੀ ਮਿਲਣੀ ਚਾਹੀਦੀ ਹੈ ਤੇ ਇਸ ਮੁੱਦੇ ਤੇ ਕਿਸ਼ੋਰ ਕੁਮਾਰ, ਮੁਕੇਸ਼,ਮੰਨਾ ਡੇਅ,ਤਲਤ ਮਹਿਮੂਦ ਅਤੇ ਕੁਝ ਹੋਰ ਗਾਇਕ ਲਤਾ ਦੇ ਨਾਲ ਸਨ।ਦੂਜੇ ਪਾਸੇ ਮੁਹੰਮਦ ਰਫ਼ੀ ਦਾ ਤਰਕ ਸੀ ਕਿ ਜਦੋਂ ਗਾਇਕ ਆਪਣਾ ਮਿਹਨਤਾਨਾ ਵਸੂਲ ਕਰ ਚੁੱਕਾ ਹੁੰਦਾ ਹੈ ਤਾਂ ਫਿਰ ਉਸਨੂੰ ਰਾਇਲਟੀ ਦੀ ਝਾਕ ਨਹੀਂ ਰੱਖਣੀ ਚਾਹੀਦੀ ਹੈ।ਇਸ ਮੁੱਦੇ ਤੇ ਰਫ਼ੀ ਨਾਲ ਵੱਡੇ ਗਾਇਕਾਂ ਵਿੱਚੋਂ ਕੇਵਲ ਆਸ਼ਾ ਭੌਂਸਲੇ ਹੀ ਖੜੀ ਸੀ।ਇਸ ਵਿਵਾਦ ਕਰਕੇ ਸੰਨ 1963 ਤੋਂ ਲੈ ਕੇ ਸੰਨ 1967



ਤੱਕ ਰਫ਼ੀ ਤੇ ਲਤਾ ਨੇ ਇਕੱਠਿਆਂ ਕੋਈ ਫ਼ਿਲਮ ਨਾ ਕੀਤੀ ਤੇ ਫਿਰ ਕੋਮਲ ਦਿਲ ਦੇ ਮਾਲਕ ਰਫ਼ੀ ਨੇ ਸਭ ਕੁਝ ਭੁਲਾ ਕੇ ਲਤਾ ਨੂੰ ਇਕ ਖ਼ਤ ਲਿਖਿਆ ਤੇ ਕਿਹਾ "ਸ਼ਾਇਦ ਮੈਂ ਗੁੱਸੇ ਵਿਚ ਕੁਝ ਵੱਧ ਕਹਿ ਗਿਆ ਸੀ"।ਅਖ਼ੀਰ ਸੰਗੀਤ ਨਿਰਦੇਸ਼ਕ ਐਸ.ਡੀ.ਬਰਮਨ ਨੇ ਲਤਾ ਤੇ ਰਫ਼ੀ ਦਰਮਿਆਨ ਸੁਲ੍ਹਾ ਕਰਵਾਈ।

### ਹੰਕਾਰ ਅਤੇ ਲਾਲਚ ਤੋਂ ਰਹਿਤ ਸੀ ਰਫ਼ੀ

ਪੰਜਾਬੀ ਫ਼ਿਲਮ 'ਚੰਨੀ' ਜੋ ਬਾਅਦ ਵਿਚ 'ਯਾਰ ਯਾਰਾਂ ਦੇ' ਸਿਰਲੇਖ ਨਾਲ ਰਿਲੀਜ਼ ਹੋਈ ਸੀ,ਲਈ ਬਟਾਲਾ ਦੇ ਨਾਮਵਰ ਗੀਤਕਾਰ ਅਜੀਤ ਕਮਲ ਦੇ ਲਿਖੇ ਗੀਤਾਂ ਦੀ ਰਿਕਾਰਡਿੰਗ ਮੁੰਬਈ ਦੇ ਇਕ ਪ੍ਰਸਿੱਧ ਸਟੂਡੀਓ ਵਿੱਚ ਚੱਲ ਰਹੀ ਸੀ।ਸਤੀਸ਼ ਕੌਲ,ਭਾਵਨਾ ਭੱਟ ਅਤੇ ਰਜ਼ਾ ਮੁਰਾਦ ਜਿਹੇ ਸਿਤਾਰਿਆਂ ਨਾਲ ਸਜੀ ਇਸ ਫ਼ਿਲਮ ਦੇ ਇਕ ਗੀਤ ਦੇ ਬੋਲ ਸਨ "ਦਿਲ ਛੱਡ ਨਾ ਹਿੰਮਤਾਂ ਹਾਰ, ਕਰੇ ਹਿੰਮਤ ਬੇੜਾ ਪਾਰ "ਇਸ ਗੀਤ ਦੇ ਇਕ ਅੰਤਰੇ ਵਿਚ ਆਉਂਦੇ ਸ਼ਬਦ 'ਹਨੇਰਾ' ਤੇ ਆ ਕੇ ਰਫ਼ੀ ਸਾਹਿਬ ਨੂੰ ਲੈਅ ਟੁੱਟਦੀ ਜਾਪਦੀ ਸੀ ਤੇ ਕਈ ਰੀਟੇਕ ਕਰਨ ਤੇ ਵੀ ਗੱਲ ਨਹੀਂ ਬਣ ਰਹੀ ਸੀ।ਅਜੀਤ ਕਮਲ ਹੁਰਾਂ ਰਫ਼ੀ ਸਾਹਿਬ ਨੂੰ ਬੇਨਤੀ ਕੀਤੀ -"ਰਫ਼ੀ ਸਾਹਿਬ ਜੇਕਰ ਤੁਸੀਂ ਹਨੇਰਾ ਦੀ ਥਾਂ ਨ੍ਹੇਰਾ ਬੋਲ ਦਿਉ ਤਾਂ ਗੱਲ ਬਣ ਜਾਏਗੀ"।ਰਫ਼ੀ ਸਾਹਿਬ ਨੇ ਇੰਜ ਹੀ ਕੀਤਾ ਤੇ ਫਿਰ ਇਹ ਅੰਤਰਾ ਇਕ ਹੀ ਟੇਕ ਵਿੱਚ ਓ.ਕੇ. ਹੋ ਗਿਆ ਜਿਸ ਤੋਂ ਰਫ਼ੀ ਸਾਹਿਬ ਬੜੇ ਖ਼ੁਸ਼ ਹੋਏ। ਫ਼ੋਟੋ ਸੈਸ਼ਨ ਸਮੇਂ ਦੂਰ ਕੋਨੇ ਵਿਚ ਬੈਠੇ ਇਸ ਨਵੇਂ ਤੇ ਮੁੱਛ ਫੁੱਟ ਗੀਤਕਾਰ ਅਜੀਤ ਕਮਲ ਕੋਲ ਰਫ਼ੀ ਸਾਹਿਬ ਆਪ ਚੱਲ ਕੇ ਆਏ ਤੇ ਬੋਲੇ "ਯਾਰਾ ਤੂੰ ਤਾਂ ਕਮਾਲ ਦਾ ਗੀਤਕਾਰ ਏਂ,ਸਾਡੇ ਨਾਲ ਵੀ ਇਕ ਫ਼ੋਟੋ ਖਿਚਵਾ ਲੈ"।ਇਹ ਕਹਿ ਕੇ ਉਨ੍ਹਾ ਅਜੀਤ ਕਮਲ ਨੂੰ ਗਲਵਕੜੀ ਵਿਚ ਲੈ ਲਿਆ ਤੇ ਇਕ ਯਾਦਗਾਰੀ ਤਸਵੀਰ ਖਿਚਵਾਈ।ਰਫ਼ੀ ਦਰਅਸਲ ਵੱਡਿਆਂ ਨੂੰ ਸਤਿਕਾਰ ਅਤੇ ਛੋਟਿਆਂ ਨੂੰ ਦਿਲੀ ਪਿਆਰ ਦੇਣ ਵਾਲਾ ਨੇਕ ਬੰਦਾ ਸੀ।ਕਿਸੇ ਨਿਰਮਾਤਾ ਦੀ ਵਿੱਤੀ ਹਾਲਤ ਮਾੜੀ ਵੇਖ਼ ਕੇ ਰਫ਼ੀ ਕਦੀ-ਕਦੀ ਮੁਫ਼ਤ ਵਿਚ ਵੀ ਗਾਣੇ ਰਿਕਾਰਡ ਕਰਵਾ ਦਿੰਦਾ ਸੀ।ਉਹ ਪੈਸੇ ਪਿੱਛੇ ਮਰਨ ਵਾਲੇ ਗਾਇਕਾਂ ਵਿੱਚੋਂ ਹਰਗ਼ਿਜ਼ ਨਹੀਂ ਸੀ।

### ਰਫ਼ੀ ਦੇ ਜੀਵਨ ਦੇ ਅੰਤਿਮ ਪਲਾਂ ਦੀ ਦਾਸਤਾਨ

ਸੰਨ 1980 ਵਿੱਚ ਰਮਜ਼ਾਨ ਦਾ ਮਹੀਨਾ ਚੱਲ ਰਿਹਾ ਸੀ।ਰਫ਼ੀ ਸਾਹਿਬ ਦੀਨ-ਇਮਾਨ ਦੇ ਪੱਕੇ ਸਨ ਤੇ ਰੋਜ਼ੇ ਰੱਖਿਆ ਕਰਦੇ ਸਨ। ਉਨ੍ਹਾ ਨੇ ਰੋਜ਼ਾ ਰੱਖਿਆ ਹੋਇਆ ਸੀ ਕਿ ਕਲਕੱਤਾ ਤੋਂ ਆਏ ਕੁਝ ਸੱਜਣਾ ਨੇ ਦੁਰਗਾ ਪੂਜਾ ਦੇ ਆ ਰਹੇ ਤਿਉਹਾਰ ਸਬੰਧੀ ਕੁਝ ਦੁਰਗਾ ਭਜਨ ਰਿਕਾਰਡ ਕਰਵਾਉਣ ਦੀ ਅਰਜ਼ ਕੀਤੀ।ਰਫ਼ੀ ਸਾਹਿਬ ਦੀ ਖ਼ਾਸੀਅਤ ਸੀ ਕਿ ਉਹ ਕਿਸੇ ਵੀ ਧਰਮ ਜਾਂ ਮਜ਼ਹਬ ਨਾਲ ਜੁੜੇ ਗੀਤ ਗਾਉਣ ਦੀ ਪੇਸ਼ਕਸ਼ ਨੂੰ ਕਦੀ ਨਹੀਂ ਨਕਾਰਦੇ ਸਨ।ਰੋਜ਼ਾ ਰੱਖਣ ਦੇ ਬਾਵਜੂਦ ਉਨ੍ਹਾ ਰਿਕਾਰਡਿੰਗ ਲਈ 'ਹਾਂ' ਕਰ ਦਿੱਤੀ ਤੇ 31 ਜੁਲਾਈ ਦਾ ਦਿਨ ਮੁਕੱਰਰ ਕਰ ਦਿੱਤਾ।ਉਸ ਦਿਨ ਸਵੇਰ ਤੋਂ ਹੀ ਉਨ੍ਹਾ ਨੂੰ ਛਾਤੀ ਵਿਚ ਹਲਕੇ ਦਰਦ ਦੀ ਸ਼ਿਕਾਇਤ ਮਹਿਸੂਸ ਹੋ ਰਹੀ ਸੀ ਤੇ ਰੋਜ਼ਾ ਰੱਖਣ ਕਰਕੇ ਕੁਝ ਕਮਜ਼ੋਰੀ ਵੀ ਮਹਿਸੂਸ ਹੋ ਰਹੀ ਸੀ ਪਰ ਕਰਾਰ ਦੇ ਪੱਕੇ ਰਫ਼ੀ ਸਾਹਿਬ ਨੇ ਦੁਰਗਾ ਭਜਨ ਰਿਕਾਰਡ ਕਰਵਾਏ ਤੇ ਦੇਰ ਸ਼ਾਮ ਘਰ ਆ ਕੇ ਉਹ ਸੋਫ਼ੇ ਤੇ ਬੈਠ ਗਏ। ਹਾਲਤ ਵਿਗੜਦੀ ਵੇਖ਼ ਕੇ ਉਨ੍ਹਾ ਦੀ ਧਰਮ ਪਤਨੀ ਬਿਲਕੀਸ ਬਾਨੋ ਨੇ ਤੁਰੰਤ ਹੀ ਡਾਕਟਰ ਨੂੰ ਫ਼ੋਨ ਕੀਤਾ। ਦਰਦ ਦੇ ਬਾਵਜੂਦ ਰਫ਼ੀ ਸਾਹਿਬ ਆਪ ਚੱਲ ਕੇ ਪੌੜੀਆਂ ਤੋਂ ਹੇਠਾਂ ਉੱਤਰੇ ਤੇ ਕਾਰ ਵਿਚ ਬੈਠਣ ਲੱਗਿਆਂ ਬੱਚਿਆਂ ਦਾ ਮੱਥਾ ਚੁੰਮਦਿਆਂ ਬੋਲੇ "ਮੇਰੇ ਲਈ ਦੁਆ ਕਰਨਾ"।ਹਸਪਤਾਲ ਪੁੱਜ਼ ਕੇ ਉਨ੍ਹਾ ਨੂੰ ਦਿਲ ਦਾ ਜ਼ਬਰਦਸਤ ਦੌਰਾ ਪਿਆ ਤੇ ਇਲਾਜ ਦੌਰਾਨ ਉਨ੍ਹਾ ਨੇ ਪ੍ਰਾਣ ਤਿਆਗ ਦਿੱਤੇ। ਇਸ ਤਰ੍ਹਾਂ ਉਸ ਰਾਤ ਭਾਰਤੀ ਫ਼ਿਲਮ ਜਗਤ ਇਕ ਮਹਾਨ ਗਾਇਕ ਤੋਂ ਸਦਾ ਲਈ ਵਿਰਵਾ ਹੋ ਗਿਆ ਸੀ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 4 ਜਨਵਰੀ 2025 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-671



**ਬੁਰਾ ਹਾਦਸਾ ਜਿੰਦ ਨਾ.ਲ ਹੋਇਆ,**
**ਕੱਟੀਆਂ ਲੱਤਾਂ ਨੂੰ ਤੱਕ ਕੇ ਰੋਇਆ।**
**ਚੀਸ ਦਿਲ ਵਿਚ ਜਦੋਂ ਹੈ ਉੱਠਦੀ,**
**ਧਰਤ 'ਤੇ ਵਾਹ ਕੇ ਉੱਠ ਖੜੋਇਆ।**

### ਕੈਪਸ਼ਨ ਮੁਕਾਬਲਾ-669



ਬਸੰਤ ਬਹਾਰ ਜਦ ਜੋਬਨ ਹਾਰੇ,
ਤਾਂ ਪਤਝੜ ਆ ਬਹਿੰਦੀ ਪਾਸ।
ਨਿੱਤ ਮਾਣੇ ਕੋਈ ਖੁਸ਼ੀਆਂ ਖੇੜੇ,
ਉਹ ਵੀ ਅੰਤ ਹੋ ਜਾਏ ਉਦਾਸ।
ਲਟ ਲਟ ਬਲਦੇ ਦੀਵੇ ਵਿਚੋਂ,
ਘਟ ਘਟ ਓੜਕ ਮੁੱਕ ਜਾਏ ਲਾਟ।
ਬਾਲਪਨ ਜੋਬਨ ਬਿਰਧ ਅਵਸਥਾ,
ਅੰਤ ਵੇਲੇ ਬਹੁ ਔਖੇ ਸਾਸ।
ਨੇਮ ਕੁਦਰਤ ਦਾ ਰਚਿਆ ਕਰਤੇ,
ਘਟ ਘਟ ਹਰ ਸ਼ੈਅ ਹੋਵੇ ਨਾਸ।
ਚੜ੍ਹਦੀ ਕਲਾ ਦਾ ਜੀਵਨ ਜਿਉਂਦੇ,
ਰਤਾ ਨਾ ਹੋਣ ਉਹ ਕਦੇ ਉਦਾਸ।
'ਨਾਕਾਮ'! ਸਿੱਖ! ਸਿੱਖ ਸ਼ਬਦ ਗੁਰੂ ਤੋਂ,
ਵਿੱਚ ਦੁਨੀਆਂ ਨਾ ਕੋਈ ਖ਼ਾਸ।
***-ਗੁਰਬਖਸ਼ ਸਿੰਘ 'ਨਾਕਾਮ'***
***+1 864-318-5500***

---

ਰੰਗਾਂ ਦੀ ਚੰਗੇਰ ਭਰੀ ਹੈ
ਕਾਦਰ ਵਾਹ ਰੇ ਵਾਹ,
ਭਿੰਨ ਭਿੰਨ ਰੰਗ ਬਖੇਰੇ
ਅੰਤ ਨ ਸਿਫ਼ਤ ਸਲਾਹ।
ਜਾਪੇ ਜਿਵੇਂ ਹੋਲੀ ਖੇਡੀ ਹੈ
ਪੱਤਝੜ ਦੀ ਰੁੱਤੇ ਆ,
ਬਣਾਈ ਧਰਤੀ ਉੱਤੇ ਰੰਗੋਲੀ
ਤੇਰਾ ਰੂਪ ਅਥਾਹ।
***-ਸੇਵਾ ਸਿੰਘ ਨੂਰਪੁਰੀ***
***ਫ਼ੋਨ +1408-912-3438***

---

ਰੁੰਡ ਮਰੁੰਡ ਜਿਹੇ ਹੋ ਗਏ ਸੀ
ਬਰਫ਼ਾਂ ਨੇ ਜਦ ਕਹਿਰ ਕਮਾਏ।
ਰੁੱਤਾਂ ਦੇ ਨਾਲ ਰੰਗ ਬਦਲ ਗਏ
ਕੁਦਰਤ ਨੇ ਜਦ ਰੰਗ ਦਿਖਾਏ।
***-ਜਗਮੀਤ ਸਿੰਘ ਪੰਧੇਰ***

---

ਕੁਦਰਤ ਦੇ ਰੰਗ ਨੇ ਨਿਆਰੇ
ਕਾਇਨਾਤ ਦੇ ਜੀਵਾਂ ਵਾਸਤੇ
ਭਿੰਨ ਭਿੰਨ ਤਰ੍ਹਾਂ ਦੀ ਵਨਸਪਤੀ
ਨੇ ਲਾ ਰੱਖੇ ਨੇ ਨਜ਼ਾਰੇ।
ਭਾਵੇਂ ਮੌਸਮ ਪੱਤਝੜ ਦਾ ਆਇਆ
ਕੁਝ ਰੁੱਖਾਂ 'ਤੇ ਨੂਰ ਹੈ ਛਾਇਆ।
ਮਹਿਮਾ ਉਸ ਦੀ ਲਿਖੀ ਨਾ ਜਾਵੇ
ਜ਼ਰਾ ਜ਼ਰਾ ਜਲਵੇ ਦਿਖਾਵੇ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਰੁੱਤ ਮੌਲੀ ਪੱਤਿਆਂ ਰੰਗ ਬਦਲਿਆ
ਨਹੀਂ ਰਹਿੰਦਾ ਇਕ ਮੌਸਮ ਹਮੇਸ਼
ਸੁੱਕ ਕੇ ਸੁਨਹਿਰੀ ਰੰਗ 'ਚ ਆਈ ਕੁਦਰਤ
ਕਹਿਦੇ ਜਿਸ ਨੂੰ ਪੱਤਝੜ
ਸੂਰਜ ਦੀ ਕਿਰਨ ਜਦ ਪੈਂਦੀ
ਸੁਨਹਿਰੀ ਪੱਤਿਆਂ 'ਤੇ
ਚਾਨਣ ਹੋਰ ਜਗਮਗਾ ਉੱਠਦਾ।
ਰੂਹ ਨੂੰ ਸਕੂਨ ਜਿਹਾ ਮਿਲਦਾ
ਜੋ ਸਿਰ ਤੋਂ ਪੈਰਾਂ ਤੱਕ
ਝੰਜੋੜ ਦਿੰਦਾ।
***-ਦਰਸ਼ਨ ਪਾਲ ਦੋਸਾਂਝ***

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
ਫੋਨ: 847-359-0746

# ਮੀਰੀ ਪੀਰੀ ਵਿਚ ਉਲਝੀ ਜਥੇਦਾਰੀ ਸੰਸਥਾ

ਫਿਲਮ ਸ਼ੋਅਲੇ ਦੇ ਇਕ ਅੰਨ੍ਹੇ ਪਾਤਰ ਨੇ ਡਾਕੂਆਂ ਦੇ ਆਤੰਕ ਦੇ ਨਤੀਜੇ ਵਜੋਂ ਪਸਰੀ ਚੁੱਪ ਨੂੰ ਸਵਾਲ ਕੀਤਾ ਸੀ ਕਿ "ਏਨਾ ਸੰਨਾਟਾ ਕਿਉਂ ਹੈ ਭਾਈ"? ਏਸੇ ਹੀ ਸੁਰ ਵਿਚ ਸਿੰਘ ਸਾਹਿਬ ਭਾਈ ਮਨਜੀਤ ਸਿੰਘ ਨੇ ਹਮੀਰ ਸਿੰਘ ਨਾਲ ਕੀਤੀ ਇੰਟਰਵਿਊ ਵਿਚ ਕਿਹਾ ਸੀ ਕਿ ਪੰਜ ਪਿਆਰਿਆਂ ਵੱਲੋਂ ਦੋ ਦਸੰਬਰ 2024 ਨੂੰ ਲਏ ਗਏ ਫੈਸਲੇ ਨਾਲ ਕੋਈ ਵੀ ਸੰਤੁਸ਼ਟ ਕਿਉਂ ਨਹੀਂ ਹੈ? ਇਸ ਦਾ ਜਵਾਬ ਹਜ਼ਾਰਾ ਸਿੰਘ ਮਿਸੀਸਾਗਾ ਕੈਨੇਡਾ ਨੇ ਆਪਣੇ ਲੇਖ "ਅਕਾਲ ਤਖਤ ਦੀ ਸਰਵਉਚਤਾ ਓਹਲੇ ਚੱਲ ਰਹੀ ਰਾਜਨੀਤੀ" ਵਿਚ ਸਾਹਮਣੇ ਲਿਆਂਦਾ ਹੈ। ਇਨ੍ਹਾਂ ਹਵਾਲਿਆਂ ਨਾਲ ਮੈਨੂੰ ਜਥੇਦਾਰੀ ਸੰਸਥਾ ਮੀਰੀ-ਪੀਰੀ ਦਾ ਉਲਝਿਆ ਹੋਇਆ ਪ੍ਰਗਟਾਵਾ ਲੱਗ ਰਹੀ ਹੈ।



**ਬਲਕਾਰ ਸਿੰਘ ਪ੍ਰੋਫੈਸਰ**
**ਫੋਨ: +91- 93163-01328**

ਅਕਾਲ ਤਖਤ ਸਾਹਿਬ, ਸਿੱਖ ਸਿਧਾਂਤਕੀ ਹੈ ਅਤੇ ਜਥੇਦਾਰੀ ਸੰਸਥਾ ਏਸੇ ਦਾ ਪ੍ਰਬੰਧਕੀ ਵਰਤਾਰਾ ਹੈ। ਪ੍ਰਬੰਧਕੀ ਅਸਫਲਤਾ ਨੂੰ ਸਿਧਾਂਤਕੀ ਦੀ ਅਸਫਲਤਾ ਪਰਵਾਨ ਨਹੀਂ ਕਰਨਾ ਚਾਹੀਦਾ। ਇਸ ਵਾਸਤੇ ਇਹ ਸਮਝਣਾ ਪਵੇਗਾ ਕਿ ਅਕਾਲ ਤਖਤ ਸਾਹਿਬ ਦੀ ਸਿਧਾਂਤਕੀ, ਮੀਰੀ-ਪੀਰੀ ਦੇ ਪ੍ਰਗਟਾਵੇ ਵਜੋਂ ਕਿਉਂ ਤੇ ਕਿਵੇਂ ਸਾਹਮਣੇ ਆਈ?

ਕਿਉਂ ਦਾ ਸੰਖੇਪ ਜਵਾਬ ਇਹ ਹੈ ਕਿ ਮੀਰੀ-ਪੀਰੀ ਨੂੰ ਭਗਤੀ ਤੇ ਸ਼ਕਤੀ ਦੀ ਨਿਰੰਤਰਤਾ ਵਿਚ ਸਮਝਣ ਅਤੇ ਸਮਝਾਉਣ ਦੀ ਥਾਂ ਧਰਮ ਅਤੇ ਸਿਆਸਤ ਨੂੰ ਇਕ ਦੂਜੇ ਵਾਸਤੇ ਵਰਤਣ ਦੀ ਸਿਆਸਤ ਮੰਨ ਲਿਆ ਗਿਆ ਹੈ। ਕਿਵੇਂ ਦਾ ਆਰੰਭ 1920 ਵਿਚ ਪਹਿਲਾਂ ਅਕਾਲ ਤਖਤ ਸਾਹਿਬ ਤੋਂ ਸੰਗਤ ਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਥਾਪਤ ਕਰ ਕੇ ਅਤੇ ਫਿਰ ਸ਼੍ਰੋਮਣੀ ਕਮੇਟੀ ਵੱਲੋਂ ਸ਼੍ਰੋਮਣੀ ਅਕਾਲੀ ਦਲ ਸਥਾਪਤ ਕਰ ਕੇ ਸਿੰਘਾਂ ਦੇ ਬੋਲਬਾਲਿਆਂ ਵਾਸਤੇ ਹੋਇਆ ਸੀ। ਉਸ ਵੇਲੇ ਇਹ ਸਮਝ ਭਾਰੂ ਸੀ ਕਿ ਦੋਹਾਂ ਸੰਸਥਾਵਾਂ ਨੂੰ ਅਕਾਲ ਤਖਤ ਸਾਹਿਬ ਦੀ ਅਗਵਾਈ ਵਿਚ ਇਕ ਦੂਜੇ ਦੀ ਪੂਰਕਤਾ ਵਾਸਤੇ ਚਲਾਇਆ ਜਾਣਾ ਚਾਹੀਦਾ ਹੈ। ਜਿਵੇਂ ਗੁਰਗੱਦੀ 'ਤੇ ਬਿਰਾਜਮਾਨ ਹੋਣ ਵੇਲੇ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਮੀਰੀ ਅਤੇ ਪੀਰੀ ਦੀਆਂ ਪ੍ਰਤੀਨਿਧ ਦੋ ਤਲਵਾਰਾਂ ਪਹਿਨੀਆਂ ਗਈਆਂ ਸਨ, ਉਸ ਦਾ ਪ੍ਰਸੰਗ ਸਥਾਪਨ ਕਰਣ ਦੀ ਥਾਂ ਧਰਮ ਅਤੇ ਰਾਜਨੀਤੀ ਨੂੰ ਇਕ ਹੀ ਸਮਝ ਲੈਣ ਦੀ ਸੋਖ ਸਿਆਸਤ ਦੇ ਰੂਪ ਵਿਚ ਸਾਹਮਣੇ ਆਉਂਦੀ ਗਈ ਹੈ। ਸਿੱਖੀ ਵਿਚ ਬੰਦੇ ਨੂੰ ਉਸ ਤਰ੍ਹਾਂ ਧਰਮ ਪ੍ਰਤੀਨਿਧ ਨਹੀਂ ਸਮਝਿਆ ਗਿਆ ਸੀ, ਜਿਸ ਤਰ੍ਹਾਂ ਪੈਗੰਬਰੀ ਅਤੇ ਅਵਤਾਰੀ ਵਰਤਾਰਿਆਂ ਵਿਚ ਸਮਝਿਆ ਜਾਂਦਾ ਰਿਹਾ ਸੀ। ਸਿੱਖੀ, ਸੰਪੂਰਨ ਜੀਵਨ ਦਾ ਧਰਮ ਹੋਣ ਕਰਕੇ ਜ਼ਿੰਦਗੀ ਨਾਲ ਜੁੜੇ ਸਾਰੇ ਵਰਤਾਰਿਆਂ ਨਾਲ ਨਿਭਣ ਦੀ ਜਾਚ ਸਿਖਾਉਂਦੀ ਹੈ। ਇਸ ਸਿਧਾਂਤਕੀ ਨੂੰ ਵੱਖ-ਵੱਖ ਵਰਤਾਰਿਆਂ ਵਿਚ ਸਹਿਜ ਸਥਾਪਨ ਦੀ ਵਿਧੀ ਜਾਂ ਮਾਡਲ ਵਜੋਂ ਸਮਝਿਆ ਸਮਝਾਇਆ ਜਾ ਸਕਦਾ ਹੈ। ਇਸ ਦਾ ਆਧਾਰ ਇਹ ਹੈ ਕਿ ਕਿਸੇ ਕਿਸਮ ਦੇ ਉਲਾਰ ਦਾ ਸਹਿਜ ਸਥਾਪਨ ਕਰਨਾ ਹੀ ਗੁਰਮਤਿ ਹੈ। ਸਿੱਖੀ ਵਿਚ ਤਾਂ ਅਧਿਆਤਮਕ ਉਲਾਰ ਦੀ ਵੀ ਆਗਿਆ ਨਹੀਂ ਹੈ ਅਤੇ ਏਸੇ ਦਾ ਪ੍ਰਗਟਾਵਾ "ਸਗਲ ਧਰਮ ਮਹਿ ਗ੍ਰਿਹਸਤ ਪ੍ਰਧਾਨ" ਰਾਹੀਂ ਕੀਤਾ ਗਿਆ ਸੀ। ਆਮ ਜੀਵਨ ਨਾਲ ਜੁੜੀ ਉਸ ਸਿਆਸਤ ਨਾਲ ਵੀ ਗੁਰੂ ਸਾਹਿਬ ਨਿਭਦੇ ਰਹੇ ਸਨ, ਜਿਸ ਨਾਲ ਸਹਿਮਤ ਵੀ ਨਹੀਂ ਸਨ। ਅਸਹਿਮਤੀ ਨਾਲ ਨਿਭਣ ਦੀ ਗੁਰਮਤੀ ਜਾਚ, ਸਿਆਸਤ ਦੇ ਪੈਰੋਂ ਔਖੋਂ ਓਹਲੇ ਹੁੰਦੀ ਗਈ ਸੀ ਅਤੇ ਇਹੀ ਮਰਨ ਮਾਰਨ ਦੀ ਸਿਆਸਤ ਤੱਕ ਪਹੁੰਚ ਗਈ ਹੈ।

1920 ਤੋਂ 2024 ਤੱਕ ਦੀ ਅਕਾਲੀ ਸਿਆਸਤ ਜਿਥੇ ਪਹੁੰਚ ਗਈ ਹੈ, ਉਸ ਨੂੰ ਮੇਰੇ ਅਧਿਆਪਕ ਧਰਮਾਨੰਤ ਸਿੰਘ ਦੀ ਕਿਸੇ ਹੋਰ ਪ੍ਰਸੰਗ ਵਿਚ ਕੀਤੀ ਟਿਪਣੀ ਦੇ ਹਵਾਲੇ ਨਾਲ ਸਮਝਿਆ ਸਮਝਾਇਆ ਜਾ ਸਕਦਾ ਹੈ ਕਿ ਜੇ ਸਮੇਂ ਦੇ ਹਾਣ ਦਾ ਹੋ ਕੇ ਨ ਤੁਰੀਏ ਤਾਂ ਵਜੂਦ ਸਮੋਈਆਂ ਕਮਜ਼ੋਰੀਆਂ ਦੀ ਭੇਰ ਚੜ੍ਹਨ ਤੋਂ ਨਹੀਂ ਬਚਿਆ ਜਾ ਸਕਦਾ- "ਵਿਦਿਆ ਦੇ ਪੂਰਨ ਅੰਧਕਾਰ ਵਿੱਚ ਲੋਕੀਂ ਅੱਜ ਕੱਲ ਦੇ ਵਿਦਵਾਨਾਂ ਤੋਂ ਵਧੀਕ ਜਤੀ, ਸਤੀ, ਸੰਤੋਖੀ ਸਨ। ਦੁਰਾਚਾਰ ਨਾਲ ਲਿਬੜੇ ਹੋਏ ਓਦੋਂ ਦੇ ਪ੍ਰਗਟ ਦੁਰਾਚਾਰੀ ਇਸ ਸਮੇਂ ਦੇ ਦੰਭੀ ਮੋਮਨਾ ਤੋਂ ਅਮਿਤ ਉਚ ਆਚਾਰਵਾਨ ਸਨ। ਗੁਰਬਤ ਤੋਂ ਬੁਰੀ ਤਰ੍ਹਾਂ ਮਾਰੇ ਹੋਏ ਦਲਿਦ੍ਰੀ ਕੰਗਾਲਾਂ ਦੇ ਹਿਰਦੇ ਓਦੋਂ ਅੱਜ ਕੱਲ ਦੇ ਰਈਸਾਂ ਤੋਂ ਬੇਓੜਕ ਹੱਦ ਤੱਕ ਵਿਸ਼ਾਲ ਸਨ, ਬਚਨ ਪਾਲਕ ਸਨ,ਦੇਸ਼ ਭਗਤ ਸਨ ਤੇ ਧਰਮ ਹਿਤਕਾਰੀ ਸਨ। ਓਦੋਂ ਜਾਤਿ, ਗੋਤ,ਵਰਣ ਸਭ ਕੁਝ ਸੀ; ਪਰ ਜਾਤਿ, ਗੋਤ ਵਰਣ ਦੀ ਦੁਰਗੰਧ ਨ ਸੀ। ਓਦੋਂ ਦੀਨ, ਮਤ ਯਾ ਮਜ਼ਹਬ ਦੇ ਅਜ਼ੀਮ, ਬੇਨਜ਼ੀਰ ਗੁਲਸ਼ਨ ਵਿਚ, ਰੂਹਾਨੀ ਫੁੱਲਾਂ ਨੂੰ ਮਹਿਕਾਣ ਵਾਲੀ, ਨਸੀਮੇ ਸੁਬਹਾਨੀ ਤਾਂ ਜ਼ਰੂਰ ਚੱਲਦੀ ਸੀ, ਪਰ ਪਰਸਪਰ ਪ੍ਰੇਮ ਦੀਆਂ ਕੋਮਲ ਕਲੀਆਂ ਨੂੰ ਤੋੜ ਫੋੜਕੇ ਪੈਰਾਂ ਵਿਚ ਰੁਲਾਣ ਵਾਲੀ, ਇਨਸਾਨੀਅਤ ਦੀਆਂ ਨੂਰੀ ਅੱਖਾਂ ਵਿਚ ਫੋਕੀ ਜ਼ਿਦ ਦਾ ਘੱਟਾ ਪਾਣ ਵਾਲੀ ਤੇ ਇਨਸਾਨ ਨੂੰ ਅੰਨ੍ਹੇ ਹੈਵਾਨ ਬਣਾਣ ਵਾਲੀ ਅਜੇ ਜ਼ਾਲਿਮ ਤਅੱਸਬ ਦੀ ਹਨੇਰੀ ਨ ਝੁਲੀ ਸੀ"।



ਇਹ ਹਵਾਲਾ ਇਹ ਯਾਦ ਰੱਖਣ ਲਈ ਦਿੱਤਾ ਹੈ ਕਿ ਬਾਕੀਆਂ ਵਾਂਗ ਗੁਰੂ ਕੇ ਵੀ ਕਿਥੋਂ ਕਿਥੇ ਪਹੁੰਚ ਗਏ ਹਨ? ਪਹਿਲਾਂ ਸਾਡੀ ਸਿਆਸਤ ਦੇ ਪੈਰੋਂ ਤਾਕਤ ਹਾਸਲ ਕਰਨ ਦੀ ਦੌੜ ਵਿਚ ਭਾਈਚਾਰੇ ਦੀ ਨਾਜਾਇਜ਼ ਵਰਤੋਂ ਕਰਦੇ ਕਰਦੇ ਆਗੂ ਹੋਣ ਦਾ ਨੈਤਿਕ ਹੱਕ ਗਵਾ ਬੈਠੇ ਹਨ। ਸਹਿਜ ਦੀ ਥਾਂ ਉਲਾਰ ਦਾ ਸ਼ਿਕਾਰ ਹੋ ਗਿਆ ਆਮ ਬੰਦਾ ਦਸੰਬਰੀ ਰਾਹ ਨਾਲ ਤੁਰਨ ਦੀ ਕੋਸ਼ਿਸ਼ ਹੀ ਕਰ ਰਿਹਾ ਸੀ ਕਿ ਰਾਹ ਵਿਚ ਸਿਆਸੀ ਟੋਏ ਪੁੱਟ ਕੇ ਰਾਹ ਹੀ ਰੋਕ ਦਿੱਤਾ ਗਿਆ। ਇਹ ਵੀ ਪਤਾ ਲੱਗਣੋਂ ਹਟ ਗਿਆ ਹੈ ਕਿ ਕੌਣ ਜਿੱਤਿਆ ਤੇ ਕੌਣ ਹਾਰਿਆ ਹੈ? ਸਿਆਸਤਦਾਨ ਹਾਰ ਵਿਚੋਂ ਜਿੱਤ ਲੱਭਣ ਦੀਆਂ ਤਿਫਲ ਤਸੱਲੀਆਂ ਵਿਚ ਉਲਝੇ ਹੋਏ ਹਨ ਅਤੇ ਸੋਸ਼ਲ ਮੀਡੀਆ ਭੰਡੀ ਪਰਚਾਰ ਦੀ ਦੁਕਾਨਦਾਰੀ ਕਰੀ ਜਾ ਰਿਹਾ ਹੈ। ਭੈਅ ਦੀ ਸਿਆਸਤ ਦੀ ਥਾਂ ਭਰਮ ਦਾ ਜੰਗਪਲੰਗ ਮੌਸਮੀ ਧੁੰਦ ਵਾਂਗ ਪਸਰਨ ਲੱਗ ਪਿਆ ਹੈ। ਕਹਿਣ ਨੂੰ ਤਾਂ ਸਾਰੇ ਜਥੇਦਾਰੀ ਸੰਸਥਾ ਦੇ ਨਾਲ ਹਨ, ਪਰ ਸਿਆਸਤ ਦੇ ਪੈਰੋਂ ਜਥੇਦਾਰੀ ਸੰਸਥਾ ਦੇ ਕਰਮਸ਼ੀਲ ਹੋ ਸਕਣ ਦੇ ਸਾਰੇ ਰਾਹ ਰੁਕੇ ਹੋਏ ਨਜ਼ਰ ਆ ਰਹੇ ਹਨ। ਵਿਰਾਸਤੀ ਜਲੌਅ ਸਿਆਸੀ ਮੰਡੀ ਵਿਚ ਵਿਕਣ ਲਈ ਗਾਹਕਾਂ ਦੀ ਉਡੀਕ ਕਰ ਰਿਹਾ ਹੈ। ਸਿਆਸਤਦਾਨਾਂ ਨੂੰ ਕੌਣ ਸਮਝਾਵੇ ਕਿ ਗੰਢਿਆਂ ਦੇ ਗਾਹਕਾਂ ਨੂੰ ਹੀਰੇ ਵੇਚਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਸੰਕਟ ਵਿਚ ਸੰਘਰਸ਼ ਦੀ ਸਿਆਸਤ ਦੀਆਂ ਪ੍ਰਾਪਤ ਪੈੜਾਂ ਵੀ ਕਿਸੇ ਕੰਮ ਨਹੀਂ ਆ ਰਹੀਆਂ। ਲੱਗਦਾ ਹੈ ਕਿ ਕਲਪਨਾ ਦੇ ਘੋੜੇ 'ਤੇ ਚੜ੍ਹ ਕੇ ਹੀ ਇਸ ਸਿਆਸੀ ਚਿੱਕੜ ਵਿਚੋਂ ਬਾਹਰ ਆਇਆ ਜਾ ਸਕਦਾ ਹੈ। ਸਿਆਸਤ ਰਾਹੀਂ ਅਤੇ ਸਿਆਸਤ ਵਾਸਤੇ ਗੁਰਦੁਆਰਿਆਂ ਵਿਚ ਵੜ ਗਏ ਸਿਆਸਤਦਾਨਾਂ ਨੂੰ ਬਾਹਰ ਕੱਢੇ ਬਿਨਾਂ ਮੱਥਾ ਟੇਕਣਾ ਵੀ ਮੁਸ਼ਕਲ ਹੁੰਦਾ ਜਾਏਗਾ।

ਸਿਆਸਤ ਦੇ ਪਿੜ ਵਿਚੋਂ ਖਾਤਕੂ ਸਿਆਸੀ ਬਦਲ ਨੂੰ ਪੰਜਾਬ ਨੇ ਹੁੰਗਾਰਾ ਨਹੀਂ ਭਰਿਆ ਸੀ ਅਤੇ ਅਕਾਲੀ ਦਲ ਦੀ ਸਿਆਸਤ ਦਾ ਰਾਹ ਸਿੱਖ ਸੰਗਤ ਨੇ ਰੋਕ ਦਿਤਾ ਹੈ। ਆਪੇ ਫਾਥੜੀ ਸਿਆਸਤ ਨੂੰ ਕੌਣ ਛੁਡਾ ਸਕਦਾ ਹੈ। ਜਥੇਦਾਰੀ ਸੰਸਥਾ ਨੂੰ ਇਸ ਵਰਤਾਰੇ ਦਾ ਭਾਈਵਾਲ ਬਣਾਉਣ ਦੀ ਸਿਆਸਤ ਨੂੰ ਵੀ ਹੁੰਗਾਰਾ ਨਹੀਂ ਮਿਲ ਰਿਹਾ। ਗੁਰਮਤੀ ਨਿਰਭਉ ਦੇ ਵਾਰਸ, ਚੁਫੇਰੇ ਖਿਲਰੇ ਭੈਅ ਵਿਚ ਉਲਝਦੇ ਜਾ ਰਹੇ ਹਨ। ਸ਼੍ਰੋਮਣੀ ਕਮੇਟੀ, ਅਕਾਲੀ ਦਲ ਦੇ ਭੈਅ ਵਿਚ ਹੈ, ਅਕਾਲੀ ਦਲ, ਅਕਾਲ ਤਖਤ ਦੇ ਭੈਅ ਵਿਚ ਹੈ ਅਤੇ ਅਕਾਲ ਤਖਤ ਨੂੰ ਸ਼੍ਰੋਮਣੀ ਕਮੇਟੀ ਦਾ ਭੈਅ ਸਤਾਈ ਜਾ ਰਿਹਾ ਹੈ। ਇਹ ਤਿੰਨੇ ਸੰਸਥਾਵਾਂ, ਸੰਗਤ ਤੋਂ ਡਰੀ ਜਾ ਰਹੀਆਂ ਹਨ। ਇਸ ਸਿਆਸੀ ਚੱਕਰਵਿਊ ਵਿਚੋਂ ਬਾਹਰ ਨਿਕਲਣ ਦੀ ਜ਼ਿੰਮੇਵਾਰੀ ਗੁਰਦੁਆਰੇ ਮੱਥਾ ਟੇਕ ਕੇ ਗੁਰੂ ਨੂੰ ਨਹੀਂ ਸੌਂਪੀ ਜਾ ਸਕਦੀ ਕਿਉਂਕਿ ਬਾਣੀ ਨਾਲੋਂ ਟੁੱਟ ਕੇ ਪੈਦਾ ਹੋਈ ਇਸ ਹਾਲਤ ਵਿਚੋਂ ਬਾਣੀ ਦੀ ਅਗਵਾਈ ਵਿਚ ਹੀ ਨਿਕਲਿਆ ਜਾ ਸਕਦਾ ਹੈ। ਪ੍ਰੋ. ਪੂਰਨ ਸਿੰਘ, ਜੋ ਸਿਆਸਤ ਨੂੰ ਚਤੁਰ-ਚਲਾਕੀ ਦੀ ਚੰਚਲ ਖੇਡ ਮੰਨਦਾ ਹੈ, ਦੀ ਟਿਪਣੀ ਨਾਲ ਗਲ ਪੈ ਗਈ ਸਿਆਸਤ ਬਾਰੇ ਸੋਚ ਕੇ ਅੱਗੇ ਵਧਿਆ ਜਾ ਸਕਦਾ ਹੈ- "ਇਸ ਸੰਸਾਰ ਵਿਚ ਮਨੁੱਖ ਨੂੰ ਸੱਚੇ ਅਰਥਾਂ ਦੇ ਲੋਕਤੰਤਰ ਨੂੰ ਮਾਣਨ ਲਈ ਅੰਤਰ-ਵਰਤੀ ਹੋਣਾ ਪਵੇਗਾ ਅਤੇ ਆਤਮਿਕ ਤੌਰ 'ਤੇ ਦੈਵੀ ਕੁਲੀਨ-ਤੰਤਰ ਨੂੰ ਅਪਨਾਉਣਾ ਪਵੇਗਾ। ਗੁਰੂ ਨਾਨਕ ਦੀ ਆਤਮਿਕ-ਚੇਤਨਾ ਦੀ ਗੂੜ੍ਹੀ ਛਾਂ ਵਿਚ ਹੀ ਸੱਚੇ ਲੋਕ-ਤੰਤਰ ਦਾ ਵਾਸ ਹੈ"।

# ਪੰਜਾਬੀ ਸਾਹਿਤ ਦਾ ਫ਼ਾਕਾ ਬਨਾਮ ਸੌ ਸਾਲ ਦਾ ਇਕਲਾਪਾ !

ਪੰਜਾਬ ਨੇ ਫਾਕੇ (ਭੁੱਖਮਰੀ) ਤੋਂ ਅੰਨਦਾਤੇ ਤੱਕ ਦਾ ਸਫ਼ਰ ਤੈਅ ਕੀਤਾ। ਵਕਤ ਦਾ ਚੱਕਰ ਘੁੰਮ ਕੇ ਖ਼ੁਦਕੁਸ਼ੀਆਂ ਤੋਂ ਮਰਨ-ਵਰਤ ਤੱਕ ਪਹੁੰਚ ਚੁੱਕਾ ਹੈ।

ਇਕ ਦੌਰ ਸੀ ਕਦੇ ਪੰਜਾਬੀ ਦਾ ਗ਼ਲਪ (ਕਹਾਣੀ-ਨਾਵਲ) ਪੰਜਾਬ ਦੇ ਦਰਦ ਤੇ ਹੋਣੀ ਨੂੰ ਉਲੀਕਦਾ ਸੀ। ਸਮਾਜ ਤੇ ਸੱਭਿਆਚਾਰ ਵਿੱਚ ਹੁੰਦੀਆਂ ਤਬਦੀਲੀਆਂ ਨੂੰ ਫੜਦਾ ਤੇ ਤਸਦੀਕ ਕਰਦਾ ਸੀ। ਪਿਛਲੇ ਕਰੀਬ ਢਾਈ ਦਹਾਕੇ ਦੀ ਸੋਝੀ ਵਿਚ ਮੈਂ ਪੰਜਾਬੀ ਕਥਾ-ਕਹਾਣੀ (ਲਗਪਗ ਸਮੁੱਚੇ ਸਾਹਿਤ ਹੀ) ਨੂੰ ਉੱਥੇ ਹੀ ਅੜੇ ਤੇ ਖੜ੍ਹੇ ਹੋਏ ਦੇਖ ਰਿਹਾਂ ਹਾਂ। ਪਿਛਲੇ ਦਿਨੀਂ ਕਿਸੇ ਪੋਸਟ 'ਤੇ ਨਾਟਕਕਾਰ ਪਾਲੀ ਭੁਪਿੰਦਰ ਸਿੰਘ ਨੇ ਇਹ ਖੜ੍ਹੋਤ 1970 ਤੋਂ ਹੀ ਹੋਣ ਦੀ ਗੱਲ ਕਹੀ ਹੈ।

**ਦੀਪ ਜਗਦੀਪ ਸਿੰਘ**

ਸੋਚਣ ਵਾਲੀ ਗੱਲ ਹੈ ਕਿ ਜੇ ਗੁਰੂ-ਕਾਲ ਦੇ ਸਾਹਿਤ (ਬਾਣੀ) ਨੂੰ ਪਾਸੇ ਰੱਖ ਕੇ ਗੱਲ ਕਰੀਏ ਤਾਂ 'ਹੀਰ ਵਾਰਸ' ਤੋਂ ਬਾਅਦ ਸਾਡੇ ਕੋਲ ਹੁਣ ਤੱਕ ਕਿੱਸੇ-ਕਹਾਣੀ ਦੇ ਰੂਪ ਵਿਚ ਕਿਹੜੀ ਸਮੇਂ ਦੀਆਂ ਹੱਦਾਂ ਤੋਂ ਅਗਾਂਹ ਲੰਘ ਜਾਣ ਵਾਲੀ ਰਚਨਾ ਆਈ ਹੈ? ਕੀ ਸਾਡੇ ਕੋਲ ਕੋਈ ਇਹੋ ਜਿਹੀ ਕਥਾ-ਕਹਾਣੀ ਹੈ, ਜਿਸ ਉੱਤੇ ਸਾਡੀ ਆਪਣੀ ਬੋਲੀ ਵਿਚ ਇੰਟਰਨੈਸ਼ਨਲ ਲੈਵਲ ਦੀ 16 ਘੰਟਿਆਂ ਦੀ ਫ਼ਿਲਮ ਬਣ ਸਕੇ।

ਦੂਜੇ ਪਾਸੇ ਸਪੈਨਿਸ਼ ਦੁਨੀਆ ਦੀ ਦੂਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ। ਪਹਿਲੇ ਨੰਬਰ 'ਤੇ ਚੀਨੀ ਮੈਂਡਰਿਨ ਅਤੇ ਤੀਜੇ ਨੰਬਰ 'ਤੇ ਅੰਗਰੇਜ਼ੀ ਆਉਂਦੀ ਹੈ। ਪੰਜਾਬੀ ਆਬਾਦੀ ਦੇ ਹਿਸਾਬ ਨਾਲ ਬੋਲੀਆਂ ਜਾਂਦੀਆਂ ਭਾਸ਼ਾਵਾਂ ਵਿਚ 10ਵੇਂ ਨੰਬਰ 'ਤੇ ਹੈ। ਅਫ਼ਸੋਸ ਦੀ ਗੱਲ ਹੈ ਕਿ ਅਸੀਂ ਦੁਨੀਆਂ ਦੀ ਤੀਜੇ ਨੰਬਰ ਦੀ ਭਾਸ਼ਾ ਦੇ ਪ੍ਰਭਾਵ ਹੇਠ ਸਭ ਤੋਂ ਜ਼ਿਆਦਾ ਹਾਂ, ਜਦ ਕਿ ਦੁਨੀਆਂ ਦੀ ਪਹਿਲੇ ਨੰਬਰ ਦੀ ਭਾਸ਼ਾ ਸਾਡੇ ਆਪਣੇ ਏਸ਼ਿਆਈ ਖ਼ਿੱਤੇ ਦੀ ਹੈ। ਦੁਨੀਆਂ ਦੇ ਦੂਜੇ ਨੰਬਰ ਦੀ ਭਾਸ਼ਾ ਬਾਰੇ ਤਾਂ ਅਸੀਂ ਕਦੇ ਸੋਚਿਆ ਹੀ ਨਹੀਂ ਹੈ।

ਅੰਗਰੇਜ਼ੀ ਦੇ ਪ੍ਰਭਾਵ ਦਾ ਕਾਰਨ ਤਾਂ ਚਲੋ ਸਮਝ ਆਉਂਦਾ ਹੈ ਕਿ ਅੰਗਰੇਜ਼ਾਂ ਦੀ ਗ਼ੁਲਾਮੀ ਕਰ ਕੇ ਸਾਡੇ ਅੰਦਰ ਬੈਠੀ ਹੋਈ ਗ਼ੁਲਾਮ-ਮਾਨਸਿਕਤਾ ਹੋਵੇ।


ਸਾਹਿਤਕ ਖੇਤਰ ਵਿਚ ਕਥਿਤ ਪ੍ਰਗਤੀਸ਼ੀਲਾਂ ਵੱਲੋਂ ਦੁਨੀਆਂ ਦੀ ਅੱਠਵੇਂ ਨੰਬਰ ਵਾਲੀ ਭਾਸ਼ਾ ਦੇ ਸਾਹਿਤ ਨੂੰ ਸਾਡੇ ਉੱਤੇ ਆਪਣੀ ਸਿਆਸੀ ਨੀਤੀ ਕਰਕੇ ਥੋਪ ਦਿੱਤਾ ਗਿਆ ਹੈ। ਕੋਈ ਸ਼ੱਕ ਕਿ ਰੂਸੀ ਭਾਸ਼ਾ ਤੋਂ ਵੀ ਸਾਨੂੰ ਚੰਗਾ ਸਾਹਿਤ ਮਿਲਿਆ ਪਰ ਉਸ ਤੋਂ ਪਹਿਲਾਂ ਸਾਡੇ ਕੋਲ ਆਪਣੇ ਖ਼ਿੱਤੇ ਦੇ ਬਹੁਤ ਸਾਰੇ ਕ੍ਰਾਂਤੀਕਾਰੀ ਨਾਇਕ ਹੋਏ ਹਨ ਜੋ ਸਮਾਜਿਕ, ਸਭਿਆਚਾਰਕ ਤੇ ਅਧਿਆਤਮਕ ਕ੍ਰਾਂਤੀ ਦੇ ਬਹੁਤ ਵੱਡੇ ਪ੍ਰਤੀਕ ਸਨ/ਹਨ। ਜੋ ਆਪਣੀ ਮਿੱਟੀ ਤੇ ਆਪਣੀ ਬੋਲੀ ਦੇ ਖ਼ਾਸੇ ਨਾਲ ਬੋਲਦੇ, ਜਿਉਂਦੇ ਤੇ ਮਰਦੇ ਹਨ।

ਪਰ ਕੀ ਕਾਰਨ ਹੈ ਕਿ ਅਸੀਂ ਦੁਨੀਆਂ ਦੀ ਦੂਜੀ ਸਭ ਤੋਂ ਬੋਲੀ ਜਾਂਦੀ ਸਪੈਨਿਸ਼ ਬੋਲੀ ਤੋਂ ਸਾਹਿਤਕ ਪ੍ਰੇਰਨਾ ਨਹੀਂ ਲਈ। ਜਿਸ ਦਾ ਦਬਦਬਾ ਸਾਹਿਤਕ ਦੁਨੀਆ ਵਿਚ ਅੰਗਰੇਜ਼ੀ, ਫ੍ਰੈਂਚ, ਜਰਮਨ ਦੇ ਨੇੜੇ-ਤੇੜੇ ਹੈ। ਹੋਰ ਤਾਂ ਹੋਰ ਮਾਰਕਸ ਦੀ ਆਪਣੀ ਬੋਲੀ ਵੀ ਜਰਮਨ ਹੀ ਸੀ। ਚਾਹੇ ਨੋਬੇਲ ਪੁਰਸਕਾਰਾਂ ਦੀ ਗੱਲ ਹੋਵੇ ਜਾਂ ਦੁਨੀਆਂ ਦੇ ਹੋਰ ਵੱਡੇ ਸਾਹਿਤਕ ਪੁਰਸਕਾਰਾਂ ਦੀ ਗੱਲ ਹੋਵੇ ਜਾਂ ਫਿਰ ਸਾਹਿਤ ਉੱਤੇ ਬਣੀਆਂ ਫ਼ਿਲਮਾਂ ਦੀ ਗੱਲ ਹੋਵੇ।

ਤੁਸੀਂ ਸੋਚ ਰਹੇ ਹੋਵੋਗੇ ਕਿ ਅੱਜ ਮੈਂ ਸਪੈਨਿਸ਼ ਦੀ ਗੱਲ ਕਿਉਂ ਕਰ ਰਿਹਾ ਹਾਂ। ਇਸ ਲਈ ਕਿ ਸਾਹਿਤਕਾਰੀ ਤੇ ਫ਼ਿਲਮਕਾਰੀ ਦੇ ਇਤਿਹਾਸ ਵਿਚ ਸਾਡੇ ਸਮਿਆਂ ਵਿਚ ਵਾਪਰਨ ਵਾਲੀ ਇਹ ਦੁਰਲੱਭ ਘਟਨਾ ਵਾਪਰੀ ਹੈ ਕਿ ਸਪੈਨਿਸ਼ ਲੇਖਕ ਗੈਬ੍ਰੀਅਲ ਗਾਰਸ਼ੀਆ ਮਾਰਖ਼ੇਜ਼ ਦੇ ਨਾਵਲ ਵਨ ਹੰਡਰਡ ਯੀਅਰਜ਼ ਆਫ਼ ਸੋਲੀਟਿਊਡ 'ਤੇ ਮੂਲ ਆਪਣੀ ਭਾਸ਼ਾ ਵਿਚ ਕੌਮਾਂਤਰੀ ਪੱਧਰ ਦੀ ਨਾ ਸਿਰਫ਼ ਸੋਲਾਂ ਘੰਟੇ ਦੀ ਫ਼ਿਲਮ ਬਣੀ ਹੈ ਬਲਕਿ ਦੁਨੀਆਂ ਦੇ ਸਭ ਤੋਂ ਵੱਡੇ ਪਲੇਟਫਾਰਮ ਨੈੱਟਫਲਿਕਸ ਵੱਲੋਂ ਬਣਾਈ ਤੇ ਦਿਖਾਈ ਜਾ ਰਹੀ ਹੈ, ਜਦ ਕਿ ਅੰਗਰੇਜ਼ੀ, ਫਰੈਂਚ, ਜਰਮਨ ਵਾਲੇ ਵੀ ਇਸ ਫ਼ਿਲਮ (ਵੈੱਬ-ਸੀਰੀਜ਼) ਦਾ ਆਪਣੀ ਭਾਸ਼ਾ ਵਿਚ ਅਨੁਵਾਦ ਹੀ ਦੇਖ ਰਹੇ ਹਨ। ਹੋਰ ਤਾਂ ਹੋਰ ਭਾਰਤ ਦੀ ਕਿਸੇ ਭਾਸ਼ਾ ਵਿਚ ਤਾਂ ਛੱਡੋ ਇਸ ਦਾ ਅਨੁਵਾਦ ਰੂਸੀ ਵਿਚ ਵੀ ਫ਼ਿਲਹਾਲ ਨਹੀਂ ਹੋਇਆ ਹੈ।

ਇੱਥੇ ਇਹ ਦਰਜ ਕਰਨਾ ਵੀ ਲਾਜ਼ਮੀ ਹੈ ਕਿ ਗੈਬੋ ਆਪ ਇਕ ਫ਼ਿਲਮਕਾਰ ਤੇ ਪੱਤਰਕਾਰ ਸੀ। ਨੋਬੇਲ ਪੁਰਸਕਾਰ ਜਿੱਤਣ ਤੋਂ ਬਾਅਦ ਤਾਂ ਉਸ ਦਾ ਪ੍ਰਭਾਵ ਇੰਨਾ ਸੀ ਕਿ ਉਹ ਚਾਹੁੰਦਾ ਤਾਂ ਆਪ ਜਾਂ ਕਿਸੇ ਹੋਰ ਸਪੈਨਿਸ਼ ਫ਼ਿਲਮਕਾਰ ਤੋਂ ਫ਼ਿਲਮ ਬਣਵਾ ਸਕਦਾ ਸੀ। ਪਰ ਉਸ ਦਾ ਕਹਿਣਾ ਸੀ ਕਿ ਇਸ ਨਾਵਲ ਨੂੰ ਉਸ ਦੌਰ ਦੀ ਫ਼ਿਲਮ ਵਿਚ ਸਮੋਇਆ ਹੀ ਨਹੀਂ ਜਾ ਸਕਦਾ। ਇਸ ਲਈ ਉਹ ਚਾਹੁੰਦਾ ਸੀ ਕਿ ਜਾਂ ਤਾਂ ਉਸ ਦੇ ਨਾਵਲ 'ਤੇ ਉਸ ਤਰ੍ਹਾਂ ਫ਼ਿਲਮ ਬਣੇ, ਜਿਸ ਤਰ੍ਹਾਂ ਨਾਵਲ ਹੈ ਜਾਂ ਨਾ ਬਣੇ। ਉਸ ਸਮੇਂ ਘੰਟਿਆਂ ਲੰਮੀ ਫ਼ਿਲਮ ਬਣਾਉਣਾ ਸੰਭਵ ਨਹੀਂ ਸੀ। ਜਾਪਾਨੀ ਵਿਚ ਇਸ ਨਾਵਲ 'ਤੇ ਇਕ ਫ਼ਿਲਮ ਬਣੀ ਵੀ ਸੀ, ਇਹ ਗੈਬੋ ਜਾਂ ਰੱਬ ਹੀ ਜਾਣਦਾ ਹੈ ਕਿ ਕਿੰਨੀ ਸੰਤੁਸ਼ਟੀ ਜਨਕ ਸੀ।

ਗੈਬੋ ਨੇ ਆਪਣੇ ਪਰਿਵਾਰ ਨੂੰ ਵੀ ਕਿਹਾ ਸੀ ਕਿ ਜੇ ਉਸ ਦੇ ਮਰਨ ਬਾਅਦ ਕਦੇ ਇਸ ਨਾਵਲ 'ਤੇ ਫ਼ਿਲਮ ਬਣੇ ਤਾਂ ਉਹ ਉਸ ਦੀਆਂ ਸ਼ਰਤਾਂ ਅਨੁਸਾਰ ਹੀ ਬਣਨੀ ਚਾਹੀਦੀ ਹੈ। ਸਭ ਤੋਂ ਪਹਿਲੀ ਸ਼ਰਤ ਸੀ, ਫ਼ਿਲਮ ਉਸ ਦੀ ਮੂਲ ਭਾਸ਼ਾ ਵਿਚ ਬਣੇ ਤੇ ਦੂਜੀ ਕਿ ਉਸ ਦੇ ਮੁਲਕ ਕੋਲੰਬੀਆ ਵਿਚ ਹੀ ਬਣੇ। ਅੱਜ ਉਸ ਦੇ ਪੂਰੇ ਹੋ ਜਾਣ ਤੋਂ ਇਕ ਦਹਾਕੇ ਬਾਅਦ ਜਦੋਂ ਇਹ ਫ਼ਿਲਮ 16 ਕੜੀਆਂ ਵਿਚ 16 ਘੰਟੇ ਤੋਂ ਵੱਧ ਸੰਪੂਰਨ ਰੂਪ ਵਿਚ ਬਣੀ ਹੈ ਤਾਂ ਇਨ੍ਹਾਂ ਦੋਵਾਂ ਸ਼ਰਤਾਂ ਅਨੁਸਾਰ ਹੀ ਬਣੀ ਹੈ। ਇਸ ਨੂੰ ਦੇਖਣ ਤੋਂ ਬਾਅਦ ਸ਼ਾਇਦ ਹੀ ਕੋਈ ਕਹਿ ਸਕੇ ਕਿ ਫ਼ਿਲਮਕਾਰਾਂ ਨੇ ਗੈਬੋ ਦੇ ਨਾਵਲ ਨਾਲ ਨਿਆਂ ਨਹੀਂ ਕੀਤਾ। ਬਾਕੀ ਘਾਟਾਂ-ਵਾਧਾਂ ਦੀ ਸੰਭਾਵਨਾ ਅਕਸਰ ਰਹਿ ਜਾਂਦੀ ਹੈ।




ਇਸ ਨੂੰ ਦੇਖਦਿਆਂ ਇੰਝ ਲਗਦਾ ਹੈ ਕਿ ਕਰੀਬ 60 ਸਾਲ ਪਹਿਲਾਂ ਲਿਖੀ ਗਈ ਇਹ ਪੀੜ੍ਹੀ ਦਰ ਪੀੜ੍ਹੀ ਕਹਾਣੀ ਅੱਜ ਵੀ ਉਨੀ ਹੀ ਸੱਚ ਹੋਵੇ।

ਇਸ ਨਾਵਲ ਰਾਹੀਂ ਗੈਬੋ ਨੇ ਸਾਹਿਤਕ ਕਥਾਕਾਰੀ ਦੀ ਦੁਨੀਆਂ ਨੂੰ ਜਾਦੂਈ ਯਥਾਰਥਵਾਦ ਦੀ ਤਕਨੀਕ ਦਿੱਤੀ, ਜਿਸ ਦੀ ਵਰਤੋਂ ਅੱਜ ਦੁਨੀਆ ਭਰ ਦਾ ਸਾਹਿਤ ਕਰ ਰਿਹਾ ਹੈ ਅਤੇ ਸਪੈਨਿਸ਼ ਨਾਵਲ ਦਾ ਤਾਂ ਇਹ ਬੁਨਿਆਦੀ ਤੱਤ ਬਣ ਗਿਆ ਹੈ। ਗੈਬੋ ਤੋਂ ਬਾਅਦ ਦੀ ਹਰ ਪੀੜ੍ਹੀ ਤਾਂ ਲਗਦਾ ਹੈ ਜਿਵੇਂ ਜਾਦੂਈ ਯਥਾਰਥਵਾਦ ਬਿਨਾਂ ਨਾ ਤਾਂ ਸਫ਼ਲ ਹੋਣ ਦੀ ਉਮੀਦ ਰੱਖਦੀ ਏ ਤਾਂ ਨਾ ਹੀ ਰਿਣ ਉਤਰਿਆ...

ਇਸ ਫ਼ਿਲਮ ਦਾ ਹਾਲੇ 8 ਘੰਟਿਆਂ ਦਾ ਅੱਠ ਕੜੀਆਂ ਵਾਲਾ ਪਹਿਲਾ ਭਾਗ ਰਿਲੀਜ਼ ਹੋਇਆ ਹੈ, ਉਸ ਨੂੰ ਬਾਰੀਕੀ ਨਾਲ ਵੇਖਣ ਵਿਚ ਹੀ ਅੱਠ ਦਿਨ ਲੱਗ ਗਏ ਨੇ, ਹਾਲੇ ਹੋਰ ਪਤਾ ਨਹੀਂ ਕਿੰਨੀ ਵਾਰ ਦੇਖਣੀ ਪਵੇਗੀ, ਪਰ ਉਸ ਬਾਰੇ ਜੋ ਲਿਖਣਾ ਸ਼ੁਰੂ ਕੀਤਾ ਹੈ ਤਾਂ ਕਥਾਕਾਰੀ ਤੇ ਫ਼ਿਲਮਕਾਰੀ ਦੀਆਂ ਉਹ ਪਰਤਾਂ ਖੁੱਲ੍ਹਣੀਆਂ ਸ਼ੁਰੂ ਹੋਈਆਂ ਹਨ ਕਿ ਇਕ ਵੱਖਰੇ ਵਿਸਮਾਦ ਵਿਚ ਹਾਂ।

ਸੋਚ ਰਿਹਾ ਹਾਂ ਕਿ ਪਹਿਲੀ ਗੱਲ ਤਾਂ ਪੰਜਾਬੀ ਵਿਚ ਇਸ ਤਰ੍ਹਾਂ ਦੀ ਕਾਲ-ਮੁਕਤ ਰਚਨਾ ਸਾਡੇ ਕੋਲ ਕਿੱਥੇ ਹੈ ਤੇ ਜੇ ਕੋਈ ਹੋ ਵੀ ਜਾਵੇ ਤਾਂ ਸਾਡੇ ਪੰਜਾਬੀ ਲੇਖਕ ਕੋਲ ਇੰਨਾ ਜ਼ਬਤ ਕਿੱਥੇ ਹੈ ਕਿ ਉਹ ਆਪਣੀਆਂ ਸ਼ਰਤਾਂ 'ਤੇ ਆਪਣੀ ਬੋਲੀ ਵਿਚ ਕੌਮਾਂਤਰੀ ਪੱਧਰ ਦੀ ਫ਼ਿਲਮ ਬਣਨ ਦਾ ਸਬਰ ਛੇ ਦਹਾਕੇ ਕਰ ਸਕੇ। ਉਸ ਨੂੰ ਤਾਂ ਬੱਸ ਫ਼ਿਲਮ ਬਣਾਉਣ ਵਾਲਾ ਬਿਆਉਣਾ ਚਾਹੀਦਾ ਹੈ, ਫੇਰ ਉਹ ਸਕ੍ਰਿਪਟ ਵਿਚ ਤਾਂ ਆਪ ਹੀ ਭੰਨ-ਤੋੜ ਕਰ ਕੇ ਦੇ ਦੇਵੇਗਾ।

ਕੀ ਹਾਲੇ ਵੀ ਸਮਾਂ ਨਹੀਂ ਆਇਆ ਕਿ ਅਸੀਂ ਅੰਗਰੇਜ਼ੀ-ਰੂਸੀ ਦੇ ਗ੍ਰੇਟ ਗੇਮ ਵਾਲੇ ਗ਼ਲਬੇ ਵਿਚੋਂ ਨਿਕਲੀਏ ਤੇ ਹੋਰ ਭਾਸ਼ਾਵਾਂ ਤੋਂ ਪ੍ਰੇਰਨਾ ਲੈਣ ਵੱਲ ਵਧੀਏ, ਭਾਵੇਂ ਇਸ ਵਾਸਤੇ ਲਿੰਕ ਭਾਸ਼ਾ ਦੇ ਰੂਪ ਵਿਚ ਸਾਨੂੰ ਅੰਗਰੇਜ਼ੀ ਦਾ ਹੀ ਸਹਾਰਾ ਲੈਣਾ ਪਵੇ।

ਤੁਹਾਡਾ ਇਸ ਬਾਰੇ ਕੀ ਵਿਚਾਰ ਹੈ?

# ਚਾਲੀ ਸੇਰੀ ਗੱਲ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਕੋਵਿਡ ਦਾ ਭਿਆਨਕ ਦੌਰ ਕਦੋਂ ਦਾ ਲੰਘ ਚੁੱਕਾ ਹੈ ਪਰ ਅਜੇ ਵੀ ਉਸ ਦੀ ਅਤਿਤਾਈ ਯਾਦ ਕਰਕੇ ਝੁਣਝੁਣੀ ਛਿੜਨ ਲਗਦੀ ਹੈ। ਸ਼ਾਇਦ ਹੀ ਕੋਈ ਹੋਵੇਗਾ ਜਿਸ ਨੇ ਇਸ ਚੰਦਰੀ ਬੀਮਾਰੀ ਦਾ ਕੌੜਾ ਅਨੁਭਵ ਨਾ ਹੰਢਾਇਆ ਹੋਵੇ। ਅਨੇਕਾਂ ਦੇ ਮਿੱਤਰ ਪਿਆਰੇ ਇਸ ਬੀਮਾਰੀ ਨੇ ਨਿਗਲ ਲਏ। ਮੈਂ ਖੁਦ ਘੱਟੋ-ਘੱਟ ਤਿੰਨ ਵਾਰੀ ਇਸ ਦਾ ਸ਼ਿਕਾਰ ਹੋਇਆ ਪਰ ਅਮਰ ਹੋਣੋਂ ਬਚਿਆ ਰਿਹਾ। ਹਸਪਤਾਲ ਵਿਚ ਮੇਰਾ ਬੇਟਾ ਕੰਮ ਕਰਦਾ ਸੀ। ਉਸ ਨੇ ਕੋਵਿਡ ਦੇ ਸੈਂਕੜੇ ਮਰੀਜ਼ਾਂ ਨੂੰ ਸਾਹ ਦਿਵਾਏ, ਪਰ ਬਹੁਤੇ ਤੜਫਦੇ-ਤੜਫਦੇ ਜਹਾਨੋਂ ਤੁਰ ਗਏ। ਸਾਡੀ ਜਾਨ ਹਮੇਸ਼ਾ ਸੂਲੀ 'ਤੇ ਟੰਗੀ ਰਹਿੰਦੀ ਸੀ। ਇਸ ਵਿਸ਼ਵਮਾਰੀ ਨੇ ਸਾਡੇ ਸਮਾਜਕ ਤੇ ਕਾਰੋਬਾਰੀ ਜੀਵਨ ਵਿਚ ਸਭ ਤੋਂ ਵੱਡੀ ਸਿਫਤੀ ਤਬਦੀਲੀ ਲਿਆਂਦੀ: ਦੁਨੀਆ ਭਰ ਦੀ ਆਰਥਕਤਾ ਦਾ ਭੱਠਾ ਬੈਠਿਆ, ਕੰਮਕਾਜੀ ਲੋਕਾਂ ਨੂੰ ਘਰ 'ਤੋਂ ਕੰਮ ਕਰਨ ਲਾ ਦਿੱਤਾ। ਉਨ੍ਹਾਂ ਦਿਨਾਂ ਵਿਚ ਇਸ ਬੀਮਾਰੀ ਨਾਲ ਸਬੰਧਤ ਸਭ ਭਾਸਾਵਾਂ ਵਿਚ ਕੁਝ ਇੱਕ ਨਵੇਂ ਸ਼ਬਦ ਚੱਲੇ ਤੇ ਕੁਝ ਪੁਰਾਣੇ ਮੁੜ ਪ੍ਰਚਲਤ ਹੋਏ। ਇਸ ਦਾ ਨਾਂ ਕੋਵਿਡ ਜਾਂ ਕਰੋਨਾਵਾਇਰਸ ਤਾਂ ਹਰ ਇੱਕ ਦੀ ਜ਼ਬਾਨ 'ਤੇ ਹੀ ਚੜ੍ਹ ਗਿਆ। ਹੋਰ ਨਿਤ ਦਰਪੇਸ਼ ਹੋਣ ਵਾਲੇ ਅੰਗ੍ਰੇਜ਼ੀ ਸ਼ਬਦ ਸਨ: ਸੋਸ਼ਲ ਡਿਸਟੈਂਸਿੰਗ, ਸੋਸ਼ਲ ਆਈਸੋਲੇਸ਼ਨ, ਕਰੋਨਾਵਾਇਰਸ, ਕਵੌਰੰਟੀਨ, ਮਾਸਕ, ਹੈਂਡ ਸੈਨੇਟਾਇਜ਼ਰ ਆਦਿ। ਪੰਜਾਬੀ ਅਖਬਾਰਾਂ ਨੇ ਕੁਝ ਇੱਕ ਦੇ ਪੰਜਾਬੀ ਰੂਪ ਲਭੇ, ਕੁਝ ਦੇ ਨਵੇਂ ਘੜ ਲਏ ਜਿਵੇਂ ਸਮਾਜਕ ਦੂਰੀ, ਇਕਾਂਤਵਾਸ, ਕੁਰਾਟੀਨ ਪਰ ਬਾਕੀ ਦੇ ਜਿਉਂ ਦੇ ਤਿਉਂ ਅਪਣਾ ਲਏ।

ਇੱਕ ਹੋਰ ਮੂੰਹ ਚੜ੍ਹਿਆ ਸ਼ਬਦ ਸੀ ਕੁਰਾਟੀਨ ਜੋ ਅੰਗ੍ਰੇਜ਼ੀ ਕਵੌਰੰਟੀਨ ਦਾ ਪੰਜਾਬੀਕ੍ਰਿਤ ਰੂਪ ਸੀ। ਅੱਜ ਮੈਂ ਇਸੇ 'ਤੇ ਗੱਲ ਕਰਨੀ ਹੈ। ਪੰਜਾਬੀ ਤੋਂ ਇਲਾਵਾ ਸ਼ਾਇਦ ਹੀ ਭਾਰਤ ਦੀ ਕਿਸੇ ਭਾਸ਼ਾ ਨੇ 'ਕੁਰਾਟੀਨ' ਦੇ ਤੌਰ 'ਤੇ ਇਹ ਸ਼ਬਦ ਅਪਣਾਇਆ ਹੋਵੇਗਾ ਕਿਉਂਕਿ ਇਤਿਹਾਸਕ ਤੌਰ 'ਤੇ ਪੰਜਾਬੀ ਵਿਚ ਇਸ ਸ਼ਬਦ ਦੀ ਵਰਤੋਂ ਢੇਰ ਸਮਾਂ ਪਹਿਲਾਂ ਹੋ ਗਈ ਸੀ। ਇਕਾਂਤਵਾਸ ਅਤੇ ਕੁਰਾਟੀਨ ਵਿਚ ਮੋਟੇ ਤੌਰ ਤੇ ਫਰਕ ਇਹ ਹੈ ਕਿ ਪਹਿਲੇ ਅਧੀਨ ਮਰੀਜ਼ ਨੂੰ ਦੂਜਿਆਂ ਤੋਂ ਘਰ ਆਦਿ ਵਿਚ ਅੱਡ ਰੱਖਿਆ ਜਾਂਦਾ ਹੈ ਪਰ ਦੂਜੇ ਵਿਚ ਹੋਰ ਦੇਸ਼ਾਂ ਵਿਚੋਂ ਆਉਣ ਵਾਲੇ ਮੁਸਾਫਰਾਂ ਨੂੰ ਨਿਸਚਿਤ ਸਮੇਂ ਲਈ ਕਿਸੇ ਹੋਰ ਥਾਂ 'ਤੇ ਇਕੱਲਿਆਂ ਰੱਖਣਾ ਹੁੰਦਾ ਸੀ। ਦੋਨਾਂ ਦਾ ਮਕਸਦ ਹੋਰਨਾਂ ਨੂੰ ਲਾਗ ਤੋਂ ਬੇਲਾਗ ਰੱਖਣਾ ਹੈ। ਕੁਝ ਸਮਾਂ ਪਾ ਕੇ ਦੋਨੋਂ ਸ਼ਬਦ ਆਮ ਸਮਝ ਵਜੋਂ ਰਲਗੱਡ ਹੀ ਹੋ ਗਏ। ਪੰਜਾਬੀ ਸ਼ਬਦਾਵਲੀ ਵਿਚ ਕੁਰਾਟੀਨ ਸ਼ਬਦ ਅੱਜ ਤੋਂ ਇਕ ਸਦੀ ਤੋਂ ਵੀ ਵਧ ਸਮਾਂ ਪਹਿਲਾਂ ਦਾਖਿਲ ਹੋ ਚੁੱਕਾ ਸੀ। ਅਮਰੀਕੀ ਮਹਾਂਦੀਪ ਪਹੁੰਚੇ ਪੰਜਾਬੀਆਂ ਨੂੰ ਏਥੋਂ ਦੀਆਂ ਸਨਫਰਾਂਸਿਸਕੋ, ਨਿਊਯਾਰਕ, ਵਿਕਟੋਰੀਆ ਆਦਿ ਬੰਦਰਗਾਹਾਂ ਰਾਹੀਂ ਧਰਤੀ ਦੇ ਅੰਦਰ ਵੜਨ ਤੋਂ ਪਹਿਲਾਂ ਕਈ ਕਈ ਦਿਨ ਕੁਰਾਟੀਨ ਵਿਚ ਰੱਖਿਆ ਜਾਂਦਾ ਸੀ। ਦਰਅਸਲ ਸਮੁੰਦਰੀ ਜਹਾਜ਼ ਦੇ ਇੱਕ ਹਿੱਸੇ ਵਿਚ ਮੁਸਾਫਰਾਂ ਨੂੰ ਬਿਠਾ ਕੇ ਜਹਾਜ਼ ਨੂੰ ਬੰਦਰਗਾਹ ਤੋਂ ਹਟਵੇਂ ਪਾਣੀਆਂ ਵਿਚ ਲਾ ਦਿੱਤਾ ਜਾਂਦਾ ਸੀ। ਇਹ ਅਮਲ ਕਈ ਦਿਨ ਜਾਰੀ ਰਹਿੰਦਾ ਸੀ ਅਤੇ ਇਸ ਦਾ ਮੰਤਵ ਸੀ ਕਿ ਜੇ ਕੋਈ ਛੂਤ ਲੱਗੀ ਬੀਮਾਰੀ ਵਾਲੇ ਮੁਸਾਫਰ ਆਏ ਹੋਣ, ਉਹ ਇਸ ਸਮੇਂ ਦੌਰਾਨ ਹੀ ਜਾਂ ਠੀਕ ਹੋ ਜਾਣਗੇ ਜਾਂ ਫਿਰ ਚਲਦੇ ਲੱਗਣਗੇ। ਸਿੱਟੇ ਵਜੋਂ ਉਹ ਦੇਸ਼ ਦੇ ਅੰਦਰ ਵੜ ਕੇ ਬੀਮਾਰੀ ਨਹੀਂ ਫੈਲਾ ਸਕਣਗੇ। ਕੁਰਾਟੀਨ ਸ਼ਬਦ ਗਦਰ ਪਾਰਟੀ ਦੇ ਪਰਚਿਆਂ ਵਿਚ ਛਪਿਆ ਤੇ ਦੂਰ-ਦੁਰਾਡੇ ਵਸਦੇ ਪੰਜਾਬੀਆਂ ਨੇ ਪੜ੍ਹ ਕੇ ਇਸ ਦਾ ਮਤਲਬ ਜਾਣਿਆ। ਕੁਝ ਇੱਕ ਥਾਵਾਂ 'ਤੇ ਇਸ ਲਈ ਘੜਿਆ ਸ਼ਬਦ ਪੱਤਣ-ਰੋਕ ਵੀ ਮਿਲਦਾ ਹੈ। ਗਦਰ ਪਾਰਟੀ ਦੀਆਂ ਸਰਗਰਮੀਆਂ ਬਾਰੇ ਸੋਹਣ ਸਿੰਘ ਭਕਨਾ, ਜਸਵੰਤ ਸਿੰਘ ਜੱਸ, ਜਗਜੀਤ ਸਿੰਘ ਆਦਿ ਦੁਆਰਾ ਲਿਖੀਆਂ ਕਿਤਾਬਾਂ ਵਿਚ ਕੁਰਾਟੀਨ ਅਤੇ ਇਸ ਦੇ ਕਹਿਰ ਦਾ ਖੂਬ ਜ਼ਿਕਰ ਹੈ।

ਦੁਨੀਆਂ ਭਰ ਵਿਚ ਕੁਰਾਟੀਨ ਜਿਹੇ ਵਰਤਾਓ ਦਾ ਇਤਿਹਾਸ ਪੁਰਾਣਾ ਹੈ। ਬਾਈਬਲ ਵਿਚ ਅੱਜ ਤੋਂ 2700 ਸਾਲ ਪਹਿਲਾਂ ਕੋਹੜ ਕਾਰਨ ਚਮੜੀ ਰੋਗ ਪੀੜਤਾਂ ਨੂੰ ਵੱਖ ਰੱਖਣ ਦਾ ਜ਼ਿਕਰ ਮਿਲਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਮੰਦਾ ਬੋਲਣ ਵਾਲਿਆਂ ਨੂੰ ਸਜ਼ਾ ਵਜੋਂ ਵੀ ਵੱਖਰਾ ਰੱਖਿਆ ਜਾਂਦਾ ਸੀ। ਮਧਕਾਲੀ ਮੁਸਲਮਾਨੀ ਹਕੂਮਤਾਂ ਦੌਰਾਨ ਵੀ ਤਪਦਿਕ ਜਿਹੇ ਰੋਗੀਆਂ ਨੂੰ ਇਸ ਬੀਮਾਰੀ ਦੇ ਫੈਲਣ ਤੋਂ ਰੋਕਣ ਲਈ ਵੱਖਰਾ ਰੱਖਿਆ ਜਾਂਦਾ ਸੀ। ਮਸ਼ਹੂਰ ਹਕੀਮ ਇਬਨ ਸਿਨਾਅ ਨੇ ਇਸ ਅਮਲ ਦੀ ਜ਼ੋਰਦਾਰ ਸਿਫਾਰਿਸ਼ ਕੀਤੀ ਸੀ। ਸੋਲ੍ਹਵੀਂ ਸਦੀ ਦੇ ਉਸਮਾਨੀ ਰਾਜ ਵਿਚ ਪਲੇਗ ਵਾਲੇ ਇਲਾਕਿਆਂ ਤੋਂ ਆਉਣ ਵਾਲੇ ਮੁਸਾਫਰਾਂ ਨੂੰ ਕਈ ਕਈ ਦਿਨ ਕੁਰਾਟੀਨ ਦੀ ਸੇਵਾ ਕੀਤੀ ਜਾਂਦੀ ਸੀ। ਸਤ੍ਹਾਰਵੀਂ ਸਦੀ ਦੀ ਤੀਜੀ ਚੌਥਾਈ ਵਿਚ ਇੰਗਲੈਂਡ ਵਿਚ ਵਿਆਪਕ ਪਲੇਗ ਫੈਲ ਗਈ। ਇਸ ਦੀ ਸ਼ੁਰੂਆਤ ਇਯਾਮ ਨਾਮੀ ਪਿੰਡ ਤੋਂ ਹੋਈ ਜਿਸ ਕਾਰਨ ਸਾਰੇ ਵਾਸੀਆਂ ਨੂੰ ਕੁਰਾਟੀਨ ਦੀ ਸਜ਼ਾ ਭੁਗਤਣੀ ਪਈ। ਵਸਦਾ ਰਸਦਾ ਪਿੰਡ ਵੀਰਾਨ ਹੋ ਗਿਆ। ਅਖਬਾਰਾਂ ਤੇ ਨਾਵਲਾਂ ਰਾਹੀਂ ਇਹ ਪਿੰਡ 'ਪਲੇਗ ਪਿੰਡ' ਵਜੋਂ ਮਸ਼ਹੂਰ ਹੋ ਗਿਆ ਹੈ। ਸਮੇਂ ਦਾ ਗੇੜ ਦੇਖੋ, ਅੱਜ ਸੈਲਾਨੀਆਂ ਦੇ ਖਰਚਿਆਂ 'ਤੇ ਨਿਰਭਰ ਇਹ ਪਿੰਡ ਆਪਣੇ ਭੂਤਕਾਲੀ ਦੁਖਾਂਤ ਦਾ ਖੱਟਿਆ ਖਾਂਦਾ ਹੈ। ਵਰਤਮਾਨ ਵਿਚ ਕਈ ਦੇਸ਼ਾਂ ਨੇ ਈਬੋਲਾ ਤੇ ਸਾਰਸ ਨਾਮੀ ਮਹਾਮਾਰੀਆਂ ਕਾਰਨ ਕੁਰਾਟੀਨ ਦੀ ਕਠੋਰਤਾ ਦਾ ਸੰਤਾਪ ਝੱਲਿਆ ਹੈ। ਪਰ ਹਾਲੀਆ 2020 ਦੇ ਕੋਵਿਡ ਸੰਕ੍ਰਮਣ ਦੀ ਮਾਰ ਸਰਵਵਿਆਪਕ ਰਹੀ। ਅੰਤਰਦੇਸ਼ੀ ਜਹਾਜ਼ਾਂ ਦੀ ਆਵਾਜਾਈ ਲੰਮੇ ਸਮੇਂ ਤੱਕ ਬੰਦ ਰਹੀ। ਜਿਹੜੇ ਯਾਤਰੂ ਆਏ ਵੀ, ਉਨ੍ਹਾਂ ਨੂੰ ਆਪਣੇ ਖਰਚਿਆਂ ਤੇ ਹੋਟਲਾਂ ਆਦਿ ਵਿਚ ਕਈ ਕਈ ਦਿਨ ਕੁਰਾਟੀਨ ਭੁਗਤਣਾ ਪਿਆ।

'ਕੁਰਾਟੀਨ' ਮੁਢਲੇ ਤੌਰ 'ਤੇ ਇਤਾਲਵੀ ਭਾਸ਼ਾ ਦੇ ਵੀਨਸ ਸ਼ਹਿਰ ਦੀ ਉਪਭਾਸ਼ਾ ਦੇ ਸ਼ਬਦ **ਤੁਅਰਅਨਟਅ ਗੌਿਰਨਂ** ਤੋਂ ਵਿਉਤਪਤ ਹੋਇਆ, ਜਿਸ ਦਾ ਸ਼ਾਬਦਿਕ ਅਰਥ ਹੈ 'ਚਾਲੀ ਦਿਨ ਦਾ ਅਰਸਾ'। ਬੰਦਰਗਾਹ ਤੇ ਪੁੱਜਣ ਵਾਲੇ




ਪਲੇਗ ਦੇ ਸ਼ੱਕੀ ਮੁਸਾਫਰਾਂ ਨੂੰ ਪਹਿਲੇ-ਪਹਿਲ ਚਾਲੀ ਦਿਨ ਵੱਖ ਰੱਖਿਆ ਜਾਂਦਾ ਸੀ ਕਿਉਂਕਿ ਨਤੀਜਾ ਕਢਿਆ ਗਿਆ ਸੀ ਕਿ ਪਲੇਗ ਦਾ ਰੋਗੀ ਚਾਲੀ ਦਿਨ ਤੱਕ ਜ਼ਿੰਦਾ ਰਹਿ ਸਕਦਾ ਹੈ। 14ਵੀਂ ਸਦੀ ਦੇ ਅਖੀਰ ਵਿਚ ਇਕ ਕਾਨੂੰਨ ਲਾਗੂ ਕੀਤਾ ਗਿਆ ਜਿਸ ਅਨੁਸਾਰ ਪਲੇਗ-ਮਾਰੇ ਦੇਸ਼ਾਂ ਵਿਚੋਂ ਆਉਣ ਵਾਲੇ ਜਹਾਜ਼ਾਂ ਨੂੰ ਚਾਲੀ ਦਿਨ ਲਈ ਬੰਦਰਗਾਹ ਤੋਂ ਪਰੇ ਰੱਖਿਆ ਜਾਣ ਲੱਗਾ। ਭਾਵੇਂ ਬਾਅਦ ਵਿਚ ਵੱਖ ਰੱਖਣ ਦੀ ਮਿਆਦ ਘਟਦੀ ਵਧਦੀ ਵੀ ਰਹੀ ਪਰ ਇਸ ਸਥਿਤੀ ਨੂੰ ਦਰਸਾਉਂਦਾ ਕੁਰਾਟੀਨ ਸ਼ਬਦ ਕਾਇਮ ਰਿਹਾ। ਇੰਗਲੈਂਡ ਵਿਚ ਇਕ ਰਿਵਾਜ ਅਨੁਸਾਰ ਵਿਧਵਾ ਦਾ ਇਹ ਅਧਿਕਾਰ ਹੁੰਦਾ ਸੀ ਕਿ ਉਹ ਪਤੀ ਦੇ ਮਰਨ ਤੋਂ ਚਾਲੀ ਦਿਨ ਬਾਅਦ ਤੱਕ ਪਤੀ ਦੇ ਘਰ ਰਹਿ ਸਕਦੀ ਸੀ। ਇਸ ਲਈ ਇਸ ਦੇਸ਼ ਵਿਚ ਕੁਰਾਟੀਨ ਜਿਹਾ ਸ਼ਬਦ ਵਿਧਵਾ ਦੇ ਇਸ ਅਧਿਕਾਰ ਲਈ ਪਹਿਲਾਂ ਵੀ ਵਰਤਿਆ ਜਾਂਦਾ ਸੀ।

ਕਈ ਸਮਾਜਾਂ ਵਿਚ ਚਾਲੀ ਦੀ ਸੰਖਿਆ ਜਾਂ ਸ਼ਬਦ ਦੀ ਧਾਰਮਕ/ਸਾਂਸਕ੍ਰਿਤਕ ਮਹੱਤਤਾ ਹੈ। ਮੋਟੇ ਤੌਰ 'ਤੇ ਚਾਲੀ ਸ਼ਬਦ ਨਵਜੀਵਨ ਜਾਂ ਪਰਿਵਰਤਨ ਦਾ ਪ੍ਰਤੀਕ ਬਣਦਾ ਹੈ। ਬਾਈਬਲ ਅਨੁਸਾਰ ਪਰਲੈ ਚਾਲੀ ਦਿਨ ਰਹੀ। ਈਸਾ ਨੇ ਜੰਗਲ ਵਿਚ ਮਾਰੇ ਮਾਰੇ ਫਿਰਦਿਆਂ ਚਾਲੀ ਦਿਨ ਵਰਤ ਰੱਖਿਆ। ਈਸਾ ਪੁਨਰਜੀਵਤ ਹੋਣ ਪਿੱਛੋਂ ਸਵਰਗ ਵਿਚ ਜਾਣ ਤੋਂ ਪਹਿਲਾਂ ਚਾਲੀ ਦਿਨ ਆਪਣੇ ਚੇਲਿਆਂ ਸੰਗ ਘੁੰਮਿਆ ਫਿਰਿਆ। ਮੂਸਾ ਨੇ ਸੀਨਾ ਪਰਬਤ 'ਤੇ ਕਈ ਵਾਰੀ ਚਾਲੀ ਚਾਲੀ ਦਿਨ ਬਿਤਾਏ। ਇਸ ਪਿੱਛੋਂ ਯਹੋਵਾ ਨੇ ਮੂਸਾ ਨੂੰ 10 ਇਲਹਾਮੀਆ ਹੁਕਮ ਭੇਜੇ। ਮੁਹੰਮਦ ਨੂੰ ਚਾਲੀ ਸਾਲ ਦੀ ਉਮਰ ਵਿਚ ਇਲਹਾਮ ਹੋਇਆ। ਕੁਰਾਨ ਅਨੁਸਾਰ ਮਨੁੱਖ ਚਾਲੀ ਸਾਲ ਦੀ ਉਮਰ ਵਿਚ ਪ੍ਰੋੜ ਹੁੰਦਾ ਹੈ। ਕਈ ਸਰਬਿਆਈ ਲੋਕਾਂ ਦਾ ਵਿਸ਼ਵਾਸ ਹੈ ਕਿ ਮੌਤ ਤੋਂ ਚਾਲੀ ਦਿਨ ਤੱਕ ਮਨੁੱਖ ਦੇ ਦੁਆਲੇ ਭੂਤ ਮੰਡਲਾਉਂਦੇ ਰਹਿੰਦੇ ਹਨ ਜਿਨ੍ਹਾਂ ਤੋਂ ਪ੍ਰਾਰਥਨਾਵਾਂ ਕਰਕੇ ਹੀ ਛੁਟਕਾਰਾ ਹੁੰਦਾ ਹੈ।

ਪੰਜਾਬੀ ਸਮੇਤ ਕਈ ਭਾਸ਼ਾਵਾਂ ਵਿਚ ਟਹਿਲਣਾ ਦੇ ਅਰਥਾਂ ਵਿਚ ਇੱਕ ਉਕਤੀ ਚਲਦੀ ਹੈ 'ਚਹਿਲ ਕਦਮੀ'। ਮੈਨੂੰ ਹਾਲ ਵਿਚ ਹੀ ਪਤਾ ਲੱਗਾ ਕਿ ਇਸ ਉਕਤੀ ਵਿਚ ਵੀ ਚਾਲੀ ਦਾ ਫਾਰਸੀ ਰੂਪ ਚਹਿਲ ਬੋਲਦਾ ਹੈ ਤੇ ਇਸ ਪਿੱਛੇ ਇੱਕ ਇਸਲਾਮੀ ਵਹਿਮ ਜਾ ਵਿਸ਼ਵਾਸ ਕੰਮ ਕਰਦਾ ਹੈ ਜਿਸ ਅਨੁਸਾਰ ਮੁਰਦੇ ਨੂੰ ਦਫਨਾਉਣ ਪਿੱਛੋਂ ਫਾਤਿਹਾ ਪੜ੍ਹਿਆ ਜਾਂਦਾ ਹੈ। ਫਿਰ ਜਨਾਜ਼ੇ 'ਤੇ ਆਏ ਲੋਕ ਕਬਰ ਤੋਂ ਚਾਲੀ ਕਦਮ ਪਿੱਛੇ ਮੁੜਦੇ ਹਨ ਅਤੇ ਕਬਰਿਸਤਾਨ ਦੇ ਸਾਰੇ ਮੁਰਦਿਆਂ ਦੇ ਨਾਮ ਫਾਤਿਹਾ ਪੜ੍ਹਦੇ ਹਨ। ਵਿਸ਼ਵਾਸ ਹੈ ਕਿ ਮੁੰਕਰ ਅਤੇ ਨਾਕਿਰ ਨਾਂ ਦੇ ਦੋ ਫਰਿਸ਼ਤੇ ਮੁਰਦੇ ਦਾ ਇਮਤਿਹਾਨ ਲੈਣ ਵਜੋਂ ਪੁਛ ਗਿੱਛ ਕਰਦੇ ਹਨ ਕਿ ਉਸ ਦਾ ਰੱਬ ਕਿਹੜਾ ਹੈ, ਉਹ ਕਿਸ ਪੈਗੰਬਰ ਨੂੰ ਮੰਨਦਾ ਹੈ ਅਤੇ ਉਸ ਦਾ ਧਰਮ ਕਿਹੜਾ ਹੈ। 'ਚਹਿਲ ਕਦਮੀ' ਇਸ ਇਮਤਿਹਾਨ ਦੀ ਘੜੀ ਮੁਰਦੇ ਦੀ ਸਹਾਈ ਹੁੰਦੀ ਹੈ।

ਹਿੰਦੂ ਸੰਸਕ੍ਰਿਤੀ ਵਿਚ ਚਾਲੀ ਸੰਖਿਆ ਦੀ ਮਹੱਤਤਾ ਜਾਣਨ ਤੋਂ ਪਹਿਲਾਂ ਇਸ ਸ਼ਬਦ ਦੀ ਵਿਉਤਪਤੀ 'ਤੇ ਝਾਤ ਮਾਰ ਲਈਏ। ਚਾਲੀ ਸ਼ਬਦ ਭਾਰੋਪੀ ਖਾਸੇ ਵਾਲਾ ਹੈ ਤੇ ਇਸ ਦਾ ਭਾਰੋਪੀ ਮੂਲ ***ਕੱਟਟੱਰ** ਹੈ ਜਿਸ ਦਾ ਅਰਥ ਹੈ ਚਾਰ, ਅੰਗ੍ਰੇਜ਼ੀ ਫੋਰ **(ੌਰ)** ਅਤੇ ਲਾਤੀਨੀ **ਥੁਅਟਟੋੁਰ** ਵੀ ਇਸੇ ਤੋਂ ਬਣੇ ਹਨ। ਸੰਸਕ੍ਰਿਤ ਵਿਚ ਇਸ ਦਾ ਰੂਪ ਹੈ ਚਤਵਰ। ਅਜੋਕੀ ਫਾਰਸੀ ਵਿਚ ਇਸ ਦਾ ਰੂਪ ਚਹਾਰ ਹੋਇਆ। ਚਾਲੀ ਦੇ ਅਰਥਾਂ ਵਾਲਾ ਸੰਸਕ੍ਰਿਤ ਚਤਵਾਰਿੰਸ਼ਤ ਇਸੇ ਤੋਂ ਬਣਿਆ। ਇਸ ਤੋਂ ਅੱਗੇ ਪਰਾਕ੍ਰਿਤ ਚੱਤਾਲੀਸਾ ਤੋਂ ਚਾਲੀਸ ਹੁੰਦਾ ਹੋਇਆ ਪੰਜਾਬੀ ਚਾਲੀ ਸਾਹਮਣੇ ਆਇਆ। 'ਚਾਰ ਦੀ ਬਹਾਰ' ਵਾਲੇ ਲੇਖ ਵਿਚ ਇਸ ਸ਼ਬਦ ਨਾਲ ਵਿਸਥਾਰ ਵਿਚ ਨਿਪਟਿਆ ਗਿਆ ਹੈ। ਕਈ ਹਿੰਦੂ ਪ੍ਰਾਰਥਨਾਵਾਂ ਵਿਚ ਸਲੋਕਾਂ ਦੀ ਗਿਣਤੀ ਚਾਲੀ ਹੈ ਇਸ ਲਈ ਉਨ੍ਹਾਂ ਨੂੰ ਚਾਲੀਸਾ ਕਿਹਾ ਜਾਂਦਾ ਹੈ, ਮਿਸਾਲ ਵਜੋਂ ਹਨੂਮਾਨ ਚਾਲੀਸਾ। ਕੁਝ ਹਿੰਦੂ ਫਿਰਕਿਆਂ ਵਿਚ ਚਾਲੀ ਦਿਨ ਲਈ ਵਰਤ ਰੱਖਿਆ ਜਾਂਦਾ ਹੈ। ਵਿਸ਼ਵਾਸ ਹੈ ਕਿ ਚਾਲੀ ਸਾਲ ਦੀ ਉਮਰ ਵਿਚ ਮਨੁੱਖ ਨੂੰ ਧੁੰਦਲਾ ਧੁੰਦਲਾ ਦਿਸਣ ਲੱਗ ਪੈਂਦਾ ਹੈ, ਇਸ ਦ੍ਰਿਸ਼ਟੀ ਰੋਗ ਨੂੰ ਚਾਲੀਸਾ ਕਿਹਾ ਜਾਂਦਾ ਹੈ। ਕਿਸੇ ਦੀ ਮੌਤ ਤੋਂ ਚਾਲੀ ਦਿਨ ਬਾਅਦ ਭੰਡਾਰਾ ਕਰਨ ਦੀ ਰਸਮ ਨੂੰ ਵੀ ਚਾਲੀਸਾ ਕਿਹਾ ਜਾਂਦਾ ਹੈ। ਪਰ ਪੰਜਾਬੀ ਚਿਲਾ/ਛਿਲਾ ਫਾਰਸੀ ਦੇ ਚਿੱਲਾ/ਚਿਹਲ ਸ਼ਬਦ ਦੇ ਵਿਕਸਿਤ ਰੂਪ ਹਨ ਜਿਸ ਦਾ ਅਰਥ ਵੀ ਚਾਰ ਹੈ। ਬੱਚਾ ਜਣਨ ਪਿੱਛੋਂ ਔਰਤਾਂ ਛਿਲਾ ਕੱਟਦੀਆਂ ਹਨ ਜਿਸ ਦੌਰਾਨ ਬੱਚੇ ਨੂੰ ਕਿਸੇ ਦੇ ਮੱਥੇ ਨਹੀਂ ਲੱਗਣ ਦਿੱਤਾ ਜਾਂਦਾ। ਜੱਚਾ ਟੁੱਟੇ-ਫੁੱਟੇ ਕਪੜੇ ਪਹਿਨਦੀ ਹੈ ਤੇ ਕੁਝ ਰਸਮਾਂ ਉਪਰੰਤ ਹੀ ਇਸ ਸੂਤਕ ਤੋਂ ਨਿਜਾਤ ਮਿਲਦੀ ਹੈ। ਰਵਾਇਤੀ ਤੌਰ 'ਤੇ ਚਾਲੀ ਦਿਨ ਲਗਾਤਾਰ ਨਿਠ ਕੇ ਕੀਤੀ ਭਗਤੀ ਨੂੰ ਛਿਲਾ ਕਮਾਉਣਾ ਕਹਿੰਦੇ ਹਨ। 'ਚਾਲੀ ਦਿਨ' ਨਾਮੀ ਧੁੱਗਾ ਗੁਰਪ੍ਰੀਤ ਦਾ ਇੱਕ ਸਫਰਨਾਮਾ ਹੈ। ਇਸ ਵਿਚ ਵਰਣਿਤ ਚਾਲੀ ਦਿਨਾਂ ਦੀ ਯਾਤਰਾ ਨੂੰ ਆਲੋਚਕ ਆਤਮਜੀਤ ਪਰਿਵਰਤਨ, ਪਰਿਪੱਕਤਾ ਜਾਂ ਰੂਪਾਂਤਰਣ ਦੇ ਅਰਥਾਂ ਵਿਚ ਦੇਖਦਾ ਹੈ। ਅਸੀਂ ਵੀ ਚਾਲੀ ਸ਼ਬਦ ਦੀ ਸਭਿਆਚਾਰਕ ਵਰਤੋਂ ਪਿਛੇ ਏਹੀ ਭਾਵ ਸਮਝੇ ਹਨ। 'ਛਿਲਾ ਕੱਟਣਾ' ਮੁਹਾਵਰਾ ਵੀ ਬਣ ਚੁੱਕਾ ਹੈ ਅਰਥਾਤ ਔਖੇ ਦੌਰ ਵਿਚੋਂ ਲੰਘਣਾ। ਸੁਲਤਾਨ ਬਾਹੂ ਫਰਮਾਉਂਦੇ ਹਨ,

ਚਿੱਲਾ ਕੱਟਿਆ ਕੁਝ ਨਾ ਖੱਟਿਆ,  
ਕੀ ਲਿਆ ਚਿੱਲੇ ਵੜ ਕੇ ਹੂ।  
ਜਾਗ ਬਿਨਾਂ ਦੁੱਧ ਜੰਮਦੇ ਨਾ ਬਾਹੂ,  
ਲਾਲ ਹੋਵਣ ਕੜ੍ਹ ਕੜ੍ਹ ਕੇ ਹੂ।

ਕੋਈ ਕਥਨ ਪੂਰੀ ਤਰਾਂ ਸੱਚਾ ਹੋਵੇ ਤਾਂ ਉਸ ਲਈ ਅਸੀਂ ਮੁਹਾਵਰੇ ਵਰਤਦੇ ਹਾਂ, 'ਸੌ ਫੀ ਸਦੀ ਸੱਚ', 'ਵੀਹ ਵਿਸਵੇ ਸਹੀ', 'ਸੋਲਾਂ ਆਨੇ ਸੱਚ'। ਰੁਪਏ ਵਿਚ ਸੋਲਾਂ ਆਨੇ ਹੁੰਦੇ ਹਨ, ਇਸ ਲਈ ਸੋਲਾਂ ਆਨੇ ਸੱਚ ਦਾ ਮਤਲਬ ਜਿਵੇਂ ਰੁਪਏ ਵਿਚ ਪੂਰੇ ਸੋਲਾਂ ਆਨੇ ਹੁੰਦੇ ਹਨ, ਇਸ ਤੋਂ ਘਟ ਨਹੀਂ। ਇਸੇ ਤਰ੍ਹਾਂ ਵਿਘੇ ਵਿਚ ਵੀਹ ਵਿਸਵੇ ਹੁੰਦੇ ਹਨ। ਇਨ੍ਹਾਂ ਅਰਥਾਂ ਵਿਚ ਹੀ ਇੱਕ ਹੋਰ ਮੁਹਾਵਰਾ ਹੈ, 'ਚਾਲੀ ਸੇਰੀ ਗੱਲ'। ਕੁਝ ਅਰਸਾ ਪਹਿਲਾਂ ਭਾਰ ਦੀ ਇੱਕ ਇਕਾਈ ਚਲਦੀ ਸੀ ਮਣ ਜੋ ਚਾਲੀ ਸੇਰਾਂ ਦਾ ਹੁੰਦਾ ਹੈ। ਸੋ ਚਾਲੀ ਸੇਰੀ ਗੱਲ ਦਾ ਅਰਥ ਵੀ ਬਣਿਆ, ਪੂਰਾ ਸੂਰਾ ਸੱਚ ਜਿਵੇਂ ਮਣ ਪੂਰੇ ਚਾਲੀ ਸੇਰਾਂ ਦਾ। ਇਸ ਦਾ ਇੱਕ ਵਿਗੜਿਆ ਰੂਪ ਮੈਂ ਚਾਲੀ ਸਿਰੇ ਵੀ ਪੜ੍ਹਿਆ ਹੈ।

---

# ਸੁਪਰੀਮ ਕੋਰਟ ਦੇ ਉਚਿੱਤ ਆਦੇਸ਼ ਨਿਰਦੇਸ਼

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ  
ਫੋਨ: 91-98157-78469  
Sandhugulzar@yahoo.com

ਇਨ੍ਹਾਂ ਦਿਨਾਂ ਵਿਚ ਸਰਕਾਰੀ ਤੇ ਗ਼ੈਰ-ਸਰਕਾਰੀ ਸੰਸਥਾਵਾਂ ਨੂੰ ਸੁਪਰੀਮ ਕੋਰਟ ਵਲੋਂ ਦਿਤੇ ਆਦੇਸ਼ ਧਿਆਨ ਮੰਗਦੇ ਹਨ। ਮਸਜਿਦਾਂ ਤੇ ਦਰਗਾਹਾਂ ਦੇ ਸਰਵੇਖਣਾਂ ਅਤੇ ਇਨ੍ਹਾਂ ਨਾਲ ਸਬੰਧਤ ਕਾਰਵਾਈਆਂ ਉੱਤੇ ਰੋਕ ਲਾਉਣਾ ਖਾਸ ਕਰਕੇ ਵੱਖ-ਵੱਖ ਮਸਜਿਦਾਂ ਅਤੇ ਸੂਫੀ ਦਰਗਾਹਾਂ ਦੇ ਸੈਂਕੜੇ ਸਾਲ ਪੁਰਾਣੇ ਮੰਦਰਾਂ ਉਤੇ ਉਸਾਰੇ ਹੋਣ ਦਾ ਝੂਠਾ ਸੱਚਾ ਮਸਲਾ ਅਤਿਅੰਤ ਮੰਦਭਾਗਾ ਹੈ। ਇਸ ਨਾਲ ਦੇਸ਼ ਦੀ ਏਕਤਾ ਨੂੰ ਢਾਹ ਲਗਦੀ ਹੈ। ਇਸ ਮਸਲੇ ਦੀ ਨੀਂਹ ਰੱਖਣ ਵਾਲਾ ਉੱਤਰ ਪ੍ਰਦੇਸ਼ ਹੈ ਜਿਸ ਨੇ ਸੰਭਲ ਦੀ ਮਸਜਿਦ ਉੱਤੇ ਉਂਗਲ ਉਠਾਈ ਹੈ। ਅਦਾਲਤ ਵੱਲੋਂ ਇਸ ਥਾਂ ਦੇ ਸਰਵੇਖਣ ਦੀ ਇਜਾਜ਼ਤ ਨੇ ਚਾਰ ਬੰਦਿਆਂ ਦੀ ਜਾਨ ਹੀ ਨਹੀਂ ਲਈ ਅੱਧੀ ਦਰਜਨ ਹੋਰ ਝਗੜਿਆਂ ਨੂੰ ਵੀ ਜਨਮ ਦਿੱਤਾ ਹੈ। ਸਾਰੇ ਦੇਸ਼ ਵਿਚ 1991 ਵਾਲਾ ਮਾਹੌਲ ਬਣ ਗਿਆ ਹੈ। ਜਦੋਂ ਬਾਬਰੀ ਮਸਜਿਦ ਦੇ ਢਾਹੇ ਜਾਣ ਪਿਛੋਂ ਨਰਸਿਮਹਾ ਰਾਓ ਸਰਕਾਰ ਨੂੰ ਇਕ ਕਾਨੂੰਨ ਰਾਹੀਂ ਦੇਸ਼ ਭਰ ਦੇ ਧਾਰਮਿਕ ਸਥਾਨਾਂ ਦੀ 15 ਅਗਸਤ, 1947 ਵਾਲੀ ਸਥਿਤੀ ਨਾਲ ਛੇੜ-ਛਾੜ ਕਰਨ ਉੱਤੇ ਰੋਕ ਲਾਉਣੀ ਪਈ ਸੀ। ਹੁਣ ਵਾਲੀ ਰੋਕ ਵੀ 1991 ਵਾਲੇ ਕਾਨੂੰਨ ਸਾਂਝੀਵਾਲਤਾ 'ਤੇ ਪਹਿਰਾ ਦੇਣ ਵਾਲੀ ਹੈ।

ਇਨ੍ਹਾਂ ਮਸਲਿਆਂ ਨੂੰ ਉਘਾੜਨ ਵਾਲੇ ਭੁੱਲ ਜਾਂਦੇ ਹਨ ਕਿ ਇਸ ਨਾਲ ਉਨ੍ਹਾਂ ਦੇ ਆਪਣੇ ਪੁਰਖਿਆਂ ਦੀ ਨਾਕਦਰੀ ਹੁੰਦੀ ਹੈ ਜਿਨ੍ਹਾਂ ਨੇ ਮੰਦਰਾਂ ਉੱਤੇ ਮਸਜਿਦਾਂ ਉਸਾਰੇ ਜਾਣ ਸਮੇਂ ਚੁੱਪ ਵੱਟ ਰੱਖੀ ਸੀ। ਕਿਸੇ ਵੀ ਮਸਜਿਦ ਥੱਲੇ ਮੰਦਰ ਵਾਲੇ ਗਾਰੇ ਮਿੱਟੀ ਜਾਂ ਚਿੱਟੇ ਪੱਥਰ ਦੀ ਹੋਂਦ ਉਭਾਰਨਾ ਆਪਣੇ ਪੁਰਖਿਆਂ ਦੇ ਸਿਰ ਸੁਆਹ ਪਾਉਣਾ ਹੈ। ਸਰਵਉਚ ਅਦਾਲਤ ਦਾ ਦਖ਼ਲ ਅਨੇਕਤਾ ਵਿਚ ਏਕਤਾ ਜਗਾਉਣ ਵਾਲਾ ਹੈ। ਇਹ ਗੱਲ ਵੱਖਰੀ ਹੈ ਕਿ ਅਨੇਕਤਾ ਵਿਚ ਏਕਤਾ ਦਾ ਸਿਧਾਂਤ ਅਜੋਕੀ ਸਰਕਾਰ ਦੀ ਉਪਜ ਨਵੇਂ ਦੇਸ਼ ਦੇ ਗਲ ਵਿਚੋਂ ਗੁਲਾਮੀ ਦੀ ਜ਼ੰਜੀਰ ਕੱਟ ਕੇ ਸੁਤੰਤਰਤਾ ਦੇ ਹਾਰ ਪਾਉਣ ਵਾਲੀ ਸਰਕਾਰ ਦਾ ਹੈ। 15 ਅਗਸਤ, 1947 ਨੂੰ ਜਨਮ ਲੈਣ ਵਾਲੀ ਸਰਕਾਰ ਦਾ ਏਸੇ ਤਰ੍ਹਾਂ ਸੁਪਰੀਮ ਕੋਰਟ ਵਲੋਂ ਕਿਸਾਨ ਜਥੇਬੰਦੀਆਂ ਲਈ ਦਰ ਦਰਵਾਜ਼ੇ ਖੁਲ੍ਹੇ ਕਹਿਣ ਦਾ ਵੀ ਸਵਾਗਤ ਚਾਹੁੰਦਾ ਹੈ। ਸਮਾਂ ਆ ਗਿਆ ਹੈ ਕਿ ਕੇਂਦਰ ਦੀ ਸਰਕਾਰ ਹਾਂ-ਪੱਖੀ ਹੁੰਗਾਰਿਆਂ ਵੱਲ ਧਿਆਨ ਦੇਵੇ ਤੇ ਆਮ ਜਨਤਾ ਨੂੰ 'ਇੱਕ ਦੇਸ਼ ਇੱਕ ਵੋਟ' ਵਰਗੇ ਸੁਪਨੇ ਨਾ ਦਿਖਾਵੇ। ਕੇਂਦਰੀ ਸਿਹਤ ਮੰਤਰੀ ਜੇ. ਪੀ. ਨੱਢਾ ਦਾ 25 ਜੂਨ 2025 ਨੂੰ ਲੋਕਰਾਜ ਵਿਰੋਧੀ ਦਿਵਸ ਮਨਾਉਣ ਦਾ ਸ਼ੋਸ਼ਾ ਛੱਡਣਾ ਵੀ ਹੋਈ ਬੀਤੀ ਵੱਲ ਧਿਆਨ ਖਿੱਚ ਕੇ ਵਰਤਮਾਨ ਨੂੰ ਨਜ਼ਰ-ਅੰਦਾਜ਼ ਕਰਨਾ ਹੀ ਹੈ। ਇੰਦਰਾ ਗਾਂਧੀ ਵਾਲੀ ਐਮਰਜੈਂਸੀ ਨੂੰ ਪੌੜੀ ਬਣਾ ਕੇ ਉਸਦੇ ਡੰਡਿਆਂ ਦਾ ਸਹਾਰਾ ਲੈਣਾ ਉੱਕਾ ਹੀ ਨਹੀਂ ਸੋਭਦਾ ਨਾ ਉਨ੍ਹਾਂ ਸਮਿਆਂ ਵਿਚ ਜਦੋਂ ਉਸਦੀ ਸਰਕਾਰੀ ਮਜ਼ਦੂਰੀ ਕਰਨ ਵਾਲਿਆਂ ਨੂੰ ਅਨੂਪ ਸਤਪਤੀ **(1ੂੰਢ ਿ1ਠਫ1ਠ89)** ਕਮੇਟੀ ਵਲੋਂ ਸੁਝਾਏ 374 ਰੁਪਏ ਪ੍ਰਤੀ ਦਿਨ ਨਹੀਂ ਦੇ ਰਹੀ। ਕੇਂਦਰ ਦੇ ਆਪਣੇ ਸੰਸਦੀ ਪੈਨਲ ਨੇ ਮੱਧ ਪ੍ਰਦੇਸ਼ ਅਤੇ ਝਾਰਖੰਡ ਵਿਚ ਇਸ ਮਜ਼ਦੂਰੀ ਦੀ ਰਾਸ਼ੀ 221 ਰੁਪਏ ਦਿਹਾੜੀ ਦਰਸਾ ਕੇ ਕੇਂਦਰ ਨੂੰ ਫਿਟਕਾਰ ਪਾਈ ਹੈ। ਏਨੀ ਥੋੜ੍ਹੀ ਦਿਹਾੜੀ ਲੈਣ ਵਾਲਿਆਂ ਨੇ ਮਸਜਿਦਾਂ ਥੱਲੇ ਦੱਬੀਆਂ ਇੱਟਾਂ ਤੋਂ ਕੀ ਲੈਣਾ ਹੈ।

**ਸ੍ਰੀਲੰਕਾ ਤੇ ਭਾਰਤ ਮਿੱਤਰਤਾ ਦੀ ਗੱਲ**

ਜਦੋਂ ਕਦੀ ਵੀ ਸ੍ਰੀਲੰਕਾ ਵਿਚ ਕੋਈ ਸਿਆਸੀ ਉਥਲ-ਪੁਥਲ ਹੁੰਦੀ ਹੈ ਮੈਨੂੰ ਆਪਣੀ 1983 ਵਾਲੀ ਸ੍ਰੀਲੰਕਾ ਫੇਰੀ ਚੇਤੇ ਆ ਜਾਂਦੀ ਹੈ। ਮੈਂ ਉਥੇ ਗ੍ਰਾਮ ਵਿਕਾਸ ਵਿਚ ਸਹਿਕਾਰੀ ਸੰਸਥਾਵਾਂ ਦੇ ਯੋਗਦਾਨ ਵਾਲੀ ਅੰਤਰਰਾਸ਼ਟਰੀ ਕਾਨਫਰੰਸ ਵਿਚ ਭਾਗ ਲੈਣ ਗਿਆ ਸਾਂ। ਉਹ ਮਹੀਨਾ ਸ੍ਰੀਲੰਕਾ ਵਿਚ ਰਹਿ ਰਹੇ ਤਾਮਿਲਾਂ ਲਈ ਓਨਾ ਹੀ ਮਾੜਾ ਸੀ ਜਿੰਨਾ ਇੰਦਰਾ ਗਾਂਧੀ ਦੀ ਹੱਤਿਆ ਤੋਂ ਪਿੱਛੋਂ ਦੇ 1984 ਵਿਚ ਭਾਰਤ ਦੇ ਸਿੱਖਾਂ ਲਈ। ਅੱਜ ਦੇ ਦਿਨ ਉਹ ਵਾਲੇ ਕਾਰੇ ਤੇ ਕਰਤੂਤਾਂ ਇਤਿਹਾਸ ਦਾ ਹਿੱਸਾ ਬਣ ਚੁੱਕੇ ਹਨ। ਲੋੜ ਪਈ ਤਾਂ ਉਨ੍ਹਾਂ ਦੀ ਗੱਲ ਵੀ ਕਰਾਂਗੇ ਜਿਸਦਾ ਮੈਂ ਚਸ਼ਮਦੀਦ ਗਵਾਹ ਹਾਂ ਪਰ ਸ੍ਰੀਲੰਕਾ ਦੇ ਰਾਸ਼ਟਰਪਤੀ ਅਨੂਰਾ ਕੁਮਾਰ ਦੀਸਾਨਾ ਦੀ 15-17 ਦਸੰਬਰ ਵਾਲੀ ਭਾਰਤ ਫੇਰੀ ਨੇ ਦੋਵਾਂ ਦੇਸ਼ਾਂ ਦੇ ਸਭਿਆਚਾਰ ਸਬੰਧਾਂ ਨੂੰ ਨਵਿਆਉਣ ਤੇ ਇਨ੍ਹਾਂ ਉੱਤੇ ਪਹਿਰਾ ਦੇਣ ਦਾ ਰਾਹ ਖੋਲ੍ਹਿਆ ਹੈ। ਏਕੇਡੀ ਵਲੋਂ ਜਾਣੇ ਜਾਂਦੇ ਇਸ ਰਾਸ਼ਟਰਪਤੀ ਦਾ ਕਹਿਣਾ ਹੈ ਕਿ ਉਹ ਭਾਰਤ ਅਤੇ ਚੀਨ ਦੀ ਸਿਆਸੀ ਭੰਨ-ਤੋੜ ਜਾਂ ਆਪੋ ਵਿਚਲੇ ਵੈਰ ਵਿਰੋਧ ਵਿਚ ਫਸਣ ਦੀ ਥਾਂ ਦੋਵਾਂ ਦੇਸ਼ਾਂ ਨਾਲ ਬਰਾਬਰ ਦੀ ਸਾਂਝ ਬਣਾਈ ਰੱਖਣਾ ਚਾਹੁੰਦਾ ਹੈ।

ਉਹਦੇ ਵਲੋਂ ਕਾਰਜ ਕਾਲ ਸੰਭਾਲਦੇ ਸਾਰ ਕੋਲੰਬੋ ਬੰਦਰਗਾਹ ਉੱਤੇ ਚੀਨ ਦੇ ਖੋਜੀ ਜਹਾਜ਼ਾਂ ਉੱਤੇ ਰੋਕ ਲਾਉਣਾ ਅਤੇ ਆਪਣੀ ਵਿਦੇਸ਼ ਫੇਰੀ ਲਈ ਚੀਨ ਦੀ ਥਾਂ ਭਾਰਤ ਨੂੰ ਪਹਿਲ ਦੇਣਾ ਇਸ ਦਾ ਸਬੂਤ ਹਨ। ਅਜਿਹਾ ਕਰਨ ਨਾਲ ਮਾਰਕਸਵਾਦੀ ਏਕੇਡੀ ਦੇ ਚੀਨ ਪੱਖੀ ਹੋਣ ਦਾ ਖਦਸ਼ਾ ਖਤਮ ਹੋ ਜਾਂਦਾ ਹੈ। ਉਸ ਨੂੰ ਭਾਰਤ ਵੱਲੋਂ ਲੋੜ ਸਮੇਂ ਦਿੱਤੀ ਗਈ ਆਰਥਿਕ ਸਹਾਇਤਾ ਦਾ ਪੂਰਾ ਅਹਿਸਾਸ ਹੈ। ਉਹ ਜਾਣਦਾ ਹੈ ਕਿ ਪੈਸੇ ਦੇ ਨਿਵੇਸ਼ ਬਿਨਾਂ ਸ੍ਰੀਲੰਕਾ ਆਈ.ਟੀ. ਦੇ ਬੁਨਿਆਦੀ ਢਾਂਚੇ ਨੂੰ ਓਨਾ ਸਮਰੱਥ ਨਹੀਂ ਬਣਾ ਸਕਦਾ ਜਿਸਦੀ ਉਸਦੇ ਦੇਸ਼ ਨੂੰ ਸਖ਼ਤ ਲੋੜ ਹੈ। ਤੇ ਇਸ ਮਾਮਲੇ ਵਿਚ ਚੀਨ ਨਾਲੋਂ ਭਾਰਤ ਦਰਿਆ ਦਿਲ ਹੈ।

ਇਸ ਸਭ ਕਾਸੇ ਦਾ ਸਬੰਧ ਮੇਰੀ ਅਗਸਤ 1983 ਵਾਲੀ ਫੇਰੀ ਨਾਲ ਇਹ ਹੈ ਕਿ ਉਸ ਵੇਲੇ ਮੈਂ ਤਾਮਿਲਾਂ ਦੀਆਂ ਉਨ੍ਹਾਂ ਦੁਕਾਨਾਂ ਨੂੰ ਅਗਨੀ ਭੇਟ ਚੜ੍ਹੀਆਂ ਤੱਕ ਕੇ ਆਇਆ ਸਾਂ ਜਿਨ੍ਹਾਂ ਵਿਚ ਤਾਮਿਲੀਅਨ ਲੋਕ ਆਟਾ, ਚੌਲ, ਕਪੜਾ, ਜੇਵਰ, ਸਾਈਕਲ, ਘੜੀਆਂ ਤੇ ਬਿਜਲੀ ਦਾ ਸਾਮਾਨ ਵੇਚਦੇ ਸਨ। ਮੈਂ ਇਸ ਤੱਥ ਦਾ ਵੀ ਚਸ਼ਮਦੀਦ ਗਵਾਹ ਹਾਂ ਕਿ ਇਨ੍ਹਾਂ ਸੜੀਆਂ-ਫੂਕੀਆਂ ਦੁਕਾਨਾਂ ਦੇ ਮਾਲਿਕ ਭਾਰਤ ਲਈ ਉਡਾਣ ਭਰਨ ਆਏ ਸਨ, ਤਾਂ ਉਨ੍ਹਾਂ ਨੂੰ ਟਿਕਟਾਂ ਨਹੀਂ ਸਨ ਮਿਲ ਰਹੀਆਂ। ਉਹ ਜਾਂਦੇ ਤਾਂ ਕਿੱਥੇ ਜਾਂਦੇ। ਉਨ੍ਹਾਂ ਦੀਆਂ ਦੁਕਾਨਾਂ ਤੇ ਘਰ ਘਾਟ ਸਿਨਹਾਲੀਆਂ ਨੇ ਫੂਕ ਛੱਡੇ ਸਨ।

**ਅੰਤਿਕਾ**

ਲਖਵਿੰਦਰ ਜੌਹਲ॥  
ਬਣ ਮਸੀਹੇ ਜ਼ਿੰਦਗੀ ਦੇ ਆਏ ਸਨ ਜੋ ਧਰਤ 'ਤੇ  
ਜ਼ਹਿਰ ਘੋਲਣ ਆਪ ਖੂਹੀਂ, ਉੱਠ ਕੇ ਵੇਖੋ ਭਲਾ।

# ਅਥਲੀਟਾਂ ਦੇ ਪਰਿਵਾਰ ਦੀ ਮੋਢੀ ਓਲੰਪੀਅਨ ਗੁਰਮੀਤ ਕੌਰ

**ਜਾਈਆਂ ਖੇਡ ਮੈਦਾਨ ਦੀਆਂ-3**

**ਗੁਰਮੀਤ ਵੱਲੋਂ ਬਣਾਇਆ ਇਹ ਕੌਮੀ ਰਿਕਾਰਡ 14 ਸਾਲਾਂ ਤੱਕ ਉਸ ਦੇ ਨਾਂ ਰਿਹਾ ਅਤੇ 2014 ਵਿੱਚ ਅਨੂ ਰਾਣੀ ਨੇ ਇਸ ਰਿਕਾਰਡ ਨੂੰ ਤੋੜਿਆ। ਸਾਲ 2003 ਵਿੱਚ ਹੈਦਰਾਬਾਦ ਵਿਖੇ ਹੋਈਆਂ ਪਹਿਲੀ ਐਫਰੋ ਏਸ਼ੀਅਨ ਖੇਡਾਂ ਵਿੱਚ ਗੁਰਮੀਤ ਨੇ ਚਾਂਦੀ ਦਾ ਤਮਗਾ ਜਿੱਤਿਆ।**

ਮਾਝੇ ਦੇ ਇਤਿਹਾਸਕ ਪਿੰਡ ਸਭਰਾਵਾਂ ਨੂੰ ਇਹ ਮਾਣ ਹਾਸਲ ਹੈ ਕਿ ਇਸ ਇਕੱਲੇ ਪਿੰਡ ਨੇ ਭਾਰਤ ਨੂੰ ਪੰਜ ਕੌਮਾਂਤਰੀ ਅਥਲੀਟ ਦਿੱਤੇ ਹਨ ਜਿਨ੍ਹਾਂ ਨੇ ਕੌਮਾਂਤਰੀ ਪੱਧਰ 'ਤੇ ਦੇਸ਼ ਦਾ ਨਾਂ ਚਮਕਾਇਆ ਹੈ।ਇਨ੍ਹਾਂ ਚੋਂ ਚਾਰ ਮਹਿਲਾਵਾਂ ਹਨ, ਚਾਰ ਇਕ ਪਰਿਵਾਰ ਦੇ ਮੈਂਬਰ ਹਨ ਅਤੇ ਤਿੰਨ ਓਲੰਪੀਅਨ ਹਨ।ਕੌਮੀ ਖੇਡਾਂ, ਆਲ ਇੰਡੀਆ ਪੁਲਿਸ ਖੇਡਾਂ ਤੋਂ ਲੈ ਕੇ ਏਸ਼ਿਆਈ, ਰਾਸ਼ਟਰਮੰਡਲ ਖੇਡਾਂ, ਏਸ਼ੀਅਨ ਚੈਂਪੀਅਨਸ਼ਿਪ,



**ਨਵਦੀਪ ਸਿੰਘ ਗਿੱਲ**

ਐਫਰੋ ਏਸ਼ੀਅਨ ਖੇਡਾਂ, ਸੈਫ ਖੇਡਾਂ, ਇੰਡੋ-ਪਾਕਿ ਪੰਜਾਬ ਖੇਡਾਂ ਆਦਿ ਸਭ ਕੌਮਾਂਤਰੀ ਮੁਕਾਬਲਿਆਂ ਦੇ ਮੈਡਲ ਸਭਰਾਵਾਂ ਦੀ ਝੋਲੀ ਪਏ ਹਨ।

ਗੁਰਮੀਤ ਕੌਰ, ਹਰਵੰਤ ਕੌਰ ਤੇ ਰਾਜਵਿੰਦਰ ਕੌਰ ਗਿੱਲ ਓਲੰਪੀਅਨ ਬਣੇ।ਪਿੰਡ ਨੂੰ ਖੇਡਾਂ ਦੀ ਜਾਗ ਬਾਬਾ ਦਲੀਪ ਸਿੰਘ ਨੇ ਲਾਈ ਜਿਸ ਦੀ ਧੀ, ਪੋਤੇ-ਪੋਤੀਆਂ ਨੇ ਦੇਸ਼ ਦਾ ਨਾਮ ਰੌਸ਼ਨ ਕੀਤਾ।ਬਾਬਾ ਦਲੀਪ ਸਿੰਘ ਦੇ ਪਰਿਵਾਰ ਨੂੰ ਖੇਡਾਂ ਦੀ ਗੁੜ੍ਹਤੀ ਭਾਵੇਂ ਬਾਬੇ ਦਲੀਪ ਸਿੰਘ ਤੋਂ ਮਿਲੀ ਸੀ ਪਰ ਇਸ ਪਰਿਵਾਰ ਵਿੱਚੋਂ ਖੇਡਾਂ ਦੇ ਖੇਤਰ ਵਿੱਚ ਕੌਮਾਂਤਰੀ ਪੱਧਰ 'ਤੇ ਉਡਾਣ ਭਰਨ ਵਿੱਚ ਮੋਹਰੀ ਭੂਮਿਕਾ ਗੁਰਮੀਤ ਕੌਰ ਨੇ ਨਿਭਾਈ।

ਗੁਰਮੀਤ ਕੌਰ ਨੇ ਜੈਵਲਿਨ ਥਰੋਅ ਵਿੱਚ ਏਸ਼ਿਆਈ ਖੇਡਾਂ, ਏਸ਼ੀਅਨ ਚੈਂਪੀਅਨਸ਼ਿਪ, ਐਫਰੋ ਏਸ਼ੀਅਨ ਖੇਡਾਂ ਅਤੇ ਸੈਫ ਖੇਡਾਂ ਵਿੱਚ ਤਮਗੇ ਜਿੱਤੇ। ਓਲੰਪਿਕਸ ਖੇਡਣ ਵਾਲੀ ਵਾਲੀ ਗੁਰਮੀਤ ਕੌਰ ਵੱਲੋਂ ਜੈਵਲਿਨ ਥਰੋਅ ਵਿੱਚ ਬਣਾਇਆ ਕੌਮੀ ਰਿਕਾਰਡ 14 ਸਾਲ ਕਾਇਮ ਰਿਹਾ।ਜੈਵਲਿਨ ਭਾਵੇਂ ਮੁੱਖ ਈਵੈਂਟ ਸੀ ਪਰ ਕੌਮੀ ਪੱਧਰ ਉੱਤੇ ਜੈਵਲਿਨ, ਡਿਸਕਸ, ਸ਼ਾਟਪੁੱਟ, ਉੱਚੀ ਛਾਲ ਆਦਿ ਈਵੈਂਟਾਂ ਵਿੱਚ ਮੈਡਲਾਂ ਦਾ ਅਰਧ ਸੈਂਕੜਾ ਪਾਰ ਕਰ ਚੁੱਕੀ ਗੁਰਮੀਤ ਕੌਰ ਨੂੰ ਅਥਲੈਟਿਕਸ ਵਿੱਚ ਸਤਿਕਾਰ ਨਾਲ ਗੁਰਮੀਤ ਭੂਆ ਦੇ ਨਾਮ ਨਾਲ ਪੁਕਾਰਿਆ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਉਸ ਦੀਆਂ ਦੋ ਭਤੀਜਿਆਂ ਅਤੇ ਇਕ ਭਤੀਜੇ ਨੇ ਵੀ ਅਥਲੈਟਿਕਸ ਖੇਡ ਵਿੱਚ ਆਪਣੀ ਭੂਆ ਦੇ ਨਕਸ਼ੇ ਕਦਮਾਂ 'ਤੇ ਚੱਲਦਿਆਂ ਕੌਮਾਂਤਰੀ ਪੱਧਰ 'ਤੇ ਮੱਲਾਂ ਮਾਰੀਆ। ਗੁਰਮੀਤ ਦੀ ਸਭ ਤੋਂ ਵੱਡੀ ਭਤੀਜੀ ਹਰਵੰਤ ਕੌਰ ਨੇ ਰਾਸ਼ਟਰਮੰਡਲ ਖੇਡਾਂ ਵਿੱਚ ਚਾਂਦੀ ਦਾ ਤਮਗਾ ਜਿੱਤ ਕੇ ਆਪਣੀ ਭੂਆ ਦਾ ਨਾਂ ਚਮਕਾਇਆ।ਗੁਰਮੀਤ ਤੇ ਹਰਵੰਤ ਦੋਵੇਂ ਥਰੋਅਰ ਭੂਆ ਭਤੀਜੀ ਓਲੰਪੀਅਨ ਹਨ।ਇਕ ਹੋਰ ਭਤੀਜੀ ਪਤਵੰਤ ਕੌਰ ਤੇ ਭਤੀਜੇ ਕੁਲਦੇਵ ਸਿੰਘ ਨੇ ਵੀ ਦੇਸ਼ ਅਤੇ ਪੰਜਾਬ ਦਾ ਨਾਮ ਰੌਸ਼ਨ ਕੀਤਾ।



ਅੰਮ੍ਰਿਤਸਰ ਜ਼ਿਲ੍ਹੇ ਦੇ ਖੇਡਾਂ ਦੀ ਨਰਸਰੀ ਵਜੋਂ ਜਾਣ ਜਾਂਦੇ ਪਿੰਡ ਸਭਰਾਵਾਂ ਵਿੱਚ ਖੇਡਾਂ ਦੀ ਮੋੜੀ ਗੱਡਣ ਵਾਲੀ ਗੁਰਮੀਤ ਕੌਰ ਦਾ ਜਨਮ 20 ਜੂਨ 1970 ਨੂੰ ਹੋਇਆ ਸੀ। ਜੈਵਲਿਵ ਥਰੋਅਰ ਗੁਰਮੀਤ ਨੇ 16 ਵਰ੍ਹਿਆਂ ਦੀ ਉਮਰੇ 1986 ਦੀ ਸਿਓਲ ਏਸ਼ਿਆਈ ਖੇਡਾਂ ਵਿੱਚ ਹਿੱਸਾ ਲੈ ਕੇ ਕੌਮਾਂਤਰੀ ਮੁਕਾਬਲਿਆਂ ਦੇ ਪਿੜ ਵਿੱਚ ਉਤਰਨ ਦੀ ਸ਼ੁਰੂਆਤ ਕੀਤੀ। ਗੁਰਮੀਤ ਨੂੰ ਏਸ਼ਿਆਈ ਖੇਡਾਂ ਵਿੱਚ ਪਹਿਲੀ ਸਫਲਤਾ 12 ਵਰ੍ਹਿਆਂ ਬਾਅਦ 1998 ਵਿੱਚ ਬੈਕਾਂਕ ਏਸ਼ਿਆਈ ਖੇਡਾਂ ਵਿੱਚ ਮਿਲੀ ਜਦੋਂ ਉਸ ਨੇ ਕਾਂਸੀ ਦਾ ਤਮਗਾ ਜਿੱਤਿਆ। ਇਸੇ ਸਾਲ ਜਪਾਨ ਵਿਖੇ ਹੋਈ ਏਸ਼ਿਆਈ ਚੈਂਪੀਅਨਸ਼ਿਪ ਵਿੱਚ ਵੀ ਉਸ ਨੇ ਕਾਂਸੀ ਦਾ ਤਮਗਾ ਜਿੱਤਿਆ। 1999 ਵਿੱਚ ਕਾਠਮੰਡੂ ਵਿਖੇ ਹੋਈਆਂ ਸੈਫ ਖੇਡਾਂ ਵਿੱਚ ਉਸ ਨੇ ਸੋਨੇ ਦਾ ਤਮਗਾ ਜਿੱਤਿਆ। ਗੁਰਮੀਤ ਨੇ 1999 ਵਿੱਚ ਸਪੇਨ ਵਿਖੇ ਹੋਈ ਵਿਸ਼ਵ ਚੈਂਪੀਅਨਸ਼ਿਪ ਵਿੱਚ ਵੀ ਹਿੱਸਾ ਲਿਆ। 2000 ਵਿੱਚ ਜਕਾਰਤਾ ਵਿਖੇ ਹੋਈ ਏਸ਼ੀਅਨ ਮੀਟ ਵਿੱਚ ਚਾਂਦੀ ਦਾ ਤਮਗਾ ਜਿੱਤਿਆ। ਇਸੇ ਸਾਲ ਉਸ ਨੇ ਸਿਡਨੀ ਵਿਖੇ ਓਲੰਪਿਕ ਖੇਡਾਂ ਵਿੱਚ ਹਿੱਸਾ ਲਿਆ। ਗੁਰਮੀਤ ਕੌਰ ਨੇ 17 ਜੁਲਾਈ 2000 ਵਿੱਚ ਬੰਗਲੌਰ ਵਿਖੇ ਹੋਈ ਮੀਟ ਵਿੱਚ 58.64 ਮੀਟਰ ਦੂਰ ਜੈਵਲਿਨ ਸੁੱਟੀ ਜਿਹੜਾ ਕਿ ਨਵਾਂ ਰਿਕਾਰਡ ਸੀ। ਗੁਰਮੀਤ ਵੱਲੋਂ ਬਣਾਇਆ ਇਹ ਕੌਮੀ ਰਿਕਾਰਡ 14 ਸਾਲਾਂ ਤੱਕ ਉਸ ਦੇ ਨਾਂ ਰਿਹਾ ਅਤੇ 2014 ਵਿੱਚ ਅਨੂ ਰਾਣੀ ਨੇ ਇਸ ਰਿਕਾਰਡ ਨੂੰ ਤੋੜਿਆ। ਸਾਲ 2003 ਵਿੱਚ ਹੈਦਰਾਬਾਦ ਵਿਖੇ ਹੋਈਆਂ ਪਹਿਲੀ ਐਫਰੋ ਏਸ਼ੀਅਨ ਖੇਡਾਂ ਵਿੱਚ ਗੁਰਮੀਤ ਨੇ ਚਾਂਦੀ ਦਾ ਤਮਗਾ ਜਿੱਤਿਆ।



ਸਾਲ 2003 ਵਿੱਚ ਗੁਰਮੀਤ ਨੂੰ ਉਸ ਵੇਲੇ ਵੱਡਾ ਸਦਮਾ ਪੁੱਜਾ ਜਦੋਂ ਉਸ ਦਾ ਪਤੀ ਯਾਦਵਿੰਦਰ ਸਿੰਘ ਹਾਦਸੇ ਕਾਰਨ ਭਰ ਜਵਾਨੀ ਵਿੱਚ ਸਦੀਵੀ ਵਿਛੋੜਾ ਦੇ ਗਿਆ ਜਿਸ ਕਾਰਨ ਉਹ ਕੁਝ ਸਮਾਂ ਉਹ ਖੇਡ ਮੈਦਾਨ ਤੋਂ ਬਾਹਰ ਰਹੀ ਅਤੇ ਸਾਲ 2004 ਦੀਆਂ ਏਥਨਜ਼ ਓਲੰਪਿਕ ਖੇਡਾਂ ਵਿੱਚ ਹਿੱਸਾ ਨਾ ਲੈ ਸਕੀ। ਏਥਨਜ਼ ਓਲੰਪਿਕਸ ਵਿੱਚ ਗੁਰਮੀਤ ਦੀ ਭਤੀਜੀ ਹਰਵੰਤ ਕੌਰ ਨੇ ਡਿਸਕਸ ਥਰੋਅ ਮੁਕਾਬਲਿਆਂ ਵਿੱਚ ਹਿੱਸਾ ਲੈ ਕੇ ਪਰਿਵਾਰ ਦੀ ਹਾਜ਼ਰੀ ਲਗਾਈ। ਇਸ ਸਦਮੇ ਤੋਂ ਉਭਾਰਨ ਵਿੱਚ ਉਸ ਦੇ ਵਿਭਾਗ, ਪਰਿਵਾਰ ਅਤੇ ਖਾਸ ਕਰਕੇ ਉਸ ਦੇ ਪਿਤਾ ਨੇ ਉਸ ਦੀ ਮੱਦਦ ਕੀਤੀ। ਸਾਲ 2006 ਵਿੱਚ ਕੋਲੰਬੋ ਵਿਖੇ ਹੋਈਆਂ ਸੈਫ ਖੇਡਾਂ ਵਿੱਚ 36 ਵਰ੍ਹਿਆਂ ਦੀ ਉਮਰੇ ਗੁਰਮੀਤ ਨੇ ਕਾਂਸੀ ਦਾ ਤਮਗਾ ਜਿੱਤਿਆ। ਗੁਰਮੀਤ ਕੌਰ ਨੇ 2000 ਵਿੱਚ ਸਿਡਨੀ ਅਤੇ ਹਰਵੰਤ ਕੌਰ ਨੇ 2004 ਵਿੱਚ ਏਥਨਜ਼ ਅਤੇ 2008 ਵਿੱਚ ਬੀਜਿੰਗ ਵਿਖੇ ਓਲੰਪਿਕ ਖੇਡਾਂ ਵਿੱਚ ਹਿੱਸਾ ਲੈ ਕੇ ਪਰਿਵਾਰ ਦੀ ਓਲੰਪਿਕ ਹੈਟ੍ਰਿਕ ਪੂਰੀ ਕੀਤੀ।

ਐਲ.ਆਈ.ਸੀ. ਵਿੱਚ ਕਲਾਸ ਵਨ ਅਫਸਰ ਵਜੋਂ ਸੇਵਾਵਾਂ ਨਿਭਾ ਰਹੀ ਗੁਰਮੀਤ ਕੌਰ ਹੁਣ ਤੱਕ ਵੱਡੀ ਉਮਰ ਵਿੱਚ ਵੀ ਆਪਣੇ ਵਿਭਾਗ ਦੀਆਂ ਖੇਡਾਂ ਆਲ ਇੰਡੀਆ ਐਲ.ਆਈ.ਸੀ. ਸਪੋਰਟਸ ਫੈਸਟੀਵਲ ਵਿੱਚ ਵੀ ਹਿੱਸਾ ਲੈਂਦੀ ਰਹੀ ਹੈ।ਗੁਰਮੀਤ ਕੌਰ ਦੇ ਮੁੱਢਲੇ ਕੋਚ ਉਸ ਦੇ ਦਾਦਾ ਦਲੀਪ ਸਿੰਘ ਹੀ ਸਨ। ਗੁਰਮੀਤ ਕੌਰ ਨੂੰ ਖੇਡ ਪ੍ਰਾਪਤੀਆਂ ਬਦਲੇ ਭਾਰਤ ਸਰਕਾਰ ਨੇ ਅਰਜੁਨਾ ਐਵਾਰਡ ਅਤੇ ਪੰਜਾਬ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਸਨਮਾਨਤ ਕੀਤਾ।

# ਕੀ ਟੁੱਟ ਸਕੇਗਾ ਬੋਲਟ ਦਾ ਰਿਕਾਰਡ?



ਜਮਾਇਕਾ ਦੇ ਅਫ਼ਰੀਕੀ ਕੈਰੀਬੀਅਨ ਦੌੜਾਕ ਉਸੈਨ ਬੋਲਟ ਦੇ ਰਿਕਾਰਡ ਦੀ, ਜਿਸ ਨੂੰ ਉਸਨੇ 2009 'ਚ ਬਰਲਿਨ ਵਿਖੇ ਵਿਸ਼ਵ ਅਥਲੈਟਿਕ ਮੁਕਾਬਲੇ 'ਚ ਬਟਾਇਆ ਸੀ, ਇਸ ਵਿਚ ਉਸਨੇ 100 ਮੀਟਰ 9:58 ਸਕਿੰਟ ਵਿਚ ਪੂਰੀ ਕਰਕੇ ਵਿਸ਼ਵ ਰਿਕਾਰਡ ਕਾਇਮ ਕੀਤਾ ਅਤੇ ਕੁੱਲ ਲੋਕਾਈ ਮੂੰਹ ਵਿਚ ਉਂਗਲ ਪਾਉਣ ਲਈ ਮਜਬੂਰ ਹੋ ਗਈ।

ਅਜੇ ਤੀਕ ਉਸ ਦੇ ਇਸ ਰਿਕਾਰਡ ਦੀ ਬਰਾਬਰੀ ਕੋਈ ਵੀ ਮਾਈ ਦਾ ਲਾਲ ਨਹੀਂ ਕਰ ਸਕਿਆ। ਖੇਡ ਵਿਗਿਆਨੀ ਅਤੇ ਮਾਹਿਰ ਹੈਰਾਨ ਹਨ ਕਿ ਜਿਸ ਤਰ੍ਹਾਂ ਇਸ ਦੌੜ ਦੀ ਸਮਾਪਤੀ ਦਾ ਸਮਾਂ ਦਿਨ-ਬ-ਦਿਨ ਘਟਦਾ ਜਾ ਰਿਹਾ ਹੈ, ਨੂੰ ਦੇਖ ਕੇ ਸਵਾਲ ਉੱਠਦਾ ਹੈ, ਕੀ ਭਵਿੱਖ ਵਿਚ 9:00 ਸਕਿੰਟਾਂ ਵਾਲੀ ਹੱਦ ਵੀ ਟੁੱਟ ਸਕਦੀ ਹੈ? ਭਾਵੇਂ ਇਹ ਹੱਦ ਨੇੜ ਭਵਿੱਖ 'ਚ ਨਾ ਟੁੱਟੇ ਪਰ ਜਿਸ ਹਿਸਾਬ ਨਾਲ ਖੇਡਾਂ ਅੰਦਰ ਜ਼ੋਰ ਦੇ ਨਾਲ-ਨਾਲ ਵਿਗਿਆਨਕ ਜੁਗਤ ਨੇ ਥਾਂ ਬਣਾਈ ਹੋਈ ਹੈ, ਉਸ ਤੋਂ ਭਾਸਦਾ ਹੈ ਕਿ ਆਉਣ ਵਾਲੇ ਸਾਲਾਂ ਵਿਚ 100 ਮੀਟਰ ਦੌੜ ਦਾ ਸਮਾਂ 9 ਸਕਿੰਟਾਂ ਤੋਂ ਵੀ ਘੱਟ ਸਕਦਾ ਹੈ। ਸਾਲ 1968 ਦੀਆਂ ਮੈਕਸੀਕੋ ਓਲੰਪਿਕ ਖੇਡਾਂ ਵੇਲੇ ਜਦੋਂ ਜਿੰਮ ਹਾਈਨੀਜ਼ ਨੇ ਇਹ ਦੌੜ 9:95 ਸਕਿੰਟਾਂ 'ਚ ਲਾ ਦਿੱਤੀ ਤਾਂ ਖੇਡ ਮਾਹਿਰਾਂ ਨੇ ਭਵਿੱਖਬਾਣੀ ਕੀਤੀ ਸੀ ਕਿ 9:60 ਸਕਿੰਟਾਂ ਦੇ ਸਮੇਂ ਦੀ ਹੱਦ ਤੋੜਨ ਲਈ ਖਿਡਾਰੀਆਂ ਨੂੰ 100 ਸਾਲ ਲੱਗ ਸਕਦੇ ਨੇ ਪਰ ਇਹ ਹੱਦ 41 ਸਾਲਾਂ ਬੋਲਟ ਨੇ 9:58 ਸਕਿੰਟਾਂ ਦਾ ਸਮਾਂ ਕੱਢ ਤੋੜ ਦਿੱਤੀ। ਬੋਲਟ ਵੀ ਆਪਣਾ ਬਣਾਇਆ ਇਹ ਰਿਕਾਰਡ ਜੇ ਤੋੜਨਾ ਚਾਹੇ ਤਾਂ ਉਸਨੂੰ ਦੌੜ ਸ਼ੁਰੂ ਕਰਨ ਵੇਲੇ ਰੀਐਕਸ਼ਨ ਟਾਈਮ ਹੋਰ ਸੁਧਾਰਨਾ ਪਵੇਗਾ ਅਤੇ ਪ੍ਰਤੀਕਿਰਿਆ ਦੇ ਸ਼ੁਰੂਆਤੀ ਭਾਗ ਵਿਚ ਮਾਸਪੇਸ਼ੀਆਂ ਦੀ ਅਧਿਕਤਮ ਤਾਕਤ ਨੂੰ ਵਧਾ ਕੇ ਫੁਰਤੀ ਨਾਲ ਸਟਾਟਿੰਗ ਬਲਾਕ ਨੂੰ ਧੱਕ ਕੇ ਅੱਗੇ ਵਧਣਾ ਹੋਵੇਗਾ ਭਾਵ ਪ੍ਰਤੀਕਿਰਿਆ ਸਮਾਂ 15 ਮਿਲੀ ਸਕਿੰਟਾਂ ਤੋਂ ਵੀ ਘੱਟ ਰੱਖਣਾ ਹੋਵੇਗਾ ਤਾਂ ਜਾ ਕੇ ਉਹ ਇਸ ਰਿਕਾਰਡ ਸਮੇਂ ਨੂੰ 02 ਤੋਂ 04 ਮਿਲੀ ਸਕਿੰਟ ਸੁਧਾਰ ਸਕਦਾ ਹੈ।

## ਕਾਮਯਾਬ ਦੌੜਾਕ ਲਈ ਕੀ ਹੋ ਸਕਦਾ ਹੈ ਪੈਮਾਨਾ?

100 ਮੀਟਰ ਦੀ ਦੌੜ ਦੌੜਨ ਵਾਲੇ ਕਾਮਯਾਬ ਖਿਡਾਰੀ ਲਈ ਖੇਡ ਮਾਹਿਰ ਜੋ ਪੈਮਾਨਾ ਦੱਸਦੇ ਹਨ, ਉਸ ਦੇ ਮੁਤਾਬਿਕ ਦੌੜਾਕ ਦਾ ਕੱਦ ਸਵਾ ਛੇ ਫੁੱਟ ਹੋਵੇ ਤੇ ਵਜ਼ਨ 87 ਤੋਂ 90 ਕਿਲੋ। ਦੌੜ ਸ਼ੁਰੂ ਹੋਣ ਵੇਲੇ ਉਸਦੇ ਸਟਾਟਿੰਗ ਬਲਾਕ ਦਾ ਫ਼ਾਸਲਾ ਇਕ ਦੂਜੇ ਤੋਂ ਐਨਾ ਕੁ ਹੋਵੇ ਕਿ ਦੌੜਾਕ ਆਪਣੀਆਂ ਲੱਤਾਂ ਨੂੰ ਪੂਰਾ ਖੋਲ੍ਹ ਕੇ ਸਟਾਰਟ ਲਵੇ ਤਾਂ ਜੋ ਸਟਾਟਿੰਗ ਬਲਾਕ ਨੂੰ ਜ਼ੋਰ ਨਾਲ ਧੱਕ ਕੇ ਗੋਲੀ ਵਾਂਗ ਅੱਗੇ ਵੱਧ ਸਕੇ। ਦੌੜਾਕ ਦੇ ਕੱਪੜੇ ਪੂਰੇ ਤੰਗ ਹੋਣ ਤਾਂ ਕਿ ਹਵਾ ਦਾ ਪ੍ਰਤੀਰੋਧ ਦੌੜਾਕ ਲਈ ਰੁਕਾਵਟ ਨਾ ਬਣ ਸਕੇ। ਦੌੜ ਸ਼ੁਰੂ ਕਰਵਾਉਣ ਵਾਲੇ ਸਟਾਟਰ ਵਲੋਂ ਮਾਈਕ ਵਿਚ ਉਚਾਰੇ ਜਾਣ ਵਾਲੇ ਸ਼ਬਦ... ਆਨ ਯੁਅਰ ਮਾਰਕ.. ਸੈੱਟ ਆਖਣ ਤੋਂ ਬਾਅਦ... ਪਿਸਟਲ ਦੇ ਫਾਇਰ ਨੂੰ ਸੁਣਨ ਵੇਲੇ ਦੌੜਾਕ ਦਾ ਰਿਐਕਸ਼ਨ ਸਮਾਂ ਇਕ ਸਕਿੰਟ ਦਾ ਦਸਵਾਂ ਹਿੱਸਾ ਹੋਣਾ ਚਾਹੀਦਾ ਹੈ। ਦੌੜਾਕ ਜਿਸ ਤੇਜ਼ੀ ਨਾਲ ਦੌੜ ਪੂਰੀ ਕਰੇ ਉਨੀ ਹੀ ਤੇਜ਼ੀ ਅਤੇ ਲੰਬੇ ਕਦਮਾਂ ਨਾਲ ਦੌੜ ਦੀ ਫਨਿਸ਼ਿੰਗ ਰਨ ਥਰੁ ਹੋਵੇ। ਇਸ ਤਰ੍ਹਾਂ ਦੇ ਪ੍ਰਦਰਸ਼ਨ ਲਈ ਖਿਡਾਰੀ ਦੇ ਪੱਟਾਂ ਅਤੇ ਲੱਤਾਂ ਵਿਚ ਭਰਪੂਰ ਸ਼ਕਤੀ ਦੀ ਲੋੜ ਹੁੰਦੀ ਹੈ ਜੋ ਕਠਿਨ ਅਭਿਆਸ ਰਾਹੀਂ ਸੰਭਵ ਹੈ। ਉਸ ਤੋਂ ਬਾਅਦ ਗੱਲ ਆਉਂਦੀ ਹੈ ਵਾਤਵਰਨ ਦੀ। ਖੇਡ ਮੁਕਾਬਲੇ ਵੇਲੇ ਖਿਡਾਰੀ ਦੇ ਪ੍ਰਦਰਸ਼ਨ ਦੌਰਾਨ ਅਨੁਕੂਲ ਵਾਤਾਵਰਨ ਦਾ ਹੋਣਾ ਅਤਿ ਜ਼ਰੂਰੀ ਹੈ।



**ਸਾਲ 1968 ਦੀਆਂ ਮੈਕਸੀਕੋ ਓਲੰਪਿਕ ਖੇਡਾਂ ਵੇਲੇ ਜਦੋਂ ਜਿੰਮ ਹਾਈਨੀਜ਼ ਨੇ ਇਹ ਦੌੜ 9:95 ਸਕਿੰਟਾਂ 'ਚ ਲਾ ਦਿੱਤੀ ਤਾਂ ਖੇਡ ਮਾਹਿਰਾਂ ਨੇ ਭਵਿੱਖਬਾਣੀ ਕੀਤੀ ਸੀ ਕਿ 9:60 ਸਕਿੰਟਾਂ ਦੇ ਸਮੇਂ ਦੀ ਹੱਦ ਤੋੜਨ ਲਈ ਖਿਡਾਰੀਆਂ ਨੂੰ 100 ਸਾਲ ਲੱਗ ਸਕਦੇ ਨੇ ਪਰ ਇਹ ਹੱਦ 41 ਸਾਲਾਂ ਬੋਲਟ ਨੇ 9:58 ਸਕਿੰਟਾਂ ਦਾ ਸਮਾਂ ਕੱਢ ਤੋੜ ਦਿੱਤੀ।**

# ਸਾਦਗੀ

ਸਾਦਗੀ ਇਨਸਾਨ ਦਾ ਇੱਕ ਮਹੱਤਵਪੂਰਣ ਗੁਣ ਹੈ। ਇਨਸਾਨ ਨੂੰ ਲੱਗਦਾ ਹੈ ਕਿ ਸਾਦਗੀ ਸਿਰਫ਼ ਇੱਕ ਪ੍ਰਗਟਾਵਾਂ ਹੈ, ਇੱਕ ਕਿਸਮ ਦਾ ਤਿਆਗ ਜੋ ਇਨਸਾਨ ਦੂਜਿਆਂ ਨੂੰ ਦਿਖਾਉਂਦਾ ਹੈ ਜਿਵੇਂ ਥੋੜੇ ਜਿਹੇ ਕੱਪੜੇ ਸਰੀਰ ਉਤੇ ਪਾਉਣੇ, ਲੰਗੋਟੀ ਲਾ ਲੈਣੀ, ਘਰ-ਬਾਰ ਛੱਡ ਦੇਣਾ, ਥੋੜੀਆਂ ਜਿਹੀਆਂ ਲੋੜਾਂ, ਮਮੂਲੀ ਜਿਹਾ ਪੈਸੇ ਦਾ ਲੈਣ-ਦੇਣ। ਪ੍ਰੰਤੂ ਇਹ ਤਾਂ ਸਾਦਗੀ ਨਹੀਂ ਹੋ ਸਕਦੀ। ਇਹ ਤਾਂ ਸਿਰਫ਼ ਬਾਹਰੀ ਦਿਖਵਾ ਹੈ। ਸਾਦਗੀ ਇੱਕ ਬੁਨਿਆਦੀ ਦਾਤ ਹੈ, ਪ੍ਰੰਤੂ ਸਾਦਗੀ ਸਿਰਫ਼ ਉਦੋਂ ਹੀ ਹੋਂਦ ਵਿਚ ਆਉਂਦੀ ਹੈ ਜਦੋਂ ਅਸੀਂ ਸਵੈ-ਆਤਮ ਗਿਆਨ ਦੀ ਅਹਿਮੀਅਤ ਨੂੰ ਸਮਝਣਾ ਸ਼ੁਰੂ ਕਰਦੇ ਹਾਂ।

ਜਦੋਂ ਇਨਸਾਨ ਆਪਣੇ ਵਿਸ਼ਵਾਸ ਦੀ ਸਾਰੀ ਕੁਦਰਤੀ ਪ੍ਰਕ੍ਰਿਆ ਨੂੰ ਆਪਣਾ ਲੈਂਦਾ ਹੈ ਉਦੋਂ ਸਾਦਗੀ ਇਨਸਾਨ ਵਿਚੋਂ ਉਤਪਨ ਹੁੰਦੀ ਹੈ। ਕਿਉਂਕਿ ਇਹ ਸਾਦਗੀ ਇਨਸਾਨ ਨੂੰ ਸੰਵੇਦਨਸ਼ੀਲ ਬਣਾਉਂਦੀ ਹੈ। ਮਨ ਜੋ ਕਿ ਸੰਵੇਦਨਸ਼ੀਲ ਨਹੀਂ, ਸੁਚੇਤ ਨਹੀਂ, ਕੁਝ ਵੀ ਸਮਝਣ ਦੇ ਅਸਮਰਥ ਹੈ। ਆਪਣੇ ਆਪ ਨੂੰ ਸਾਦਾ ਬਣਾਉਣ ਲਈ ਕੀਤੀ ਗਈ ਹੁਕਮ ਪਾਲਣਾ ਸੱਚ-ਮੁੱਚ ਹੀ ਦਿਲੋਂ ਦਿਮਾਗ ਨੂੰ ਅਸਮਰਥ ਕਰ ਦਿੰਦੀ ਹੈ। ਸਾਦਗੀ ਕਿਸੇ ਇੱਕ ਅਕਾਰ ਵਿਚ ਰੂਪ ਧਾਰਨ ਕਰਨ ਵਾਲੀ ਗੱਲ ਨਹੀਂ ਹੈ। ਸਾਦਾ ਹੋਣ ਲਈ ਚੋਖੀ ਸਿਆਪਣ ਦੀ ਲੋੜ ਹੁੰਦੀ ਹੈ, ਜਦੋਂ ਇਨਸਾਨ ਕਿਸੇ ਖਾਸ ਤਰੀਕੇ ਅਨੁਸਾਰ ਨਹੀਂ ਚਲਦੇ, ਬਾਹਰੀ ਤੌਰ 'ਤੇ ਉਹ ਭਾਵੇਂ ਕਿੰਨੇ ਹੀ ਵਧੀਆ ਲਗਦੇ ਹੋਣ। ਬਹੁਤ ਸਾਰੇ ਇਨਸਾਨ ਬਾਹਰੀ ਤੌਰ 'ਤੇ ਸਾਦੇ ਹੋਣ ਦੀ ਸ਼ੁਰੂਆਤ ਕਰਦੇ ਹਨ। ਕੁਦਰਤ ਦੇ ਅਨੁਸਾਰ ਇਹ ਸੌਖੀ ਗੱਲ ਹੈ ਕਿ ਤੁਸੀਂ ਥੋੜੀਆਂ ਜਿਹੀਆਂ ਵਸਤਾਂ ਹੀ ਆਪਣੇ ਕੋਲ ਰੱਖੋ ਅਤੇ ਥੋੜੇ ਵਿਚ ਹੀ ਸੰਤੁਸ਼ਟ ਰਹੋ, ਥੋੜੀਆਂ ਚੀਜਾਂ 'ਚ ਹੀ ਖੁਸ਼ ਰਹੋ ਅਤੇ ਸ਼ਾਇਦ ਉਸ ਥੋੜੇ ਨੂੰ ਵੀ ਦੂਜਿਆਂ ਨਾਲ ਸਾਂਝਾ ਕਰਕੇ ਰਾਜ਼ੀ ਹੋਵੋਗੇ।

ਸਾਦਗੀ ਜੋਕਿ ਮੌਲਿਕ ਹੈ, ਅਸਲੀ ਹੈ, ਸਿਰਫ਼ ਅੰਦਰੂਨੀ ਤੌਰ 'ਤੇ ਹੀ ਹੋਂਦ ਵਿਚ ਆ ਸਕਦੀ ਹੈ, ਅਤੇ ਉਥੋਂ ਹੀ ਉਸ ਦਾ ਬਾਹਰੀ ਪ੍ਰਗਟਾਓ ਹੋ ਸਕਦਾ ਹੈ। ਸਾਦਗੀ ਲਈ ਸਾਦਾ ਹੋਣਾ ਜਰੂਰੀ ਹੈ ਜਿਸ ਵਿਚ ਇਕ ਸੰਵੇਦਨਸ਼ੀਲ ਮਨ, ਸੰਵੇਦਨਸ਼ੀਲ ਹਿਰਦਾ ਜ਼ਰੂਰੀ ਹੈ, ਫਿਰ ਉਹ ਇਕਦਮ ਸਮਝਣਯੋਗ 'ਤੇ ਗ੍ਰਹਿਣ ਕਰਨ ਦੇ ਯੋਗ ਹੋ ਜਾਂਦਾ ਹੈ। ਇਹੋ ਵਜ੍ਹਾ ਹੈ ਕਿ ਸੁਚੇਤ ਹੋਣਾ ਇੰਨਾਂ ਮਹੱਤਵਪੂਰਣ ਹੈ, ਖੁਦ ਇਨਸਾਨ ਨੂੰ ਕੁਦਰਤ ਦੀ ਬਖ਼ਸ਼ੀ ਹੋਈ ਦਾਤ ਸੋਚ ਦੀ ਪ੍ਰਕ੍ਰਿਆ ਸਮਝਣ ਲਈ ਸਾਦਗੀ ਦੇ ਸਮਰੱਥ ਹੋਣਾ ਪੈਂਦਾ ਹੈ। ਕਿਉਂਕਿ ਸਾਦਗੀ ਕੁਦਰਤੀ ਸਰੋਤਾਂ ਤੋਂ ਹੀ ਗ੍ਰਹਿਣ ਕੀਤੀ ਜਾਂ ਸਕਦੀ ਹੈ ਬਨਾਵਟੀ ਪਦਾਰਥਾਂ ਤੋਂ ਨਹੀਂ। ਮਤਲਬ ਅਸਲੀ ਇਨਸਾਨ ਉਹ ਨਹੀਂ ਹੁੰਦਾ ਜੋ ਦੂਸਰਿਆਂ ਨੂੰ ਚੋਗਾ ਪਾਉਂਦਾ ਹੈ, ਲੰਗੋਟੀ ਲਗਾਉਂਦਾ ਹੈ, ਘੱਟ ਖਾਣਾ ਖਾ ਕੇ ਜਿਉਂਦਾ ਹੈ, ਦੂਸਰਿਆਂ ਤੋਂ ਦੂਰੀ ਬਣਾਕੇ ਰੱਖਦਾ ਹੈ, ਪ੍ਰਵਾਚਨ ਕਰਦਾ ਹੈ, ਆਪਣੇ ਆਪ ਨੂੰ ਮਹਾਨ ਦੱਸਦਾ ਹੈ ਜਾਂ ਅਨੇਕਾਂ ਪ੍ਰਕਾਰ ਦੇ ਵਰਤ ਰੱਖ ਲੈਂਦਾ ਹੈ, ਸਗੋਂ ਉਹ ਇਨਸਾਨ ਜੋ ਆਪਣੇ ਹਿਰਦੇ ਅੰਦਰੋਂ ਸਧਾਰਨ ਹੈ, ਜੋ ਆਪਣੇ ਆਪ ਕੁਝ ਬਣ ਨਹੀਂ ਰਿਹਾ ਉਹ ਇਨਸਾਨ ਸਾਦਗੀ ਗ੍ਰਹਿਣ ਵਿਚ ਹੈ।




ਸਾਦਗੀ ਵਾਲੇ ਇਨਸਾਨ ਵਿਚ ਸਭ ਕੁਝ ਨਵੇਂ ਸਿਰੇ ਤੋਂ ਜਾਂਚਣ ਦੀ ਸਮਰੱਥਾ ਆ ਜਾਂਦੀ ਹੈ ਜੋਕਿ ਆਮ ਮਨੁੱਖ ਕੋਲ਼

**ਮਾਸਟਰ ਲਖਵੀਰ ਸਿੰਘ**
**98765-55203**

ਨਹੀਂ ਹੁੰਦੀ। ਕਿਉਂਕਿ ਸਾਦਗੀ ਨਾਲ ਹੀ ਸਾਡੇ ਸਭ ਦੇ ਮਸਲਿਆਂ ਦਾ ਹੱਲ ਹੋ ਸਕਦਾ ਹੈ, ਸਾਦਗੀ ਨਾਲ ਹੀ ਅਨੁਭਵ ਆ ਸਕਦਾ ਹੈ, ਸਾਦਗੀ ਵਿਚੋਂ ਹੀ ਸੰਵਦੇਨਸ਼ੀਲਤਾਂ ਪੈਂਦਾ ਹੋ ਸਕਦੀ ਹੈ, ਸਾਦਗੀ ਵਾਲਾ ਇਨਸਾਨ ਆਪਣੇ ਆਪ ਨੂੰ ਵਰਤਮਾਨ ਅਨੁਸਾਰ ਢਾਲਣ 'ਚ ਸਮਰਥ ਹੈ, ਉਨ੍ਹਾਂ ਸ਼ਕਤੀਸ਼ਾਲੀ ਪ੍ਰਭਾਵਾਂ 'ਤੇ ਦਬਾਵਾਂ ਨੂੰ ਝੱਲ ਸਕਦਾ ਹੈ ਜੋ ਸਾਡਾ ਆਲਾ-ਦੁਆਲਾ ਹਮੇਸ਼ਾ ਸਾਡੇ ਉੱਤੇ ਥੋਪਦਾ ਰਹਿੰਦਾ ਹੈ। ਸਾਦਗੀ ਤੋਂ ਬਿਨਾਂ ਕੋਈ ਇਨਸਾਨ ਸੰਵੇਦਨਸ਼ੀਲ ਨਹੀਂ ਹੋ ਸਕਦਾ, ਕੁਦਰਤੀ ਸਰੋਤਾਂ ਪ੍ਰਤੀ, ਰੁੱਖਾਂ ਪ੍ਰਤੀ, ਪੰਛੀਆਂ ਪ੍ਰਤੀ, ਹਵਾਵਾਂ ਪ੍ਰਤੀ, ਸਾਰੀਆਂ ਉਨ੍ਹਾਂ ਘਟਨਾਵਾਂ ਪ੍ਰਤੀ ਜੋ ਸਾਡੇ ਆਲੇ-ਦੁਆਲੇ ਇਸ ਦੁਨੀਆਂ ਵਿਚ ਹੋ ਰਹੀਆਂ ਹਨ। ਕੁਦਰਤੀ ਸਰੋਤਾਂ ਨੂੰ ਬਚਾਉਣ ਲਈ ਸਾਦਗੀ ਵਾਲਾ ਇਨਸਾਨ ਹੀ ਸਮਝ ਸਕਦਾ ਹੈ ਕਿ ਇਹ ਜੋ ਕੁਦਰਤੀ ਦਾਤਾ ਹਨ ਇਹ ਸਭ ਜੀਵਾਂ ਲਈ ਅਨਮੋਲ ਹਨ। ਇਹਨਾਂ ਦੇ ਆਸਰੇ ਹੀ ਇਨਸਾਨੀ ਜੀਵਨ ਦਾ ਅਨੰਦ ਮਾਣਿਆ ਜਾ ਸਕਦਾ ਹੈ। ਜਿਸ ਖ਼ੁਸ਼ੀ ਅਤੇ ਅਨੰਦ ਦੀ ਭਾਲ ਵਿਚ ਮਨੁੱਖ ਇਧਰ-ਉਧਰ ਦੌੜ-ਭੱਜ ਕਰ ਰਿਹਾ ਉਸ ਨੂੰ ਸਾਦਗੀ ਨਾਲ ਗ੍ਰਹਿਣ ਕੀਤਾ ਜਾ ਸਕਦਾ ਹੈ ਜੋ ਕਿ ਆਪਣੇ ਅੰਦਰੂਨੀ ਹਿਰਦੇ ਤੋਂ ਹੀ ਪ੍ਰਾਪਤ ਹੋਣੀ ਹੈ।

# ਕੌਮਾਂ ਕਿਉਂ ਫੇਲ੍ਹ ਹੁੰਦੀਆਂ ਨੇ ?

## ਪੁਸਤਕ 'ਵਾਏ ਨੇਸ਼ਨਜ਼ ਫੇਲ'




ਅੰਤਰਕੌਮੀ ਵਿਕਾਸ ਦੇ ਖੇਤਰ ਵਿਚ 'ਹੇ ਅਟੌਨਿਸ ਅਲਿ: ਠਹਏ`ਰਗਿਨਿ`ਾ ਫੌਵਰ, ਫਰੋਸਪਏਰਟਿ ਅਨਦ ਫੋਵਏਰਟੇ' ਮਹੱਤਵਪੂਰਨ ਕਿਤਾਬ ਹੈ ਜੋ ਡੈਰਨ ਐਜੇਮੋਲੂ ਅਤੇ ਜੇਮਸ ਏ. ਰੌਬਿਨਸਨ ਨੇ ਲਿਖੀ ਹੈ। ਇਹ ਕਿਤਾਬ ਇਸ ਮਸਲੇ ਬਾਰੇ ਗੱਲਬਾਤ ਕਰਦੀ ਹੈ ਕਿ ਕੁਝ ਕੌਮਾਂ ਤਾਂ

**ਮਨਮੋਹਨ**
**ਫੋਨ: 82839-48811**

ਖੁਸ਼ਹਾਲ ਅਤੇ ਜਮਹੂਰੀ ਹਨ ਜਦੋਂਕਿ ਕੁਝ ਗ਼ਰੀਬੀ ਅਤੇ ਤਾਨਾਸ਼ਾਹੀ ਨਾਲ ਗ੍ਰਸਤ। ਐਜੇਮੋਲੂ, ਮੈਸਾਚੂਸੈਟਸ ਇੰਸਟੀਚਿਊਟ ਵਿਚ ਅਰਥ-ਸ਼ਾਸਤਰ ਦਾ ਪ੍ਰੋਫੈਸਰ ਹੈ ਤੇ ਰੌਬਿਨਸਨ, ਸ਼ਿਕਾਗੋ ਯੂਨੀਵਰਸਿਟੀ ਦੇ ਹੈਰਿਸ ਸਕੂਲ ਆਫ ਪਬਲਿਕ ਪਾਲਿਸੀ ਵਿਚ ਪੜ੍ਹਾਉਂਦਾ ਹੈ। ਦੋਵੇਂ ਜਣੇ ਨਵ-ਸੰਸਥਈ ਅਰਥ-ਸ਼ਾਸਤਰੀ ਵਿਚਾਰਧਾਰਾ ਨਾਲ ਜੁੜੇ ਹੋਣ ਕਾਰਨ ਵਿਕਾਸ ਮੂਲਕ ਆਰਥਿਕਤਾ ਤੇ ਰਾਜਨੀਤੀ ਨੂੰ ਸਰੂਪਿਤ ਕਰਨ ਵਾਲੀਆਂ ਸੰਸਥਾਵਾਂ ਦੀਆਂ ਭੂਮਿਕਾਵਾਂ ਉੱਤੇ ਬਲ ਦਿੰਦੇ ਹਨ। ਇਸ ਕਿਤਾਬ ਨੂੰ ਪੜ੍ਹਦਿਆਂ ਕਿਤੇ-ਕਿਤੇ ਵਿਕਾਸਵਾਦੀ ਅਰਥ ਸ਼ਾਸਤਰੀ ਡਗਲਸ ਨੌਰਥ ਦੀ ਨਵੀਂ ਅਰਥ-ਵਿਵਸਥਾ ਦੀ ਸਮਝ ਦਾ ਝਉਲਾ ਪੈਂਦਾ ਹੈ।

ਕਿਤਾਬ 'ਕੌਮਾਂ ਕਿਉਂ ਫੇਲ੍ਹ ਹੁੰਦੀਆਂ ਨੇ' ਮਹੱਤਵਪੂਰਨ ਮੁੱਦਾ ਉਠਾਉਂਦੀ ਹੈ ਕਿ ਅੱਜ ਦੀ ਦੁਨੀਆ ਦੇ ਸੱਤ ਅਰਬ ਬਾਸ਼ਿੰਦਿਆਂ ਅੱਗੇ ਇਹ ਸਵਾਲ ਖੜ੍ਹਾ ਹੈ ਕਿ ਇਸ ਧਰਤ 'ਤੇ ਕਈ ਦੇਸ਼ ਦੂਜਿਆਂ ਨਾਲੋਂ ਜ਼ਿਆਦਾ ਅਮੀਰ ਤੇ ਵੱਧ ਖ਼ੁਸ਼ਹਾਲ ਕਿਉਂ ਹਨ? ਇਸ ਪ੍ਰਸ਼ਨ ਦੀ ਇਤਿਹਾਸਕ ਵਿਆਖਿਆ ਨਸਲਮੁਖਤਾ (ਜਣਨਿਕ ਵਖਰੇਵਿਆਂ ਜਾਂ ਪ੍ਰੋਟੈਸਟੈਂਟ ਕਾਰ-ਵਿਹਾਰੀ ਨੈਤਿਕਤਾ) ਤੋਂ ਮਾਰਕਸਵਾਦੀ (ਸਾਮਰਾਜਵਾਦੀ) ਸ਼ੋਸ਼ਣ ਤੱਕ ਨਿਰਣਾਤਮਕ ਢੰਗ ਨਾਲ ਫੈਲਦੀ ਹੈ। ਇਸ ਵਿਚ ਭਾਵੇਂ ਕਾਫ਼ੀ ਹੱਦ ਤੱਕ ਸੱਚ ਹੈ ਪਰ ਐਜੇਮੋਲੂ ਅਤੇ ਰੌਬਿਨਸਨ ਦਾ ਤਰਕ ਹੈ ਕਿ ਸਥਾਈ ਆਰਥਿਕ ਵਿਕਾਸ ਨੂੰ ਚਲਾਉਣ ਵਾਲੀਆਂ ਅਸਲ 'ਚ ਚੰਗੀਆਂ ਕਾਰਗਰ ਸੰਸਥਾਵਾਂ ਹੁੰਦੀਆਂ ਹਨ ਜਿਵੇਂ ਕਿ ਨਿਆਂ ਪ੍ਰਣਾਲੀ; ਜਿਸ 'ਚ ਦੇਸ਼ ਵਾਸੀ ਨੂੰ ਸਬੂਤਾਂ ਦੇ ਆਧਾਰ 'ਤੇ ਇਨਸਾਫ਼ ਮਿਲਦਾ ਹੈ।

ਦੋਹਾਂ ਲੇਖਕਾਂ ਦਾ ਮੰਨਣਾ ਹੈ ਕਿ ਇਤਿਹਾਸਕ ਤੌਰ ਉੱਤੇ ਬਰਾਬਰੀ ਦੀ ਸੂਝ ਬੜੀ ਵਿਰਲੀ ਅਤੇ ਘੱਟ ਵਿਆਪਕ ਹੈ। ਜ਼ਿਆਦਾਤਰ ਦੇਸ਼ਾਂ ਵਿਚ ਘਟਾਓਵਾਦੀ/ ਗ਼ੈਰ-ਸ਼ਮੂਲੀਅਤੀ ਨੀਤੀਆਂ ਇਸ ਢੰਗ ਨਾਲ ਘੜੀਆਂ ਜਾਂਦੀਆਂ ਹਨ ਤਾਂ ਜੋ ਰਵਾਇਤੀ ਕੁਲੀਨਤਾ ਨੂੰ ਅਮੀਰ ਅਤੇ ਤਾਕਤਵਰ ਬਣਾਈ ਰੱਖਿਆ ਜਾਵੇ ਤੇ ਗ਼ਰੀਬ ਬਹੁ-ਗਿਣਤੀ ਦਾ ਸ਼ੋਸ਼ਣ ਅਤੇ ਦੋਹਣ ਕੀਤਾ ਜਾਵੇ। ਇਸ ਦੇ ਨਾਲ ਹੀ ਇਨ੍ਹਾਂ ਨੀਤੀਆਂ ਨੇ ਤਕਨੀਕੀ ਖੋਜਾਂ ਅਤੇ ਕਾਢਾਂ ਨੂੰ ਰੋਕੀ ਰੱਖਿਆ ਕਿਉਂਕਿ ਕੁਲੀਨ ਅਮੀਰਾਂ ਨੇ ਗ਼ਰੀਬਾਂ ਦੇ ਉਸ ਹਰ ਹੀਲੇ ਨਾਲ ਗਲ਼ ਵੱਢਵੀਂ ਲੜਾਈ ਵਿੱਢੀ ਜਿਨ੍ਹਾਂ ਕਾਰਨ ਉਨ੍ਹਾਂ ਦੇ ਮੁਫ਼ਾਦਾਂ ਅਤੇ ਹਿੱਤਾਂ ਨੂੰ ਖ਼ਤਰਾ ਪੈਦਾ ਹੁੰਦਾ ਸੀ।

ਕੁਝ ਕੌਮਾਂ ਨੇ ਇਸ ਕੁਲੀਨੀ ਸਿਥਲਤਾ ਨੂੰ ਬਹੁਤ ਪਹਿਲਾਂ ਹੀ ਨੱਥ ਪਾ ਲਈ ਸੀ। 1688 'ਚ ਇੰਗਲੈਂਡ ਦੇ ਮਹਾਨ ਇਨਕਲਾਬ ਤੋਂ ਸ਼ੁਰੂ ਹੋਇਆ ਇਹ ਬਦਲਾਅ 1979 ਮਗਰੋਂ ਡੈਂਗ ਜ਼ਿਆਓਪਿੰਗ ਵੱਲੋਂ ਚੀਨ ਨੂੰ ਖੁੱਲ੍ਹੇ ਬਾਜ਼ਾਰ ਵੱਲ ਖੋਲ੍ਹਣ ਤੱਕ ਵਾਪਰਿਆ ਅਤੇ ਅੱਜ ਵੀ ਜ਼ਾਹਰਾ ਤੇ ਲੁਕਵੇਂ ਰੂਪ 'ਚ ਕਈ ਦੇਸ਼ਾਂ 'ਚ ਚੱਲ ਰਿਹਾ ਹੈ। ਇਸ ਤਰਕ ਦੇ ਰਾਜਨੀਤਕ ਪਾਸਾਰਾਂ ਬਾਰੇ ਪੂਰਾ ਜਾਣੂ ਹੋਣਾ ਜ਼ਰੂਰੀ ਹੈ, ਪਰ ਪਤਾ ਨਹੀਂ ਕਿਉਂ ਪੂਰਬੀ ਏਸ਼ੀਆ ਦੇ ਕਈ ਤਾਨਾਸ਼ਾਹੀ ਸੱਤਾ ਅਧੀਨ ਮੁਲਕਾਂ ਦੇ ਅਮੀਰ ਆਰਥਿਕ ਵਿਕਾਸ ਅਤੇ ਸਥਿਰਤਾ ਬਾਰੇ ਗੱਲ ਨਹੀਂ ਕਰਦੇ। ਇਸ ਕਿਤਾਬ 'ਚ ਕੌਮਾਂ ਦੀ ਸਫਲਤਾ ਅਤੇ ਅਸਫਲਤਾ ਨੂੰ ਸਮਝਣ ਲਈ ਅੰਤਰ-ਅਨੁਸ਼ਾਸਨੀ ਪਹੁੰਚ ਅਖ਼ਤਿਆਰ ਕੀਤੀ ਗਈ ਹੈ।

ਕੌਮਾਂ ਦੀ ਸਫਲਤਾ ਉਨ੍ਹਾਂ ਦੀਆਂ ਸੰਸਥਾਵਾਂ ਦੇ ਸੰਮਲਿਤੀ ਸੁਭਾਅ 'ਤੇ ਨਿਰਭਰ ਹੁੰਦੀ ਹੈ। ਸੰਮਿਲਿਤੀ/ਸਮਾਵੇਸ਼ੀ ਰਾਜਨੀਤਕ ਅਤੇ ਆਰਥਿਕ ਸੰਸਥਾਵਾਂ ਮਾਨਵੀ ਤੇ ਜਾਇਦਾਦੀ ਅਧਿਕਾਰਾਂ ਦੀ ਸੁਰੱਖਿਆ ਰਾਹੀਂ ਪੂੰਜੀ ਨਿਵੇਸ਼ ਅਤੇ ਖੋਜਾਂ ਨੂੰ ਉਤਸ਼ਾਹਿਤ ਕਰਦੀਆਂ ਹਨ, ਉਹੀ ਕੌਮਾਂ ਤੇ ਦੇਸ਼ਾਂ ਨੂੰ ਸਫਲ ਬਣਾਉਂਦੀਆਂ ਹਨ। ਚੰਗੀਆਂ ਸੰਮਿਲਿਤੀ ਸੰਸਥਾਵਾਂ ਹੀ ਨਿਵੇਸ਼ ਅਤੇ ਸੁਰੱਖਿਆ ਦੀ ਭਾਵਨਾ ਪੈਦਾ ਕਰਦੀਆਂ ਹਨ ਨਾ ਕਿ ਬੁਰੀਆਂ ਸਾਰਤੱਤਵੀ ਤੇ ਨਿਸ਼ਕਰਸ਼ੀ ਸੰਸਥਾਵਾਂ। ਖੋਜਾਂ ਅਤੇ ਕਾਢਾਂ, ਵਿਸਤਾਰ ਅਤੇ ਅਮਨ ਚੈਨ ਦਾ ਗੁਣਤਾਮਕ ਚੱਕਰ ਇਨ੍ਹਾਂ ਸੰਮਿਲਤੀ ਸੰਸਥਾਵਾਂ ਰਾਹੀਂ ਉਸਰਦਾ ਹੈ ਜੋ ਅੱਗੋਂ ਖ਼ੁਸ਼ਹਾਲੀ ਅਤੇ ਵਿਕਾਸ ਦਾ ਚੱਕਰ-ਦਰ-ਚੱਕਰ ਚਲਾਉਂਦਾ ਹੈ।

ਪੂਰੀ ਦੁਨੀਆ ਵਿਚ ਹੋਏ ਬਹੁਤੇ ਵਿਕਾਸ ਦੀ ਵਿਆਖਿਆ ਲਈ ਅੰਤਰਕੌਮੀ ਵਿਕਾਸ ਵਿਚ ਤਿੰਨ ਪ੍ਰਬਲ ਪਹੁੰਚਾਂ ਸ਼ਾਮਿਲ ਹਨ: ਭੂਗੋਲ, ਸੱਭਿਆਚਾਰ ਅਤੇ ਅੰਤ 'ਚ ਸੰਸਥਾਮੂਲਕ ਸਿਧਾਂਤ। ਇਸ ਵਿਚ ਕਿਤੇ ਕਿਤੇ ਜਲਵਾਯੂ, ਫਲਸਫ਼ਾ ਅਤੇ ਇਤਿਹਾਸ ਵੀ ਆਪਣੀ ਹਾਜ਼ਰੀ ਲੁਆਉਂਦਾ ਦਿਖਾਈ ਦਿੰਦਾ ਹੈ। ਇਸ ਕਿਤਾਬ ਦੇ ਲੇਖਕਾਂ ਦਾ ਵਿਚਾਰ ਹੈ ਕਿ ਭੂਗੋਲਿਕ ਅਤੇ ਸੱਭਿਆਚਾਰਕ ਵਿਆਖਿਆਵਾਂ ਵਿਕਾਸੀ ਵਖਰੇਵਿਆਂ ਨੂੰ ਦਰਸਾਉਣ ਵਾਸਤੇ ਕਾਰਗਰ ਸਾਬਿਤ ਨਹੀਂ ਹੁੰਦੀਆਂ। ਇਸ ਵਾਸਤੇ ਉਹ ਦੱਖਣੀ ਤੇ ਉੱਤਰੀ ਕੋਰੀਆ ਤੇ ਪੱਛਮੀ ਤੇ ਪੂਰਬੀ ਜਰਮਨੀ ਦੀਆਂ ਉਦਾਹਰਣਾਂ ਦਿੰਦਾ ਹੈ। ਨਵੀਂ ਦੁਨੀਆ ਦੇ ਵਰਤਮਾਨ ਦੌਰ ਦੇ ਅਮਰੀਕਾ ਦੀ ਵਿਕਾਸੀ ਵੰਡ ਦੀ ਤੁਲਨਾ 'ਚ ਇੰਕਾ ਅਤੇ ਅਜ਼ਟੇਕ ਸਭਿਅਤਾਵਾਂ ਦੇ ਰਾਜਾਂ ਦੀਆਂ ਉਦਾਹਰਣਾਂ ਆ ਜਾਂਦੀਆਂ ਹਨ। ਇਸ 'ਚ ਪਿਛਲੇ ਦੋ ਸੌ ਸਾਲਾਂ 'ਚ ਬਸਤੀਵਾਦ ਤੇ ਜਗੀਰਵਾਦ ਦੇ ਪੱਛਮੀ ਯੂਰਪ, ਅਮਰੀਕਾ, ਅਫਰੀਕਾ ਦੇ ਵਿਕਸਿਤ, ਵਿਕਾਸਸ਼ੀਲ ਅਤੇ ਅਵਿਕਸਿਤ ਦੇਸ਼ਾਂ 'ਚ ਗ਼ਰੀਬੀ ਅਤੇ ਨਾ-ਬਰਾਬਰੀ ਦੇ ਵਰਤਾਰਿਆਂ ਦੀਆਂ ਬਹੁਤ ਉਦਾਹਰਣਾਂ ਦਿੱਤੀਆਂ ਗਈਆਂ ਹਨ; ਜਿਵੇਂ ਉੱਤਰੀ ਤੇ ਦੱਖਣੀ ਨੋਗਾਲੇਸ ਨਾਮੀ ਸ਼ਹਿਰਾਂ ਨੂੰ ਮੈਕਸਿਕੋ ਤੇ ਅਮਰੀਕਾ ਦੀ ਸਰਹੱਦ ਵੰਡਦੀ ਹੈ। ਇਨ੍ਹਾਂ ਦੋਹਾਂ ਪਾਸਿਆਂ ਦਾ ਇੱਕੋ ਜਿਹਾ ਇਤਿਹਾਸ ਹੈ, ਤਕਰੀਬਨ ਸਮਰੂਪੀ ਭੂਗੋਲ ਹੈ, ਲੋਕਾਂ ਦੀ ਨਸਲੀ ਪਛਾਣ ਵੀ ਇੱਕ ਜਿਹੀ ਹੈ ਅਤੇ ਸੱਭਿਆਚਾਰ ਤੇ ਭਾਸ਼ਾ ਵੀ ਇੱਕ ਹੀ ਹੈ, ਪਰ ਫਿਰ ਵੀ ਉੱਤਰੀ ਪਾਸਾ ਦੱਖਣੀ ਪਾਸੇ ਤੋਂ ਕਿਤੇ ਵੱਧ ਅਮੀਰ ਤੇ ਖ਼ੁਸ਼ਹਾਲ ਹੈ। ਇਹੋ ਗੱਲ ਕਾਫ਼ੀ ਹੱਦ ਤੱਕ ਭਾਰਤ ਅਤੇ ਪਾਕਿਸਤਾਨ 'ਤੇ ਵੀ ਢੁੱਕਦੀ ਹੈ। ਭਾਰਤ ਪਾਕਿਸਤਾਨ ਤੋਂ ਇਸ ਗੱਲੋਂ ਬਿਹਤਰ ਹੈ ਕਿਉਂਕਿ ਭਾਰਤ 'ਚ ਜਮਹੂਰੀ ਅਤੇ ਸੰਵਿਧਾਨਕ ਸੰਸਥਾਵਾਂ ਜ਼ਿਆਦਾ ਕਾਰਗਰ ਤੇ ਸੁਰੱਖਿਅਤ ਰਹੀਆਂ, ਪਰ ਵਰਤਮਾਨ ਦੌਰ ਵਿਚ ਸੰਸਥਾਵਾਂ ਨਾਲ ਜਿਸ ਤਰ੍ਹਾਂ ਦੀ ਛੇੜਛਾੜ ਸ਼ੁਰੂ ਹੋ ਗਈ ਹੈ ਉਹ ਦਿਨ ਬਹੁਤੇ ਦੂਰ ਨਹੀਂ ਜਾਪਦੇ ਕਿ ਸਾਨੂੰ ਵੀ ਕਿਧਰੇ ਆਪਣੇ ਕਈ ਗੁਆਂਢੀ ਦੇਸ਼ਾਂ ਸ੍ਰੀਲੰਕਾ, ਬੰਗਲਾਦੇਸ਼ ਅਤੇ ਪਾਕਿਸਤਾਨ ਵਰਗੇ ਦਿਨ ਦੇਖਣੇ ਪੈਣ।

ਇਸ ਕਿਤਾਬ ਦਾ ਕੇਂਦਰੀ ਦਾਅਵਾ ਹੈ ਕਿ ਅਲੱਗ ਅਲੱਗ ਕੌਮਾਂ ਦੀਆਂ ਸੰਸਥਾਵਾਂ ਦੇ ਮੂਲ ਵਖਰੇਵੇਂ ਹੀ ਵਿਸ਼ਵੀ ਨਾ-ਬਰਾਬਰੀ ਦੇ ਮੁੱਖ ਕਾਰਨ ਹਨ। ਸੰਮਿਲਤੀ ਅਤੇ ਸਮਾਵੇਸ਼ੀ ਸੰਸਥਾਵਾਂ ਲੋਕਾਂ ਨੂੰ ਚੋਣ ਦੀ ਆਜ਼ਾਦੀ, ਬਹੁ-ਵੰਨਤਾ ਦਾ ਵਾਤਾਵਰਣ ਤੇ ਆਪਣੇ ਗੁਣਾਂ ਨੂੰ ਖੁੱਲ੍ਹੇ ਰੂਪ 'ਚ ਪ੍ਰਗਟਾਉਣ ਦਾ ਮਾਹੌਲ ਪ੍ਰਦਾਨ ਕਰਦੀਆਂ ਹਨ। ਦੂਜੇ ਪਾਸੇ ਗ਼ੈਰ-ਸੰਮਿਲਤੀ ਅਤੇ ਸਾਰਤੱਤਵੀ ਸੰਸਥਾਵਾਂ ਬਹੁਗਿਣਤੀ ਲੋਕਾਂ ਦਾ ਹੱਕ ਮਾਰ ਕੇ ਪਰਜੀਵੀ ਸੁਭਾਅ ਵਾਲੀ ਕੁਲੀਨਤਾ ਤਿਆਰ ਕਰਦੀਆਂ ਹਨ। ਰਾਜਨੀਤਕ ਅਤੇ ਆਰਥਿਕ ਸੰਸਥਾਵਾਂ ਆਪਸ ਵਿਚ ਇੱਕ ਦੂਜੇ ਦੀਆਂ ਪੂਰਕ ਅਤੇ ਮੁਸ਼ਤਰਕਾ (ਸਾਂਝੇ) ਢੰਗ ਨਾਲ ਇੱਕ ਦੂਜੇ ਨੂੰ ਲਾਗੂ ਕਰਦੀਆਂ ਹਨ। ਇਸ ਬਾਰੇ ਯੂਰਪ 'ਚ ਫੈਲੀ ਪਲੇਗ ਅਤੇ ਇਸ ਚੁਣੌਤੀ ਨੂੰ ਨਜਿੱਠਣ ਲਈ ਯੂਰਪ 'ਚ ਕਈ ਕੌਮੀਅਤਾਂ ਦੀਆਂ ਸੰਸਥਾਵਾਂ ਦੀ ਅਲੱਗ-ਅਲੱਗ ਕਾਰਗੁਜ਼ਾਰੀ ਦੀ ਪਹੁੰਚ ਧਿਆਨ ਦੀ ਮੰਗ ਕਰਦੀ ਹੈ।

ਭੂਗੋਲਿਕਤਾ ਬਾਰੇ ਵੀ ਇਸ ਕਿਤਾਬ ਦਾ ਤਰਕ ਹੈ ਜਿਵੇਂ ਜ਼ਮੀਨੀ ਤੌਰ 'ਤੇ ਬੰਦ ਕਈ ਦੇਸ਼ ਹਨ ਜਿਨ੍ਹਾਂ ਨੂੰ ਕੋਈ ਬੰਦਰਗਾਹ ਨਹੀਂ ਲੱਗਦੀ। ਉਨ੍ਹਾਂ ਦੀ ਖ਼ੁਸ਼ਹਾਲੀ ਅਤੇ ਅਮੀਰੀ ਦਾ ਪੱਧਰ ਉਨ੍ਹਾਂ ਦੇਸ਼ਾਂ ਦੇ ਮੁਕਾਬਲੇ ਨੀਵਾਂ ਹੈ ਜੋ ਸਮੁੰਦਰ ਕਿਨਾਰੇ ਵੱਸੇ ਹਨ। ਇਹੋ ਗੱਲ ਪੰਜਾਬ ਤੇ ਬਿਹਾਰ ਜਿਹੇ ਜ਼ਮੀਨ ਬੰਦ ਸੂਬਿਆਂ ਤੇ ਗੁਜਰਾਤ ਜਾਂ ਮਹਾਰਾਸ਼ਟਰ ਆਦਿ ਜਿਹੇ ਸਮੁੰਦਰ ਕਿਨਾਰੇ ਦੇ ਸੂਬਿਆਂ ਉੱਤੇ ਲਾਗੂ ਹੁੰਦੀ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਵੀ ਪੂਰਵ-ਇਤਿਹਾਸਕ ਕਾਲ ਤੋਂ ਆਧੁਨਿਕਤਾ ਦੇ ਦੌਰ ਨੂੰ ਦੇਖਿਆ ਜਾਵੇ ਤਾਂ ਯੂਰਪ ਦੇ ਪੁਨਰ-ਜਾਗਰਤੀ ਅਤੇ ਪ੍ਰਬੁੱਧਤਾ ਕਾਲ ਦੀਆਂ ਖੋਜਾਂ ਤੇ ਕਾਢਾਂ ਨੇ ਉਦਯੋਗੀਕਰਨ ਦਾ ਰਾਹ ਖੋਲ੍ਹਿਆ ਜਿਸ ਪਿਛੇ ਸੰਸਥਾਵਾਂ ਦੀ ਭੂਮਿਕਾ ਸੀ ਪਰ ਅਵਿਕਸਿਤ ਅਤੇ ਤੀਜੀ ਦੁਨੀਆ ਦੇ ਦੇਸ਼ਾਂ ਦੀ ਲੋਕਾਈ ਨੂੰ ਗੁਰਬਤ ਅਤੇ ਪੱਛੜੇਪਣ ਕਾਰਨ ਉਹ ਮਾਹੌਲ ਨਹੀਂ ਮਿਲ ਸਕਿਆ ਜਿਸ ਨਾਲ ਉਹ ਖ਼ੁਸ਼ਹਾਲ ਅਤੇ ਅਮੀਰ ਹੋ ਸਕਦੇ।

ਕਿਹਾ ਜਾ ਸਕਦਾ ਹੈ ਕਿ ਸੰਮਿਲਤੀ ਤੇ ਸਮਾਵੇਸ਼ੀ ਆਰਥਿਕ ਸੰਸਥਾਵਾਂ ਖ਼ੁਸ਼ਹਾਲੀ, ਤਕਨਾਲੋਜੀ ਤੇ ਸਿੱਖਿਆ ਦਾ ਰਾਹ ਮੋਕਲਾ ਕਰਦੀਆਂ ਹਨ। ਰਾਜਨੀਤਕ ਤੇ ਆਰਥਿਕ ਸੰਸਥਾਵਾਂ ਦੀ ਗੁੰਝਲਦਾਰ ਅੰਤਰਕ੍ਰੀੜਾ ਹੀ ਕੌਮਾਂ ਦੀ ਖ਼ੁਸ਼ਹਾਲੀ 'ਤੇ ਪ੍ਰਭਾਵ ਪਾਉਂਦੀ ਹੈ। ਸੰਮਿਲਤੀ ਅਤੇ ਸਮਾਵੇਸ਼ੀ ਸੰਸਥਾਵਾਂ ਭਾਗੀਦਾਰੀ, ਜਾਇਦਾਦੀ ਹੱਕਾਂ ਦੀ ਸੁਰੱਖਿਆ ਅਤੇ ਖੋਜਾਂ ਤੇ ਕਾਢਾਂ ਨੂੰ ਉਤਸ਼ਾਹਿਤ ਕਰਦੀਆਂ ਹਨ। ਇਹ ਸਾਰੇ ਗੁਣ ਆਰਥਿਕ ਸਫਲਤਾ ਦਾ ਭੇਤ ਲੁਕੋਈ ਬੈਠੇ ਹਨ। ਇਸ ਦੇ ਉਲਟ ਸਾਰਤੱਤਵੀ ਤੇ ਨਿਸ਼ਕਰਸ਼ੀ ਸੰਸਥਾਵਾਂ ਸੱਤਾ ਅਤੇ ਦੌਲਤ ਨੂੰ ਕੁਝ ਕੁ ਹੱਥਾਂ ਵਿਚ ਕੇਂਦ੍ਰਿਤ ਕਰਦੀਆਂ ਹਨ ਜਿਸ ਨਾਲ ਖੜੋਤ ਅਤੇ ਗੁਰਬਤ ਪੈਦਾ ਹੁੰਦੀ ਹੈ। ਆਰਥਿਕ ਨਤੀਜਿਆਂ ਪਿੱਛੇ ਰਾਜਨੀਤਕ ਅਤੇ ਸੰਵਿਧਾਨਕ ਸੰਸਥਾਵਾਂ ਕਾਰਜ ਕਰਦੀਆਂ ਹਨ। ਜਿਨ੍ਹਾਂ ਕੌਮਾਂ ਵਿਚ ਸੰਮਿਲਤੀ ਰਾਜਨੀਤਕ ਪ੍ਰਣਾਲੀਆਂ ਕਾਰਜਸ਼ੀਲ ਹੁੰਦੀਆਂ ਹਨ ਉਨ੍ਹਾਂ ਵਿਚ ਸੰਮਿਲਤੀ ਆਰਥਿਕ ਪ੍ਰਣਾਲੀਆਂ ਕੰਮ ਕਰਦੀਆਂ ਹਨ ਜਦੋਂਕਿ ਤਾਨਾਸ਼ਾਹ ਰਾਜ ਅਕਸਰ ਭ੍ਰਿਸ਼ਟਾਚਾਰ ਅਤੇ ਗ਼ੈਰ-ਜਵਾਬਦੇਹੀ ਕਾਰਨ ਆਰਥਿਕ ਨਿਘਾਰਾਂ 'ਚ ਫਸ ਜਾਂਦੇ ਹਨ।

ਇਸ ਸਾਰੇ ਕੁਝ ਪਿੱਛੇ ਇਤਿਹਾਸਕ ਨਿਰਣੇ, ਸਹੀ ਫ਼ੈਸਲੇ ਅਤੇ ਘਟਨਾਕ੍ਰਮ ਅਹਿਮ ਭੂਮਿਕਾ ਨਿਭਾਉਂਦੇ ਹਨ ਜਿਨ੍ਹਾਂ ਵਿਕਾਸ ਦੀਆਂ ਸੰਸਥਾਵਾਂ ਨੂੰ ਪ੍ਰਭਾਵਿਤ ਕਰਨਾ ਹੁੰਦਾ ਹੈ। ਇਸ ਲਈ ਕੌਮਾਂ ਦੇ ਮੌਜੂਦਾ ਰਾਜਨੀਤਕ ਅਤੇ ਆਰਥਿਕ ਦ੍ਰਿਸ਼ਾਂ ਨੂੰ ਸਮਝਣ ਲਈ ਉਨ੍ਹਾਂ ਦੇ ਇਤਿਹਾਸ ਦੇ ਪਸਮੰਜ਼ਰ ਅਤੇ ਸੱਭਿਆਚਾਰਕ ਵਿਰਸੇ ਤੋਂ ਜਾਣੂ ਹੋਣਾ ਬਹੁਤ ਜ਼ਰੂਰੀ ਹੈ। ਖੋਜਾਂ ਅਤੇ ਕਾਢਾਂ ਦੀ ਆਰਥਿਕ ਵਿਕਾਸ 'ਚ ਵੱਡੀ ਭੂਮਿਕਾ ਹੁੰਦੀ ਹੈ। ਸੰਮਿਲਤੀ ਸੰਸਥਾਵੀ ਸਮਾਜ ਅਜਿਹਾ ਮਾਹੌਲ ਪੈਦਾ ਕਰਦੇ ਹਨ ਜਿੱਥੇ ਬਾਸ਼ਿੰਦੇ ਆਪਣੇ ਆਪ ਨੂੰ ਕਿਸੇ ਖੋਜ ਕਾਰਜ ਕਰਨ, ਵਿਚਾਰਾਂ ਦਾ ਨਿਵੇਸ਼ ਕਰਨ ਲਈ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਨ। ਉਨ੍ਹਾਂ ਦੇ ਇਨ੍ਹਾਂ ਯਤਨਾਂ ਨਾਲ ਹੀ ਕੌਮਾਂ ਤਕਨੀਕੀ ਤੌਰ 'ਤੇ ਉੱਨਤ ਤੇ ਆਰਥਿਕ ਤੌਰ 'ਤੇ ਖ਼ੁਸ਼ਹਾਲ ਮਹਿਸੂਸ ਕਰਦੀਆਂ ਹਨ। ਸਮਾਜਾਂ ਵਿਚ ਕਈ ਕਠਿਨ ਹਾਲਾਤ ਆਉਂਦੇ ਹਨ ਜੋ ਕੌਮਾਂ ਦੀਆਂ ਸੰਸਥਾਵਾਂ ਦੀ ਚੜ੍ਹਾਈ 'ਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਇਹ ਪਲ ਉਨ੍ਹਾਂ ਕੌਮਾਂ 'ਚ ਸਾਕਾਰਾਤਮਕ ਅਤੇ ਨਾਕਾਰਾਤਮਕ ਪਰਿਵਰਤਨ ਲਿਆਉਣ 'ਚ ਰੋਲ ਅਦਾ ਕਰਦੇ ਹਨ, ਬਸ਼ਰਤੇ ਕਿ ਇਨ੍ਹਾਂ ਨੂੰ ਕਿਵੇਂ ਨਜਿੱਠਿਆ ਜਾਂਦਾ ਹੈ।

ਰਾਜਨੀਤਕ ਅਤੇ ਆਰਥਿਕ ਸੰਸਥਾਵਾਂ ਵਿਚਾਲੇ ਫੀਡਬੈਕ ਲੂਪ (ਇੱਕ-ਦੂਜੀ ਨੂੰ ਹੁੰਗਾਰਾ/ਪ੍ਰਤੀਕਿਰਿਆ ਦਾ ਆਦਾਨ-ਪ੍ਰਦਾਨ) ਹੁੰਦਾ ਹੈ। ਇਹ ਉਹ ਪ੍ਰਕਿਰਿਆ ਹੈ ਜਿਸ 'ਚ ਕਿਸੇ ਵਿਵਸਥਾ ਦੇ ਆਊਟਪੁਟ ਨੂੰ ਵਾਪਸ ਲਈ ਇਨਪੁਟ ਦੇ ਰੂਪ ਵਿਚ ਇਸਤੇਮਾਲ ਕੀਤਾ ਜਾਂਦਾ ਹੈ। ਸੁਦ੍ਰਿੜ ਆਰਥਿਕ ਨਿਭਾਅ ਨਾਲ ਹੀ ਸੰਮਿਲਤੀ ਰਾਜਨੀਤਕ ਸੰਸਥਾਵਾਂ ਉਸਰਦੀਆਂ ਹਨ ਜਦੋਂਕਿ ਕਮਜ਼ੋਰ ਆਰਥਿਕ ਨਿਭਾਵਾਂ ਕਾਰਨ ਸਾਰਤੱਤਵੀ ਅਤੇ ਨਿਸ਼ਕਰਸ਼ੀ ਸੰਸਥਾਵਾਂ ਅਜਿਹਾ ਪਾੜਾ ਪੈਦਾ ਕਰਦੀਆਂ ਹਨ ਜਿਨ੍ਹਾਂ ਨੂੰ ਪੂਰਨਾ ਕਠਿਨ ਹੀ ਨਹੀਂ ਸਗੋਂ ਕਈ ਵਾਰ ਅਸੰਭਵ ਪ੍ਰਤੀਤ ਹੋਣ ਲੱਗਦਾ ਹੈ। ਪੰਜਾਬ ਦਾ ਵਰਤਮਾਨ ਦੌਰ ਕੁਝ ਅਜਿਹੇ ਹੀ ਮਰਹਲੇ ਵਿਚੋਂ ਗੁਜ਼ਰਦਾ ਦਿਖਾਈ ਦੇ ਰਿਹਾ ਹੈ। ਕੌਮੀ ਸੰਸਥਾਵਾਂ 'ਤੇ ਵਿਸ਼ਵੀਕਰਨ ਦਾ ਪ੍ਰਭਾਵ ਵੀ ਪੈਂਦਾ ਹੈ। ਵਿਸ਼ਵੀਕਰਨ ਪੈਦਾਵਾਰੀ ਵਾਧੇ ਦੇ ਮੌਕੇ ਦਿੰਦਾ ਹੈ, ਪਰ ਇਸ ਦੇ ਲਾਭ ਤੇ ਮੁਨਾਫ਼ੇ ਅਕਸਰ ਗ਼ੈਰ-ਬਰਾਬਰ ਤਰੀਕੇ ਨਾਲ ਕੁਲੀਨਤਾ ਵਿਚ ਅੰਤ ਨੂੰ ਵਰਤ ਵੰਡ ਜਾਂਦੇ ਹਨ ਜਿਸ ਕਾਰਨ ਸਾਰਤੱਤਵੀ ਤੇ ਨਿਸ਼ਕਰਸ਼ੀ ਸੰਸਥਾਵਾਂ ਵਿਸ਼ਵੀ ਆਰਥਿਕਤਾ ਸੰਗ ਕਦਮ ਨਾਲ ਕਦਮ ਨਾ ਮਿਲਾ ਸਕਣ ਕਰਕੇ ਪਿਛਾਖੜ ਰਹਿ ਜਾਂਦੀਆਂ ਹਨ।

ਕੌਮਾਂ ਦੇ ਫੇਲ੍ਹ ਹੋਣ ਕਾਰਨ ਪੈਦਾ ਹੋਏ ਆਰਥਿਕ ਪਾੜੇ ਅਤੇ ਗ਼ੈਰ-ਬਰਾਬਰੀ ਪਿੱਛੇ ਕਾਰਜਸ਼ੀਲ ਵਿਕਾਸੀ ਸੰਸਥਾਵਾਂ ਦੀ ਕਾਰਗਰਦੀ ਦੀ ਭੂਮਿਕਾ ਨੂੰ ਸਮੁੱਚੇ ਰੂਪ ਵਿਚ ਸਮਝਣ ਲਈ ਇਹ ਕਿਤਾਬ ਕੁਝ ਸਬਕਾਂ ਦਾ ਇੱਕ ਬੌਧਿਕ ਚੌਖਟਾ ਪ੍ਰਦਾਨ ਕਰਦੀ ਹੈ।

---

# ਮਾਂ ਦੀ ਗੋਦ ਦਾ ਨਿੱਘ

ਦੁਨਿਆਵੀ ਰਿਸ਼ਤਿਆਂ ਵਿਚ ਮਾਂ ਤੇ ਬੱਚੇ ਦਾ ਰਿਸ਼ਤਾ ਸਭ ਤੋਂ ਉੱਪਰ ਹੁੰਦਾ ਹੈ। ਪਰਮਾਤਮਾ ਇੱਕ ਹੈ ਉਹ ਹਰ ਕਿਸੇ ਕੋਲ ਨਹੀਂ ਜਾ ਸਕਦਾ, ਇਸ ਕਰਕੇ ਉਸਨੇ ਮਾਂ ਬਣਾਈ ਜੋ ਹਰ ਕਿਸੇ ਦੇ ਹਿੱਸੇ ਆਈ। ਜਿੰਨਾ ਮਾਂ ਆਪਣੇ ਬੱਚੇ ਬਾਰੇ ਜਾਣਦੀ ਹੁੰਦੀ ਹੈ ਉਨਾ ਉਸ ਬਾਰੇ ਕੋਈ ਨਹੀਂ ਜਾਣਦਾ। ਆਪ ਭੁੱਖੀ ਰਹਿ ਕੇ ਬੱਚੇ ਦੇ ਮੂੰਹ ਵਿਚ ਬੁਰਕੀ ਪਾਉਣ ਵਾਲੀ ਮਾਂ ਹੈ, ਆਪ ਗਿੱਲੇ ਥਾਂ ਪੈ ਕੇ ਬੱਚੇ ਨੂੰ ਸੁੱਕੀ ਥਾਂ ਪਾਉਣ ਵਾਲੀ ਮਾਂ ਹੈ।

**ਰਜਵਿੰਦਰ ਪਾਲ ਸ਼ਰਮਾ**
**ਫੋਨ:7087367969**

ਚਾਚੀਆਂ ਤਾਈਆਂ ਭਾਵੇਂ ਲੱਖਾਂ ਹੋਣ ਪ੍ਰੰਤੂ ਉਹ ਮਾਂ ਦਾ ਸਥਾਨ ਕਦੇ ਨਹੀਂ ਲੈ ਸਕਦੀਆਂ। ਮਾਂ ਦਾ ਦਰਜਾ ਸਭ ਤੋਂ ਉੱਪਰ ਹੈ। ਪੰਜਾਬ ਦਾ ਪ੍ਰਸਿੱਧ ਕਵੀ ਪ੍ਰੋ. ਮੋਹਨ ਸਿੰਘ ਵੀ ਮਾਂ ਦੀ ਸਿਫ਼ਤ ਇੱਕ ਬੂਟੇ ਨਾਲ ਕਰਦਾ ਹੈ ਜਿਸ ਤੋਂ ਰੱਬ ਨੇ ਵੀ ਛਾਂ ਉਧਾਰੀ ਲੈ ਕੇ ਸਵਰਗਾਂ ਦੀ ਉਸਾਰੀ ਕੀਤੀ ਹੈ। ਮਾਂ ਦੀ ਗੋਦ ਦਾ ਨਿੱਘ ਸਵਰਗਾਂ ਨਾਲੋਂ ਘੱਟ ਨਹੀਂ। ਕੁਲਦੀਪ ਮਾਣਕ ਵੀ ਆਪਣੇ ਗੀਤ ਮਾਂ ਹੁੰਦੀ ਏ ਮਾਂ ਉਹ ਦੁਨੀਆਂ ਵਾਲਿਓ ਵਿਚ ਮਾਂ ਦੀ ਪੂਜਾ ਨੂੰ ਰੱਬ ਦੀ ਪੂਜਾ ਦੇ ਬਰਾਬਰ ਮੰਨਦਾ ਹੈ। ਲਾਲਚ ਅਤੇ ਬੇਵੱਸੀ ਵਿਚ ਆ ਕੇ ਪੁੱਤ ਕਪੁੱਤ ਹੋ ਸਕਦੇ ਹਨ ਪਰੰਤੂ ਮਾਂ ਦਾ ਹਿਰਦਾ ਤਾਂ ਹਮੇਸ਼ਾ ਹੀ ਆਪਣੇ ਬੱਚਿਆਂ ਲਈ ਦੁਆਵਾਂ ਮੰਗਦਾ ਰਹਿੰਦਾ ਹੈ। ਮਾਂ ਦੀ ਮਮਤਾ ਆਪਣੇ ਬੱਚੇ ਲਈ ਬਰਾਬਰ ਹੁੰਦੀ ਹੈ ਉਸਨੂੰ ਧੀ ਅਤੇ ਪੁੱਤ ਵਿਚਲਾ ਫ਼ਰਕ ਕਦੇ ਨਜ਼ਰ ਨਹੀਂ ਆਉਂਦਾ।

ਬੀਤੇ ਦਿਨ ਇਲਾਜ ਲਈ ਮੱਝ ਹਸਪਤਾਲ ਵਿਚ ਲਿਆਂਦੀ ਗਈ। ਮੱਝ ਦੇ ਪਿੱਛੇ ਪਿੱਛੇ ਇੱਕ ਕੱਟਾ ਵੀ ਆ ਰਿਹਾ ਸੀ, ਆਪਣੇ ਮਾਂ ਦੇ ਨਕਸ਼ੇ ਕਦਮਾਂ 'ਤੇ ਚਲਦਿਆਂ। ਜਿੱਧਰ ਮਾਂ ਜਾਵੇ ਬੱਚਾ ਵੀ ਉੱਧਰ। ਛੁੱਟੀ ਤੋਂ ਅਗਲਾ ਦਿਨ ਹੋਣ ਕਰਕੇ ਪਸ਼ੂਆਂ ਦੀ ਗਿਣਤੀ ਜ਼ਿਆਦਾ ਸੀ, ਸ਼ਿਕੰਜੇ ਪਹਿਲਾਂ ਹੀ ਭਰੇ ਹੋਏ ਸਨ। ਮੈਂ ਮਾਲਕ ਨੂੰ ਇਸ਼ਾਰਾ ਕਰਦੇ ਹੋਏ ਮੱਝ ਨੂੰ ਬਾਹਰ ਨਿੰਮ ਨਾਲ ਬੰਨ੍ਹਣ ਲਈ ਕਹਿ ਦਿੱਤਾ। ਦਸ ਮਿੰਟਾਂ ਬਾਅਦ ਜਦੋਂ ਇੱਕ ਗਾਂ ਦਵਾਈ ਲਗਵਾ ਕੇ ਚਲੀ ਗਈ ਤਾਂ ਮੈਂ ਮੱਝ ਦੇ ਮਾਲਕ ਨੂੰ ਮੁੜ ਮੱਝ ਖੋਲ੍ਹ ਕੇ ਸ਼ਿਕੰਜੇ ਵਿਚ ਲਾਉਣ ਲਈ ਕਿਹਾ। ਮਾਲਕ ਨੇ ਮੱਝ ਨੂੰ ਸ਼ਿਕੰਜੇ ਵਿਚ ਲਾ ਦਿੱਤਾ ਪ੍ਰੰਤੂ ਕੱਟਾ ਬਾਹਰ ਦੂਰ ਖੜ੍ਹਾ ਰਿਹਾ। ਕੱਟਾ ਮੱਝ ਤੋਂ ਦੂਰ ਹੋ ਕੇ ਇਸ ਤਰ੍ਹਾਂ ਬਿਲਕਿਆ ਜਿਵੇਂ ਇੱਕ ਬੱਚਾ ਮਾਂ ਤੋਂ ਦੂਰ ਹੋ ਕੇ ਮਾਂ ਦੀ ਗੋਦ ਵਿਚ ਜਾਣ ਲਈ ਤਰਲੇ ਭਰਦਾ ਹੈ। ਮਾਲਕ ਨੇ ਕੱਟਾ ਖੋਲ੍ਹ ਕੇ ਮੱਝ ਦੇ ਕੋਲ ਬੰਨ੍ਹ ਦਿੱਤਾ। ਮੱਝ ਕੱਟੇ ਨੂੰ ਪਿਆਰ ਕਰਨ ਲੱਗੀ ਜਿਵੇਂ ਕਹਿੰਦੀ ਹੋਵੇ ਪੁੱਤ ਕਿਉਂ ਰੋਂਦਾ ਸੀ, ਮੈਂ ਕਿੱਥੇ ਜਾਣਾ, ਤੇਰੇ ਕੋਲੇ ਤਾਂ ਹਾਂ।

ਦਸ ਮਿੰਟ ਬਾਅਦ ਮੱਝ ਅਚਾਨਕ ਗਸ਼ ਖਾ ਕੇ ਡਿੱਗ ਪਈ। ਜਦ ਕੋਲ ਜਾ ਕੇ ਦੇਖਿਆ ਤਾਂ ਮੱਝ ਵਿਚਲਾ ਭੌਰ ਤਾਂ ਉਡਾਰੀ ਮਾਰ ਚੁੱਕਿਆ ਸੀ। ਰੂਹ ਵਿਛੜ ਕੇ ਵਾਹਿਗੁਰੂ ਦੇ ਚਰਨਾਂ ਵਿਚ ਜਾ ਬਿਰਾਜੀ ਸੀ। ਮਾਲਕ ਨੇ ਮੱਝ ਬਾਰੇ ਦੱਸਦਿਆਂ ਕਿਹਾ ਕਿ ਪਿਛਲੇ ਦੋ ਦਿਨਾਂ ਤੋਂ ਖਾਂਦੀ ਪੀਂਦੀ ਨਹੀਂ ਸੀ, ਪਿੰਡੋਂ ਡਾਕਟਰਾਂ ਤੋਂ ਇਲਾਜ ਕਰਵਾਇਆ ਪਰ ਫ਼ਰਕ ਨਹੀਂ ਪਿਆ, ਦਸ ਹਜ਼ਾਰ ਪਹਿਲਾਂ ਲਾ ਚੁੱਕਿਆ ਸੀ, ਦਿਹਾੜੀਦਾਰ ਬੰਦਾ ਹਾਂ, ਇੰਨਾ ਕਹਿੰਦੇ ਕਹਿੰਦੇ ਉਸਦਾ ਰੋਣਾ ਨਿਕਲ ਗਿਆ। ਮੈਂ ਮਾਲਕ ਦੇ ਮੋਢੇ 'ਤੇ ਹੱਥ ਧਰਦਿਆਂ ਦਿਲਾਸਾ ਦਿੰਦੇ ਹੋਏ ਕਿਹਾ ਕਿ ਵਾਹਿਗੁਰੂ ਦਾ ਭਾਣਾ ਮੰਨਣਾ ਪੈਣਾ। ਤੇਰਾ ਕੀਆ ਮੀਠਾ ਲਾਗੈ ਦਾ ਵਚਨ ਅਟੱਲ ਹੈ। ਰਾਮ ਵਧਾਵੇ ਸੋ ਵਧਿ, ਬਲ ਕਰਿ ਵਧਿ ਨਾ ਕੋਇ। ਵਾਹਿਗੁਰੂ ਦਾ ਭਾਣਾ ਮੰਨਦੇ ਹੋਏ ਹੁਣ ਸਬਰ ਦਾ ਘੁੱਟ ਪੀਣਾ ਪੈਣਾ।

ਦੂਜੇ ਪਸ਼ੂਆਂ ਦੇ ਮਾਲਕਾਂ ਅਤੇ ਹਸਪਤਾਲ ਦੇ ਕਰਮਚਾਰੀਆਂ ਨਾਲ ਮਿਲ ਕੇ ਮੱਝ ਨੂੰ ਚੇਨ ਕੁੱਪੀ ਦੀ ਮਦਦ ਨਾਲ ਟਰਾਲੀ ਵਿਚ ਰਖਵਾ ਦਿੱਤਾ। ਜਦੋਂ ਮੱਝ ਰਖਵਾ ਕੇ ਅਚਾਨਕ ਕੱਟੇ ਵੱਲ ਨਜ਼ਰ ਮਾਰੀ ਤਾਂ ਉਹ ਮਾਂ ਨੂੰ ਲੱਭ ਰਿਹਾ ਸੀ ਪ੍ਰੰਤੂ ਉਸਨੂੰ ਕਿਤੇ ਵੀ ਮਾਂ ਨਹੀਂ ਲੱਭੀ। ਮਾਲਕ ਨੇ ਕੱਟੇ ਦਾ ਰੱਸਾ ਖੋਲ੍ਹ ਕੇ ਉਸਨੂੰ ਵੀ ਮੱਝ ਦੇ ਕੋਲ ਟਰਾਲੀ ਵਿਚ ਬੰਨ੍ਹ ਦਿੱਤਾ। ਕੱਟਾ ਮੱਝ ਦੇ ਕੰਨ ਕੋਲ ਜਾ ਕੇ ਬੋਲਿਆ, ਸ਼ਾਇਦ ਮਾਂ ਨੂੰ ਕਹਿੰਦਾ ਹੋਵੇ ਕਿ ਮਾਂ ਤੂੰ ਉੱਠ ਮੈਂ ਆ ਗਿਆ। ਮਾਂ ਦੀ ਮਮਤਾ ਲਈ ਤਰਸਦੇ ਹੋਏ ਕੱਟੇ ਦੀਆਂ ਲੱਖਾਂ ਕੋਸ਼ਿਸ਼ਾਂ ਬਾਅਦ ਵੀ ਜਦੋਂ ਮੱਝ ਨਾ ਉੱਠੀ ਤਾਂ ਕੱਟਾ ਵੀ ਹੰਝੂਆਂ ਭਰੀਆਂ ਅੱਖਾਂ ਨਾਲ ਮੱਝ ਦੇ ਨਾਲ ਲੱਗ ਕੇ ਬਹਿ ਗਿਆ। ਮਾਲਕ ਨੇ ਟਰੈਕਟਰ ਦਾ ਸੈਲਫ ਮਾਰਿਆ ਅਤੇ ਅਖੀਰਲੀ ਵਾਰ ਮਾਂ ਦੀ ਗੋਦ ਦਾ ਨਿੱਘ ਮਾਣਦਾ ਹੋਇਆ ਕੱਟਾ ਅੱਖਾਂ ਤੋਂ ਦੂਰ ਹੋ ਗਿਆ।

# ਸਥਾਨਕ ਸਰਕਾਰਾਂ, ਸਰਕਾਰੀ ਹੱਥ ਠੋਕਾ ਨਾ ਬਣਨ



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਸਥਾਨਕ ਸਰਕਾਰਾਂ ਅਰਥਾਤ ਨਗਰ ਨਿਗਮ, ਨਗਰ ਕੌਂਸਲਾਂ, ਮਿਊਂਸਪਲ ਪੰਚਾਇਤਾਂ, ਗ੍ਰਾਮ ਪੰਚਾਇਤਾਂ , ਬਲਾਕ ਸੰਮਤੀਆਂ, ਜ਼ਿਲਾ ਪ੍ਰੀਸ਼ਦਾਂ ਸਰਕਾਰ ਵਲੋਂ ਸਰਕਾਰੀ ਸੰਸਥਾਵਾਂ ਬਣਾਕੇ ਰੱਖ ਦਿੱਤੀਆਂ ਗਈਆਂ ਹਨ, ਹਾਲਾਂਕਿ ਵਿਧਾਨਿਕ ਤੌਰ 'ਤੇ ਸਥਾਨਕ ਸਰਕਾਰਾਂ ਦਾ ਰੁਤਬਾ ਲੋਕ ਸਭਾ, ਵਿਧਾਨ ਸਭਾ ਵਰਗਾ ਹੈ।

ਦੇਸ਼ ਦੀ ਸਰਕਾਰ ਚੁਨਣ ਲਈ ਲੋਕ ਸਭਾ ਦੀ ਚੋਣ ਹਰ ਪੰਜ ਵਰ੍ਹਿਆਂ ਬਾਅਦ ਹੁੰਦੀ ਹੈ। ਸੂਬੇ ਦੀ ਵਿਧਾਨ ਸਭਾ ਦੀ ਚੋਣ ਵੀ ਹਰ ਪੰਜ ਵਰ੍ਹਿਆਂ ਬਾਅਦ ਚੁਣੀ ਜਾਂਦੀ ਹੈ। ਸਥਾਨਕ ਸਰਕਾਰਾਂ ਦੀ ਚੋਣਾਂ ਵੀ ਪੰਜ ਵਰ੍ਹਿਆਂ ਬਾਅਦ ਕੀਤੀ ਜਾਣੀ ਤਹਿ ਹਨ। ਪਰ ਕਿਉਂਕਿ ਸਰਕਾਰੀ ਪੰਜਾ ਸਥਾਨਕ ਸਰਕਾਰਾਂ ਦੇ ਉਤੇ ਹੈ, ਅਤੇ ਸਰਕਾਰ ਵਲੋਂ ਨਿਯਮਾਂ-ਵਿਨਿਯਮਾਂ ਦੀ ਵਰਤੋਂ ਕਰਦਿਆਂ ਇਹਨਾ ਸੰਸਥਾਵਾਂ ਦੀਆਂ ਚੋਣਾਂ ਸਿਆਸੀ ਲਾਹਾ ਲੈਣ ਲਈ ਲਮਕਾ ਦਿੱਤੀਆਂ ਜਾਂਦੀਆਂ ਹਨ।

ਪੰਚਾਇਤ ਐਕਟ ਅਨੁਸਾਰ ਗ੍ਰਾਮ ਪੰਚਾਇਤਾਂ ਦੀ ਚੋਣ 5 ਵਰ੍ਹਿਆਂ ਬਾਅਦ ਕਰਵਾਉਣੀ ਹੀ ਪੈਂਦੀ ਹੈ। ਪੰਜਾਬ 'ਚ ਇਸ ਵੇਰ ਸਮੇਂ ਤੋਂ ਪਹਿਲਾਂ ਪੰਚਾਇਤਾਂ ਭੰਗ ਕਰਕੇ ਪਿੰਡਾਂ ਦੇ ਲੋਕਾਂ ਦੇ ਸੰਵਿਧਾਨਿਕ ਹੱਕ ਖੋਹਣ ਦਾ ਯਤਨ ਹੋਇਆ, ਫਿਰ 5 ਸਾਲ ਪੂਰੇ ਹੋਣ ਉਪਰੰਤ ਪੰਚਾਇਤਾਂ ਦੇ ਪ੍ਰਬੰਧਕ ਲਗਾ ਦਿੱਤੇ ਗਏ ਅਤੇ ਪੰਚਾਇਤਾਂ ਦਾ ਕੰਮਕਾਰ ਸਿੱਧਾ ਸਰਕਾਰੀ ਮਸ਼ੀਨਰੀ ਦੇ ਹੱਥ ਆ ਗਿਆ।

ਪੰਜਾਬ ਹਰਿਆਣਾ ਹਾਈਕੋਰਟ ਦੇ ਹੁਕਮਾਂ 'ਤੇ ਹੀ ਪੰਚਾਇਤਾਂ, (ਜੋ ਪਿੰਡ ਦੀ ਮੁਢਲੀ ਸਥਾਨਕ ਸਰਕਾਰ ਹੈ) ਦੀਆਂ ਚੋਣਾਂ ਹੋ ਸਕੀਆਂ। ਬਲਾਕ ਸੰਮਤੀਆਂ ਅਤੇ ਜ਼ਿਲਾ ਪ੍ਰੀਸ਼ਦਾਂ ਦੀਆਂ ਚੋਣਾਂ ਦੀ ਮਿਆਦ ਕਦੋਂ ਦੀ ਮੁੱਕ ਚੁੱਕੀ ਹੈ, ਪਰ ਇਹਨਾ ਦੀ ਚੋਣ ਦਾ ਹਾਲੇ ਕੋਈ ਨਾਮੋ ਨਿਸ਼ਾਨ ਨਹੀਂ ਦਿਸਦਾ।

ਜਿਵੇਂ ਪੰਜਾਬ ਦੇ ਪਿੰਡਾਂ ਦੇ ਲੋਕਾਂ ਨੇ ਕਾਨੂੰਨੀ ਡੰਡੇ ਨਾਲ ਚੋਣਾਂ ਕਰਵਾਈਆਂ, ਇਵੇਂ ਹੀ ਪੰਜਾਬ ਦੇ ਸ਼ਹਿਰੀ ਲੋਕਾਂ ਨੇ ਪੰਜਾਬ ਹਰਿਆਣਾ ਹਾਈਕੋਰਟ ਦਾ ਦਰ ਖੜਕਾ ਮਿਊਂਸਪਲ ਚੋਣਾਂ ਦਾ ਰਾਹ ਖੁਲ੍ਹਵਾਇਆ। ਪੰਜ ਨਗਰ ਨਿਗਮਾਂ ਅਤੇ 44 ਨਗਰ ਕੌਂਸਲਾਂ ਪੰਚਾਇਤਾਂ ਦੀਆਂ ਚੋਣਾਂ ਅਦਾਲਤੀ ਹੁਕਮਾਂ 'ਤੇ ਹੀ ਸਿਰੇ ਚੜ ਸਕੀਆਂ ਹਨ।

ਫਗਵਾੜਾ ਨਗਰ ਨਿਗਮ ਦੀ ਚੋਣ 10 ਵਰ੍ਹਿਆਂ ਬਾਅਦ, ਹੋਰ 4 ਨਿਗਮਾਂ ਲੁਧਿਆਣਾ, ਪਟਿਆਲਾ, ਅੰਮ੍ਰਿਤਸਰ, ਜਲੰਧਰ ਦੀਆਂ ਚੋਣਾਂ, ਮਿਆਦ ਬੀਤਣ ਦੇ ਲੰਮਾ ਸਮਾਂ ਬਾਅਦ ਹੀ ਦੇਸ਼ ਦੀ ਉੱਚ ਅਦਾਲਤ ਦੇ ਹੁਕਮਾਂ 'ਤੇ ਹੋ ਸਕੀਆਂ ਹਨ। ਇਹ ਚੋਣਾਂ ਕਰਵਾਉਣ ਸਬੰਧੀ ਮੌਜੂਦਾ ਆਮ ਆਦਮੀ ਪਾਰਟੀ ਸਰਕਾਰ ਦੀ ਬਹੁਤ ਕਿਰਕਿਰੀ ਹੋਈ, ਕਿਉਂਕਿ ਸਰਕਾਰ ਆਪਣੇ ਲਈ ਇਹ ਚੋਣਾਂ ਕਰਵਾਉਣ ਵਾਸਤੇ ਢੁਕਵਾ ਸਮਾਂ ਉਡੀਕ ਰਹੀ ਸੀ, ਜਦਕਿ ਹੋਰ ਸਿਆਸੀ ਧਿਰਾਂ ਇਹ ਲਮਕ ਰਹੀਆਂ ਚੋਣਾਂ ਤੁਰੰਤ ਕਰਵਾਉਣ ਦੇ ਹੱਕ ਵਿੱਚ ਸਨ।

ਹੁਣ ਜਦੋਂ ਇਹਨਾ ਚੋਣਾਂ ਦਾ ਵਿਗਲ ਵੱਜ ਚੁੱਕਾ ਹੈ, ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਆਪੋ-ਆਪਣਾ ਸਿਆਸੀ ਅਧਾਰ ਪੱਕਾ ਕਰਨ ਲਈ ਪਾਰਟੀ ਚੋਣ ਨਿਸ਼ਾਨਾਂ 'ਤੇ ਚੋਣਾਂ ਲੜ ਰਹੀਆਂ ਹਨ। ਸਥਾਨਕ ਪਾਰਟੀ ਵਰਕਰ ਇਹਨਾ ਚੋਣਾਂ 'ਚ ਸਰਗਰਮ ਹਨ। ਸਥਾਨਕ ਪੱਧਰ 'ਤੇ ਪਾਰਟੀਆਂ ਵਲੋਂ ਆਪਸੀ ਗੱਠਜੋੜ ਵੇਖਣ ਨੂੰ ਮਿਲ ਰਹੇ ਹਨ, ਕਿਧਰੇ ਭਾਜਪਾ-ਅਕਾਲੀ ਇਕੱਠੇ ਦਿਖ ਰਹੇ ਹਨ, ਕਿਧਰੇ ਕਾਂਗਰਸ-ਬਸਪਾ ਗੱਠਜੋੜ ਹੈ, ਪਰ ਆਮ ਤੌਰ 'ਤੇ ਸਾਰੀਆਂ ਸਿਆਸੀ ਧਿਰਾਂ ਆਪਣੇ ਉਮੀਦਵਾਰ ਖੜੇ ਕਰਕੇ ਆਉਣ ਵਾਲੀਆਂ 2027 ਦੀਆਂ ਚੋਣਾਂ ਲਈ ਆਪਣਾ ਪਾਰਟੀ ਕਾਡਰ ਬਣਾ ਰਹੀਆਂ ਹਨ।

ਇਸ ਕੰਮ ਵਿੱਚ ਆਮ ਆਦਮੀ ਪਾਰਟੀ ਵਧੇਰੇ ਪਹਿਲਕਦਮੀ ਕਰਦਿਆਂ, ਸਰਕਾਰੀ ਮਸ਼ੀਨਰੀ ਵਰਤਕੇ ਵੀ ਅਤੇ ਆਪਣੇ ਸਿਆਸੀ ਪ੍ਰਭਾਵ ਨਾਲ ਵੀ ਦੂਜੀਆਂ ਪਾਰਟੀਆਂ ਦੇ ਵਰਕਰਾਂ ਨੂੰ ਆਪਣੇ ਨਾਲ ਮਿਲਾ ਰਹੀ ਹੈ। ਜਿਥੇ ਹੋਰ ਪਾਰਟੀਆਂ ਦੇ ਨੇਤਾ ਆਪਣੇ ਸੂਬਾ ਪ੍ਰਧਾਨ ਦੀ ਅਗਵਾਈ 'ਚ ਚੋਣ ਮੈਦਾਨ ਵਿੱਚ ਹਨ, ਉਥੇ ਭਾਜਪਾ, ਪ੍ਰਧਾਨ ਤੋਂ ਸੱਖਣੀ ਇਹ ਚੋਣ ਲੜ ਰਹੀ ਹੈ, ਹਾਲਾਂਕਿ ਘੱਟੋ-ਘੱਟ 5 ਨਗਰ ਨਿਗਮਾਂ ਅਤੇ ਹੋਰ ਸ਼ਹਿਰੀ ਖੇਤਰਾਂ 'ਚ ਭਾਜਪਾ ਦੇ ਵਰਕਰ ਵੱਧ ਹਨ ਅਤੇ ਉਹ ਸਰਗਰਮੀਆਂ ਨਾਲ ਚੋਣ ਲੜ ਰਹੇ ਹਨ।

ਇਵੇਂ ਹੀ ਸ਼੍ਰੋਮਣੀ ਅਕਾਲੀ ਦਲ, ਜੋ ਖ਼ਾਸ ਕਰਕੇ ਅੰਮ੍ਰਿਤਸਰ, ਪਟਿਆਲਾ, ਲੁਧਿਆਣਾ 'ਚ ਵੱਡੇ ਕਾਡਰ ਵਾਲਾ 'ਦਲ' ਗਿਣਿਆ ਜਾਂਦਾ ਸੀ, ਪ੍ਰਧਾਨ ਦੀ ਅਗਵਾਈ ਤੋਂ ਸੱਖਣਾ ਅਤੇ ਆਪਸੀ ਕਾਟੋ-ਕਲੇਸ਼ ਕਾਰਨ ਆਪਣਾ ਸ਼ਹਿਰਾਂ ਵਿਚਲਾ ਅਧਾਰ ਗੁਆ ਰਿਹਾ ਹੈ, ਕਿਉਂਕਿ ਬਹੁਤੇ ਥਾਵਾਂ ਉਤੇ ਉਸ ਵਲੋਂ ਆਪਣੇ ਉਮੀਦਵਾਰ ਹੀ ਖੜੇ ਨਹੀਂ ਕੀਤੇ ਜਾ ਸਕੇ। ਹਾਂ, ਕੁਝ ਥਾਵਾਂ ਉਤੇ ਉਸ ਵਲੋਂ ਆਪਣੇ ਪੁਰਾਣੇ ਸਾਥੀ ਭਾਜਪਾ ਨਾਲ ਗਲਵਕੜੀ ਪਾਈ ਦਿਸਦੀ ਹੈ।

ਮਿਊਂਸਪਲ ਚੋਣਾਂ ਦੇ ਨਤੀਜੇ ਕੁਝ ਵੀ ਹੋਣ। ਇਹਨਾ ਚੋਣਾਂ 'ਚ ਪੂਰੀ ਗਹਿਗਚ ਹੈ, ਕਾਂਗਰਸ, ਆਪ ਦੀ ਟੱਕਰ ਸਿੱਧੀ ਹੈ ਹਾਲਾਂਕਿ ਭਾਜਪਾ, ਵੀ ਸ਼ਹਿਰਾਂ ਵਿੱਚ ਪ੍ਰਭਾਵ ਦਿਖਾ ਰਹੀ ਹੈ ਅਤੇ ਬਸਪਾ, ਸ਼੍ਰੋਮਣੀ ਅਕਾਲੀ ਦਲ ਆਪਣੀ ਹੋਂਦ ਘੱਟੋ-ਘੱਟ ਜਲੰਧਰ, ਫਗਵਾੜਾ 'ਚ ਜ਼ਰੂਰ ਵਿਖਾਏਗਾ। ਇਹਨਾ ਚੋਣਾਂ 'ਚ ਪ੍ਰਚਾਰ ਲਈ ਉਮੀਦਵਾਰਾਂ ਕੋਲ ਕੁਝ ਦਿਨ ਹੀ ਹਨ, ਚੋਣ 21 ਦਸੰਬਰ 2024 ਨੂੰ ਹੋਣੀ ਹੈ, ਪਰ ਸਰਗਰਮੀ, ਗਹਿਮਾ-ਗਹਿਮੀ ਵੱਡੀ ਵਿਖਾਈ ਦਿੰਦੀ ਹੈ।

**_ਫਗਵਾੜਾ ਨਗਰ ਨਿਗਮ ਦੀ ਚੋਣ 10 ਵਰ੍ਹਿਆਂ ਬਾਅਦ, ਹੋਰ 4 ਨਿਗਮਾਂ ਲੁਧਿਆਣਾ, ਪਟਿਆਲਾ, ਅੰਮ੍ਰਿਤਸਰ, ਜਲੰਧਰ ਦੀਆਂ ਚੋਣਾਂ, ਮਿਆਦ ਬੀਤਣ ਦੇ ਲੰਮਾ ਸਮਾਂ ਬਾਅਦ ਹੀ ਦੇਸ਼ ਦੀ ਉੱਚ ਅਦਾਲਤ ਦੇ ਹੁਕਮਾਂ 'ਤੇ ਹੋ ਸਕੀਆਂ ਹਨ। ਇਹ ਚੋਣਾਂ ਕਰਵਾਉਣ ਸਬੰਧੀ ਮੌਜੂਦਾ ਆਮ ਆਦਮੀ ਪਾਰਟੀ ਸਰਕਾਰ ਦੀ ਬਹੁਤ ਕਿਰਕਿਰੀ ਹੋਈ, ਕਿਉਂਕਿ ਸਰਕਾਰ ਆਪਣੇ ਲਈ ਇਹ ਚੋਣਾਂ ਕਰਵਾਉਣ ਵਾਸਤੇ ਢੁਕਵਾ ਸਮਾਂ ਉਡੀਕ ਰਹੀ ਸੀ, ਜਦਕਿ ਹੋਰ ਸਿਆਸੀ ਧਿਰਾਂ ਇਹ ਲਮਕ ਰਹੀਆਂ ਚੋਣਾਂ ਤੁਰੰਤ ਕਰਵਾਉਣ ਦੇ ਹੱਕ ਵਿੱਚ ਸਨ।_**

ਪੰਜਾਬ 'ਚ ਸਾਲ 2024 ਦਾ ਵਰ੍ਹਾਂ ਚੋਣਾਂ ਦਾ ਅਤੇ ਸਿਆਸੀ ਤਾਕਤ ਦਿਖਾਉਣ ਅਤੇ ਲੋਕਾਂ ਨੂੰ ਭਰਮਾਉਣ ਦਾ ਵਰ੍ਹਾ ਹੀ ਰਿਹਾ ਹੈ। ਸਾਲ 2024 ਦੇ ਸ਼ੁਰੂ 'ਚ ਪਹਿਲਾਂ ਲੋਕ ਸਭਾ ਚੋਣਾਂ ਹੋਈਆਂ। ਭਾਜਪਾ ਨੇ ਦੇਸ਼ 'ਚ ਜਿੱਤ ਪ੍ਰਾਪਤ ਕੀਤੀ। ਪੰਜਾਬ 'ਚ ਕਾਂਗਰਸ ''ਆਪ'' ਤੋਂ ਬਾਜੀ ਮਾਰ ਗਈ, ਮੌਕੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ''ਇੰਡੀਆਂ ਗੱਠਜੋੜ'' ਤੋਂ ਵੱਖਰਾ ਰਹਿ ਕੇ ਇਹ ਚੋਣ ਜਿੱਤਕੇ ਦੇਣ ਦਾ ਭਰੋਸਾ ਉਹਨਾ ਵਲੋਂ ਦਿੱਤਾ ਗਿਆ ਸੀ ਪਰ ਆਮ ਆਦਮੀ ਪਾਰਟੀ ਦੀ ਸਾਖ ਨੂੰ ਖੋਰਾ ਲੱਗਾ ਅਤੇ ਮੁੱਖ ਮੰਤਰੀ ਦਾ ਵਕਾਰ ਵੀ ਦਾਅ 'ਤੇ ਲੱਗਾ।

ਉਪਰੰਤ ਵਿਧਾਨ ਸਭਾ ਜਲੰਧਰ ਜ਼ਿਮਨੀ ਚੋਣਾਂ 'ਚ ਆਪ ਮੁੱਖ ਮੰਤਰੀ ਨੇ ਜਲੰਧਰ ਡੇਰਾ ਲਗਾਕੇ ਚੋਣ ਜਿੱਤੀ। ਗ੍ਰਾਮ ਪੰਚਾਇਤੀ ਚੋਣਾਂ ਅਕਤੂਬਰ 2024 ਪੰਜਾਬ ਹਾਈਕੋਰਟ ਦੇ ਹੁਕਮਾਂ ਨਾਲ ਸਰਕਾਰ ਨੂੰ ਕਰਵਾਉਣੀਆਂ ਪਈਆਂ। ਫਿਰ ਚਾਰ ਵਿਧਾਨ ਸਭਾ ਦੀਆਂ ਜਿਮਨੀ ਚੋਣਾਂ ਨਵੰਬਰ ਵਿੱਚ ਕਰਵਾਈਆਂ ਗਈਆਂ। ਹੁਣ ਸੁਪਰੀਮ ਕੋਰਟ ਦੇ ਹੁਕਮ ਅਨੁਸਾਰ ਮਿਊਂਸਪਲ ਸੰਸਥਾਵਾਂ ਦੀਆਂ ਚੋਣਾਂ ਹੋ ਰਹੀਆਂ ਹਨ। ਆਮ ਆਦਮੀ ਪਾਰਟੀ ਆਪਣੇ ਪ੍ਰਧਾਨ ਅਮਨ ਅਰੋੜਾ ਦੀ ਅਗਵਾਈ 'ਚ ਚੋਣ ਲੜ ਰਹੀ ਹੈ। ਮੁੱਖ ਮੰਤਰੀ ਲਗਭਗ ਚੁੱਪ ਹਨ।

ਜਿਵੇਂ ਪਿੰਡਾਂ 'ਚ ਚੋਣਾਂ ਸਮੇਂ ਨਾਮਜ਼ਦਗੀਆਂ ਵੇਲੇ ਧਾਂਦਲੀਆਂ ਹੋਈਆਂ, ਲੋਕ ਉੱਚ ਅਦਾਲਤ, ਹਾਈਕੋਰਟ 'ਚ ਗਏ, ਦੁਬਾਰਾ ਚੋਣਾਂ ਹੋਈਆਂ ਜਾਂ ਕੁਝ ਪੰਚਾਇਤਾਂ ਵਲੋਂ ਉਹਨਾ ਦੀਆਂ ਪਟੀਸ਼ਨਾਂ ਦਰਜ਼ ਹੋਈਆਂ। ਕਈ ਥਾਵਾਂ 'ਤੇ ਧੱਕੇ ਨਾਲ ਸਰਪੰਚ ਐਲਾਨ ਦਿੱਤੇ ਗਏ। ਇਹ ਸ਼ਾਇਦ ਪਿਛਲੇ ਕਿਸੇ ਵੀ ਸਰਕਾਰ ਦੇ ਸਮੇਂ ' ਚ ਨਹੀਂ ਹੋਇਆ ਹਾਲਾਂਕਿ ਹਰ ਸਰਕਾਰ ਦੇ ਸਮੇਂ ਜ਼ੋਰ ਜਬਰਦਸਤੀ ਨਾਲ ਆਪਣੇ ਧੜੇ ਦੇ ਲੋਕਾਂ ਨੂੰ ਸਰਕਾਰੀ ਦਖ਼ਲ ਅੰਦਾਜੀ ਨਾਲ ਅੱਗੇ ਲਿਆਂਦਾ ਜਾਂਦਾ ਹੈ। ਇਹਨਾ ਚੋਣਾਂ ਵਿੱਚ ਸ਼ਰਾਬ ਅਤੇ ਪੈਸੇ ਦੀ ਇੰਨੀ ਵਰਤੋਂ ਹੋਈ ਕਿ ਪਿੰਡਾਂ ਦੇ ਲੋਕ ਹੈਰਾਨ-ਪ੍ਰੇਸ਼ਾਨ ਰਹਿ ਗਏ। ਵੋਟਾਂ ਦੀ ਖਰੀਦੋ-ਫ਼ਰੋਖਤ ਦਾ ਵਰਤਾਰਾ ਪਿੰਡਾਂ ਦੀ ਆਪਸੀ ਮਿਲਵਰਤਨ ਅਤੇ ਪੇਂਡੂ ਸਭਿਆਚਾਰ 'ਤੇ ਧੱਬਾ ਸਾਬਤ ਹੋਇਆ ਦਿਸਿਆ। ਬਿਲਕੁਲ ਇਵੇਂ ਦਾ ਵਰਤਾਰਾ ਸ਼ਹਿਰਾਂ ਵਿੱਚ ਵੇਖਣ ਨੂੰ ਮਿਲ ਰਿਹਾ ਹੈ, ਜਿਥੇ ਸ਼ਰਾਬ ਦਾ ਦੌਰ ਜਾਰੀ ਹੈ। ਪੈਸੇ ਦੀ ਖੁਲ੍ਹੀ ਵਰਤੋਂ ਦਾ ਖਦਸ਼ਾ ਵੀ ਪਰਗਟਾਇਆ ਜਾ ਰਿਹਾ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਸਥਾਨਕ ਸਰਕਾਰਾਂ ਦੀ ਚੋਣ ਜਿਸ ਢੰਗ ਨਾਲ ਕਰਵਾਈ ਜਾਂਦੀ ਹੈ, ਉਸ ਨਾਲ ਕੀ ਸਚਮੁੱਚ ਸਥਾਨਕ ਲੋਕਾਂ ਦੇ ਸਹੀ ਨੁਮਾਇੰਦੇ ਚੁਣੇ ਜਾਂਦੇ ਹਨ? ਕੀ ਇਸ ਤਰ੍ਹਾਂ ਚੁਣੇ ਹੋਏ ਨੁਮਾਇੰਦੇ, ਲੋਕ ਸੇਵਾ ਲਈ ਆਪਣੇ ਆਪ ਨੂੰ ਸਮਰਪਿਤ ਰਹਿੰਦੇ ਹਨ? ਕੀ ਉਹ ਵਿਕਾਸ ਦੇ ਕਾਰਜ ਇਮਾਨਦਾਰੀ ਨਾਲ, ਧੜੇਬੰਦੀ ਤੋਂ ਨਿਰਲੇਪ ਰਹਿਕੇ ਕਰ ਸਕਣਗੇ?

ਪੰਜਾਬ ਵਿੱਚ ਪਿੰਡ ਪੰਚਾਇਤਾਂ ਨੂੰ ਸਰਕਾਰੀ ਅਫ਼ਸਰਾਂ, ਸਿਆਸੀ ਲੋਕਾਂ ਨੇ ਪੰਗੂ ਬਣਾ ਦਿੱਤਾ ਹੈ, ਉਹਨਾ ਸਾਰੇ ਅਧਿਕਾਰ ਆਪਣੇ ਹੱਥ ਵੱਸ ਕਰ ਲਏ ਹੋਏ ਹਨ, ਜਿਹੜੇ ਪੰਚਾਇਤ ਐਕਟ ਅਨੁਸਾਰ ਪੰਚਾਇਤਾਂ ਨੂੰ ਪ੍ਰਦਾਨ ਕੀਤੇ ਗਏ ਸਨ। ਨਿਯਮਾਂ ਦੇ ਨਾਮ 'ਤੇ ਹਰ ਕੰਮ ਸਕੱਤਰ ਜਾਂ ਗ੍ਰਾਮ ਸੇਵਕ, ਪੰਚਾਇਤ ਅਫ਼ਸਰ ਅਤੇ ਹੋਰ ਅਫ਼ਸਰ ਕਰਦੇ ਹਨ। ਆਜ਼ਾਦਾਨਾ ਤੌਰ 'ਤੇ ਉਹਨਾ ਨੂੰ ਕੋਈ ਵਿਕਾਸ ਦਾ ਕੰਮ ਕਰਾਉਣ ਜਾਂ ਪੰਚਾਇਤ ਖਾਤਿਆਂ 'ਚੋਂ ਪੈਸੇ ਕਢਵਾਉਣ ਦਾ ਹੱਕ ਨਹੀਂ। ਕੋਈ ਵੀ ਕੰਮ ਆਪਣੀ ਮਰਜ਼ੀ ਨਾਲ ਕਰਾਉਣ ਦੀ ਗੱਲ ਤਾਂ ਦੂਰ ਦੀ ਹੋਈ, ਪੰਚਾਇਤੀ ਮਤਾ ਪਾਸ ਕਰਕੇ, ਕੰਮ ਕਰਵਾਉਣ 'ਚ ਵੀ ਅਧਿਕਾਰੀ ਰੁਕਾਵਟਾਂ ਪਾਉਂਦੇ ਹਨ। ਗ੍ਰਾਮ ਪੰਚਾਇਤਾਂ ਦੀਆਂ ਮੀਟਿੰਗਾਂ ਅਤੇ ਆਮ ਅਜਲਾਸ ਕਰਾਉਣਾ ਸਿਰਫ ਪੰਚਾਇਤ ਸਕੱਤਰ, ਅਫ਼ਸਰਾਂ ਦੀ ਮਰਜ਼ੀ 'ਤੇ ਸੀਮਤ ਹੋ ਕੇ ਰਹਿ ਗਿਆ ਹੈ। ਸਾਂਝੇ ਫੰਡ ਖਰਚਣਾ ਇੰਨਾ ਗੁੰਝਲਦਾਰ ਹੈ ਕਿ ਸਧਾਰਨ ਸਰਪੰਚ ਇਹਨਾ ਪੇਚੀਦਗੀਆਂ ਤੋਂ ਪ੍ਰੇਸ਼ਾਨ ਹੋ ਕੇ ਕਰਮਚਾਰੀਆਂ, ਅਧਿਕਾਰੀਆਂ ਅੱਗੇ ਹਥਿਆਰ ਸੁੱਟ ਦਿੰਦਾ ਹੈ।

ਇਹੋ ਹਾਲ ਸ਼ਹਿਰੀ ਸਥਾਨਕ ਸਰਕਾਰਾਂ ਅਰਥਾਤ ਨਿਗਮ ਕੌਂਸਲਾਂ ਦਾ ਹੈ। ਨਿਗਮ, ਕੌਂਸਲਾਂ ਦੀਆਂ ਮੀਟਿੰਗਾਂ ਉਪਰੰਤ ਵਿਕਾਸ ਕਾਰਜਾਂ ਦੇ ਮਤੇ ਅਤੇ ਫਿਰ ਟੈਂਡਰ ਲੱਗਣ, ਉੱਚ ਅਧਿਕਾਰੀਆਂ ਦੀਆਂ ਪ੍ਰਵਾਨਗੀਆਂ, ਅਸਲ 'ਚ ਮੈਂਬਰਾਂ ਦੇ ਪੱਲੇ ਕੁਝ ਵੀ ਨਹੀਂ ਰਹਿਣ ਦਿੰਦੀਆਂ। ਨਿਗਮਾਂ, ਕੌਂਸਲਾਂ 'ਚ ਆਮ ਲੋਕਾਂ ਨੂੰ ਕੰਮ ਕਰਵਾਉਣੇ ਇੰਨੇ ਔਖੇ ਹਨ ਕਿ ਲੋਕ ਕਰਮਚਾਰੀਆਂ ਨੂੰ ਰਿਸ਼ਵਤ ਦੇਕੇ ਕੰਮ ਕਰਵਾਉਣਾ ਚੰਗਾ ਸਮਝਣ ਲੱਗੇ ਹਨ।

ਜਿਵੇਂ "ਸਰਕਾਰੇ-ਹਿੰਦ" ਵਲੋਂ, ਤਾਕਤਾਂ ਦਾ ਕੇਂਦਰੀਕਰਨ ਕਰਕੇ, ਸੂਬਿਆਂ ਦੇ ਹੱਕ ਹਥਿਆਕੇ, ਉਹਨਾ ਨੂੰ ਪੰਗੂ ਬਣਾ ਦਿੱਤਾ ਜਾ ਰਿਹਾ ਹੈ। ਸੂਬੇ 'ਚ ਕੀਤੇ ਜਾਣ ਵਾਲੇ ਹਰ ਕੰਮ ਦੀ ਮਨਜ਼ੂਰੀ ਕੇਂਦਰ ਦੇ ਹੱਥ ਦੇਣ ਦਾ ਯਤਨ ਹੋ ਗਿਆ ਹੈ, ਇਵੇਂ ਹੀ ਸੂਬਾ ਸਰਕਾਰਾਂ ਨੇ ਸਥਾਨਕ ਸਰਕਾਰਾਂ ਦੇ ਸਾਰੇ ਅਧਿਕਾਰ ਹਥਿਆਏ ਹੋਏ ਹਨ। ਸਥਾਨਕ ਸਰਕਾਰਾਂ ਦੇ ਚੁਣੇ ਹੋਏ ਨੁਮਾਇੰਦੇ, ਲੋਕ ਨੁਮਾਇੰਦੇ ਹੀ ਨਹੀਂ ਰਹਿਣ ਦਿੱਤੇ ਗਏ, ਬੱਸ ਇੱਕ "ਮੋਹਰਾ" ਬਣਾ ਦਿੱਤੇ ਗਏ ਹਨ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਗ੍ਰਾਮ ਪੰਚਾਇਤਾਂ ਅਕਤੂਬਰ 2024 'ਚ ਚੁਣੀਆਂ ਗਈਆਂ ਹਨ, ਪਰ ਨਵੀਆਂ ਪੰਚਾਇਤਾਂ ਸਰਪੰਚਾਂ ਨੂੰ ਹਾਲੀ ਤੱਕ ਚਾਰਜ ਹੀ ਨਹੀਂ ਦਿੱਤੇ ਗਏ। ਪਹਿਲਾਂ ਜਨਵਰੀ 2024 ਤੋਂ ਅਕਤੂਬਰ 2024 ਤੱਕ ਸਰਕਾਰੀ ਅਧਿਕਾਰੀਆਂ ਨੂੰ ਪੰਚਾਇਤਾਂ ਦਾ ਕੰਮ ਸੌਂਪਕੇ ਪਿੰਡਾਂ ਦੇ ਵਿਕਾਸ ਕੰਮਾਂ ਦਾ,ਜੋ ਥੋੜ੍ਹੇ ਬਹੁਤੇ ਹੋਣੇ ਸਨ, ਨਾਸ ਮਾਰਿਆ ਗਿਆ, ਹੁਣ ਨਵੀਆਂ ਪੰਚਾਇਤਾਂ ਨੂੰ ਚਾਰਜ ਦੇਣ ਦਾ ਕੰਮ ਲਟਕਾਇਆ ਜਾ ਰਿਹਾ ਹੈ।

ਸਥਾਨਕ ਸਰਕਾਰਾਂ ਦਾ ਅਸਲ ਅਰਥ ਤਾਂ ਸਥਾਨਕ ਪੱਧਰ 'ਤੇ ਲੋਕ ਨਿਆਂ, ਲੋੜਾਂ ਅਨੁਸਾਰ ਵਿਕਾਸ, ਅਤੇ ਚੰਗਾ ਪ੍ਰਬੰਧਨ ਹੈ। ਪਿੰਡਾਂ, ਸ਼ਹਿਰਾਂ 'ਚ, ਸੂਬਾ ਤੇ ਕੇਂਦਰ ਸਰਕਾਰ ਦੀਆਂ ਸੰਸਥਾਵਾਂ ਤੇ ਕੰਮਾਂ ਦੀ ਦੇਖਭਾਲ, ਸਕੀਮਾਂ ਲਾਗੂ ਕਰਨਾ ਅਤੇ ਉਹਨਾ ਦਾ ਪ੍ਰਬੰਧ ਜੇਕਰ ਸਥਾਨਕ ਲੋਕਾਂ ਦੀ ਸ਼ਮੂਲੀਅਤ, ਪ੍ਰਬੰਧਨ ਨਾਲ ਹੋਏਗਾ ਤਾਂ ਸਾਰਥਿਕ ਸਿੱਟੇ ਨਿਕਲਣਗੇ, ਪਰ ਜੇਕਰ ਇਹ ਸਥਾਨਕ ਸਰਕਾਰਾਂ ਨਾਮਾਤਰ ਹੀ ਹੋਣਗੀਆਂ ਤਾਂ ਸਿਆਸੀ ਲੋਕਾਂ ਦਾ ਸਿਆਸੀ ਤਾਕਤ ਹਥਿਆਉਣ ਦਾ ਸਾਧਨ ਬਣਕੇ ਰਹਿ ਜਾਣਗੀਆਂ ਜਿਵੇਂ ਕਿ ਸਥਾਨਕ ਸਰਕਾਰਾਂ ਅਜੋਕੀ ਸਥਿਤੀ ਵਿੱਚ ਵਿਖਾਈ ਦਿੰਦੀਆਂ ਹਨ।

ਅੱਜ ਸੂਬੇ ਪੰਜਾਬ ਦੇ ਪਿੰਡਾਂ, ਸ਼ਹਿਰਾਂ ਦੇ ਸਫ਼ਾਈ ਪੱਖੋਂ ਹਾਲਾਤ ਕੀ ਹਨ? ਵਾਤਾਵਰਨ ਪ੍ਰਦੂਸ਼ਿਤ ਹੈ। ਸਾਫ਼ ਸੁਥਰੇ ਨਾਲੇ-ਖਾਲੇ, ਕਾਲੇ ਬਣੇ ਹੋਏ ਹਨ। ਪਿੰਡਾਂ, ਸ਼ਹਿਰਾਂ 'ਚ ਸੜਕਾਂ ਦਾ ਬੁਰਾ ਹਾਲ ਹੈ। ਪੇਂਡੂ ਲਿੰਕ ਸੜਕਾਂ ਤਾਂ ਟੁੱਟੀਆਂ ਹੀ ਪਈਆਂ ਹਨ, ਸ਼ਹਿਰੀ ਸੜਕਾਂ ਦੇ ਮੰਦੇ ਹਾਲ ਹਨ। ਸਰਕਾਰੀ ਇਮਾਰਤਾਂ ਦੇਖਭਾਲ ਖੁਣੋ ਵਾਸਤਾ ਪਾ ਰਹੀਆਂ ਹਨ। ਸਰਕਾਰੀ ਸਕੀਮਾਂ ਸਰਕਾਰੀ ਕਰਮਚਾਰੀਆਂ ਦੀ ਕੁਤਾਹੀ ਕਾਰਨ ਲੋਕਾਂ ਤੱਕ ਨਹੀਂ ਪੁੱਜਦੀਆਂ। ਜਿਹੜੇ ਕੰਮ ਲੋਕਾਂ ਦੇ ਸਥਾਨਕ ਲੀਡਰਸ਼ਿਪ ਨੇ ਸੌਖਿਆਂ ਕਰਨੇ ਹੁੰਦੇ ਹਨ, ਉਹ ਸਰਕਾਰ ਵਲੋਂ ਗੁੰਝਲਦਾਰ ਬਣਾ ਦਿੱਤੇ ਗਏ ਹਨ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਸਥਾਨਕ ਸਰਕਾਰਾਂ ਦਾ ਆਪਣਾ ਕੋਈ ਆਮਦਨ ਦਾ ਵਸੀਲਾ ਜਾਂ ਸਰੋਤ ਨਹੀਂ ਹੈ, ਉਹਨਾ ਨੂੰ ਕੇਂਦਰ ਜਾਂ ਸੂਬੇ ਦੀਆਂ ਗ੍ਰਾਂਟਾਂ 'ਤੇ ਹੀ ਆਮ ਤੌਰ 'ਤੇ ਨਿਰਭਰ ਬਣਾ ਦਿੱਤਾ ਗਿਆ ਹੈ। ਇਹੋ ਜਿਹੇ ਹਾਲਤਾਂ 'ਚ ਚੰਗੇ ਨੁਮਾਇੰਦਿਆਂ ਦੀ ਸਥਾਨਕ ਸਰਕਾਰਾਂ 'ਚ ਚੋਣ, ਵਧੇਰੇ ਮਹੱਤਵਪੂਰਨ ਹੈ ਅਤੇ ਸਮੇਂ ਦੀ ਮੰਗ ਹੈ।

ਜਿਵੇਂ ਸਥਾਨਕ ਪੇਂਡੂ, ਸ਼ਹਿਰੀ ਲੋਕਾਂ ਨੇ ਸਮੇਂ ਸਿਰ ਪੰਚਾਇਤੀ, ਨਗਰ ਕੌਂਸਲ ਚੋਣਾਂ ਕਰਵਾਉਣ ਲਈ ਕਾਨੂੰਨੀ ਲੜਾਈ ਲੜੀ ਹੈ, ਜਿੱਤ ਪਰਾਪਤ ਕੀਤੀ ਹੈ, ਉਵੇਂ ਹੀ ਉਹਨਾ ਨੂੰ ਸਥਾਨਕ ਸਰਕਾਰਾਂ ਵਿੱਚ ਸਰਕਾਰੀ ਦਖ਼ਲ ਅੰਦਾਜੀ ਬੰਦ ਕਰਵਾਉਣ ਦੀ ਲੜਾਈ ਵੀ ਲੜਨੀ ਹੋਵੇਗੀ।

ਭਾਰਤੀ ਸੰਵਿਧਾਨ ਸਥਾਨਕ ਸਰਕਾਰਾਂ ਨੂੰ ਪੂਰਾ ਅਧਿਕਾਰ ਤੇ ਮਹੱਤਵ ਦਿੰਦਾ ਹੈ। ਇਸ ਅਧਿਕਾਰ ਨੂੰ ਕਾਇਮ ਰੱਖਣਾ ਭਾਰਤੀ ਲੋਕਤੰਤਰ ਦੀ ਮੁਢਲੀ ਇਕਾਈ "ਸਥਾਨਕ ਸਰਕਾਰਾਂ" ਦਾ ਫ਼ਰਜ਼ ਵੀ ਬਣਦਾ ਹੈ।

# ਕ੍ਰਿਸਮਸ ਤੇ ਸਾਕਾ ਸਰਹੰਦ ਬਨਾਮ ਮਨੁੱਖਤਾ ਤੇ ਗੁਰੂ ਨਾਨਕ ਫ਼ਲਸਫ਼ਾ

ਜਦੋਂ ਤੋਂ ਮਨੁੱਖੀ ਹੱਕਾਂ ਅਤੇ ਆਰਥਿਕ ਮੁਹਾਜ਼ ਉਤੇ ਦੁਨੀਆਂ ਭਰ ਦੀਆਂ ਸਰਕਾਰਾਂ ਫੇਲ੍ਹ ਹੋ ਰਹੀਆਂ ਹਨ, ਆਵਾਮ ਮਜ਼ਬਾਂ ਦੇ ਰਾਹ ਨਿਜਾਤ ਲੱਭਣ ਵੱਲ ਮੁੜ ਕੇ ਮਜ਼ਬੀਆਂ ਦੀ ਕੁੜੱਤਣ, ਕਠੋਰਤਾ ਅਤੇ ਈਰਖਾ ਵਰਗੇ ਵਰਤਾਰਿਆਂ ਦਾ ਸ਼ਿਕਾਰ ਹੋ ਰਹੀ ਏ ਤੇ ਮਨੁੱਖਤਾ ਦੀ ਡੋਰ ਨਾਲੋਂ ਟੁੱਟਦੀ ਜਾ ਰਹੀ ਏ।

ਪੰਜਾਬੀਆਂ ਖਾਸ ਕਰਕੇ ਸਿੱਖ ਧਰਮ ਵਿਚ ਆਸਥਾ ਰੱਖਣ ਵਾਲੇ ਭਾਈਚਾਰੇ ਵਿਚ 'ਸ਼ਹੀਦੀ ਹਫ਼ਤਾ' ਚੱਲਦਾ ਹੈ ਜੋ ਸਿੱਖ ਭਾਈਚਾਰੇ ਲਈ ਸੋਗ ਦੇ ਨਾਲ ਸ਼ਾਨਾਮੱਤੀ ਸਬਕ ਸਿੱਖਣ ਦੇ ਦਿਨ ਹਨ, ਨਾਲ ਇਤਿਹਾਸ ਨੂੰ ਵਿਗਾੜਨ ਦੇ ਇਤਿਹਾਸਿਕ ਦੋਸ਼ ਵੀ ਲੱਗ ਰਹੇ ਹਨ ਜੋ ਇਸ ਲਿੱਖਤ ਦਾ ਹਿੱਸਾ ਨਹੀਂ। ਸਾਡੇ ਮਹਾਨ ਚਿੰਤਕ ਸੁਰਜੀਤ ਹਾਂਸ ਨੇ ਵਿੱਸਥਾਰ ਨਾਲ ਗੱਲ ਕੀਤੀ ਸੀ; ਇਹ ਗੱਲ ਵੱਖਰੀ ਹੈ ਕਿ ਖ਼ਾਸ ਕਿਸਮ ਦੀ ਸੋਚ ਵਾਲਿਆਂ ਨੋਟਿਸ ਨਹੀਂ ਲਿਆ, ਨਹੀਂ ਤਾਂ ਉਹ ਵੀ ਕਦੇ ਕਿਸੇ ਹਿੱਟ ਲਿੱਸਟ ਵਿਚ ਹੁੰਦੇ...ਖੈਰ ਗੱਲ ਕਦੇ ਫੇਰ!

ਬਹੁਤੇ ਤਿਉਹਾਰਾਂ ਦਾ ਸਬੰਧ ਰੁੱਤਾਂ ਨਾਲ ਹੁੰਦੈ, ਫੇਰ ਆਰਥਿਕ ਮੁਫ਼ਾਦਾਂ ਨਾਲ ਜੁੜਦਾ ਹੋਇਆ ਮਜ਼ਬੀ ਹੋ ਜਾਂਦਾ। ਪੱਚੀ ਦਸੰਬਰ ਨੂੰ ਕ੍ਰਿਸਮਸ ਹੈ, ਕਿਹਾ ਜਾਂਦਾ ਕਿ ਇਸਾਈਅਤ ਦੇ ਪੁਜਾਰੀਆਂ ਅਤੇ ਹਾਕਮ ਜਮਾਤ ਨੇ ਆਪਣੀਆਂ ਲੋੜਾਂ ਲਈ ਇਹ ਤਰੀਕ ਮਿੱਥ ਲਈ, ਇਹ ਵੀ ਕਿਹਾ ਜਾਂਦੈ ਇੱਕ ਧਿਰ ਵਲੋਂ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਵੀ ਖਾਸ ਲੋਕਾਂ ਵੱਲੋਂ ਬਦਲ ਕੇ ਮੰਨਾਇਆ ਜਾਂਦਾ ਹੈ; ਖ਼ੈਰ ਵੱਖਰਾ ਵਿਸ਼ਾ !

ਗੱਲ ਕ੍ਰਿਸਮਸ ਦੀ ਕਰੀਏ ਤਾਂ ਹੁਣ ਇਹ ਨਿਰਾ ਇਸਾਈਅਤ ਮਜ਼ਹਬ ਦਾ ਪਵਿੱਤਰ ਦਿਨ ਨਹੀਂ ਰਹਿ ਗਿਆ, ਸਗੋਂ ਕੌਮਾਂਤਰੀ ਪੱਧਰ ਉੱਤੇ ਇੱਕ ਸੱਭਿਆਚਾਰਕ ਦਿਨ ਬਣ ਗਿਆ ਹੈ। ਮੇਰਾ ਮੰਨਣਾ ਹੈ ਕਿ ਕ੍ਰਿਸਮਸ ਦਾ ਕੌਮਾਂਤਰੀ ਦਿਹਾੜਾ ਬਣਨ ਪਿੱਛੇ ਅੱਜ ਦੀ ਈਸਾਈਅਤ ਦਾ ਉਦਾਰ ਹੋਣਾ ਹੈ...ਹੁਣ ਸੱਚਮੁੱਚ ਕ੍ਰਿਸਮਸ ਕੌਮਾਂਤਰੀ ਸੱਭਿਆਚਾਰਕ ਦਿਵਸ ਬਣ ਗਿਆ ਹੈ। ਮੈਂ ਦੇਖਿਆ ਵੱਖੋ ਵੱਖਰੇ ਵਿਸ਼ਵਾਸਾਂ ਅਤੇ ਸੱਭਿਆਚਾਰਾਂ ਦੇ ਲੋਕ ਘਰਾਂ ਵਿਚ ਕ੍ਰਿਸਮਸ ਟਰੀ ਡੈਕੋਰੇਟ ਕਰਦੇ ਹਨ, ਦਿਲਚਸਪ ਗੱਲ ਹੈ ਕਿ ਤਮਾਮ ਬੋਧੀ ਖਾਸ ਕਰਕੇ ਏਸ਼ਿਆਈ ਮੂਲ ਦੇ ਲੋਕਾਂ ਨੇ ਬੁੱਧ ਦੇ ਛੋਟੇ ਬੁੱਤ ਅਤੇ ਮੂਰਤਾਂ ਕ੍ਰਿਸਮਸ ਟਰੀ ਉੱਤੇ ਟੰਗੀਆਂ ਹੁੰਦੀਆਂ ਹਨ, ਬਹੁਤ ਸਾਰੇ ਸਨਾਤਨੀਆਂ ਨੇ ਸੀਤਾ, ਰਾਮ, ਲੱਛਮਣ ਤੇ ਰਾਧਾ-ਕ੍ਰਿਸ਼ਨ ਅਤੇ ਸ਼ਿਵਜੀ-ਪਾਰਵਤੀ ਸਮੇਤ ਤਮਾਮ ਦੇਵੀ-ਦੇਵਤਿਆਂ ਦੇ ਬੁੱਤ ਤੇ ਫੋਟੋ ਟੰਗੇ ਹੁੰਦੇ ਹਨ। ਇੱਥੋਂ ਤੱਕ ਇਸਲਾਮੀ ਲੋਕਾਂ ਮੱਕੇ-ਮਦੀਨੇ ਦੀਆਂ ਫੋਟੋਆਂ ਟੰਗੀਆਂ ਹੁੰਦੀਆਂ ਹਨ, ਸਾਡੇ ਸਿੱਖ ਵਿਚਾਰਧਾਰਾ ਵਾਲਿਆਂ ਦੇ ਘਰੀਂ ਵੀ ਮੈਂ ਕ੍ਰਿਸਮਸ ਟਰੀ ਉੱਤੇ ਗੁਰੂ ਸਾਹਿਬ ਦੇ ਚਿੱਤਰ, ਸਤਿਨਾਮ ਵਾਹਿਗੁਰੂ ਸਮੇਤ ਗੁਰੂ ਬਾਣੀ ਦੀਆਂ ਟੂਕਾਂ ਟੰਗੀਆਂ ਦੇਖੀਆਂ। ਕੁੱਲ ਮਿਲਾ ਕੇ ਕ੍ਰਿਸਮਸ ਕੌਮਾਂਤਰੀ ਸੱਭਿਆਚਾਰਕ ਦਿਹਾੜਾ ਬਣ ਗਿਆ।

ਸਿੱਖ ਫ਼ਲਸਫ਼ਾ ਸਾਰੀ ਮਨੁੱਖਤਾ ਨੂੰ ਕਲਾਵੇ ਵਿਚ ਲਿਆ ਰਿਹੈ, ਜੇਕਰ ਅਸੀਂ ਇਸ ਨੂੰ ਕੌਮਾਂਤਰੀ ਪੱਧਰ ਉੱਤੇ ਨਹੀਂ ਲੈ ਕੇ ਜਾ ਸਕੇ ਤਾਂ ਕਸੂਰ ਸਾਡਾ ਹੈ।

ਪੱਚੀ ਦਸੰਬਰ ਤੋਂ ਅਗਲੇ ਦਿਨ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦਾ ਸ਼ਹੀਦੀ ਦਿਹਾੜਾ ਹੈ। ਸਿੱਖ ਫਲਸਫੇ ਦੇ ਮਨੁੱਖੀ ਹੱਕਾਂ ਬਾਰੇ ਲੜੀ ਜੰਗ ਬਾਰੇ ਜੇਕਰ ਆਲਮੀ ਪੱਧਰ ਤੱਕ ਨਹੀਂ ਜਾ ਸਕੇ ਤਾਂ ਕਸੂਰ ਸਿੱਖੀ ਦੇ ਪੈਰੋਕਾਰਾਂ ਦਾ ਹੀ ਹੈ।

ਹਰ ਸਾਲ ਦਸੰਬਰ ਮਹੀਨੇ ਸ਼ਹੀਦੀ ਹਫ਼ਤੇ ਦੌਰਾਨ ਕ੍ਰਿਸਮਸ ਸਿੱਖ ਵੀ ਮਨਾਉਂਦੇ ਹਨ ਪਰ ਹਰ ਸਾਲ ਖਾਸ ਕਿਸਮ ਦੀ ਸਿੱਖੀ ਸੋਚ ਵਾਲੇ ਸਿੱਖ ਕ੍ਰਿਸਮਸ ਮਨਾਉਣ ਵਾਲਿਆਂ ਲਈ ਬਹੁਤ ਭੱਦੀ ਸ਼ਬਦਾਵਲੀ ਵਰਤਦੇ ਹਨ। ਗਾਲੀ-ਗਲੋਚ ਵੀ ਕਰਦੇ ਹਨ। ਲੋੜ ਯਥਾਰਥਵਾਦੀ ਬਣਨ ਦੀ ਹੈ। ਤਿਓਹਾਰ ਅਸਲੀ ਅਧਿਆਤਮਿਕ ਤੇ ਧਰਮੀ ਹੁੰਦੇ ਹਨ, ਮਜ਼ਬਾਂ ਦੀ ਜਕੜ ਵਿਚ ਹਰਗਿਜ਼ ਨਹੀਂ ਹੁੰਦੇ...ਧਰਮ ਦਾ ਘੇਰਾ ਵਿਸ਼ਾਲ ਹੁੰਦੈ ਤੇ ਮਜ਼ਹਬ ਨਿਰਾ ਧਰਮ ਦੇ ਨਾਂ ਬਣਿਆ ਧੜਾ ਹੁੰਦਾ।, ਤਾਂ ਹੀ ਕਿਹਾ ਜਾਂਦੈ ਧਰਮ ਤੋਂ ਧੜਾ ਪਿਆਰਾ!

ਮੈਂ ਨਿਮਰਤਾ ਨਾਲ ਅਪੀਲ ਕਰਦਾਂ ਉਨ੍ਹਾਂ ਪਰਪੱਕ ਸਿੱਖਾਂ ਨੂੰ ਜਿਹੜੇ ਬਦੇਸ਼ਾਂ ਵਿਚ ਬੱਚਿਆਂ ਦੀ ਖੁਸ਼ੀ ਲਈ ਜਾਂ ਭਾਈਚਾਰਕ ਸਾਂਝ ਲਈ ਕ੍ਰਿਸਮਸ ਮਨਾ ਰਹੇ ਲੋਕਾਂ ਨੂੰ ਗਾਲੀ ਗਲੋਚ ਕਰ ਰਹੇ ਹਨ, ਨੂੰ ਗੁਰੂ ਨਾਨਕ ਦੇਵ ਜੀ ਦੇ ਫਲਸਫੇ ਨੂੰ ਸਮਝਣ ਅਤੇ ਸਹੀ ਅਰਥਾਂ ਵਿਚ ਅਪਨਾਉਣ ਦੀ!

ਇਨਸਾਨ ਦੀ ਖ਼ੁਰਾਕ, ਪਹਿਰਾਵਾ, ਬੋਲੀ ਤੇ ਸੱਭਿਆਚਾਰ ਕਿਸੇ ਭੂਗੋਲਿਕ ਖਿੱਤੇ ਵਿਸ਼ੇਸ਼ ਉੱਤੇ ਨਿਰਭਰ ਕਰਦੀ ਹੈ-ਸਮੁੰਦਰ ਕਿਨਾਰੇ ਜਿੱਥੇ ਕਣਕ ਪੈਦਾ ਨਹੀਂ ਹੁੰਦੀ, ਕੁਦਰਤੀ ਮੱਛੀਆਂ ਖਾਣਗੇ, ਮੈਕਸੀਕੋ ਦੇ ਅਮਰੀਕਾ ਨਾਲ ਲਗਦੇ ਰੇਗਿਸਤਾਨ ਦੇ ਲੋਕ ਥੋਹਰਾਂ ਖਾਂਦੇ ਹਨ, ਉਥੇ ਹੁੰਦੀਆਂ ਹੀ ਥੋਹਰਾਂ ਹਨ।

ਲੋੜ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਸਮਝਣ ਦੀ! ਗੁਰੂ ਸਾਹਿਬ ਜਿਸ ਇਲਾਕੇ ਵਿਚ ਗਏ ਪਹਿਰਾਵਾ ਤੇ ਖਾਣਾ ਇਲਾਕੇ ਦਾ ਅਪਣਾਇਆ, ਲੋੜ ਜਿੰਨੀ ਬੋਲੀ ਵੀ ਸਿੱਖੀ।

ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਬਾਰੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਤਮਾਮ ਇਲਾਕਿਆਂ ਵਿਚੋਂ ਉਨ੍ਹਾਂ ਦੀਆਂ ਇਤਿਹਾਸਕ ਪੇਂਟਿੰਗ ਇਕੱਤਰ ਕਰ ਕੇ ਚਿੱਤਰ ਕਿਤਾਬ ਛਾਪੀ ਹੈ। ਉਸ ਮੁਤਾਬਿਕ ਗੁਰੂ ਨਾਨਕ ਸਾਹਿਬ ਜੀ ਨੇ ਇਲਾਕੇ ਮੁਤਾਬਿਕ ਬਸਤਰ, ਖਾਣਾ ਅਤੇ ਬੋਲੀ ਕਿਸੇ ਹੱਦ ਸਿੱਖਣ ਦੀ ਕੋਸ਼ਿਸ਼ ਕੀਤੀ, ਲੋੜ ਅੱਜ ਗੁਰੂ ਜੀ ਦੇ ਸੱਚੇ-ਸੁੱਚੇ ਸੁਨੇਹੇ ਨੂੰ ਅਪਨਾਉਣ ਦੀ ਹੈ।

ਜਿਹੜੀਆਂ ਕੌਮਾਂ ਆਪਣੇ ਵਿਰਸੇ ਦੀਆਂ ਕੋਰ ਕਦਰਾਂ-ਕੀਮਤਾਂ ਸਾਂਭ ਕੇ ਰੱਖਦੇ ਹਨ ਅਤੇ ਹੋਰ ਸੁਨਹਿਰੀ ਕਦਰਾਂ ਕੀਮਤਾਂ ਦੂਜੇ ਭਾਈਚਾਰਿਆਂ ਤੋਂ ਸਿੱਖ ਅੱਗੇ ਵਧਦੀਆਂ ਹਨ, ਉਹ ਦੁਨੀਆਂ ਦੀਆਂ ਅਗਾਂਹਵਧੂ ਕੌਮਾਂ ਹਨ। ਪੰਜਾਬੀ ਲਗਾਤਾਰ ਅੱਗੇ ਵਧ ਰਹੀਆਂ ਕੌਮਾਂ ਵਿਚੋਂ ਇੱਕ ਹੈ...ਪੰਜਾਬੀਓ! ਖ਼ਾਸਕਰ ਗੁਰੂ ਨਾਨਕ ਨਾਮ ਲੇਵਾ ਸੰਗਤ ਨੂੰ ਲੋੜ ਹੈ ਗੁਰੂ ਨਾਨਕ ਦਾ ਲੜ ਫੜ ਕੇ ਆਪਣੇ ਵਿਰਸੇ ਦੀਆਂ ਚੰਗੀਆਂ ਰਵਾਇਤਾਂ ਨੂੰ ਸਾਂਭਦੇ ਹੋਏ ਤੇ ਮਾੜੀਆਂ ਰਸਮਾਂ ਦੱਬ ਕੇ, ਚੰਗੀਆਂ ਕਦਰਾਂ-ਕੀਮਤਾਂ ਦੂਜੇ ਭਾਈਚਾਰਿਆਂ ਦੀਆਂ ਅਪਣਾ ਕੇ ਅੱਗੇ ਵਧਣ ਦੀ। ਲੋੜ ਗੁਰੂ ਨਾਨਕ ਦੇ ਵਿਚਾਰ ਵਿਚਾਰਨ ਦੀ ਹੈ।

-ਹਰਜਿੰਦਰ ਦੁਸਾਂਝ

# ਪੰਜਾਬ ਦੇ ਪੇਂਡੂ ਅਰਥਚਾਰੇ ਦੀ ਦਸ਼ਾ ਅਤੇ ਦਰਪੇਸ਼ ਚੁਣੌਤੀਆਂ

ਪੰਜਾਬ ਭਾਰਤ ਦਾ ਉਹ ਖਿੱਤਾ ਹੈ ਜਿਸ ਦੇ ਉੱਤਰ ਵਿੱਚ ਜੰਮੂ ਕਸ਼ਮੀਰ, ਉੱਤਰ ਪੂਰਬ ਵਿੱਚ ਹਿਮਾਚਲ ਪ੍ਰਦੇਸ਼, ਪੱਛਮ ਵਿੱਚ ਪਾਕਿਸਤਾਨ ਅਤੇ ਦੱਖਣ ਵਿੱਚ ਹਰਿਆਣਾ ਅਤੇ ਰਾਜਸਥਾਨ ਹਨ। ਇਸ ਤਰ੍ਹਾਂ ਇਹ ਭਾਰਤ ਦਾ ਇੱਕ ਬਾਰਡਰ ਦਾ ਪ੍ਰਾਂਤ ਹੈ।



ਇਸ ਦਾ ਖੇਤਰ 503620 ਵਰਗ ਕਿਲੋਮੀਟਰ (19,445 ਵਰਗ ਮੀਲ) ਵਿੱਚ ਫੈਲਿਆ ਹੋਇਆ ਹੈ। ਇਹ ਸੂਬਾ ਭਾਰਤ ਦੇ

ਪ੍ਰੋ.(ਡਾ.) ਮੇਹਰ ਮਾਣਕ

1.53 ਪ੍ਰਤੀਸ਼ਤ ਖੇਤਰ ਵੱਸਿਆ ਹੋਇਆ ਹੈ ਅਤੇ ਇਹ ਭਾਰਤ ਦਾ 20 ਵਾਂ ਵੱਡਾ ਰਾਜ ਹੈ ਜਿਸ ਦੀ ਦੋ ਤਿਹਾਈ ਤੋਂ ਵੱਧ ਅਬਾਦੀ ਪਿੰਡਾਂ ਵਿੱਚ ਰਹਿੰਦੀ ਹੈ। ਇੱਥੇ ਇਹ ਵਰਨਣਯੋਗ ਹੈ ਕਿ ਇਸ ਨੂੰ ਪੰਜ ਦਰਿਆਵਾਂ (ਪੰਜ- ਆਬ) ਦੀ ਧਰਤੀ ਕਿਹਾ ਜਾਂਦਾ ਹੈ ਭਾਵ ਇਸ ਕੋ.ਲ ਪਾਣੀ ਜਿਹੇ ਕਿਸੇ ਕੁਦਰਤੀ ਸੋਮੇ ਦੀ ਕਦੇ ਕੋਈ ਘਾਟ ਨਹੀਂ ਰਹੀ। ਪੰਜਾਬ ਨੇ ਦੇਸ਼ ਦੇ ਬਟਵਾਰੇ ਸਮੇਂ ਆਪਣੇ ਸੀਨੇ 'ਤੇ ਬੜੇ ਬੜੇ ਜ਼ਖ਼ਮ ਝੇਲੇ। ਸੰਨ 1947 ਵਿੱਚ ਹੋਏ ਦੇਸ਼ ਦੇ ਬਟਵਾਰੇ ਤੋਂ ਬਾਅਦ ਅਨੇਕਾਂ ਸਮੱਸਿਆਵਾਂ ਦਰਪੇਸ਼ ਸਨ ਜਿਨ੍ਹਾਂ ਵਿੱਚੋਂ ਭੁੱਖਮਰੀ ਵਿਸ਼ੇਸ਼ ਸੀ। ਇਸ ਕਰਕੇ ਭਾਰਤ ਸਰਕਾਰ ਨੇ ਜ਼ਮੀਨੀ ਸੁਧਾਰਾਂ ਦੀ ਪ੍ਰਕਿਰਿਆ ਤੋਂ ਬਾਅਦ ਭੁੱਖਮਰੀ ਮਸਲੇ ਨਾਲ ਨਜਿੱਠਣ ਲਈ ਤਹੱਈਆ ਕਰ ਲਿਆ। ਜਿਸ ਦਾ ਸਿੱਟਾ ਸੱਠਵਿਆਂ 'ਚ 'ਹਰੀ ਕ੍ਰਾਂਤੀ' ਦੀ ਆਮਦ ਵਿੱਚ ਨਿਕਲਿਆ ।

ਇਸੇ ਨੀਤੀ ਦੇ ਤਹਿਤ ਪੰਜਾਬ ਨੂੰ ਬਾਕੀ ਕੁੱਝ ਖੇਤਰਾਂ ਸਮੇਤ ਜਿਨ੍ਹਾਂ ਵਿੱਚ ਹਰਿਆਣਾ, ਪੱਛਮੀ ਉੱਤਰ ਪ੍ਰਦੇਸ਼ ਅਤੇ ਆਂਧਰਾ ਪ੍ਰਦੇਸ਼ ਦੇ ਤੱਟੀ ਇਲਾਕੇ ਸ਼ਾਮਲ ਸਨ, 'ਹਰੇ ਇਨਕਲਾਬ' ਦੇ ਇੱਕ ਵਿਸ਼ੇਸ਼ ਖੇਤਰ ਵੱਜੋਂ ਚੁਣਿਆ ਗਿਆ ਤਾਂ ਕਿ ਭਾਰਤ ਦੀ ਧਰਤੀ 'ਤੋਂ ਭੁੱਖ ਮਰੀ ਖਤਮ ਕਰਨ ਲਈ ਲੋੜੀਂਦਾ ਅੰਨ ਉਗਾਇਆ ਜਾ ਸਕੇ ਅਤੇ ਭਾਰਤ ਆਤਮ ਨਿਰਭਰ ਹੋ ਸਕੇ। ਪੰਜਾਬ ਨੇ ਨਵੇਂ ਬੀਜਾਂ, ਨਵੀਆਂ ਖਾਂਦਾਂ ਅਤੇ ਨਵੀਂ ਮਸ਼ੀਨਰੀ ਅਤੇ ਤਕਨੀਕਾਂ ਦੀ ਵਰਤੋਂ ਕਰਕੇ ਭਾਰਤ ਨੂੰ ਦੂਸਰੇ ਦੇਸ਼ਾਂ ਦੀ ਨਿਰਭਰਤਾ ਵਿੱਚੋਂ ਕੱਢਣ ਵਿੱਚ ਅਹਿਮ ਭੂਮਿਕਾ ਨਿਭਾਈ।। ਅੱਜ ਉਹ ਭਾਰਤ ਦਾ 17 ਪ੍ਰਤੀਸ਼ਤ ਕਣਕ ਅਤੇ 11ਪ੍ਰਤੀਸ਼ਤ ਚੌਲ ਪੈਦਾ ਕਰਦਾ ਹੈ। ਇਸ ਤਰ੍ਹਾਂ ਉਹ ਦੁਨੀਆਂ ਦੀ 2 ਪ੍ਰਤੀਸ਼ਤ ਕਣਕ , 2 ਪ੍ਰਤੀਸ਼ਤ ਕਪਾਹ ਅਤੇ 1 ਪ੍ਰਤੀਸ਼ਤ ਚੌ.ਲ ਪੈਦਾ ਕਰਦਾ ਹੈ। 'ਹਰੇ ਇਨਕਲਾਬ' ਦੇ ਵਿਕਾਸ ਮਾਡਲ ਨੇ ਜਿੱਥੇ ਫ਼ਸਲਾਂ ਦੀ ਪੈਦਾਵਾਰ ਵਿੱਚ ਬੇਹੱਦ ਵਾਧਾ ਕਰ ਦਿੱਤਾ ਉੱਥੇ ਹੀ ਕਿਸਾਨਾਂ ਦੇ ਮੁਨਾਫਿਆਂ ਵਿੱਚ ਵੀ ਵਾਧਾ ਕੀਤਾ। ਪਰ ਇਹ ਮੁਨਾਫ਼ਿਆਂ ਦਾ ਖੇਚ.ਲ ਬਹੁਤੀ ਦੇਰ ਨਾ ਚੱਲ ਸਕਿਆ।

ਜਿੱਥੇ ਇੱਕ ਪੱਧਰ ਉੱਤੇ ਪੈਦਾਵਾਰ ਵਿੱਚ ਖੜੋਤ ਆਈ ਉਸ ਦੇ ਨਾਲ ਹੀ ਪਿਛਲੇ ਤਕਰੀਬਨ ਤਿੰਨ ਦਹਾਕਿਆਂ ਦੇ ਵੱਧ ਸਮੇਂ ਤੋਂ ਮੁਨਾਫਿਆਂ ਵਿੱਚ ਗਿਰਾਵਟ ਸ਼ੁਰੂ ਹੋ ਗਈ। ਸੋ ਇਸ ਵੱਧ ਤੋਂ ਵੱਧ ਵਸੀਲਿਆਂ / ਸਰੋਤਾਂ ਦੀ ਵਰਤੋਂ ਵਾਲੇ ਮਾਡਲ ਨੇ ਆਖਰ ਆਰਥਿਕ , ਸਮਾਜਿਕ ਅਤੇ ਵਾਤਾਵਰਨ ਦੇ ਖੇਤਰਾਂ ਵਿੱਚ ਆਪਣੇ ਮਾਰੂ ਪ੍ਰਭਾਵ ਦਿਖਾਉਣੇ ਸ਼ੁਰੂ ਕਰ ਦਿੱਤੇ। ਪੰਜਾਬ ਅੱਜ ਉਹ ਉਪਜੀ ਸਥਿਤੀ ਸਾਹਮਣੇ ਬੇਵਸ ਹੋਇਆ ਦਿਖਾਈ ਦੇ ਰਿਹਾ ਹੈ।

ਪੰਜਾਬ ਦੇ ਪਾਣੀ ਜਿਸ ਕਾਰਨ ਉਸ ਦੀ ਸਰਦਾਰੀ ਸੀ, ਉਸ ਪ੍ਰਤੀ ਵਰਤੀ ਅਣਗਹਿਲੀ ਅਤੇ ਰਾਜਸੀ ਸਾਜ਼ਸ਼ਿਾਂ ਕਾਰਨ ਉਸ ਦੀ ਤਰਸਯੋਗ ਹਾਲਤ ਬਣ ਗਈ ਹੈ। 'ਹਰੇ ਇਨਕਲਾਬ' ਦੇ ਨਾਅਰੇ ਹੇਠ ਆਪਣੀਆਂ ਰਵਾਇਤੀ ਕੁਦਰਤੀ ਫਸਲਾਂ ਨੂੰ ਮੁਨਾਫਿਆਂ ਕਾਰਨ ਤਿਆਗ ਜੋ ਇਸ ਨੇ '' ਕਣਕ-ਝੋਨੇ'' ਦਾ ਫ਼ਸਲੀ ਚੱਕਰ' ਅਪਣਾਇਆ ਉਹ ਹੁਣ ਆਪਣੇ ਖਤਰਨਾਕ ਮਾਰੂ ਪ੍ਰਭਾਵ ਦਿਖਾ ਰਿਹਾ ਹੈ। ਸਾਡੇ ''ਤਰੱਕੀ ਅਤੇ ਖ਼ੁਸ਼ਹਾਲੀ'' ਵਾਲੇ ਪੰਜਾਬ ਦੀ ਇਹ ਹਾਲਤ ਹੈ ਕਿ ਅੱਜ ਪੰਜਾਬ ਵਿੱਚ 14.5 ਲੱਖ ਤੋਂ ਵੱਧ ਟਿਊਬਵੈੱਲ ਸਿੰਚਾਈ ਖਾਤਰ ਲੱਗੇ ਹੋਏ ਹਨ। ਝੋਨੇ ਦੀ ਫ਼ਸਲ ਲਈ ਅੰਨੇਵਾਹ ਧਰਤੀ ਹੇਠਲਾ ਪਾਣੀ ਕੱਢਿਆ ਜਾ ਰਿਹਾ ਹੈ ਜਿਸ ਕਾਰਨ ਪੰਜਾਬ ਦੇ ਕੁੱਲ 150 ਬਲਾਕਾਂ ਵਿੱਚੋਂ 140 ਬਲਾਕ ਉਹ ਹਨ ਜਿਥੇ ਬੇਹਿਸਾਬ ਪਾਣੀਂ ਕੱਢੇ ਜਾਣ ਕਾਰਨ ਸਥਿਤੀ ਚਿੰਤਾਜਨਕ ਬਣੀ ਹੋਈ ਹੈ ਅਤੇ ਸਰਕਾਰ ਨੇ ਇਨ੍ਹਾਂ ਇਲਾਕਿਆਂ ਨੂੰ 'ਡਾਰਕ ਜੋਨਾਂ' ਦੀ ਲਿਸਟ ਵਿੱਚ ਪਾਇਆ ਹੋਇਆ ਹੈ। ਹਰ ਸਾਲ ਇੱਕ ਮੀਟਰ ਤੋਂ ਵੀ ਵੱਧ ਧਰਤੀ ਹੇਠਲਾ ਪਾਣੀ ਨੀਵਾਂ ਹੋ ਰਿਹਾ ਹੈ। ਜਿਉਂ ਜਿਉਂ ਪਾਣੀ ਦਾ ਪੱਧਰ ਨੀਵਾਂ ਹੋ ਰਿਹਾ ਹੈ ਤਿਉਂ ਤਿਉਂ ਬੋਰਾਂ ਨੂੰ ਡੂੰਘਾ ਕਰਨ ਅਤੇ ਮੁੜ ਜਿਆਦਾ ਪਾਵਰ ਵਾਲੀਆਂ ਸਬਮਰਸੀਬਲ ਮੋਟਰਾਂ ਲਾਉਣ ਨਾਲ ਖਰਚਿਆਂ ਦਾ ਬੋਝ ਵੱਧ ਰਿਹਾ ਹੈ। ਸੈਂਟਰਲ ਬੋਰਡ ਆਫ਼ ਗਰਾਉਂਡ ਵਾਟਰ ਦੇ ਮੁਤਾਬਿਕ ਸੰਨ 2039 ਤੱਕ ਪਾਣੀ 1000 ਫੁੱਟ ਡੂੰਘਾ ਹੋ ਜਾਵੇਗਾ, ਇਸਦਾ ਮਤਲਬ ਪੰਜਾਬ ਰੇਗਸਤਾਨ ਬਣ ਜਾਵੇਗਾ । ਇਸ ਸਬੰਧੀ ਪ੍ਰੋਫੈਸਰ ਬੀ. ਡੀ. ਧਵਨ ਨੇ ਅਕਾਦਮਿਕ ਖੇਤਰ ਵਿੱਚ ਖੋਜ ਭਰਪੂਰ ਲੇਖ ਲਿਖਕੇ ਇਸ ਖੇਤਰ ਦੇ ਮਾਹਿਰਾਂ ਨੂੰ ਕੁੱਝ ਕਰਨ ਲਈ ਵਾਰ ਵਾਰ ਕਿਹਾ ਪਰ ਇਸ ਸਬੰਧੀ ਕਿਸੇ ਨੇ ਇਸ ਮਸਲੇ ਨੂੰ ਗੰਭੀਰਤਾ ਨਾ.ਲ ਨਹੀਂ ਲਿਆ ਅੱਜ ਸਿੱਟਾ ਸਭ ਦੇ ਸਾਹਮਣੇ ਹੈ।

ਪੈਦਾਵਾਰ ਦੇ ਵਾਧੇ ਅਤੇ ਮੁਨਾਫ਼ੇ ਦੀ ਹੋੜ ਕਾਰਨ ਰਸਾਇਣਕ ਖਾਦਾਂ ਦੀ ਕੀਤੀ ਜਾ ਰਹੀ ਵਰਤੋਂ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਜਾਣਕਾਰੀ ਮੁਤਾਬਕ ਮੌਜੂਦਾ ਸਮੇਂ ਵਿੱਚ ਇੱਕ ਹੈਕਟੇਅਰ ਖਾਤਰ ਰਸਾਇਣਕ ਖਾਦਾਂ ਦੀ ਖਪਤ 247.61ਕਿਲੋ ਹੋ ਰਹੀ ਹੈ ਜੋ ਕਿ ਦੇਸ਼ ਦੀ ਔਸਤ ਖਪਤ ਤੋਂ ਤਕਰੀਬਨ ਦੁੱਗਣੀ ਹੋ ਚੁੱਕੀ ਹੈ। ਅੱਜ 1.53 ਪ੍ਰਤੀਸਤ ਇਲਾਕੇ ਵਾ.ਲਾ ਪੰਜਾਬ ਦੇਸ਼ ਦੀ ਰਸਾਇਣਿਕ ਖਾਦਾਂ ਦਾ 9 ਪ੍ਰਤੀਸ਼ਤ ਖਪਤ ਕਰ ਰਿਹਾ ਹੈ। ਪੰਜਾਬ ਵਿੱਚ ਆਲੂ ਅਤੇ ਗੋਭੀ ਦੀ ਖੇਤੀ ਵਿੱਚ ਡੀ. ਏ. ਪੀ. ਦੀ ਬੇਲੋੜੀ ਵਰਤੋਂ ਹੋ ਰਹੀ ਹੈ। ਪੰਜਾਬ ਵਿੱਚ 30 ਲੱਖ ਟਨ ਯੂਰੀਏ ਅਤੇ 7.50 ਲਖ ਡੀ. ਏ. ਪੀ. ਦੀ ਖਪਤ ਹੋ ਰਹੀ ਹੈ।



ਅਜਿਹੀ ਬਿਨਾਂ ਸੋਚੇ ਸਮਝੇ ਰਸਾਇਣਕ ਖਾਦਾਂ ਦੀ ਅੰਨੇਵਾਹ ਵਰਤੋਂ ਮਾਰੂ ਸਿੱਟੇ ਕੱਢ ਰਹੀ ਹੈ। ਅੱਜ ਇਥੋਂ ਦੀਆਂ ਸਬਜ਼ੀਆਂ, ਅੰਨ, ਦੁੱਧ ਆਦਿ ਸਭ ਖਤਰਨਾਕ ਰਸਾਇਣਾਂ ਦੀ ਮਾਰ ਹੇਠ ਆ ਚੁੱਕੇ ਹਨ ਜਿਸ ਨਾ.ਲ ਬਿਮਾਰੀਆਂ ਦੇ ਰੂਪ ਵਿੱਚ ਸਿਹਤ ਉੱਤੇ ਮਾਰੂ ਪ੍ਰਭਾਵ ਦੇਖਣ ਨੂੰ ਮਿਲ ਰਹੇ ਹਨ।

ਸੰਨ 2000 ਤੋਂ ਬਾਅਦ ਧਰਤੀ ਹੇਠਲੇ ਪਾਣੀਂ ਵਿੱਚੋਂ ਯੂਰੇਨੀਅਮ ਦੀ ਮਾਤਰਾ ਦਾ ਮਿਲਣਾ ਖ਼ਤਰੇ ਦੀ ਘੰਟੀ ਹੈ।ਇਸ ਤਰ੍ਹਾਂ ਇੱਥੋਂ ਦੀ ਧਰਤੀ ਹੇਠਲਾ ਅਤੇ ਧਰਤੀ 'ਤੇ ਵਗਦਾ ਪਾਣੀ , ਮਿੱਟੀ, ਹਵਾ ਤੱਕ ਗੰਧ.ਲੇ ਹੋ ਚੁੱਕੇ ਹਨ। ਇਨ੍ਹਾਂ ਬਾਕੀ ਪੱਖਾਂ ਨੂੰ ਜੇਕਰ ਛੂਹਣ ਦੀ ਕੋਸ਼ਸ਼ਿ ਕੀਤੀ ਤਾਂ ਚਰਚਾ ਬਹੁਤ ਲੰਮੀ ਹੋ ਜਾਵੇਗੀ ਪਰ ਹੈਰਾਨੀਜਨਕ ਗੱਲ ਇਹ ਹੈ ਕਿ ਅੱਜ ਵੀ ਸਰਕਾਰ ਅਤੇ ਸਮਾਜ ਕੋਈ ਵੀ ਜ਼ਿੰਮੇਵਾਰੀ ਕਬੂਲਣ ਜਾਂ ਇਸ ਸੰਕਟ ਨੂੰ ਨਜਿਠਣ ਲਈ ਤਿਆਰ ਨਹੀਂ।

ਪੰਜਾਬ ਭਾਵੇਂ ਚੌਲਾਂ ਦਾ ਕਾਫੀ ਲੰਮੇ ਅਰਸੇ ਤੋਂ ਉਤਪਾਦਨ ਕਰਦਾ ਆ ਰਿਹਾ ਹੈ ਪਰ ਫਿਰ ਵੀ ਚੌ.ਲ ਪੰਜਾਬੀਆਂ ਦੀ ਖੁਰਾਕ ਦਾ ਹਿੱਸਾ ਨਹੀਂ ਬਣ ਸਕੇ। ਝੋਨੇ ਦੀ ਪੈਦਾਵਾਰ ਮਜਬੂਰੀ ਜਿਹੀ ਬਣ ਕੇ ਰਹਿ ਗਈ ਹੈ।ਮੁਨਾਫ਼ੇ ਦੇ ਚੱਕਰਵਿਊ ਵਿੱਚ ਪਈ ਕਿਸਾਨੀ ਕਾਰਨ ਪੰਜਾਬ ਵਿੱਚ ਹਰ ਸਾਲ ਝੋਨੇ ਦਾ ਰਕਬਾ ਵਧ ਰਿਹਾ ਹੈ ਜੋ ਕਿ ਹੁਣ 32 ਲੱਖ ਹੈਕਟੇਅਰ 'ਤੇ ਪਹੁੰਚ ਗਿਆ ਹੈ। ਉਤਪਾਦਨ ਭਾਵੇਂ ਜ਼ੋਰਾਂ 'ਤੇ ਹੈ ਪਰ ਝੋਨੇ ਦੀ ਫ਼ਸਲ ਮੰਡੀਆਂ ਵਿੱਚ ਰੁ.ਲਦੀ ਰਹਿੰਦੀ ਹੈ। ਇਸ ਵਾਰ ਤਾਂ ਕਰਨਾਟਕ ਸਰਕਾਰ ਨੇ ਖਰੀਦੇ ਚੌ.ਲ ਵੀ ਵਾਪਸ ਕਰ ਦਿਤੇ। ਕਰਨਾਟਕ ਨੇ ਇਹ ਦਲੀਲ ਦਿੱਤੀ ਕਿ ਖਾਣ ਦੇ ਕਾਬਲ ਨਹੀਂ ਹਨ। ਹਾਲਾਤ ਐਸੇ ਹਨ ਕਿ ਗੁਣਵੱਤਾ ਦੀ ਥਾਂ ਮਿਕਦਾਰ ਅਤੇ ਮੁਨਾਫ਼ੇ ਨੇ ਲੈਣ ਲਈ ਹੈ। ਇਸ ਕਰਕੇ ਰਾਜਸੀ ਅਤੇ ਸਮਾਜੀ ਇੱਛਾ ਸ਼ਕਤੀ ਦੀ ਘਾਟ ਕਾਰਨ ਖੇਤੀ ਪੈਦਾਵਾਰ ਅਤੇ ਕਿਸਾਨੀ ਦੀ ਹੋ ਰਹੀ ਦੁਰਦਸ਼ਾ ਹੁਣ ਕਿਸੇ ਤੋਂ ਛੁਪੀ ਨਹੀਂ।

ਇੱਕ ਗੱਲ ਹੋਰ ਵੀ ਨੋਟ ਕਰਨ ਵਾ.ਲੀ ਹੈ ਕਿ ਸਾਡਾ ਦੇਸ਼ ਬਾਹਰਲੇ ਦੇਸ਼ਾਂ ਤੋਂ ਡੇਢ ਲੱਖ ਕਰੋੜ ਰੁਪਏ ਦੀਆਂ ਦਾਲਾਂ ਅਤੇ ਤਕਰੀਬਨ ਇੰਨੇ ਹੀ ਮੁੱਲ ਦੇ ਤੇਲ ਬੀਜਾਂ ਦੀ ਦਰਾਮਦ ਕਰਦਾ ਹੈ ਜਦ ਕਿ ਇੱਥੇ ਹੀ ਸਭ ਕੁੱਝ ਪੈਦਾ ਹੋ ਸਕਦਾ ਹੈ । ਇਸ ਲਈ ਅਜਿਹੀ ਸਥਿਤੀ ਵਿੱਚ ਬਦਲਵੀਆਂ ਫ਼ਸਲਾਂ ਜਿਵੇਂ ਦਾਲਾਂ, ਤੇਲ ਬੀਜਾਂ ਆਦਿ ਨੂੰ ਪ੍ਰਫੁੱਲਿਤ ਕਰਨ ਦੀ ਅਥਾਹ ਲੋੜ ਹੈ। ਇਨ੍ਹਾਂ ਬਦਲਵੀਆਂ ਫ਼ਸਲਾਂ ਨੂੰ ਪ੍ਰਫੁੱਲਿਤ ਕਰਨ ਲਈ ਐਮ. ਐਸ. ਪੀ. ਦੀ ਖਰੀਦ ਦਾ ਵਿਸਥਾਰ, ਵੰਨ ਸਵੰਨਤਾ ਅਤੇ ਸਿਹਤਮੰਦ ਖੇਤੀ ਅਮਲਾਂ ਨੂੰ ਉਤਸ਼ਾਹਿਤ ਕਰਨ ਲਈ ਕਦਮ ਪੁੱਟਣੇ ਦੀ ਅਥਾਹ ਜ਼ਰੂਰਤ ਹੈ। ਕੋਲਡ ਸਟੋਰੇਜ, ਵੇਅਰਹਾਊਸਿੰਗ, ਪ੍ਰੋਸੈਸਿੰਗ ਯੂਨਿੰਟਾਂ ਅਤੇ ਆਵਾਜਾਈ ਸਿਸਟਮ ਵਿੱਚ ਸਰਕਾਰੀ ਨਿਵੇਸ਼ ਦੀ ਜ਼ਰੂਰਤ ਹੈ ਜਿਸ ਨਾ.ਲ ਪੇਂਡੂ ਖੇਤਰਾਂ ਵਿੱਚ ਰੁਜ਼ਗਾਰ ਦਾ ਵਾਧਾ ਹੋਵੇਗਾ। ਇਸ ਨਾ.ਲ ਆਮਦਨ ਦੇ ਨਵੇਂ ਰਾਹ ਖੁੱਲਣਗੇ ਅਤੇ ਇਹ ਪ੍ਰਵਾਸ ਨੂੰ ਵੀ ਠੱਲ੍ਹ ਪਾਵੇਗਾ। ਪੰਜਾਬ ਦੀ ਅੱਧੀ ਤੋਂ ਵੱਧ ਜਨ ਸੰਖਿਆ ਦੀ ਰੋਜ਼ੀ ਰੋਟੀ ਦਾ ਅਧਾਰ ਖੇਤੀ ਹੈ। ਇਸ ਸੰਦਰਭ ਵਿੱਚ ਸਰਕਾਰ ਅਤੇ ਨੀਤੀਵਾਨਾਂ ਨੂੰ ਇਹ ਮਸਲੇ ਦੀ ਗੰਭੀਰਤਾ ਨੂੰ ਸਮਝਣਾ ਚਾਹੀਦਾ ਹੈ ਅਤੇ ਵਾਜਬ ਹੱਲ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਕਿਉਂਕਿ ਝੋਨੇ ਦੇ ਫਸਲੀ ਚੱਕਰ ਚੋਂ ਜਿੰਨੀ ਛੇਤੀ ਨਿਕਲ਼ਿਆ ਜਾਵੇ ਉਨ੍ਹਾਂ ਹੀ ਇੱਛਾ ਹੈ ਨਹੀਂ ਤਾਂ ਸਾਨੂੰ ਇਹ ਰਹੀਆਂ ਪੁਸ਼ਤਾਂ ਸਾਹਮਣੇ ਜਵਾਬਦੇਹ ਹੋਣਾ ਪਵੇਗਾ।

ਪੰਜਾਬ ਵਿੱਚ ਜ਼ਿਆਦਾਤਰ ਦਰਮਿਆਨੀ ਅਤੇ ਛੋਟੀ ਕਿਸਾਨੀ ਹੈ। ਇੱਥੇ ਬਹੁ ਗਿਣਤੀ ਕਿਸਾਨਾਂ ਕੋ.ਲ 10 ਏਕੜ ਤੋਂ ਘੱਟ ਜ਼ਮੀਨ ਹੈ ਅਤੇ ਇੱਕ ਤਿਹਾਈ ਕਿਸਾਨਾਂ ਕੋ.ਲ 5 ਏਕੜ ਤੋਂ ਵੀ ਘੱਟ ਜ਼ਮੀਨ ਹੈ। ਦੀਨ ਬ ਦਿਨ ਕਿਸਾਨੀ ਦੀ ਟੁੱਟ ਰਹੀ ਬਣਤਰ ਅਤੇ ਮੰਦੀ ਹੋ ਰਹੀ ਆਰਥਿਕ ਸਥਿਤੀ ਨੇ ਉਨ੍ਹਾਂ ਵਿੱਚ ਬੇਯਕੀਨੀ ਦਾ ਆਲਮ ਪੈਦਾ ਕਰ ਦਿੱਤਾ ਹੈ।ਇਸ ਕਰਕੇ ਕਿਸਾਨ ਵੀ ਕਿਤੇ ਨਾ ਕਿਤੇ ਕੁੱਝ ਕਾਰਨਾ ਕਰਕੇ ਇਸ ਫ਼ਸਲੀ ਚੱਕਰ ਵਿੱਚੋਂ ਨਿਕਲਣ ਲਈ ਤਿਆਰ ਨਹੀਂ। ਆਏ ਸਾਲ ਵੱਧ ਰਹੀਆਂ ਲਾਗਤਾਂ ਅਤੇ ਮੁਨਾਫ਼ੇ ਵਿਚ ਆਈ ਤੇਜ਼ੀ ਨਾ.ਲ ਗਿਰਾਵਟ ਕਾਰਨ ਖੇਤੀ ਪਹਿਲਾਂ ਹੀ ਘਾਟੇ ਦਾ ਸੌਦਾ ਸਿਧ ਹੋਣ ਕਰਕੇ ਸਮੁੱਚਾ ਅਰਥਚਾਰਾ ਮੰਦੀ ਦੀ ਲਪੇਟ ਵਿਚ ਆ ਚੁਕਿਆ ਹੈ। ਕਰਜਦਾਰੀ ਦੇ ਬੋਝ ਅਤੇ ਬਦਲਵਾਂ ਕੋਈ ਰਾਹ ਨਾ ਦਿਸਣ ਕਾਰਨ ਮਾਨਸਿਕ ਦਬਾਓ ਕਾਰਨ ਕਿਸਾਨ ਤੇ ਮਜ਼ਦੂਰ ਆਤਮਘਾਤੀ ਪ੍ਰਵਿਰਤੀਆਂ ਦੇ ਸ਼ਕਿਾਰ ਹੋ ਚੁੱਕੇ ਹਨ। ਇਹ ਰੁਝਾਨ 1990 ਤੋਂ ਸ਼ੁਰੂ ਹੋਇਆ ਰੁਕਣ ਦਾ ਨਾਂ ਨਹੀਂ ਲੈ ਰਿਹਾ ਹੁਣ ਤੱਕ ਪੰਜਾਬ ਅੰਦਰ ਵੱਡੀ ਗਿਣਤੀ ਵਿੱਚ ਆਤਮਹੱਤਿਆਵਾਂ ਹੋ ਚੁੱਕੀਆਂ ਹਨ। ਪ੍ਰਸਿੱਧ ਸਮਾਜ ਵਿਗਿਆਨੀ ਟੌਮ ਬਰਾਸ ਨੇ ਕਿਹਾ ਹੈ ਕਿ ਸਰਕਾਰ ਜਾਣਬੁੱਝ ਕੇ ਸਹੀ ਤੱਥ ਪੇਸ਼ ਨਹੀਂ ਕਰ ਰਹੀ। ਸਰਕਾਰ ਨੇ ਆਪਣੀ ਰਿਪੋਰਟ ਵਿੱਚ1991 ਤੋਂ 2000 ਤੱਕ 3100 , ਸੰਨ 2000 ਤੋਂ 2015 ਤੱਕ 16661 ਅਤੇ 2015 ਤੋਂ 2017 ਤੱਕ 2200 ਕੇਸਾਂ ਦਾ ਜ਼ਕਿਰ ਕੀਤਾ ਹੈ। ਗੈਰਸਰਕਾਰੀ ਅੰਕੜੇ ਦੱਸਦੇ ਹਨ ਕਿ ਗਿਣਤੀ ਵਧੇਰੇ ਹੈ।ਇਸ ਤੋਂ ਬਾਅਦ ਸਰਕਾਰ ਨੇ ਜਾਣਕਾਰੀ ਦੇਣੀ ਬੰਦ ਕਰ ਦਿੱਤੀ। ਜੇਕਰ ਇਸ ਜਾਣਕਾਰੀ ਅਧਾਰਤ 2024 ਤੱਕ ਔਸਤ ਕੱਢੀਏ ਤਾਂ ਕੇਸਾਂ ਦੀ ਗਿਣਤੀ 30000 ਬਣਦੀ ਹੈ ਪਰ ਜ਼ਮੀਨੀ ਪੱਧਰ ਉੱਤੇ ਕਈ ਕਾਰਨਾਂ ਕਰਕੇ ਕਈ ਵਾਰ ਰਿਪੋਰਟਿੰਗ ਨਹੀਂ ਕੀਤੀ ਜਾਂਦੀ। ਇਸ ਕਰਕੇ ਸਹੀ ਤੱਥ ਸਾਹਮਣੇ ਨਹੀਂ ਆਉਂਦੇ।

ਇੱਥੇ ਇਹ ਗੱਲ ਵਰਨਣਯੋਗ ਹੈ ਕਿ ਪੇਂਡੂ ਖੇਤਰਾਂ ਵਿੱਚ ਆਤਮ ਹੱਤਿਆਵਾ ਦੇ ਵਰਤਾਰੇ ਦੀ ਮੁੱਖ ਵਜਾਹ ਆਰਥਿਕ ਤੰਗੀ ਅਤੇ ਕਰਜਦਾਰੀ ਸੀ। ਇਹ ਗੱਲ ਡਾ. ਸੁੱਚਾ ਸਿੰਘ ਗਿੱਲ, ਪ੍ਰੋਫੈਸਰ ਲਖਵਿੰਦਰ ਸਿੰਘ ਗਿੱਲ, ਪ੍ਰੋਫੈਸਰ ਕੇਸਰ ਸਿੰਘ ਭੰਗੂ, ਪ੍ਰੋਫੈਸਰ ਰਣਜੀਤ ਸਿੰਘ ਘੁੰਮਣ, ਪ੍ਰੋਫੈਸਰ ਕੇ. ਗੋਪਾਲ ਅਈਅਰ ਅਤੇ ਡ਼ਾ ਮੇਹਰ ਮਾਣਕ ਨੇ ਆਪਣੇ ਖੋਜ ਕਾਰਜਾਂ ਵਿੱਚ ਤੱਥਾਂ ਸਾਹਿਤ ਸਿੱਧ ਕੀਤੀ ਹੈ। ਇਸ ਗੱਲ ਦੀ ਪੁਸ਼ਟੀ ਡਾ. ਸੁਖਪਾਲ ਸਿੰਘ ਚੇਅਰਮੈਨ, ਫਾਰਮਜ਼ ਕਮਿਸ਼ਨ ਪੰਜਾਬ ਨੇ ਵੀ ਖ਼ੁਦ ਆਪਣੇ ਅਧਿਐਨਾਂ ਰਾਹੀਂ ਕੀਤੀ ਹੈ। ਉਪਰੋਕਤ ਖੋਜ ਰਿਪੋਰਟਾਂ ਇਸ ਨਤੀਜੇ ਉੱਤੇ ਪਹੁੰਚੀਆਂ ਹਨ ਕਿ ਆਤਮ ਹੱਤਿਆ ਕਰਨ ਵਾਲ਼ੇ ਗਰੀਬ ਕਿਸਾਨ ਅਤੇ ਪੇਂਡੂ ਮਜ਼ਦੂਰ ਸਨ। ਇਸ ਕਰਕੇ ਸਮਾਜ ਦਾ ਹੇਠਲਾ ਤਬਕਾ ਸਭ ਤੋਂ ਜ਼ਿਆਦਾ ਇਸ ਮਾਰੂ ਰੁਝਾਨ ਦਾ ਸ਼ਕਿਾਰ ਹੋਇਆ ਹੈ।

ਇਸ ਤੋਂ ਇਲਾਵਾ ਇਸ ਦਾ ਇੱਕ ਹੋਰ ਵੀ ਖ਼ਤਰਨਾਕ ਪਹਿਲੂ ਸਾਹਮਣੇ ਆਇਆ ਹੈ ਕਿ ਇਨ੍ਹਾਂ ਵਿੱਚ ਬਹੁਤ ਗਿਣਤੀ ਨੌਜਵਾਨਾਂ ਦੀ ਸੀ। ਮਨੁੱਖੀ ਜੀਵਨ ਦੇ ਪੜਾਵਾਂ ਵਿੱਚ ਜਵਾਨੀ ਇੱਕ ਅਹਿਮ ਪੜਾਅ ਹੈ ਜਦੋਂ ਮਨੁੱਖ ਆਪਣੀ ਲਿਖਤ ਦੇ ਜੋਬਨ ਉੱਤੇ ਹੁੰਦਾ ਹੈ। ਅਜਿਹੇ ਪੜਾਅ ਉੱਤੇ ਅਹਿਮ ਮਨੁੱਖੀ ਸ਼ਕਤੀ ਦਾ ਮਨਫੀ ਹੋਣਾ, ਕੋਈ ਸਧਾਰਨ ਗੱਲ ਨਹੀਂ ਹੈ। ਇਸ ਕਰਕੇ ਪੇਂਡੂ ਅਰਥਚਾਰੇ ਨਾ.ਲ ਜੁੜੇ ਨੌਜਵਾਨਾਂ ਦੀਆਂ ਆਤਮਹੱਤਿਆਵਾਂ ਬੜੀ ਚਿੰਤਾ ਦਾ ਵਿਸ਼ਾ ਹਨ ਕਿਉਂਕਿ ਇਹ ਉਮਰ ਹੀ ਕਿਰਤ ਦੇ ਖੇਤਰ ਵਿੱਚ ਕਾਫ਼ੀ ਹੱਦ ਤੱਕ ਮੁੱਖ ਭੂਮਿਕਾ ਨਿਭਾਉਂਦੀ ਹੈ।

ਇਸ ਤੋਂ ਇਲਾਵਾ ਪੰਜਾਬ ਦੀ ਜਵਾਨੀ ਦਾ ਵਿਦੇਸ਼ਾਂ ਵੱਲ ਹੋ ਰਿਹਾ ਪ੍ਰਵਾਸ ਵੀ ਨੌਜਵਾਨਾਂ ਵਿੱਚ ਫੈਲ ਰਹੀ ਨਿਰਾਸ਼ਤਾ ਅਤੇ ਬੇਯਕੀਨੀ ਦਾ ਹੀ ਪ੍ਰਤੀਕ ਕਿਹਾ ਜਾ ਸਕਦਾ ਹੈ। ਇੱਥੇ ਰਹਿ ਰਹੇ ਨੌਜਵਾਨਾਂ ਦੇ ਇੱਕ ਵੱਡੇ ਹਿੱਸੇ ਵਿੱਚ ਫੈਲ ਰਹੇ ਨਸ਼ੇ ਅਤੇ ਮਾਰੂ ਪ੍ਰਵਿਰਤੀਆਂ ਪੰਜਾਬ ਦੇ ਖਤਰਨਾਕ ਭਵਿੱਖ ਵੱਲ ਇਸ਼ਾਰਾ ਕਰ ਰਹੇ ਹਨ।

ਅਜਿਹੀ ਤਿੜਕ ਰਹੀ ਆਰਥਿਕ ਅਤੇ ਸਮਾਜਿਕ ਵਿਵਸਥਾ ਸ ਵਿੱਚੋਂ ਜਨਤਕ ਅੰਦੋਲਨਾਂ ਦਾ ਪੈਦਾ ਹੋਣਾ ਸੁਭਾਵਕ ਹੈ। 'ਦਿੱਲੀ ਮੋਰਚੇ' ਵਿੱਚ ਭਰਵੀਂ ਸ਼ਮੂਲੀਅਤ ਅਤੇ ਜਿੱਤ ਇਸ ਗੱਲ ਦਾ ਪ੍ਰਤੱਖ ਸਬੂਤ ਹਨ ਕਿ ਲੋਕਾਂ ਦਾ ਸਰਕਾਰਾਂ ਦੀ ਕਾਰਗੁਜ਼ਾਰੀ ਤੋਂ ਵਿਸਵਾਸ਼ ਉੱਠ ਚੁੱਕਾ ਹੈ। ਕੇਂਦਰ ਸਰਕਾਰ ਨੇ ਮੰਗਾਂ ਮੰਨ ਕੇ ਵੀ ਨਹੀਂ ਮੰਨੀਆਂ ਅਤੇ ਉਹ ਟੇਢੇ ਢੰਗ ਨਾ.ਲ ਪੁਰਾਣੇ ਕਾਨੂੰਨ ਲਾਗੂ ਕਰਨ ਲਈ ਖੇਡਾਂ ਖੇਡ ਰਹੀ ਹੈ ਜਿਸ ਕਾਰਨ ਅਵਾਮ ਜੀ ਦੇ ਮਨਾਂ ਵਿੱਚ ਬੇਵਿਸਾਹੀ ਘਟਣ ਦੀ ਥਾਂ ਵਧ ਰਹੀ ਹੈ। ਕੇਂਦਰ ਸਰਕਾਰ ਕਿਸੇ ਨਾ ਕਿਸੇ ਤਰ੍ਹਾਂ ਆਪਣੇ ਮੱਦਦਗਾਰਾਂ ਦੇ ਹਿੱਤਾਂ ਦੀ ਰਾਖੀ ਕਰਕੇ ਆਪ ਸੱਤ੍ਹਾ ਵਿੱਚ ਬਣੇ ਰਹਿਣਾ ਚਾਹੁੰਦੀ ਹੈ। ਦੂਸਰੇ ਪਾਸੇ 'ਦਿੱਲੀ ਮੋਰਚੇ ' ਤੋਂ ਬਾਅਦ ਸੰਯੁਕਤ ਕਿਸਾਨ ਮੋਰਚਾ ਅਤੇ ਸੰਯੁਕਤ ਕਿਸਾਨ ਮੋਰਚਾ ( ਗੈਰ ਰਾਜਨੀਤਕ) ਕਿਸਾਨ ਜਥੇਬੰਦੀਆਂ/ ਧਿਰਾਂ ਅਤੇ ਨੇਤਾਵਾਂ ਦਾ ਦੋ ਖੇਮਿਆਂ ਵਿੱਚ ਵੰਡੇ ਜਾਣਾ ਵੀ ਕਿਸਾਨਾਂ ਅੰਦਰਲੀ ਨਿਰਾਸ਼ਤਾ ਵਿੱਚ ਵਾਧਾ ਕਰ ਰਿਹਾ ਹੈ। ਸੰਯੁਕਤ ਕਿਸਾਨ ਮੋਰਚਾ ( ਗੈਰ ਰਾਜਨੀਤਕ) ਵੱਲੋਂ ਕਿਸਾਨਾਂ ਦੀ ਸਭ ਤੋਂ ਵੱਡੀ ਧਿਰ ਸਯੁੰਕਤ ਕਿਸਾਨ ਮੋਰਚੇ ਨੂੰ ਅੱਖੋ ਪਰੋਖੇ ਕਰਕੇ ਕਿਸਾਨੀ ਮੰਗਾਂ ਲਈ ਸ਼ੰਭੂ ਅਤੇ ਖਨੌਰੀ ਮੋਰਚਾ ਲਾ ਕੇ ਦਿੱਲੀ ਦੀ ਸਤ੍ਹਾ ਨਾ.ਲ ਟੱਕਰ ਲੈਣ ਦੀ ਖੁਸ਼ਫਹਿਮੀ, ਕਿਸਾਨਾਂ ਉੱਤੇ ਹੋ ਰਿਹਾ ਤਸ਼ੱਦਦ ਅਤੇ ਚਾਲੂ ਕੀਤੇ ਮੋਰਚੇ ਦਾ ਆਪਣੇ ਹੀ ਮੋਰਚੇ ਵਿੱਚ ਘਿਰ ਜਾਣਾ, ਅੰਦੋਲਨ ਕਰਨ ਵਾਲੇ ਲੋਕਾਂ ਲਈ ਨਿਰਾਸ਼ਾਜਨਕ , ਚਿੰਤਾਜਨਕ ਅਤੇ ਚਣੌਤੀ ਭਰਪੂਰ ਵਿਸ਼ਾ ਹੈ। ਇਹ ਗੱਲ ਨੋਟ ਕਰਨ ਵਾਲੀ ਹੈ ਸਯੁੰਕਤ ਕਿਸਾਨ ਮੋਰਚਾ (ਗੈਰ ਰਾਜਨੀਤਕ) ਵੱਲੋਂ ਹਰਿਆਣੇ ਦੇ ਬਾਡਰ 'ਤੇ ਪਿਛਲੇ 10 ਮਹੀਨਿਆਂ ਤੋਂ ( 13 ਦਸੰਬਰ 2023 ਤੋਂ ) ਚੱਲ ਰਹੇ ਅੰਦੋਲਨ ਵਿੱਚ ਹੁਣ ਤੱਕ 400 ਤੋਂ ਵੱਧ ਕਿਸਾਨ ਫੱਟੜ ਹੋਏ, ਕੁੱਝ ਕਿਸਾਨਾਂ ਦੀਆਂ ਦੋਵੇਂ ਅੱਖਾਂ ਚੱਲੀਆਂ ਗਈਆਂ ਅਤੇ ਇੱਕ ਨੌਜਵਾਨ ਸ਼ੁਭਕਰਨ ਸਿੰਘ ਦੀ ਮੌਤ ਹੋ ਗਈ ਪਰ ਹੱਥ ਪੱਲੇ ਕੱਝ ਵੀ ਨਹੀਂ ਪਿਆ।

ਕਿਸਾਨ ਇਸੇ ਭਾਰਤ ਦੇ ਮਾਣਯੋਗ ਨਾਗਰਿਕ ਹਨ ਸਰਕਾਰ ਵੱਲੋਂ ਉਨ੍ਹਾਂ ਲਈ ਵਾਰ ਵਾਰ ਹਰਿਆਣਾ ਦੇ ਬਾਡਰ ਸੀਲ ਕਰਨੇ, ਉਨ੍ਹਾਂ ਦੇ ਮਨਾਂ ਅੰਦਰ ਸਰਕਾਰ ਦਾ ਅਜਿਹਾ ਵਤੀਰਾ ਬੇਗਾਨਗੀ ਦਾ ਆਲਮ ਪੈਦਾ ਕਰ ਰਿਹਾ ਹੈ। ਕਿਸੇ ਵੀ ਲੋਕਤੰਤਰਿਕ ਸਮਾਜ ਵਿੱਚ ਅਜਿਹੇ ਤੌਰ ਤਰੀਕੇ ਕਦੇ ਵੀ ਚੰਗੇ ਸਿੱਟੇ ਨਹੀਂ ਕੱਢਦੇ। ਸਮਾਜ ਅਤੇ ਸਤ੍ਹਾ ਵਿਚਕਾਰ ਪਾੜਾ ਦਿਨ ਬ ਦਿਨ ਵੱਧਦਾ ਜਾ ਰਿਹਾ ਹੈ। ਕਿਸਾਨ ਆਗੂ ਸ੍ਰੀ ਡੱਲੇਵਾਲ ਜੋ ਕਿ ਕੈਂਸਰ ਜਿਹੀ ਗੰਭੀਰ ਬਿਮਾਰੀ ਤੋਂ ਪੀੜਤ ਹਨ ਪਿਛਲੇ ਕਈ ਦਿਨਾਂ ਤੋਂ ਮਰਨ ਵਰਤ ਤੇ ਬੈਠੇ ਹਨ। ਇਸ ਤੋਂ ਇਲਾਵਾ ਅੰਦੋਲਨ ਦੇ ਦੀ ਰੂਪ ਰੇਖਾ ਅਤੇ ਦਾਅਪੇਚਾਂ ਨੂੰ ਵੀ ਲੈ ਕੇ ਕਿਸਾਨ ਧਿਰਾਂ ਵਿੱਚ ਆਪਸੀ ਮਤਭੇਦ ਦਿਖਾਈ ਦੇ ਰਹੇ ਹਨ।

ਇਸ ਲਈ ਪੰਜਾਬ ਦੇ ਪੇਂਡੂ ਸਮਾਜ ਅਤੇ ਕਿਸਾਨ ਜਥੇਬੰਦੀਆਂ ਦਾ ਭਵਿੱਖ ਕੀ ਹੈ ਇਹ ਤਾਂ ਸਮਾਂ ਹੀ ਦੱਸੇਗਾ ਪਰ ਪੰਜਾਬ ਕੋ.ਲ ਹਾਰ ਨਾ ਮੰਨਣ ਵਾ.ਲੀ ਸੰਘਰਸ਼ਮਈ ਵਿਰਾਸਤ ਇਸ ਦਾ ਇੱਕ ਵਿਸ਼ੇਸ਼ ਹਾਸਲ ਹੈ। ਇਹ ਸਿਆਸੀ ਤਿਕੜਮਬਾਜੀਆਂ ਦਾ ਸਮਾਂ ਨਹੀਂ ਹੈ।ਇਸ ਕਰਕੇ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਇੱਕ ਪਾਸੇ ਅਤੇ ਦੂਜੇ ਪਾਸੇ ਸਮੂਹ ਕਿਸਾਨ ਧਿਰਾਂ ਨੂੰ ਬੜੀ ਹੀ ਦਿਆਨਤਦਾਰੀ ਅਤੇ ਜ਼ੰਮਿੇਵਾਰੀ ਨਾਲ ਮਿਲ ਬੈਠ ਕੇ ਉਭਰ ਰਹੇ ਮਸਲਿਆਂ ਦੇ ਫੌਰੀ ਹੱਲ ਸਾਰਥਕ ਕਦਮ ਪੁੱਟਣੇ ਚਾਹੀਦੇ ਹਨ ਤਾਂ ਕਿ ਪੰਜਾਬ ਮੁੜ ਲੀਹਾਂ ਉੱਤੇ ਆ ਸਕੇ।

-ਰਾਇਤ ਬਾਹਰਾ ਯੂਨੀਵਰਸਿਟੀ,
ਮੁਹਾਲੀ ਕੈਂਪਸ।

## ਸਰਦ ਰੁੱਤ ਦੇ ਸੈਸ਼ਨ ਦੌਰਾਨ ਤਾਰ ਤਾਰ ਹੋਈ ਮਾਣ ਮਰਯਾਦਾ

ਨਵੀਂ ਦਿੱਲੀ: ਪਾਰਲੀਮੈਂਟ ਦਾ ਸਰਦ ਰੁੱਤ ਸੈਸ਼ਨ ਸ਼ੁਕਰਵਾਰ ਨੂੰ ਅਣਮਿੱਥੇ ਸਮੇਂ ਲਈ ਉਠਾ ਦਿੱਤਾ ਗਿਆ ਹੈ। ਹਾਲਾਂ ਕਿ ਇਸ ਵਿਚ ਸੰਵਿਧਾਨ ਬਾਰੇ ਚਰਚਾ ਵੀ ਕੀਤੀ ਗਈ, ਪਰ ਇਸ ਵਾਰ ਪਾਰਲੀਮੈਂਟ ਦੀ ਮਾਣ ਮਰਿਆਦਾ ਨੂੰ ਤਾਰ ਤਾਰ ਕਰਨ ਵਿੱਚ ਪਾਰਲੀਮੈਂਟਾਂ ਦੇ ਮੈਂਬਰਾਂ ਨੇ ਕੋਈ ਕਸਰ ਬਾਕੀ ਨਾ ਛੱਡੀ।

ਦੋਹਾਂ ਸਦਨਾਂ ਵਿੱਚ ਪਹਿਲਾਂ ਅਡਾਨੀ ਬਾਰੇ ਤੇ ਫੇਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਡਾਕਟਰ ਅੰਬੇਡਕਰ ਬਾਰੇ ਕੀਤੀ ਗਈ ਟਿੱਪਣੀ ਨੂੰ ਲੈ ਕੇ ਕਾਫੀ ਹੰਗਾਮਾ ਹੋਇਆ। 25 ਨਵੰਬਰ ਨੂੰ ਸ਼ੁਰੂ ਹੋਇਆ ਇਜਲਾਸ ਸ਼ੁਕਰਵਾਰ ਨੂੰ ਅਣਮਿੱਥੇ ਸਮੇਂ ਲਈ ਖਤਮ ਕਰ ਦਿੱਤਾ ਗਿਆ। ਇਸ ਦੌਰਾਨ ਦੋਹਾਂ ਸਦਨਾਂ ਵਿੱਚ ਤਕਰੀਬਨ ਅੱਧੇ ਸਮੇਂ ਲਈ ਹੀ ਕੰਮਕਾਜ ਹੋ ਸਕਿਆ।

ਰਾਜ ਸਭਾ ਦੇ ਸਭਾਪਤੀ ਜਗਦੀਪ ਧਨਕੜ ਨੇ ਕਿਹਾ ਕਿ ਸੰਸਥਾ ਦੇ ਰੂਪ ਵਿੱਚ ਅਸੀਂ ਦੇਸ਼ ਵਾਸੀਆਂ ਦੀ ਸਖਤ ਨਿਖੇਧੀ ਦਾ ਸਾਹਮਣਾ ਕਰ ਰਹੇ ਹਾਂ ।ਇਹ ਕੌੜਾ ਸੱਚ ਪਰੇਸ਼ਾਨ ਕਰਨ ਵਾਲਾ ਹੈ ਕਿ ਐਮ.ਪੀ ਦੇ ਰੂਪ ਵਿੱਚ ਅਸੀਂ ਦੇਸ਼ ਵਾਸੀਆਂ ਦੀ ਕਰੜੀ ਅਲੋਚਨਾ ਦਾ ਸਾਹਮਣਾ ਕਰ ਰਹੇ ਹਾਂ। ਰਾਜਸਭਾ ਵਿੱਚ ਇਸ ਇਜਲਾਸ ਵਿੱਚ ਕੰਮਕਾਜ ਦੀ ਸਥਿਤੀ ਸਿਰਫ 40.03 ਫੀਸਦੀ ਰਹੀ। ਇਸ ਵਿੱਚ ਸਿਰਫ 43 ਘੰਟੇ ਤੇ 27 ਮਿੰਟ ਹੀ ਕੰਮ ਹੋ ਸਕਿਆ। ਸੰਸਦੀ ਵਿਚਾਰ ਚਰਚਾ ਤੋਂ ਪਹਿਲਾ ਮੀਡੀਆ ਰਾਹੀਂ ਨੋਟਿਸ ਦਾ ਪ੍ਰਚਾਰ ਕਰਨ ਤੇ ਨਿਯਮ67 ਦਾ ਸਹਾਰਾ ਲੈਣ ਦੀ ਵੱਧਦੀ ਪ੍ਰਵਿਰਤੀ ਸੰਸਥਾਵਾਂ ਦੇ ਮਾਣ ਨੂੰ ਘੱਟ ਕਰਦੀ ਹੈ।


ਲੋਕ ਸਭਾ ਸਪੀਕਰ ਓਮ ਬਿਰਲਾ ਨੇ ਦੋ ਟੁੱਕ ਕਿਹਾ ਕਿ ਸੰਸਦ ਨੂੰ ਆਪਣੀ ਮਾਨ ਮਰਿਆਦਾ ਬਣਾ ਕੇ ਰੱਖਣ ਲਈ ਜ਼ਰੂਰੀ ਕਾਰਵਾਈ ਦਾ ਵੀ ਅਧਿਕਾਰ ਹੈ। ਇਜਲਾਸ ਦੇ ਦੌਰਾਨ ਲੋਕ ਸਭਾ ਦੀਆਂ ਸਿਰਫ 20 ਬੈਠਕਾਂ ਹੀ ਹੋ ਸਕੀਆਂ।

ਜੋ ਕਰੀਬ 60 ਘੰਟੇ ਚੱਲੀਆਂ। ਅਠਵੀਂ ਲੋਕ ਸਭਾ ਦੇ ਤੀਜੇ ਇਜਲਾਸ ਵਿੱਚ ਉਤਪਾਦਕਤਾ 57.87 ਫੀਸਦੀ ਰਹੀ। ਓਮ ਬਿਰਲਾ ਨੇ ਕਿਹਾ ਕਿ ਸੰਸਦ ਦੀ ਮਰਿਆਦਾ ਬਣਾ ਕੇ ਰੱਖਣ ਦੀ ਸਾਰਿਆਂ ਦੀ ਹੀ ਜ਼ਿੰਮੇਵਾਰੀ ਹੁੰਦੀ ਹੈ। ਕੰਮ ਨੂੰ ਜੇਕਰ ਨੰਬਰਾਂ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਲੋਕ ਸਭਾ ਵਿੱਚ ਸਿਰਫ 16 ਘੰਟੇ ਕੰਮ ਹੋਇਆ। ਜਦੋਂ ਕਿ ਰਾਜ ਸਭਾ ਵਿੱਚ ਸਿਰਫ 17 ਘੰਟੇ ਸੰਵਿਧਾਨ ਬਾਰੇ ਚਰਚਾ ਹੋਈ। ਜਦੋਂ ਕਿ ਪ੍ਰਸ਼ਨ ਕਾਲ ਦੇ ਵਿੱਚ 20 ਦਿਨਾਂ ਵਿੱਚੋਂ ਸਿਰਫ 12 ਦਿਨ ਅਤੇ 10 ਮਿੰਟ ਕੰਮ ਹੋਇਆ।

# ਕੀ ਵਕਫ ਸੋਧ ਬਿੱਲ ਜਾਇਦਾਦ ਹੜੱਪਣ ਦਾ ਤਰੀਕਾ ਹੈ ?

ਮੂਲ ਲੇਖਕ :
ਐਸ.ਫਰਮਾਨ ਨਕਵੀ

**ਵਕਫ (ਸੋਧ) ਬਿੱਲ 2024 ਦੀਆਂ ਮੁੱਖ ਵਿਸ਼ੇਸ਼ਤਾਵਾਂ : –** ਅਧਿਨਿਯਮ ਦਾ ਨਾਂ ਬਦਲਣਾ- ਬਿਹਤਰ ਪ੍ਰਬੰਧ ਅਤੇ ਵਿਕਾਸ ਤੇ ਜ਼ੋਰ ਦੇਣ ਦੇ ਨਾਂ ਤੇ 'ਵਕਫ ਅਧਿਨਿਯਮ 1995' ਦਾ ਨਾਂ ਬਦਲ ਕੇ 'ਏਕੀਕ੍ਰਿਤ ਪ੍ਰਬੰਧਨ,ਸਸ਼ਕਤੀਕਰਨ,ਦਕਸ਼ਤਾ ਅਤੇ ਵਿਕਾਸ ਅਧਿਨਿਯਮ 1995' ਕਰ ਦਿੱਤਾ ਗਿਆ ਹੈ।



– ਵਰਫ ਦਾ ਗਠਨ : ਵਕਫ ਦਾ ਗਠਨ ਐਲਾਨ ਦੇ ਮਾਧਿਅਮ ਨਾਲ ਕੀਤਾ ਜਾ ਸਕਦਾ ਹੈ,ਪਰ ਵਰਤਣ ਵਾਲੇ ਵੱਲੋਂ ਵਕਫ ਹੁਣ ਲਾਗੂ ਨਹੀਂ ਹੁੰਦਾ ਹੈ।

ਅਨੁਵਾਦਕ :
ਡਾ. ਅਜੀਤਪਾਲ ਸਿੰਘ
ਐਮ ਡੀ

– ਵਕਫ-ਅਲਾਲ-ਔਲਾਦ ਮਹਿਲਾ ਉੱਤਰਾਧਿਕਾਰੀਆਂ ਸਹਿਤ ਵਿਰਾਸਤ ਦੇ ਅਧਿਕਾਰਾਂ ਤੋਂ ਨਹੀਂ ਕਰ ਸਕਦਾ।

–ਵਕਫ ਦੇ ਰੂਪ ਵਿੱਚ ਪਹਿਚਾਣੀ ਗਈ ਕੋਈ ਵੀ ਸਰਕਾਰੀ ਜਾਇਦਾਦ ਵਕਫ ਦੇ ਰੂਪ ਵਿੱਚ ਖਤਮ ਹੋ ਜਾਏਗੀ,ਅਤੇ ਮਾਲਕੀ ਸਬੰਧੀ ਝਗੜਿਆਂ ਦਾ ਨਿਪਟਾਰਾ ਕਲੈਕਟਰ ਵੱਲੋਂ ਕੀਤਾ ਜਾਏਗਾ ਅਤੇ ਰਾਜ ਸਰਕਾਰ ਨੂੰ ਰਿਪੋਰਟ ਕੀਤੀ ਜਾਵੇਗੀ।

– ਵਕਫ ਬੋਰਡ ਦੀ ਇਹ ਨਿਰਧਾਰਤ ਕੀਤੀ ਗਈ ਸ਼ਕਤੀ ਹਟਾ ਦਿੱਤੀ ਗਈ ਹੈ,ਕਿ ਕੋਈ ਸੰਪਤੀ ਵਕਫ ਹੈ। ਸੂਬਾਈ ਮਾਲੀਆ ਕਨੂੰਨਾਂ ਦੇ ਤਹਿਤ ਜਾਇਦਾਦ ਸਰਵੇਖਣ ਜ਼ਿੰਮੇਵਾਰੀਆਂ ਨੂੰ ਕਲੈਕਟਰ ਨੂੰ ਦੇ ਦਿਤੀਆਂ ਗਈਆਂ ਹਨ।

– ਕੇਂਦਰੀ ਵਕਫ ਪ੍ਰੀਸ਼ਦ ਦੀ ਬਣਤਰ : ਪ੍ਰੀਸ਼ਦ ਵਿੱਚ ਹੁਣ ਦੋ ਗੈਰ-ਮੁਸਲਿਮ ਸ਼ਾਮਿਲ ਹੋਣਗੇ ਅਤੇ ਪ੍ਰੀਸ਼ਦ ਵਿੱਚ ਨਿਯੁਕਤ ਸੰਸਦ ਮੈਂਬਰਾਂ,ਜੱਜਾਂ ਜਾਂ ਉੱਘੇ ਵਿਅਕਤੀਆਂ ਦਾ ਮੁਸਲਿਮ ਹੋਣਾ ਜਰੂਰੀ ਨਹੀਂ। ਅੱਗੇ ਵਧਣ ਤੋਂ ਪਹਿਲਾਂ ਸੰਖੇਪ ਵਿੱਚ ਇਸਲਾਮ ਵਿੱਚ ਵਕਫ ਦੀ ਧਰਨਾ ਨੂੰ ਰੱਖਣਾ ਜ਼ਰੂਰੀ ਹੈ।

**ਇਸਲਾਮ ਵਿੱਚ ਵਕਫ ਦੀ ਧਾਰਨਾ :** 'ਵਕਫ' ਦਾ ਬਹੁਵਚਨ ਜਿਸ ਨੂੰ 'ਔਕਾਫਸ' ਜਿਸ ਨੂੰ 'ਹਬਸ' ਵੀ ਕਿਹਾ ਜਾਂਦਾ ਹੈ,ਭੂਮੀ ਜਾਂ ਕਿਰਾਏਦਾਰੀ ਦੀ ਸਥਿਤੀ ਹੈ, ਜੋ ਇਸਲਮੀ ਕਾਨੂੰਨ ਦੇ ਤਹਿਤ ਮਜ਼ਹਬੀ ਕੰਮਾਂ ਦੀ ਬੰਦੋਬਸਤੀ ਦੇ ਰੂਪ ਵਿੱਚ ਅਚਲ ਜਾਇਦਾਦ ਦਾ ਮਲਕਾਨਾ ਰੱਖਦੀ ਹੈ। ਇਸ ਵਿੱਚ ਆਮ ਤੌਰ ਤੇ ਮੁਸਲਿਮ ਮਜ਼ਹਬੀ ਜਾਂ ਦੀਨੀ ਉਦੇਸ਼ਾਂ ਦੇ ਲਈ ਇੱਕ ਭਵਨ,ਭੂਮੀ ਜਾਂ ਭੂਖੰਡ ਜਾਂ ਹੋਰ ਜਾਇਦਾਦ ਦਾਨ ਕਰਨਾ ਸ਼ਾਮਿਲ ਹੈ,ਜਿਨਾਂ ਜਾਇਦਾਦਾਂ ਨੂੰ ਫਿਰ ਤੋਂ ਹਾਸਲ ਕਰਨ ਦਾ ਕੋਈ ਇਰਾਦਾ ਨਹੀਂ ਹੈ। ਇੱਕ ਧਰਮਾਰਥ ਵਕਫ ਦਾਨ ਕੀਤੀ ਗਈ ਜਾਇਦਾਦ ਨੂੰ ਧਾਰਨ ਕਰ ਸਕਦਾ ਹੈ। ਜਾਇਦਾਦ ਸਮਰਪਣ ਕਰਨ ਵਾਲੇ ਵਿਅਕਤੀ ਨੂੰ ਵਾਕਿਫ ('ਦਾਤਾ') ਕਿਹਾ ਜਾਂਦਾ ਹੈ ਅਤੇ ਇਸ ਜਾਇਦਾਦ ਦਾ ਪ੍ਰਬੰਧ ਕਰਨ ਵਾਲੇ ਨੂੰ ਮੁਤਵੱਲੀ ('ਟ੍ਰਸਟੀ') ਕਿਹਾ ਜਾਂਦਾ ਹੈ। ਵਕਫ ਸ਼ਬਦ ਦਾ ਸ਼ਬਦਿਕ ਅਰਥ ''ਬੰਧਨ ਅਤੇ ਨਿਸ਼ੇਧ'' ਜਾਂ ਕਿਸੇ ਚੀਜ਼ ਨੂੰ ਰੋਕਣਾ ਜਾਂ ਸਥਿਰ ਕਰਨਾ। ਇਸਲਾਮਿਕ ਕਾਨੂੰਨ ਦੇ ਅਨੁਸਾਰ ਇੱਕ ਵਾਰ ਜਦ ਕੋਈ ਜਾਇਦਾਦ ਵਕਫ ਵਜੋਂ ਦਾਨ ਕਰ ਦਿੱਤੀ ਜਾਂਦੀ ਹੈ ਤਾਂ ਉਸ ਨੂੰ ਵਿੱਚ,ਵੇਚਿਆ, ਬਦਲਿਆ ਜਾਂ ਤੋਹਫੇ ਵਜੋਂ ਨਹੀਂ ਦਿੱਤਾ ਜਾ ਸਕਦਾ। ਇੱਕ ਵਾਰ ਫਿਰ ਜਦ ਕੋਈ ਵਕਫ ਜ਼ੁਬਾਨੀ ਜਾ ਲਿਖਤੀ ਤੌਰ ਤੇ ਵਕਤ ਜਾਇਦਾਦ ਐਲਾਨ ਦਿੰਦਾ ਹੈ ਤਾਂ ਇਸ ਨੂੰ ਕਨੂੰਨੀ ਤੌਰ ਤੇ ਅਲ੍ਹਾ ਦੀ ਜਾਇਦਾਦ ਮੰਨ ਲਿਆ ਜਾਂਦਾ ਹੈ ਤੇ ਇਸ ਦੀ ਵਰਤੋਂ ਧਰਮਰਥ ਸਮਾਜਿਕ ਸੇਵਾ ਦੇ ਰੂਪ ਵਿੱਚ 'ਪਬਲਿਕ ਤੌਰ ਤੇ ਪ੍ਰੀਵਾਰਕ ਜ਼ਰੂਰਤਾਂ ਨੂੰ ਪੂਰਾ ਕਰਨ' ਲਈ ਹੀ ਕੀਤਾ ਜਾ ਸਕਦਾ ਹੈ। ਇਸ ਦਾਨ ਦੀ ਮੁੱਖ ਵਿਸ਼ੇਸ਼ਤਾ ਇਸ ਦੀ ਸ਼ਾਸਵਤਤਾ ਹੈ। ਇੱਕ ਵਕਫ ਨੂੰ ਸਮਰਪਿਤ ਕੀਤੀ ਜਾਇਦਾਦ ਪਰਮਾਤਮਾ ਦੀ ਹੋ ਜਾਂਦੀ ਹੈ, ਜਿਸ ਦਾ ਫਾਇਦਾ ਕਿਸੇ ਦੇ ਪ੍ਰੀਵਾਰ,ਫਿਰਕੇ,ਸੰਸਥਾ ਜਾਂ ਕਿਸੇ ਪਵਿੱਤਰ ਉਦੇਸ਼ ਦੀ ਅਣਮਿਥੇ ਸਮੇਂ ਤੱਕ ਤਖਤ ਸੇਵਾ ਲਈ ਹੁੰਦਾ ਹੈ। ਸਿਧਾਂਤਕ ਤੌਰ ਤੇ ਕਿਸੇ ਵੀ ਅੱਛੇ ਕਾਰਨ ਜਾਂ ਮਕਸਦ ਲਈ,ਜੋ ਇਨਸਾਨ ਲਈ ਫਾਇਦੇਮੰਦ ਹੋਵੇ। ਵਕਫ ਦੀ ਉਸਾਰੀ ਦਾ ਉਦੇਸ਼ ਮਜ਼ੁਬੀ ਅਤੇ ਦੀਨੀ ਹੋਣਾ ਚਾਹੀਦਾ ਹੈ। ਕਈ ਮਾਮਲਿਆਂ ਵਿੱਚ ਦੇਸ਼ ਦੀਆਂ ਅਦਾਲਤਾਂ ਵੱਲੋਂ ਇਹ ਮੰਨਿਆ ਗਿਆ ਹੈ ਕਿ ਵਕਫ ਦਾ ਅਰਥ ਹੈ ਈਸ਼ਵਰ ਦੇ ਮਾਲਕੀ ਵਿੱਚ ਧਨ ਨੂੰ ਇਸ ਤਰਾਂ ਨਾ ਜਮ੍ਹਾ ਕਰਨਾ ਕਿ ਉਸ ਦੀ ਜਾਇਦਾਦ ਦੀ ਵਰਤੋਂ ਆਮ ਤੌਰ ਤੇ ਸਮਾਜ ਦੇ ਲਈ ਕੀਤੀ ਜਾ ਸਕੇ। ਵਕਫ ਜਾਇਦਾਦ ਦੋ ਸ਼੍ਰੇਣੀਆਂ ਵਿੱਚੋਂ ਕਿਸੇ ਇੱਕ ਵਿੱਚ ਆ ਸਕਦੀ ਹੈ- ਚਲ ਜਾਂ ਅਚਲ। 'ਚਲ' ਜਾਇਦਾਦ ਵਿੱਚ ਧਨ ਜਾਂ ਸ਼ੇਅਰ ਸ਼ਾਮਲ ਹੁੰਦੇ ਹਨ, ਜਿਨ੍ਹਾਂ ਦੀ ਵਰਤੋਂ ਸਿੱਖਿਏਕ,ਧਾਰਮਿਕ ਜਾਂ ਸੱਭਿਆਚਾਰਕ ਸੰਸਥਾਵਾਂ ਜਿਵੇਂ ਮਦਰਸਾ (ਧਾਰਮਿਕ ਸਕੂਲ) ਜਾ ਮਸਜਿਦਾਂ ਨੂੰ ਫੰਡ ਦੇਣ ਲਈ ਕੀਤੀ ਜਾਂਦੀ ਹੈ। ਮਦਰਸਾ ਤੇ ਮਸਜਿਦ ਖੁਦ 'ਅਚਲ' ਜਾਇਦਾਦ ਦੀ ਮਿਸਾਲ ਹੈ,ਜੋ ਜਨਤਕ ਵਰਤੋਂ ਲਈ ਖੁੱਲੀ ਜਮੀਨ ਤਾਂ ਉਸ ਤੇ ਬਣੀਆਂ ਇਮਾਰਤਾਂ ਹੁੰਦੀਆਂ ਹਨ। ਭਵਨ ਜਾਂ ਉਸਾਰੀਆਂ ਦਾ ਇੱਕ ਮਹੱਤਵਪੂਰਨ ਕੰਮ ਗਰੀਬਾਂ ਨੂੰ ਆਸਰਾ ਤੇ ਸਾਂਝਾ/ਪਬਲਿਕ ਸਥਾਨ ਮੁਹਈਆ ਕਰਨਾ ਹੈ,ਜਿਸ ਵਿੱਚ ਲਾਭਾਰਥੀਆਂ ਨੂੰ,'ਮੌਕੂਫ ਅਲੈਹ' (ਅਰਬੀ) ਵੀ ਕਿਹਾ ਜਾਂਦਾ ਹੈ। ਵਰਕ ਓਫ ਦੀ ਧਾਰਨਾ ਨੇ ਦੇਸ਼ ਵਿੱਚ ਸੱਭਿਆਚਾਰਾਂ ਅਤੇ ਸਮਾਜ ਵਿੱਚ ਇੱਕ ਵੱਖਰੀ ਭੂਮਿਕਾ ਨਿਭਾਈ ਹੈ,ਜਿੱਥੇ ਇਸ ਨੇ ਧਾਰਮਿਕ ਤੇ ਸਮਾਜਿਕ ਕਲਿਆਣ ਦੋਨਾਂ ਲਈ ਇੱਕ ਸਾਧਨ ਦਾ ਕੰਮ ਕੀਤਾ ਹੈ।

> **ਇੱਕ ਵਾਰ ਫਿਰ ਜਦ ਕੋਈ ਵਕਫ ਜ਼ੁਬਾਨੀ ਜਾ ਲਿਖਤੀ ਤੌਰ ਤੇ ਵਕਤ ਜਾਇਦਾਦ ਐਲਾਨ ਦਿੰਦਾ ਹੈ ਤਾਂ ਇਸ ਨੂੰ ਕਨੂੰਨੀ ਤੌਰ ਤੇ ਅਲ੍ਹਾ ਦੀ ਜਾਇਦਾਦ ਮੰਨ ਲਿਆ ਜਾਂਦਾ ਹੈ ਤੇ ਇਸ ਦੀ ਵਰਤੋਂ ਧਰਮਰਥ ਸਮਾਜਿਕ ਸੇਵਾ ਦੇ ਰੂਪ ਵਿੱਚ 'ਪਬਲਿਕ ਤੌਰ ਤੇ ਪ੍ਰੀਵਾਰਕ ਜ਼ਰੂਰਤਾਂ ਨੂੰ ਪੂਰਾ ਕਰਨ' ਲਈ ਹੀ ਕੀਤਾ ਜਾ ਸਕਦਾ ਹੈ।**

**ਵਕਫ ਬਿਲ ਦਾ ਲੋਕਾਂ ਵੱਲੋਂ ਵਿਰੋਧ :** ਅਜਿਹੇ ਸਮੇਂ ਜਦ ਹਕੂਮਤੀ ਕੁਰਸੀ ਤੇ ਬਿਰਾਜਮਾਨ ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਮੁਸਲਿਮ ਫਿਰਕੇ ਵਿੱਚ ਵਿਸ਼ਵਾਸ ਦੀ ਘਟ ਹੈ,ਸਰਕਾਰ ਨੂੰ ਪਹਿਲਾਂ ਅਵਿਸ਼ਵਾਸ਼ ਪੈਦਾ ਕਰਨ ਦੀ ਬਜਾਏ ਵਿਸ਼ਵਾਸ ਬਹਾਲੀ ਤੇ ਧਿਆਨ ਦੇਣਾ ਚਾਹੀਦਾ ਹੈ। ਪਰ ਇਸ ਦੀ ਬਜਾਏ ਸ਼ਕੀ ਕਾਰਣ ਦਸ ਕੇ ਸਰਕਾਰ ਨੇ ਫਿਰਕੇ ਵਿੱਚ ਵੰਡ ਪਾਉਣ ਦੀ ਕੋਸ਼ਿਸ਼ਿ ਕੀਤੀ ਹੈ।




ਵਕਫ ਸੋਧ ਅਧਿਨਿਯਮ-2024 ਦੀ ਧਾਰਾ-3 ਵਿੱਚ ਵਕਫ ਦੀਆਂ ਦੋ ਨਵੀਆਂ ਸ਼੍ਰੇਣੀਆਂ ਜੋੜਨ ਦੀ ਕੋਸ਼ਿਸ਼ਿ ਕੀਤੀ ਗਈ ਹੈ। ਜੋ ਸਪਸ਼ਟ ਤੌਰ ਤੇ ਭਾਰਤ ਦੇ ਮੁਸਲਮਾਨਾਂ ਨੂੰ ਨਕਲੀ ਫਿਰਕਿਆਂ ਵਿੱਚ ਵੰਡਣ ਦੀ ਇੱਕ ਬਚਕਾਨਾ ਕੋਸ਼ਿਸ਼ਿ ਹੈ,ਜੋ ਇਸਲਾਮੀ ਮੁੱਲਾਂ ਤੋਂ ਪਰੇ ਹੈ ਆਗਾਖਾਨ ਫਾਊਂਡੇਸ਼ਨ, ਜਿਸ ਦੀ ਸਥਾਪਨਾ ਆਗਾਖਾਨ ਨੇ ਕੀਤੀ ਸੀ,ਇਸਲਾਮ ਦੇ ਮੁੱਲਾਂ ਤੋਂ ਪ੍ਰੇਰਿਤ ਹੈ ਪਰ ਇਹ ਆਪਣੇ ਆਪ ਚ ਅਲੱਗ ਕੋਈ ਧਰਮ ਨਹੀਂ ਹੈ। ਉਕਤ ਦੋਨੋ ਸ਼ੀਆ ਮੁਸਲਮਾਨ ਹਨ ਅਤੇ ਉਹਨਾਂ ਦੇ ਨਾਂ ਦੇ ਅੱਗੇ ਖਾਨ ਜਾਂ ਵੋਹਰਾ ਸਿਰਫ ਪਹਿਚਾਣ ਲਈ ਹੈ,ਪਰ ਇਸਲਾਮ ਦਾ ਪਾਲਣ ਕਰਨ ਵਿੱਚ ਇਹ ਕਿਸੇ ਹੋਰ ਧਰਮ ਵਿੱਚ ਆਸਥਾ ਨੂੰ ਨਹੀਂ ਦਰਸਾਂਉਂਦੇ ਹਨ। ਇਿਹਨਾਂ ਦੋਨਾਂ ਸ਼੍ਰੇਣੀਆਂ ਲਈ ਵੱਖ ਵੱਖ ਨਾਵਾਂ ਦੀ ਇਹ ਵਾਕਫੀਅਤ ਮੁਸਲਿਮ ਫਿਰਕੇ ਵਿੱਚ ਕੁਝ ਮਤਭੇਦ ਪੈਦਾ ਕਰਨ ਦਾ ਇੱਕ ਹੋਰ ਭੱਦਾ ਯਤਨ ਹੈ। ਇਥੇ ਇਕ ਦਿਲਚਸਪ ਤੱਥ ਦਾ ਜ਼ਿਕਰ ਕਰਨਾ ਜਰੂਰੀ ਹੈ ਕਿ ਮਹਿਰੂਮ ਜੱਜ ਅਜੀਜ ਮੁਸ਼ੱਬਰ ਅਹਿਮਦੀ (25 ਮਾਰਚ 1932 ਤੋਂ 2 ਮਾਰਚ 2023) ਅਤੇ ਭਾਰਤ ਦੇ ਰਿਟਾਇਰਡ ਚੀਫ ਜਸਟਿਸ (1994-97) ਸੂਰਤ ਦੇ ਇੱਕ ਗੈਰ-ਪ੍ਰੈਕਟਸਿੰਗ ਦਾਊਦੀ ਵੋਹਰਾ ਸਨ।

**ਉਪਯੋਗਕਰਤਾ ਵੱਲੋਂ ਵਕਫ ਦੀ ਧਾਰਨਾ ਨੂੰ ਮਿਟਾਉਣਾ :** ਬਿੱਲ ਵਿੱਚ ਸਭ ਤੋਂ ਝਮੇਲਾਪਾਊ ਬਿੰਦੂ 1995 ਦੇ ਕਾਨੂੰਨ ਵਿੱਚ 'ਉਪਯੋਗਕਰਤਾ ਦੁਆਰਾ ਵਕਫ ਖੰਡ' ਨੂੰ ਹਟਾਉਣਾ ਹੈ,ਜੋ ਉਹਨਾਂ ਵਕਫ ਜਾਇਦਾਦਾਂ ਦੇ ਮਾਲਕਾਂ ਨੂੰ ਉਹਨਾਂ ਜਾਇਦਾਦਾਂ ਦੇ ਹੱਕ ਵੀ ਦਿੰਦਾ ਹੈ,ਜਿਹੜੇ ਜਾਇਦਾਦਾਂ 'ਤੇ ਕਾਬਜ ਤਾਂ ਹਨ ਪਰ ਉਹਨਾਂ ਕੋਲ ਜ਼ਮੀਨ ਦੀ ਮਾਲਕੀ ਦੇ ਕਾਗਜ਼ਾਤ ਨਹੀਂ ਹਨ। 'ਉਪਯੋਗਕਰਤਾ ਦੁਆਰਾ ਵਕਫ' ਇੱਕ ਅਜਿਹੀ ਜਾਇਦਾਦ ਹੈ,ਜਿਸ ਦੀ ਵਰਤੋਂ ਮਾਲਿਕ ਦੀ ਜਾਣਕਾਰੀ ਜਾਂ ਸਹਿਮਤੀ ਨਾਲ ਲੰਮੇ ਸਮੇਂ ਤੱਕ ਕਿਸੇ ਧਾਰਮਿਕ ਤੇ ਪਵਿੱਤਰ ਮਕਸਦ ਦੇ ਲਈ ਕੀਤੀ ਗਈ ਹੈ ਅਤੇ ਇਸ ਨੂੰ ਵਕਫ ਮੰਨਿਆ ਜਾਂਦਾ ਹੈ। 1995 ਦਾ ਵਕਫ ਅਧਿਨਿਯਮ ਵਕਫ ਨੂੰ ਮਜ਼ੁਬੀ,ਦੀਨੀ ਜਾਂ ਪਾਕ ਮਕਸਦ ਲਈ ਜਾਇਦਾਦ ਦੇ ਸਥਾਈ ਦਾਨ ਵਜੋਂ ਪ੍ਰੀਭਾਸ਼ਿਤ ਕਰਦਾ ਹੈ। ਇਸ ਵਿੱਚ ਉਪਯੋਗਕਰਤਾ ਰਾਹੀਂ ਵਕਫ ਸ਼ਾਮਲ ਹੈ, ਭਾਵੇਂ ਹੀ ਸਪਸ਼ਟ ਦਾਨ ਦਾ ਕੋਈ ਸਬੂਤ ਨਾ ਹੋਵੇ। 'ਉਪਯੋਗਕਰਤਾ ਦੁਆਰਾ ਵਕਫ' ਦੀ ਇੱਕ ਮਿਸਾਲ ਇੱਕ ਮਸਜਿਦ ਜਾਂ ਟਰਸਟ ਨੂੰ ਬਣਾਈ ਰੱਖਣ ਲਈ ਵਰਤੋਂ ਕੀਤੀ ਜਾਣ ਵਾਲੀ ਜਮੀਨ ਹੈ,ਜੋ ਉਪਯੋਗਕਰਤਾ ਰਾਹੀਂ ਇੱਕ ਜਨਤਕ ਵਕਫ ਹੈ।

**'ਘੱਟੋ ਘੱਟ ਪੰਜ ਸਾਲ ਤੱਕ ਇਸਲਾਮ ਦਾ ਅਭਿਆਸ ਕੀਤਾ'-ਪੂਰੀ ਤਰ੍ਹਾਂ ਨਾਲ ਗੈਰ ਕਾਨੂੰਨੀ ਵਿਚਾਰ :** ਰਾਖਵਾਂਕਰਨ ਦੇਣ ਲਈ ਵਰਗੀਕਰਨ ਯਕੀਨੀ ਬਣਾਉਣ ਲਈ ਹਿੰਦੂਆਂ ਵਿੱਚ ਵੱਖ ਵੱਖ ਜਾਤੀਆਂ ਨੂੰ ਜਾਰੀ ਕੀਤੇ ਗਏ ਜਾਤੀ ਸਰਟੀਫਿਕੇਟਾਂ ਨੂੰ ਛੱਡ ਕੇ,ਆਪਣੇ ਧਰਮ ਦੀ ਐਲਾਨ ਕਰਨਾ ਕਿਸੇ ਵਿਅਕਤੀ ਦਾ ਖੁਦ ਦਾ ਅਧਿਕਾਰ ਖੇਤਰ ਹੈ ਨਾ ਕਿ ਰਾਜ ਦੇ ਅਧਿਕਾਰੀਆਂ ਦਾ। ਧਾਰਕ ਦੇ ਧਰਮਾਂ ਨੂੰ ਦਰਸਾਉਣ ਵਾਲਾ ਸਰਕਾਰ ਦੁਆਰਾ ਸਰਟੀਫਿਕੇਟ ਜਾਰੀ ਕਰਨਾ ਕਿ ਵਿਅਕਤੀ ਹਿੰਦੂ,/ਮੁਸਲਿਮ/ਸਿੱਖ/ਇਸਾਈ/ਬੋਧੀ ਜਾਂ ਜੈਨ ਧਰਮ ਦਾ ਪਾਲਣ ਕਰਦਾ ਹੈ,ਧਾਰਨਾ ਮੌਜੂਦ ਨਹੀਂ ਹੈ। ਇਹ ਵਿਅਕਤੀ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ ਕਿ ਉਹ ਇਸ ਦਾ ਖੁਲਾਸਾ ਕਰੇ ਕਿ ਉਹ ਕਿਸ ਧਰਮ ਨੂੰ ਮੰਨਣ ਵਾਲਾ ਹੈ,ਨਾ ਕਿ ਸਰਕਾਰ ਇਸ ਦਾ ਸਰਟੀਫਿਕੇਟ ਜਾਰੀ ਕਰੇਗੀ। ਸਿਰਫ ਰਾਖਵਾਂਕਰਨ ਹਾਸਲ ਕਰਨ ਲਈ ਜਾਤੀ ਸਰਟੀਫਿਕੇਟ ਸਰਕਾਰ ਵਲੋਂ ਦੁਆਰਾ ਜਾਰੀ ਕੀਤਾ ਜਾਂਦਾ ਹੈ।

**ਵਕਫ ਦਾ ਅਧਿਕਾਰ ਰਹਿਣ ਤੇ ਵਕਫ ਦੀ ਧਾਰਨਾ ਨੂੰ ਹੀ ਖ਼ਤਮ ਕਰ ਦੇਣਾ:** ਧਾਰਾ 3-ਏ ਦੀ ਪ੍ਰਸਤਾਵਿਤ ਧਾਰਾ ਵਿੱਚ ਕਿਹਾ ਗਿਆ ਹੈ ਕਿ ਵਕਫ-ਅਲਾਲ-ਔਲਾਦ ਦੇ ਨਿਰਮਾਣ ਤੇ ਸਿੱਟੇ ਵਜੋਂ 'ਵਕਫ ਦੇ ਔਰਤ ਵਾਰਸਾਂ' ਸਮੇਤ ਵਿਰਾਸਤੀਆਂ ਦੇ ਵਰਾਸਿਤ ਅਧਿਕਾਰਾਂ ਤੋਂ ਇਨਕਾਰ ਨਹੀਂ ਕੀਤਾ ਜਾਏਗਾ'। ਇਹ ਪ੍ਰਸਤਾਵਿਤ ਸੋਧ ਵਕਫ ਦੀ ਧਾਰਮਿਕ ਪਵਿੱਤਰਤਾ ਨੂੰ ਕਮਜ਼ੋਰ ਕਰਦਾ ਹੈ ਅਤੇ ਉਸ ਪ੍ਰਥਾ ਵਿੱਚ ਕਾਨੂੰਨੀ ਅਸਪਸ਼ਤਾ ਲਿਆਉਂਦਾ ਹੈ,ਜਿਸ ਨੂੰ ਸਦੀਆਂ ਤੋਂ ਇਸਲਾਮੀ ਕਨੂੰਨ ਵਿੱਚ ਸਪਸ਼ਟ ਤੌਰ ਤੇ ਪ੍ਰਭਾਸ਼ਿਤ ਕੀਤਾ ਗਿਆ ਹੈ। ਕਿਉਂਕਿ ਵਕਫ-ਅਲਲ-ਔਲਾਦ ਦਾ ਨਿਰਮਾਣ ਇਕ ਧਾਰਮਿਕ ਪ੍ਰਥਾ ਮੰਨਿਆ ਜਾਂਦਾ ਹੈ। ਕੋਈ ਵੀ ਨਜਾਇਜ਼ ਦਖਲਅੰਦਾਜੀ ਜੋ ਇਸ ਦੀ ਮੌਲਿਕਿਤਾ ਨੂੰ ਬਦਲਦੀ ਹੈ,ਧਾਰਮਿਕ ਆਜ਼ਾਦੀ ਦੇ ਸੰਵਿਧਾਨਿਕ ਅਧਿਕਾਰ ਦੀ ਉਲੰਘਣਾ ਕਰਦੀ ਹੈ। ਇੱਕ ਧਰਮ ਅਰਥ ਵਕਫ ਦਾਨ ਕੀਤੀ ਗਈ ਜਾਇਦਾਦ ਨੂੰ ਧਾਰਨ ਕਰ ਸਕਦਾ ਹੈ। ਭੂਮੀ ਜਾਂ ਕਿਰਾਏਦਾਰਾਂ ਦੀ ਹਾਲਤ ਜੋ ਅਸਲ ਜਾਇਦਾਦ ਨੂੰ ਇਸਲਾਮੀ ਕਾਨੂੰਨ ਦੇ ਤਹਿਤ ਧਰਮ ਅਰਥ ਬੰਦੋਬਸਤੀ ਵਜੋਂ ਅਣਵੰਡੀ ਹੋਈ ਰੱਖਦੀ ਹੈ। ਉਸਨੂੰ ਆਮ ਜਾਇਦਾਦ ਵਜੋਂ ਵਿਰਾਸਤ ਵਿੱਚ ਨਹੀਂ ਦਿੱਤਾ ਜਾ ਸਕਦਾ ਹੈ। ਇੱਕ ਵਾਰ ਜਦ ਵਿਰਾਸਤ ਦੀ ਇਜਾਜ਼ਤ ਦੇ ਦਿੱਤੀ ਗਈ ਹੈ ਤਾਂ ਇਹ ਵਕਫ ਧਾਰਨਾ ਦੇ ਬਿਲਕੁਲ ਉਲਟ ਹੋ ਜਾਂਦਾ ਹੈ। ਵਕਫ ਦਸਤਾਵੇਜਾਂ ਅਨੁਸਾਰ ਵਕਫ ਦੇ ਵਿਰਾਸਤੀਆਂ ਨੂੰ ਜਾਇਦਾਦ ਦੇ ਲਾਭ ਮਿਲ ਸਕਦੇ ਹਨ ਪਰ ਦਾਨ ਦੇ ਰੂਪ ਵਿੱਚ ਸਿਰਫ ਉਹਨਾਂ ਦੇ?ਜੀਵਨ ਕਾਲ ਦੇ ਦੌਰਾਨ ਹੀ।

**ਵਕਫ ਕੀਤੀ ਜਾ ਰਹੀ ਪ੍ਰਸਤਾਵਿਤ ਜਾਇਦਾਦ ਦੀ ਸਥਿਤੀ ਨਿਰਧਾਰਿਤ ਕਰਨ ਲਈ ਕਲੈਕਟਰ ਨੂੰ ਰਾਜ ਦੇ ਏਜੰਟ ਵਜੋਂ ਅਧਿਕਾਰ ਦੇਣਾ :** ਵਕਫ ਸੋਧ ਬਿਲ-2024 ਦੀ ਧਾਰਾ 3 ਸੀ (2) ਦੇ ਤਹਿਤ ਕਲੈਕਟਰ ਨੂੰ ਜੋ ਰਾਜ ਸਰਕਾਰ ਦਾ ਇੱਕ ਏਜੈਂਟ ਹੈ,ਨੂੰ ਕਿਸੇ ਵੀ ਵਕਫ ਜਾਇਦਾਦ ਨੂੰ ਐਲਾਨਨ ਲਈ ਬਹੁਤ ਵਿਆਪਕ ਤੇ ਬੇਲਗਾਮ ਸ਼ਕਤੀਆਂ ਦਿੱਤੀਆਂ ਜਾ ਰਹੀਆਂ ਹਨ। ਉਸ ਨੂੰ ਇਹ ਤਹਿ ਕਰਨ ਦੀ ਸ਼ਕਤੀ ਦਿੱਤੀ ਜਾ ਰਹੀ ਹੈ ਕਿ ਵਕਫ ਨੂੰ ਦਿੱਤੀ ਜਾਣ ਵਾਲੀ ਜਾਇਦਾਦ ਸਰਕਾਰੀ ਜਾਇਦਾਦ ਹੈ ਜਾਂ ਨਹੀਂ ? ਕਲੈਕਟਰ ਇਸ ਦੀ ਜਾਂਚ ਕਰੇਗਾ ਅਤੇ ਆਪਣੀ ਰਿਪੋਰਟ ਸਰਕਾਰ ਨੂੰ ਪੇਸ਼ ਕਰੇਗਾ। ਜੇ ਕਲੈਕਟਰ ਇਹ ਨਿਰਧਾਰਤ ਕਰਦਾ ਹੈ ਕਿ ਜਾਇਦਾਦ ਸਰਕਾਰੀ ਜਾਇਦਾਦ ਹੈ ਤਾਂ ਉਹ ਮੱਲ ਰਿਕਾਰਡ ਵਿੱਚ ਜਰੂਰ ਸੁਧਾਰ ਕਰੇਗਾ ਅਤੇ ਇਸ ਸਬੰਧੀ ਰਾਜ ਸਰਕਾਰ ਨੂੰ ਇੱਕ ਰਿਪੋਰਟ ਪੇਸ਼ ਕਰੇਗਾ। ਰਾਜ ਸਰਕਾਰ ਕਲੈਕਟਰ ਦੀ ਰਿਪੋਰਟ ਹਾਸਲ ਹੋਣ ਤੇ ਬੋਰਡ ਨੂੰ ਰਿਕਾਰਡ ਵਿੱਚ ਉਚਿੱਤ ਸੁਧਾਰ ਕਰਨ ਦਾ ਹੁਕਮ ਦੇਵੇਗੀ। ਕੁਝ ਰਾਜ ਜਿਲਾ ਪ੍ਰਸ਼ਾਸਨ ਦੇ ਮੁੱਖੀ ਲਈ 'ਜਿਲ੍ਹਾ ਮਾਜਿਸਟ੍ਰੇਟ' ਸ਼ਬਦ ਦੀ ਵਰਤੋਂ ਕਰਦੇ ਹਨ। ਇਹ 'ਸੋਧ' ਬਿਲਕੁਲ ਉਸੇ ਤਰ੍ਹਾਂ ਦੀ ਹੈ ਜਿਵੇਂ 2020 ਦੀ ਸ਼ੁਰੂਆਤ ਵਿੱਚ ਭਾਜਪਾ ਦੀ ਸਰਕਾਰ ਵਾਲੇ ਰਾਜਾਂ ਵਿੱਚ ਹਿੰਦੂਆਂ ਤੇ ਮੁਸਲਮਾਨਾਂ ਦੇ ਵਿੱਚਕਾਰ ਅੰਤਰ ਧਾਰਮਿਕ ਵਿਆਹ ਨੂੰ ਅਪਰਾਧ ਐਲਾਨ ਦਿੱਤਾ ਗਿਆ ਸੀ। ਸਬੂਤ ਦਾ ਬੋਝ ਉਲਟਾ ਦਿੱਤਾ ਗਿਆ ਸੀ। ਇੱਕ ਬਾਲਗ ਭਾਰਤੀ ਔਰਤ ਦੀ ਇਹ ਗਵਾਹੀ ਕਿ ਉਸ ਨੇ ਆਪਣੀ ਇੱਛਾ ਨਾਲ ਧਰਮ ਤਬਦੀਲ ਕੀਤਾ ਹੈ,ਰਾਜ ਦੇ ਲਈ ਗਿਣਨਯੋਗ ਸਬੂਤ ਨਹੀਂ ਹੈ। ਉਸ ਆਦਮੀ ਜਿਸ ਨਾਲ ਉਹ ਸ਼ਾਦੀ ਕਰ ਰਹੀ ਹੈ ਅਤੇ ਉਸ ਦੇ ਪਰਿਵਾਰ ਨੂੰ ਇਹ ਸਾਬਤ ਕਰਨ ਦੀ ਜ਼ਿੰਮੇਵਾਰੀ ਹੈ ਕਿ ਇਸ ਮਾਮਲੇ ਵਿੱਚ ਕੋਈ ਜ਼ਬਰਦਸਤੀ ਨਹੀਂ ਕੀਤੀ ਗਈ ਹੈ। ਇਸ ਨੂੰ ਕਲੈਕਟਰ ਜਾਂ ਜਿਲ੍ਹਾ ਮੈਜਿਸਟ੍ਰੇਟ ਦੇ ਸਾਹਮਣੇ ਸਾਬਿਤ ਕਰਨਾ ਹੋਵੇਗਾ। ਇਸ ਦੇ ਅਧਾਰ ਦੇ ਸਰਕਾਰ ਕੋਲ ਵਿਆਹ ਰੱਦ ਕਰਨ ਦੀ ਸ਼ਕਤੀ ਹੈ। ਇਸ ਵਿੱਚ ਨਾਬਾਲਗ ਵਿਆਹ ਵੀ ਸ਼ਾਮਿਲ ਹਨ।"

**ਮੁਸਲਿਮ ਸ਼ਬਦ ਨੂੰ ਪੂਰੀ ਤਰ੍ਹਾਂ ਨਾਲ ਹਟਾ ਦੇਣ ਨਾਲ ਰਾਜ ਦੀ ਨੀਅਤ 'ਤੇ ਹੋਰ ਵੱਧ ਸ਼ੱਕ ਪੈਦਾ ਹੁੰਦਾ ਹੈ :**

ਵਕਫ ਅਧਿਨਿਯਮ-1995 ਦੀ ਧਾਰਾ 23 ਚੋਂ ਮੁਸਲਿਮ ਸ਼ਬਦ ਨੂੰ ਪੂਰੀ ਤਰ੍ਹਾਂ ਨਾਲ ਹਟਾ ਦੇਣਾ ਸਰਕਾਰੀ ਨੀਅਤ ਤੇ ਸਵਾਲੀਆ ਚਿੰਨ ਲਾਉਂਦਾ ਹੈ,ਕਿਉਂਕਿ ਹਿੰਦੂ ਧਾਰਮਿਕ ਬੰਦੋਬਸਤੀ ਨਾਲ ਸਬੰਧਿਤ ਨੇ ਨਿਕਾਹਾਂ ਵਿਚ ਵੀ ਅਜਿਹੀਆਂ ਧਾਰਮਕ ਪਹਿਚਾਣ ਦੱਸਣ ਵਾਲੀਆਂ ਵਿਵਸਥਾਵਾਂ ਮੌਜੂਦ ਹਨ। ਵਕਫ ਅਧਿਨਿਯਮ-1995 ਦੀ ਧਾਰਾ-23 ਮੁਖ ਕਾਰਜਕਾਰੀ ਅਧਿਕਾਰੀ ਦੀ ਨਿਯੁਕਤੀ ਤੇ ਉਸ ਦੇ ਕਾਰਜਕਲ ਅਤੇ ਸੇਵਾਵਾਂ ਦੀ ਹੋਰਾਂ ਸ਼ਰਤਾਂ ਨਾਲ ਸੰਬੰਧਿਤ ਹਨ। ਇਹ ਵਿਵਸਥਾ ਵਿੱਚ ਕਿਹਾ ਗਿਆ ਹੈ ਕਿ ਮੁੱਖ ਕਾਰਜਕਾਰੀ ਅਧਿਕਾਰੀ ਦੀ ਨਿਯੁਕਤੀ ਰਾਜ ਸਰਕਾਰ ਦੁਆਰਾ ਬੋਰਡ ਵਲੋਂ ਸੁਝਾਏ ਗਏ ਦੋ ਅਧਿਕਾਰੀਆਂ ਦੇ ਪੈਨਲ ਵਿੱਚੋਂ ਕੀਤੀ ਜਾਵੇਗੀ,ਜੋ ਸਰਕਾਰ ਉੱਚ ਸਕੱਤਰ ਦੇ ਅਹੁਦੇ ਤੋ ਹੇਠਾਂ ਦੇ ਨਾ ਹੋਣ। ਅਗੇ ਵੀ ਵਿਵਸਥਾ ਹੈ ਕਿ ਜੇ ਉਚ ਸਕੱਤਰ ਦਾ ਕੋਈ ਵੀ ਗੈਰ-ਮੁਸਲਿਮ ਅਧਿਕਾਰੀ ਮੁਹਈਆ ਨਹੀਂ ਹੈ ਤਾਂ ਇੱਕ ਮੁਸਲਿਮ ਅਧਿਕਾਰੀ ਨੂੰ ਉਸ ਦੀ ਜਗ੍ਹਾ ਤੇ ਨਿਯੁਕਤ ਕੀਤਾ ਜਾ ਸਕਦਾ ਹੈ। ਇਸ ਕਿਸਮ ਦੀ ਵਿਵਸਥਾ ਅਤੇ ਨਾਲ ਹੀ ਨਿਯੁਕਤੀ ਤੇ ਧਾਰਮਿਕ ਪਹਿਚਾਣ ਦੀ ਪਾਬੰਦੀ ਨੂੰ ਅਤੇ ਹੋਰ ਵੱਧ ਕਠੋਰ ਬਣਾਉਣ ਦੀ ਵਿਵਸਥਾ ਉੱਤਰ ਪ੍ਰਦੇਸ਼ ਸ਼੍ਰੀ ਕਾਸ਼ੀ ਵਿਸ਼ਵਨਾਥ ਮੰਦਰ ਅਧੀਨਿਯਮ 1983 ਦੀ ਧਾਰਾ 3 ਅਤੇ 6(3) ਵਿੱਚ ਪਾਇਆ ਜਾ ਸਕਦੀ ਹੈ। ਇੱਥੇ ਇਹ ਅਵਸਥਾ ਹੈ ਕਿ ਬੋਰਡ ਦਾ ਕੋਈ ਮੈਂਬਰ ਗੈਰ-ਹਿੰਦੂ ਨਹੀਂ ਹੋ ਸਕਦਾ। ਵਕਫ ਬੋਰਡ ਸੋਧ ਦੇ ਤਹਿਤ 23(1) ਕਹਿੰਦਾ ਹੈ ਬੋਰਡ ਦਾ ਇੱਕ ਕੁਲਵਕਤੀ ਮੁੱਖ ਕਾਰਜਕਾਰੀ ਅਧਿਕਾਰੀ ਹੋਵੇਗਾ,ਜੋ ਮੁਸਲਿਮ ਹੋਵੇਗਾ ਤੇ ਰਾਜ ਸਰਕਾਰ ਦੁਆਰਾ ਬੋਰਡ ਵੱਲੋਂ ਸੁਝਾਏ ਗਏ ਦੋ ਨਾਵਾਂ ਦੇ ਪੈਨਲ ਜੋ ਕੀਤਾ ਜਾਏਗਾ। ਕਾਰੀ ਅਧਿਕਾਰੀ ਹੋਵੇਗਾ ਜੋ ਮੁਸਲਿਮ ਹੋਏਗਾ ਤੇ ਸਰਕਾਰ ਦੁਆਰਾ ਅਧਿਕਾਰਿਤ ਰਾਜ ਪੱਤਰ ਵਿੱਚ ਅਧੀਸੂਚਨਾ ਦੁਆਰਾ ਬੋਰਡ ਦੁਆਰਾ ਸੁਝਾਏ ਗਏ ਦੋ ਨਾਮਾਂ ਦੇ ਪੈਨਲ ਚੋਂ ਨਿਯੁਕਤ ਕੀਤਾ ਜਾਏਗਾ ਤੇ ਜੋ ਰਾਜ ਸਰਕਾਰ ਤੇ ਉੱਚ ਸੰਜਮ ਤੇ ਉੱਚ ਸਕੱਤਰ ਦੇ ਅਹੁਦੇ ਤੋਂ ਹੇਠਾਂ ਦਾ ਨਹੀਂ ਹੋਵੇਗਾ ਅਤੇ ਉਸ ਰੈਂਕ ਦੇ ਗੈਰ-ਮੁਸਲਿਮ ਅਧਿਕਾਰੀ ਦੇ ਮੁਹਈਆ ਨਾ ਹੋਣ ਦੀ ਸਥਿਤੀ ਵਿੱਚ ਬਰਾਬਰ ਰੈਂਕ ਦੇ ਇੱਕ ਮੁਸਲਿਮ ਅਧਿਕਾਰੀ ਨੂੰ ਉਸ ਦੀ ਜਗ੍ਹਾ ਤੇ ਨਿਯੁਕਤ ਕੀਤਾ ਜਾ ਸਕਦਾ ਹੈ।

**ਦੂਜੇ ਪਾਸੇ ਹਿੰਦੂ ਅਧਿਨਿਯਮ ਦੇ ਤਹਿਤ ਅਹੁਦੇਦਾਰਾਂ ਦਾ ਹਿੰਦੂ ਹੋਣਾ**

ਧਾਰਾ 3 ਦੇ ਤਹਿਤ ਕੋਈ ਵੀ ਵਿਅਕਤੀ,ਜਦ ਤੱਕ ਕਿ ਉਹ ਧਰਮ ਤੋਂ ਹਿੰਦੂ ਨਾ ਹੋਵੇ,ਬੋਰਡ ਦੀ ਕਾਰਜਕਾਰੀ ਸੰਪਤੀ ਦੇ ਮੈਂਬਰ ਵਜੋਂ ਜਾਂ ਮੁੱਖ ਕਾਰਜਕਾਰਕਾਰੀ ਵਜੋਂ ਬਣੇ ਰਹਿਣ ਜਾਂ ਮੰਦਰ ਦੇ ਮੁਲਾਜ਼ਮ ਦੇ ਰੂਪ ਵਿੱਚ ਬਣੇ ਰਹਿਣ ਜਾਂ ਬਣੇ ਰਹਿਣ ਦੇ ਲਈ ਪਾਤਰ ਨਹੀਂ ਹੋਵੇਗਾ ਅਤੇ ਹਰੇਕ ਵਿਅਕਤੀ ਕੋਈ ਅਹੁਦੇ ਤੇ ਤਾਂ ਹੀ ਰਹਿ ਸਕਦਾ ਹੈ ਜਾਂ ਕਿਸੇ ਕਾਰਜ ਦਾ ਨਿਰਭਾਹ ਸਕਦਾ ਹੈ,ਜੇ ਉਹ ਹਿੰਦੂ ਹੈ। 6(3) ਜਿੱਥੇ ਬੋਰਡ ਦਾ ਕੋਈ ਮੈਂਬਰ ਇਸ ਤੱਥ ਦੇ ਕਾਰਨ ਆਪਣੇ ਫਰਜਾਂ ਦਾ ਪਾਲਣ ਨਹੀਂ ਕਰ ਸਕਦਾ ਹੈ ਕਿ ਉਹ ਹਿੰਦੂ ਨਹੀਂ ਹੈ,ਇਸ ਸਬੰਧੀ ਉਸ ਦੇ ਹੇਠਾਂ ਮੁਹਈਆ ਕੋਈ ਵਿਅਕਤੀ ਕੁੱਝ ਸਮੇਂ ਲਈ ਬੋਰਡ ਦਾ ਮੈਂਬਰ ਹੋਵੇਗਾ। ਸੰਭਾਵਿਤ : 2024 ਦੇ ਵਕਫ ਸੋਧ ਬਿੱਲ ਦੇ ਵਾਸਤੂਕਾਰ ਨੇ ਇਹ ਕਹਿੰਦੇ ਹੋਏ ਕਿ ਵਕਫ ਬੋਰਡਾਂ ਵਿੱਚ ਹਿੰਦੂ ਹੋਣਗੇ, ਇਸ ਵਿਵਸਥਾ ਬਾਰੇ ਲੋੜੀਂਦੀ ਸੋਧ ਕਾਰਜ ਨਹੀਂ। ਹਾਲਾਂਕਿ ਕਈ ਥਾਵਾਂ ਤੇ ਕੁਝ ਧਾਰਮਿਕ ਸਥਾਨਾਂ ਜਾਂ ਧਾਰਮਿਕ ਪ੍ਰਥਾਵਾਂ ਨਾਲ ਸੰਬੰਧਤ ਕਾਨੂੰਨ ਦੁਆਰਾ ਇਹ ਸਪਸ਼ਟ ਕਿਹਾ ਗਿਆ ਹੈ ਕਿ ਜਿਸ ਧਰਮ ਨਾਲ ਆਬਾਦੀ ਸੰਬੰਧਿਤ ਹੈ, ਉਸ ਤੋਂ ਇਲਾਵਾ ਕਿਸੇ ਹੋਰ ਧਰਮ ਦੇ ਵਿਅਕਤੀ ਨੂੰ ਅਹੁਦੇਦਾਰ ਵਜੋਂ ਸ਼ਾਮਿਲ ਨਹੀਂ ਕੀਤਾ ਜਾ ਸਕਦਾ। ਉੱਤਰਪ੍ਰਦੇਸ਼ ਸ਼੍ਰੀ ਕਾਂਸ਼ੀ ਵਿਸ਼ਵਾਨਾਥ ਮੰਦਰ ਅਧਿਨਿਯਮ 1983 ਦੀ ਧਾਰਾ 3,6,9 ਅਤੇ 19 ਕਿਸੇ ਗੈਰ-ਹਿੰਦੂ ਨੂੰ ਬੋਰਡ ਮੈਂਬਰ ਜਾਂ ਕਾਰਜਕਾਰੀ ਸੰਮਤੀ ਜਾਂ ਮੁੱਖ ਕਾਰਜਕਾਰੀ ਅਧਿਕਾਰੀ ਜਾਂ ਜਿੱਥੋਂ ਤੱਕ ਕਿ ਮੰਦਿਰ ਦੇ ਕਰਮਚਾਰੀ ਵਜੋਂ ਸ਼ਾਮਲ ਕਰਨ ਤੇ ਸਖ਼ਤ ਰੋਕ ਲਾਉਂਦੀ ਹੈ। ਇਥੋਂ ਤੱਕ ਕਿ ਜਿੱਥੇ ਰਾਜ ਅਧਿਕਾਰੀਆਂ ਨੂੰ ਬੋਰਡ ਦਾ ਮੈਂਬਰ ਬਣਾਇਆ ਜਾਂਦਾ ਹੈ,ਉਥੇ ਵਿਵਸਥਾ ਕੀਤੀ ਗਈ ਹੈ ਕਿ ਜਿਸ ਸੰਬੰਧਤ ਅਹੁਦੇਦਾਰ ਗੈਰ-ਹਿੰਦੂ ਹੈ ਤਾਂ ਉਸ ਦੇ ਹੇਠਾਂ ਵਾਲੇ ਨੂੰ ਸ਼ਾਮਿਲ ਕੀਤਾ ਜਾਏਗਾ। ਵਰਤਮਾਨ ਸਰਕਾਰ ਨੂੰ ਨਿਜੀ ਲਾਭ ਲਈ ਪਵਿੱਤਰ ਪ੍ਰਥਾ ਦੀ ਦੁਰਵਰਤੋਂ ਕਰਨ ਖਿਲਾਫ ਕਾਰਵਾਈ ਕਰਕੇ ਇੱਕ ਮਿਸਾਲ ਸਥਾਪਿਤ ਕਰਨੀ ਚਾਹੀਦੀ ਹੈ, ਜੋ ਇੱਕ ਛੋਟਾ ਕਦਮ ਹੋਵੇਗਾ ਅਤੇ ਵਿਸ਼ਵਾਸ ਬਝਾਉਣ ਵੱਲ ਮਾਰਗ ਦਰਸ਼ਨ ਕਰੇਗਾ। ਮੁੱਖ ਦੇ ਅਧਿਨਿਯਮ ਦੀ ਧਾਰਾ 9 ਜੋ ਬੋਰਡਾਂ ਦੇ ਕੰਮਕਾਜ ਅਤੇ ਔਕਾਫ ਦੇ ਵਾਜਬ ਪ੍ਰਸ਼ਾਸਨ ਨਾਲ ਸੰਬੰਧਿਤ ਮਾਮਲਿਆਂ ਤੇ ਕੇਂਦਰ ਸਰਕਾਰ, ਰਾਜ ਸਰਕਾਰਾਂ ਅਤੇ ਬੋਰਡਾਂ ਦੀ ਸਲਾਹ ਦੇਣ ਦੇ ਮਕਸਦ ਨਾਲ ਕੇਂਦਰ ਵਕਫ ਪ੍ਰੀਸ਼ਦ ਓਪਰੇਸ਼ਨ ਦੇ ਗਠਨ ਨਾਲ ਸੰਬੰਧਿਤ ਹੈ। ਉਸ ਵਿੱਚ ਉਪਧਾਰਾ 2 ਦੇ ਉਪਖੰਡ (ਜੀ) ਦੇ ਤਹਿਤ ਇਕ ਪ੍ਰੰਤੁਕ ਜੋੜਿਆ ਗਿਆ ਹੈ,ਜਿਸ ਨੂੰ ਜੋੜਨ ਦਾ ਪ੍ਰਸਤਾਵ ਹੈ ਜੋ ਇਸ ਤਰ੍ਹਾਂ' ਬਸ਼ਰਤ ਕਿ ਖੰਡ (ਸੀ) ਦੇ ਤਹਿਤ ਨਿਯੁਕਤ ਮੈਂਬਰਾਂ ਵਿੱਚੋਂ ਦੋ ਔਰਤਾਂ ਹੋਣਗੀਆਂ।' ਬਸ਼ਰਤ ਕਿ ਇਸ ਉਪਧਾਰਾ ਦੇ ਤਹਿਤ ਨਿਯੁਕਤ ਦੋ ਮੈਂਬਰ ਗੈਰ-ਮੁਸਲਿਮ ਹੋਣਗੇ ਲ' ਇਹ ਹਿੱਸਾ ਸ਼ੱਕ ਪੈਦਾ ਕਰਦਾ ਹੈ ਕਿਉਂਕਿ ਉਸੇ ਵਿਵਸਥਾ ਵਿੱਚ ਜੋੜੇ ਗਏ ਹੋਰ ਮੈਂਬਰ ਕੇਂਦਰੀ ਮੰਤਰੀ,ਤਿੰਨ ਸੰਸਦ ਮੈਂਬਰ,ਮੁਸਲਮ ਕਾਨੂੰਨ ਦੇ ਪ੍ਰਸਿੱਧ ਵਿਦਵਾਨ,ਹਾਈਕੋਰਟ ਦੇ,ਸੁਪਰੀਮ ਕੋਰਟ ਦੇ ਦੋ ਜੱਜ, ਕੌਮੀ ਪੱਧਰ ਦੇ ਇੱਕ ਵਕੀਲ ਆਦਿ ਲਾਜਮੀ ਰੂਪ ਵਿੱਚ ਮੁਸਲਮਾਨ ਨਹੀਂ,ਕਿਸੇ ਵੀ ਹੋਰ ਵਰਗ ਚੋਂ ਹੋ ਸਕਦੇ ਹਨ। ਪਰ ਫਿਰ ਵੀ ਇਸ ਜਰੂਰੀ ਵਿਵਸਥਾ ਨੂੰ ਜੋੜਨਾ, ਨਾ ਸਿਰਫ ਬੋਰਡ ਨੂੰ ਕੰਟਰੋਲ ਕਰਨ ਦੀ ਇੱਕ ਪ੍ਰਮੁੱਖ ਰਣਨੀਤੀ ਹੈ।

# ਆਮਦਨ ਵਾਧੇ ਲਈ ਖੇਤੀ ਅਤੇ ਪੇਸ਼ਾਵਰ ਵੰਨ-ਸਵੰਨਤਾ

***ਪੰਜਾਬ ਵਿੱਚ ਵੱਖ-ਵੱਖ ਰੁੱਤਾਂ ਅਤੇ ਜਲਵਾਯੂ ਦੀ ਅਨੁਕੂਲਤਾ ਅਨੁਸਾਰ ਹਰ ਤਰ੍ਹਾਂ ਦੀਆਂ ਫ਼ਸਲਾਂ ਹੋ ਸਕਦੀਆਂ ਹਨ ਅਤੇ ਕਈ ਫ਼ਸਲਾਂ ਝੋਨੇ ਤੋਂ ਵੀ ਜ਼ਿਆਦਾ ਲਾਭਦਾਇਕ ਹੋ ਸਕਦੀਆਂ ਹਨ ਪਰ ਸਰਕਾਰ ਦੇ ਯਕੀਨੀ ਮੰਡੀਕਰਨ ਦੀ ਅਣਹੋਂਦ ਕਰਕੇ ਵਪਾਰੀ ਕਿਸਾਨ ਦਾ ਸ਼ੋਸ਼ਣ ਕਰਦੇ ਹਨ ਅਤੇ ਛੋਟਾ ਕਿਸਾਨ ਕਦੀ ਵੀ ਇਸ ਤਰ੍ਹਾਂ ਦਾ ਜੋਖ਼ਮ ਨਹੀਂ ਉਠਾ ਸਕਦਾ ਕਿਉਂ ਜੋ ਉਸ ਦੇ ਪਰਿਵਾਰ ਦਾ ਜੀਵਨ ਉਸ ਛੋਟੀ ਜਿਹੀ ਜੋਤ 'ਤੇ ਨਿਰਭਰ ਕਰਦਾ ਹੈ।***

ਪੰਜਾਬ ਦੀਆਂ ਭਖਦੀਆਂ ਸਮੱਸਿਆਵਾਂ ਹਨ ਭੂਮੀ 'ਤੇ ਵਸੋਂ ਦਾ ਭਾਰ ਜਿਸ ਕਰਕੇ ਪੰਜਾਬੀ ਰੁਜ਼ਗਾਰ ਖ਼ਾਤਰ ਜ਼ਮੀਨ ਜਾਇਦਾਦਾਂ ਵੇਚ ਕੇ ਵਿਕਸਤ ਦੇਸ਼ਾਂ ਵੱਲ ਜਾ ਰਹੇ ਹਨ, ਪੰਜਾਬ ਵਿੱਚ ਝੋਨੇ ਕਣਕ ਦੇ ਫ਼ਸਲੀ ਚੱਕਰ ਕਰਕੇ 60 ਫ਼ੀਸਦੀ ਖੇਤੀ ਟਿਊਬਵੈੱਲਾਂ ਨਾਲ ਕੀਤੀ ਜਾ ਰਹੀ ਹੈ ਜਿਸ ਕਰਕੇ ਪਾਣੀ ਦਾ ਪੱਧਰ ਦਿਨ-ਬ-ਦਿਨ ਨੀਵਾਂ ਹੋ ਰਿਹਾ ਹੈ ਤੇ ਡਰ ਹੈ ਕਿ ਸਬਮਰਸੀਬਲ ਪੰਪਾਂ ਨਾਲ ਕੱਢਿਆ ਜਾਂਦਾ ਪਾਣੀ ਮਿਲਣਾ ਜੇ ਖ਼ਤਮ ਹੋ ਗਿਆ ਤਾਂ ਫਿਰ ਕੀ ਬਣੇਗਾ? ਕਿਸਾਨੀ ਦੇ ਹਿਸਾਬ ਨਾਲ ਪੰਜਾਬ ਭਾਵੇਂ ਦੇਸ਼ ਭਰ ਦਾ ਸਭ ਤੋਂ ਵਿਕਸਤ ਪ੍ਰਾਂਤ ਹੈ, ਫਿਰ ਵੀ ਕਰਜ਼ੇ ਅਧੀਨ ਕਿਸਾਨਾਂ ਦੀ ਅਨੁਪਾਤ ਅਤੇ ਕਰਜ਼ੇ ਦੀ ਔਸਤ ਮਾਤਰਾ ਪੰਜਾਬ ਵਿੱਚ ਹੀ ਸਭ ਤੋਂ ਵੱਧ ਹੈ। 5 ਏਕੜ ਵਾਲਾ ਕਿਸਾਨ ਆਪਣੀ ਖੇਤੀ ਵਿੱਚੋਂ ਘਰ ਦੀਆਂ ਲੋੜਾਂ ਵੀ ਪੂਰੀਆਂ ਨਹੀਂ ਕਰ ਸਕਦਾ ਅਤੇ ਕਰਜ਼ਾ ਲੈਣ ਲਈ

**ਡਾ. ਸ. ਸ. ਛੀਨਾ**

ਮਜ਼ਬੂਰ ਹੈ। ਦੇਸ਼ ਵਿੱਚ ਭਾਵੇਂ ਸਾਖਰਤਾ ਦੀ ਦਰ 74 ਫੀਸਦੀ ਹੈ ਪਰ ਪੰਜਾਬ ਵਿੱਚ ਪਿਛਲੇ ਕਈ ਸਾਲਾਂ ਤੋਂ ਇਹ 72 ਫੀਸਦੀ ਹੈ। ਇਸ ਦਾ ਅਰਥ ਹੈ 100 ਵਿੱਚੋਂ 26 ਉਹ ਵਿਦਿਆਰਥੀ ਹਨ ਜਿਹੜੇ 8ਵੀਂ ਜਮਾਤ ਤੋਂ ਪਹਿਲਾਂ ਹੀ ਵਿੱਦਿਆ ਛੱਡ ਜਾਂਦੇ ਹਨ।

ਖੇਤੀ ਸਮੱਸਿਆਵਾਂ ਨੂੰ ਦੇਖਦੇ ਹੋਏ ਪੰਜਾਬ ਵਿੱਚ ਖੇਤੀ ਫ਼ਸਲਾਂ ਵਿੱਚ ਵੰਨ-ਸਵੰਨਤਾ ਲਈ ਕਈ ਸਿਫ਼ਾਰਸ਼ਾਂ ਹੋਈਆਂ ਅਤੇ ਇਸ ਨੂੰ ਅਪਣਾਉਣ ਲਈ ਕਈ ਰਿਪੋਰਟਾਂ ਵੀ ਤਿਆਰ ਹੋਈਆਂ ਪਰ ਕਣਕ ਅਤੇ ਝੋਨੇ ਦੇ ਅਧੀਨ ਖੇਤਰ ਘੱਟਣ ਦੀ ਬਜਾਇ ਵੱਧ ਰਿਹਾ ਹੈ। ਝੋਨਾ ਜਿਹੜਾ ਸਭ ਤੋਂ ਜ਼ਿਆਦਾ ਪਾਣੀ ਵਰਤਦਾ ਹੈ, ਉਸ ਅਧੀਨ ਪਿਛਲੇ ਸਾਲ ਖੇਤਰ ਵੱਧ ਕੇ 32 ਲੱਖ ਹੈਕਟੇਅਰ ਜਾਂ 80 ਲੱਖ ਏਕੜ ਹੋ ਗਿਆ ਸੀ ਅਤੇ ਕਣਕ ਅਧੀਨ ਇਸ ਤੋਂ ਵੀ ਵੱਧ 35 ਲੱਖ ਹੈਕਟੇਅਰ ਹੋ ਗਿਆ ਸੀ। ਇਹੋ ਦੋਵੇਂ ਫ਼ਸਲਾਂ ਹਨ ਜਿਨ੍ਹਾਂ ਨੂੰ ਕੇਂਦਰ ਸਰਕਾਰ ਖਰੀਦਦੀ ਹੈ ਅਤੇ ਜਿਨ੍ਹਾਂ ਦੀ ਵਿਕਰੀ ਦਾ ਯਕੀਨੀ ਮੰਡੀਕਰਨ ਹੈ ਭਾਵੇਂ ਕੇਂਦਰ ਸਰਕਾਰ 23 ਫ਼ਸਲਾਂ ਦੀਆਂ ਘੱਟੋ-ਘੱਟ ਕੀਮਤਾਂ ਤਾਂ ਐਲਾਨਦੀ ਹੈ ਪਰ ਖਰੀਦਿਆ ਸਿਰਫ਼ ਕਣਕ ਤੇ ਝੋਨਾ ਹੀ ਜਾਂਦਾ ਹੈ, ਉਹ ਵੀ ਹਰ ਪ੍ਰਾਂਤ ਵਿੱਚ ਨਹੀਂ ਸਗੋਂ ਉਨ੍ਹਾਂ ਪ੍ਰਾਂਤਾਂ ਵਿੱਚੋਂ ਜਿੱਥੇ ਇਹ ਵਾਧੂ ਪੈਦਾ ਹੁੰਦਾ ਹੈ ਜਿਵੇਂ ਪੰਜਾਬ, ਹਰਿਆਣਾ, ਯੂ.ਪੀ. ਤੇ ਮੱਧ ਪ੍ਰਦੇਸ਼ ਵਿੱਚ। ਬਾਕੀ ਫ਼ਸਲਾਂ ਜਿਵੇਂ ਸੂਰਜਮੁਖੀ, ਦਾਲਾਂ ਦੀਆਂ ਫ਼ਸਲਾਂ ਭਾਵੇਂ ਝੋਨੇ ਤੋਂ ਵੱਧ ਕਮਾਈ ਦੇ ਸਕਦੀਆਂ ਹਨ ਪਰ ਇਹ ਇਸ ਕਰਕੇ ਨਹੀਂ ਬੀਜੀਆਂ ਜਾਂਦੀਆਂ ਕਿਉਂ ਜੋ ਉਨ੍ਹਾਂ ਦਾ ਯਕੀਨੀ ਮੰਡੀਕਰਨ ਨਹੀਂ। ਗੰਨਾ ਭਾਵੇਂ ਕੇਂਦਰ ਸਰਕਾਰ ਨਹੀਂ ਖਰੀਦਦੀ ਹੈ ਪਰ ਐਲਾਨੇ ਭਾਅ 'ਤੇ ਪ੍ਰਾਂਤਾਂ ਦੀਆਂ ਖੰਡ ਮਿੱਲਾਂ ਖਰੀਦ ਲੈਂਦੀਆਂ ਹਨ। ਇਸ ਤਰ੍ਹਾਂ ਕਪਾਹ ਭਾਰਤੀ ਕਪਾਹ ਨਿਗਮ ਖਰੀਦ ਲੈਂਦਾ ਹੈ।



ਪੰਜਾਬ ਵਿੱਚ ਵੱਖ-ਵੱਖ ਰੁੱਤਾਂ ਅਤੇ ਜਲਵਾਯੂ ਦੀ ਅਨੁਕੂਲਤਾ ਅਨੁਸਾਰ ਹਰ ਤਰ੍ਹਾਂ ਦੀਆਂ ਫ਼ਸਲਾਂ ਹੋ ਸਕਦੀਆਂ ਹਨ ਅਤੇ ਕਈ ਫ਼ਸਲਾਂ ਝੋਨੇ ਤੋਂ ਵੀ ਜ਼ਿਆਦਾ ਲਾਭਦਾਇਕ ਹੋ ਸਕਦੀਆਂ ਹਨ ਪਰ ਸਰਕਾਰ ਦੇ ਯਕੀਨੀ ਮੰਡੀਕਰਨ ਦੀ ਅਣਹੋਂਦ ਕਰਕੇ ਵਪਾਰੀ ਕਿਸਾਨ ਦਾ ਸ਼ੋਸ਼ਣ ਕਰਦੇ ਹਨ ਅਤੇ ਛੋਟਾ ਕਿਸਾਨ ਕਦੀ ਵੀ ਇਸ ਤਰ੍ਹਾਂ ਦਾ ਜੋਖ਼ਮ ਨਹੀਂ ਉਠਾ ਸਕਦਾ ਕਿਉਂ ਜੋ ਉਸ ਦੇ ਪਰਿਵਾਰ ਦਾ ਜੀਵਨ ਉਸ ਛੋਟੀ ਜਿਹੀ ਜੋਤ 'ਤੇ ਨਿਰਭਰ ਕਰਦਾ ਹੈ। ਦੂਜੀ ਤਰਫ਼ ਖੇਤੀ ਖੇਤਰ ਵਿੱਚ ਵੱਡੀ ਬੇਰੁਜ਼ਗਾਰੀ ਅਤੇ ਅਰਧ-ਬੇਰੁਜ਼ਗਾਰੀ ਹੈ। ਕਈ ਸਾਲਾਂ ਤੋਂ 60 ਫੀਸਦੀ ਵਸੋਂ ਜਿਹੜੀ ਖੇਤੀਬਾੜੀ ਵਿੱਚ ਲੱਗੀ ਹੋਈ ਹੈ, ਪ੍ਰਾਂਤ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਸਿਰਫ਼ 19 ਫੀਸਦੀ ਯੋਗਦਾਨ ਪਾਉਂਦੀ ਹੈ; ਬਾਕੀ ਦੀ 40 ਫੀਸਦੀ ਵਸੋਂ ਦੇ ਹਿੱਸੇ 81 ਫੀਸਦੀ ਆਮਦਨ ਜਾਂ ਖੇਤੀ ਖੇਤਰ ਦੀ ਇੰਨੀ ਵੱਡੀ ਵਸੋਂ ਤੋਂ 4 ਗੁਣਾਂ ਤੋਂ ਵੀ ਜ਼ਿਆਦਾ ਆਮਦਨ ਆਉਂਦੀ ਹੈ। ਗ਼ੈਰ-ਖੇਤੀ ਖੇਤਰ ਵਿੱਚ ਅਰਧ-ਬੇਰੁਜ਼ਗਾਰੀ ਘੱਟ ਹੈ ਅਤੇ ਜੇ ਕੰਮ ਜ਼ਿਆਦਾ ਹੈ ਤਾਂ ਉਤਪਾਦਨ ਵੀ ਜ਼ਿਆਦਾ ਹੈ ਤੇ ਆਮਦਨ ਵੀ। ਇਹ ਬੇਰੁਜ਼ਗਾਰੀ ਸਿਰਫ਼ ਖੇਤੀ ਕਾਮਿਆਂ ਵਿੱਚ ਹੀ ਨਹੀਂ, ਖੇਤੀ 'ਚ ਵਰਤੀ ਜਾਣ ਵਾਲੀ ਪੂੰਜੀ ਜਿਵੇਂ ਟਰੈਕਟਰ, ਟਰਾਲੀ, ਵੇਲਣਾ, ਟਿਊਬਵੈੱਲ, ਕੰਬਾਈਨ ਆਦਿ ਵਸਤੂਆਂ ਵਿੱਚ ਵੀ ਹੈ। ਸਿਰਫ਼ ਕਣਕ ਝੋਨੇ ਦਾ ਫ਼ਸਲੀ ਚੱਕਰ ਹੋਣ ਕਰਕੇ ਕਿਸਾਨ ਸਾਰੇ ਸਾਲ ਵਿੱਚ ਮਸਾਂ 30 ਦਿਨਾਂ ਤੱਕ ਹੀ ਲਗਾਤਾਰ ਕੰਮ ਵਿੱਚ ਰੁੱਝਾ ਮੰਨਦਾ ਹੈ। ਫ਼ਸਲੀ ਵੰਨ-ਸਵੰਨਤਾ ਜਿੱਥੇ ਕਿਸਾਨ ਦੀ ਬੇਰੁਜ਼ਗਾਰੀ ਨੂੰ ਦੂਰ ਕਰਦੀ ਹੈ ਤੇ ਖੇਤੀ ਕਾਮਿਆਂ ਨੂੰ ਵੀ ਕੰਮ ਦਿੰਦੀ ਹੈ, ਉੱਥੇ ਉਹ ਖੇਤੀ ਪੂੰਜੀ ਲਈ ਵੀ ਕੰਮ ਪੈਦਾ ਕਰਦੀ ਹੈ। ਕਦੀ ਬਿਜਾਈ, ਕਦੀ ਗੋਡੀ, ਕਦੀ ਕਟਾਈ, ਗਹਾਈ ਆਦਿ ਕਿਸਾਨ ਨੂੰ ਸਾਰਾ ਸਾਲ ਰੁੱਝਿਆ ਰੱਖਦੀ ਹੈ। ਹੋਰ ਫ਼ਸਲਾਂ ਜਿਹੜੀਆਂ ਜ਼ਿਆਦਾ ਕਮਾਈ ਦੇ ਸਕਦੀਆਂ ਹਨ ਤੇ ਆਮਦਨ ਵਧਾਉਂਦੀਆਂ ਹਨ, ਲਈ ਪਹਿਲੀ ਸ਼ਰਤ ਯਕੀਨੀ ਮੰਡੀਕਰਨ ਪੈਦਾ ਕਰਨਾ ਹੈ। ਅਜਿਹਾ ਕੇਂਦਰ ਜਾਂ ਪ੍ਰਾਂਤ ਸਰਕਾਰ ਹੀ ਪੈਦਾ ਕਰ ਸਕਦੀ ਹੈ। ਇਹ ਕੋਈ ਘਾਟੇਵੰਦਾ ਸੌਦਾ ਵੀ ਨਹੀਂ। ਭਾਰਤ ਹਰ ਸਾਲ ਤਕਰੀਬਨ 1.5 ਲੱਖ ਕਰੋੜ ਰੁਪਏ ਦੀਆਂ ਦਾਲਾਂ ਅਤੇ ਇੰਨੇ ਹੀ ਮੁੱਲ ਦੇ ਤੇਲ ਬੀਜ ਬਰਾਮਦ ਕਰਦਾ ਹੈ।

ਫ਼ਸਲ ਵੰਨ-ਸਵੰਨਤਾ ਨਾਲ ਨਾ ਸਿਰਫ਼ ਪਾਣੀ ਦਾ ਹੇਠਾਂ ਜਾਣਾ ਰੁਕ ਸਕਦਾ ਹੈ ਸਗੋਂ ਕੁਦਰਤੀ ਵਾਤਾਵਰਨ ਵਿੱਚ ਵੀ ਸੁਧਾਰ ਹੋਵੇਗਾ। ਅੱਜ ਕੱਲ੍ਹ ਬਹੁਤ ਸਾਰੇ ਪੰਛੀ ਅਤੇ ਸੂਖਮ ਜੀਵ ਜਿਹੜੇ ਖੇਤੀ ਲਈ ਲਾਭਦਾਇਕ ਹਨ, ਨਹੀਂ ਮਿਲਦੇ। ਜਲਵਾਯੂ ਤਬਦੀਲੀ, ਹਰ ਸਾਲ ਗਰਮੀ ਤੇ ਸਰਦੀ ਵਿੱਚ ਵਾਧਾ, ਮੀਂਹਾਂ ਵਿੱਚ ਅਨਿਸ਼ਚਤਾ ਆਦਿ ਵੀ ਕੁਦਰਤੀ ਬਣ ਸਕਦੀ ਹੈ। ਪੰਜਾਬ ਵਿੱਚ ਖੇਤੀ ਵੰਨ-ਸਵੰਨਤਾ ਦੇ ਨਾਲ-ਨਾਲ ਪੇਸ਼ਾਵਰ ਵੰਨ-ਸਵੰਨਤਾ ਦੀ ਬਹੁਤ ਲੋੜ ਹੈ ਜਿਹੜੀ ਪੰਜਾਬ ਤੋਂ ਵਿਦੇਸ਼ਾਂ ਵੱਲ ਪਰਵਾਸ ਅਤੇ ਪਿੰਡਾਂ ਤੋਂ ਸ਼ਹਿਰਾਂ ਵੱਲ ਪਰਵਾਸ ਰੋਕ ਸਕਦੀ ਹੈ। ਵਿਕਸਤ ਦੇਸ਼ਾਂ ਵਿੱਚ ਖੇਤੀਬਾੜੀ ਵਿੱਚ 5 ਫੀਸਦੀ ਤੋਂ ਵੀ ਘੱਟ ਲੋਕ ਹਨ। ਇਹ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਯੋਗਦਾਨ ਵੀ ਭਾਵੇਂ 5 ਫੀਸਦੀ ਹੀ ਪਾਉਂਦੇ ਹਨ ਪਰ ਖੇਤੀ ਅਤੇ ਗ਼ੈਰ-ਖੇਤੀ ਔਸਤ ਆਮਦਨ ਵਿੱਚ ਕੋਈ ਫ਼ਰਕ ਨਹੀਂ। ਇਸ ਦਾ ਅਰਥ ਹੈ ਕਿ ਪੰਜਾਬ ਜਾਂ ਭਾਰਤ ਵਿੱਚ ਵੱਡੀ ਗਿਣਤੀ ਲੋਕਾਂ ਨੂੰ ਖੇਤੀਬਾੜੀ ਦੀ ਜਗ੍ਹਾ ਹੋਰ ਪੇਸ਼ਿਆਂ ਵਿੱਚ ਲਾਉਣਾ ਚਾਹੀਦਾ ਹੈ। ਜੇ ਪੰਜਾਬ ਵਿੱਚ ਖੇਤੀ ਦਾ ਪ੍ਰਾਂਤ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਯੋਗਦਾਨ 19 ਫੀਸਦੀ ਹੈ ਤਾਂ ਖੇਤੀ ਵਿੱਚ ਵਸੋਂ ਵੀ 19 ਫੀਸਦੀ ਹੀ ਹੋਣੀ ਚਾਹੀਦੀ ਹੈ। ਇਸ ਨਾਲ ਖੇਤੀ ਅਤੇ ਗ਼ੈਰ-ਖੇਤੀ ਪੇਸ਼ਿਆਂ ਦੀ ਔਸਤ ਆਮਦਨ ਵਿੱਚ ਫ਼ਰਕ ਨਹੀਂ ਹੋਵੇਗਾ।

1950 ਵਿੱਚ ਜਦੋਂ ਭਾਰਤ ਵਿੱਚ ਯੋਜਨਾਵਾਂ ਨੂੰ ਵਿਕਾਸ ਕਰਨ ਲਈ ਅਪਣਾਇਆ ਗਿਆ ਸੀ ਤਾਂ ਪਹਿਲੀਆਂ ਤਿੰਨ ਯੋਜਨਾਵਾਂ ਵਿੱਚ ਖੇਤੀ ਨੂੰ ਸਭ ਤੋਂ ਉੱਚੀ ਤਰਜੀਹ ਦਿੱਤੀ ਗਈ ਸੀ। ਇਸ ਦਾ ਅਸਰ ਵੀ ਚੰਗਾ ਪਿਆ ਸੀ। ਪੰਜਾਬ ਦੀ ਖੇਤੀ ਬਹੁਤ ਵਿਕਸਤ ਹੋਈ ਪਰ ਉਸ ਨਾਲ ਗ਼ੈਰ-ਖੇਤੀ ਪੇਸ਼ੇ ਵਿਕਸਤ ਨਾ ਹੋਏ। ਅੱਜ ਵੀ ਖੇਤੀ ਅਤੇ ਗ਼ੈਰ-ਖੇਤੀ ਪੇਸ਼ਿਆਂ ਵਿੱਚ ਆਮਦਨ ਦਾ ਫ਼ਰਕ ਇਸ ਕਰਕੇ ਹੈ ਕਿਉਂਕਿ ਖੇਤੀ ਵਿੱਚ ਬੇਰੁਜ਼ਗਾਰੀ ਜਾਂ ਅਰਧ-ਬੇਰੁਜ਼ਗਾਰੀ ਹੈ। ਪਿੰਡਾਂ ਦਾ ਵਿਕਾਸ ਨਾ ਹੋ ਸਕਿਆ। ਪਿੰਡਾਂ ਵਿੱਚ ਗ਼ੈਰ-ਖੇਤੀ ਕੰਮ ਨਾ ਵਧੇ, ਨਾ ਹੀ ਉਨ੍ਹਾਂ ਕੰਮਾਂ ਲਈ ਕੁਸ਼ਲ ਕਿਰਤੀ ਤਿਆਰ ਹੋਏ। ਰੁਜ਼ਗਾਰ ਪ੍ਰਾਪਤੀ ਲਈ ਪਿੰਡਾਂ ਦੇ ਲੋਕ ਸ਼ਹਿਰਾਂ ਵਿੱਚ ਜਾਂਦੇ ਹਨ। ਉਹ ਉਦਯੋਗ ਜਿਨ੍ਹਾਂ ਲਈ ਕੱਚਾ ਮਾਲ ਭਾਵੇਂ ਪਿੰਡਾਂ ਤੋਂ ਲਿਆ ਜਾਂਦਾ ਹੈ ਜਿਵੇਂ ਡੇਅਰੀ, ਟੈਕਸਟਾਈਲ, ਵੁਡ ਇੰਡਸਟਰੀ, ਬੇਕਰੀ ਆਦਿ ਵੀ ਸ਼ਹਿਰਾਂ ਵਿੱਚ ਲੱਗੀਆਂ ਕਿਉਂ ਜੋ ਪਿੰਡਾਂ ਵਿੱਚ ਬਿਜਲੀ, ਬੈਂਕ, ਟਰਾਂਸਪੋਰਟ ਆਦਿ ਵਿਕਸਤ ਨਾ ਹੋਏ। ਜੇ ਖੇਤੀ ਨੂੰ ਪਹਿਲੀ ਤਰਜੀਹ ਦਿੱਤੀ ਗਈ ਸੀ ਤਾਂ ਪਿੰਡਾਂ ਦੇ ਵਿਕਾਸ ਨੂੰ ਵੀ ਪਹਿਲੀ ਤਰਜੀਹ ਦਿੱਤੀ ਜਾਣੀ ਚਾਹੀਦੀ ਸੀ। ਮੇਰੇ ਅਧਿਐਨ ਵਿੱਚ ਚਾਰ ਕਿਸਮ ਦੇ ਕਿਸਾਨ ਘਰਾਂ ਦੀ ਸ਼ਨਾਖ਼ਤ ਕੀਤੀ ਸੀ। ਜਿਨ੍ਹਾਂ ਘਰਾਂ ਦਾ ਬੰਦਾ ਨੌਕਰੀ ਕਰਦਾ ਸੀ, ਉਸ ਦੀ ਔਸਤ ਆਮਦਨ ਜ਼ਿਆਦਾ ਸੀ ਅਤੇ ਕਰਜ਼ਾ ਨਹੀਂ ਸੀ ਜਾਂ ਬਿਲਕੁੱਲ ਘੱਟ ਸੀ। ਜਿਹੜੇ ਘਰਾਂ ਵਿੱਚ ਖੇਤੀ ਨਾਲ ਵਪਾਰ ਸੀ, ਉਨ੍ਹਾਂ ਦੀ ਕਮਾਈ ਵੀ ਜ਼ਿਆਦਾ ਸੀ, ਕਰਜ਼ਾ ਘੱਟ ਸੀ। ਜਿਹੜੇ ਘਰਾਂ ਵਿੱਚ ਖੇਤੀ ਨਾਲ ਡੇਅਰੀ ਸੀ, ਉਨ੍ਹਾਂ ਦਾ ਉਨ੍ਹਾਂ ਦਾ ਕਰਜ਼ਾ ਵੀ ਘੱਟ ਸੀ ਪਰ ਜਿਹੜੇ ਘਰ ਸਿਰਫ਼ ਖੇਤੀ 'ਤੇ ਨਿਰਭਰ ਸਨ, ਉਨ੍ਹਾਂ ਸਿਰ ਕਰਜ਼ੇ ਦੀ ਵੱਡੀ ਪੰਡ ਵੀ ਸੀ ਅਤੇ ਉਨ੍ਹਾਂ ਦੀ ਵਾਹੀ ਵੀ ਕਮਜ਼ੋਰ ਸੀ।

ਪੇਸ਼ਾਵਰ ਵੰਨ-ਸਵੰਨਤਾ ਨੂੰ ਪਿੰਡਾਂ ਵਿੱਚ ਵਧਾਉਣਾ ਇਸ ਵਕਤ ਸਰਕਾਰ ਦੀ ਪਹਿਲੀ ਤਰਜੀਹ ਹੋਣੀ ਚਾਹੀਦੀ ਹੈ ਅਤੇ ਉਹੋ ਜਿਹਾ ਉਦਯੋਗੀਕਰਨ ਅਪਣਾਉਣਾ ਚਾਹੀਦਾ ਹੈ ਜਿਸ ਲਈ ਕੱਚਾ ਮਾਲ ਪਿੰਡਾਂ ਵਿੱਚੋਂ ਮਿਲਦਾ ਹੈ। ਇਸ ਨਾਲ ਖੇਤੀ ਘਰਾਂ ਦੀ ਆਮਦਨ ਵਧੇਗੀ ਅਤੇ ਵਿਦੇਸ਼ਾਂ ਵੱਲ ਪਰਵਾਸ ਵੀ ਘੱਟੇਗਾ।

-0-

# ਨਸ਼ਿਆਂ ਵਿਰੁੱਧ ਜੰਗ : ਨਸ਼ਿਆਂ ਦੀ ਮੰਗ ਨੂੰ ਕਿਵੇਂ ਰੋਕਿਆ ਜਾਵੇ?

**ਬ੍ਰਿਜ ਭੂਸ਼ਣ ਗੋਇਲ**

ਭਾਰਤ ਦੇ ਵੱਖ-ਵੱਖ ਹਿੱਸਿਆਂ ਅਤੇ ਸਾਡੇ ਰਾਜ ਤੋਂ ਵੱਡੀ ਮਾਤਰਾ ਵਿੱਚ ਵੱਖ-ਵੱਖ ਕਿਸਮਾਂ ਦੇ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਦੇ ਨਾਲ-ਨਾਲ ਨਸ਼ਿਆਂ ਦੀ ਓਵਰਡੋਜ਼ ਨਾਲ ਹੋਣ ਵਾਲੀਆਂ ਮੌਤਾਂ ਦੀਆਂ ਰੋਜ਼ਾਨਾ ਰਿਪੋਰਟਾਂ ਸਮਾਜ ਦੇ ਸਾਹਮਣੇ ਬਹੁਤ ਗੰਭੀਰ ਮੁੱਦਾ ਹੈ। ਇਹ ਉਨ੍ਹਾਂ ਸਾਰੇ ਬੁੱਧੀਜੀਵੀਆਂ ਨੂੰ ਪਰੇਸ਼ਾਨ ਕਰ ਰਿਹਾ ਹੈ ਜੋ ਸਾਡੇ ਨੌਜਵਾਨਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਬਾਰੇ ਚਿੰਤਤ ਹਨ ਅਤੇ ਇਸ ਖ਼ੌਫ਼ਨਾਕ ਸਥਿਤੀ ਨੂੰ ਪੂਰੀ ਤਰ੍ਹਾਂ ਰੋਕਣ ਲਈ ਕੁਝ ਠੋਸ ਕਰਨਾ ਚਾਹੁੰਦੇ ਹਨ।

ਬਹੁਤ ਬਦਕਿਸਮਤੀ ਹੈ, ਡਰੱਗਜ਼ ਨੂੰ ਸੰਗੀਤ ਪੌਪ ਕਲਚਰ ਅਤੇ ਮਾਸ ਮੀਡੀਆ ਦੁਆਰਾ ਉਤਸ਼ਾਹਿਤ ਕੀਤਾ ਗਿਆ ਹੈ ਅਤੇ ਹੁਣ ਹਰ ਕਿਸਮ ਦੇ ਨਸ਼ੀਲੇ ਪਦਾਰਥਾਂ ਨੇ ਸਾਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ ਹੈ। ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਲਗਭਗ 208 ਮਿਲੀਅਨ ਲੋਕ ਗੈਰ ਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਦੇ ਹਨ। ਹੁਣ ਸਿਰਫ਼ ਸ਼ਰਾਬ, ਰਵਾਇਤੀ ਅਫ਼ੀਮ ਜਾਂ ਭੰਗ ਦਾ ਸੇਵਨ ਨਹੀਂ ਕੀਤਾ ਜਾਂਦਾ, ਬਲਕਿ ਹਰ ਤਰ੍ਹਾਂ ਦੇ ਹੋਰ ਨਸ਼ੀਲੇ ਪਦਾਰਥਾਂ ਦੀ ਵਰਤੋਂ ਕੀਤੀ ਜਾਂਦੀ ਹੈ,ਜਿਵੇਂ ਕਿ ਮਾਰਿਜੁਆਨਾ, ਅਲਕੋਹਲ, ਸਿੰਥੈਟਿਕ ਡਰੱਗਜ਼, ਐਕਸਟਸਿ, ਕੋਕੀਨ ਅਤੇ ਕ੍ਰੈਕ ਕੋਕੀਨ, ਕ੍ਰਿਸਟਲ ਮੈਥ ਅਤੇ ਮੈਥਾਮਫੇਟਾਮਾਈਨ, ਇਨਹੈਲੈਂਟਸ, ਹੈਰੋਇਨ, ਐੱਲ. ਐੱਸ. ਡੀ., ਨੁਸਖ਼ੇ ਵਾਲੀਆਂ ਦਵਾਈਆਂ ਦੀ ਦੁਰਵਰਤੋਂ। ਸਾਲ 2018 ਦੌਰਾਨ ਨੈਸ਼ਨਲ ਡਰੱਗ ਟ੍ਰੀਟਮੈਂਟ ਸੈਂਟਰ, ਗਾਜ਼ੀਆਬਾਦ (ਐਨਡੀਡੀਟੀਸਿ), ਏਮਜ਼ ਦੁਆਰਾ ਕਰਵਾਏ ਗਏ ਭਾਰਤ ਵਿੱਚ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੇ ਵਿਸਤਾਰ ਅਤੇ ਪੈਟਰਨ ਬਾਰੇ ਵਿਆਪਕ ਰਾਸ਼ਟਰੀ ਸਰਵੇਖਣ ਦੇ ਅਨੁਸਾਰ ਅੰਕੜੇ ਦਸੰਬਰ, 2023 ਵਿੱਚ ਅਧਿਕਾਰਤ ਤੌਰ 'ਤੇ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਨੇ ਜਾਰੀ ਕੀਤੇ। ਉਨ੍ਹਾਂ ਦੇ ਸਰਵੇਖਣ ਦੇ ਅੰਕੜਿਆਂ ਅਨੁਸਾਰ 10-17 ਸਾਲ ਦੇ ਉਮਰ ਵਰਗ ਵਿੱਚ 1 ਕਰੋੜ ਅਤੇ 28 ਲੱਖ ਨਸ਼ੇੜੀ ਹਨ। 18 ਤੋਂ 75 ਸਾਲ ਦੀ ਉਮਰ ਸਮੂਹ ਵਿੱਚ ਡਰੱਗ ਦੇ ਆਦੀ ਲੋਕਾਂ ਦੀ ਚਿੰਤਾਜਨਕ ਗਿਣਤੀ ਹੈ ਜੋ ਕਿ 22.10 ਕਰੋੜ ਹੈ। ਮਨੋਵਿਗਿਆਨੀ, ਮਨੋਵਿਗਿਆਨੀ ਅਤੇ ਡਾਕਟਰ ਸਾਰੇ ਇਸ ਗੱਲ ਨਾਲ ਸਿਹਮਤ ਹਨ ਕਿ ਇਹ ਨਸ਼ੀਲੇ ਪਦਾਰਥਾਂ ਦੀ ਪਹਿਲੀ ਖ਼ੁਰਾਕ ਹੈ ਜੋ ਹਮੇਸ਼ਾ ਆਕਰਸ਼ਿਤ ਕਰਦੀ ਹੈ ਅਤੇ ਆਖ਼ਰਕਾਰ ਇਹ ਅਜਿਹੇ ਲੋਕਾਂ ਨੂੰ ਸਥਾਈ ਨਸ਼ੇ ਵੱਲ ਲੈ ਜਾ ਸਕਦੀ ਹੈ। ਸਾਡੀ ਸਮਾਜਿਕ ਪ੍ਰਣਾਲੀ ਵਿੱਚ ਜਾਂਚ ਅਤੇ ਪ੍ਰਭਾਵਸ਼ਾਲੀ ਪੁਨਰਵਾਸ ਦੇ ਯਤਨ ਹੁਣ ਉਪਲਬਧ ਨਹੀਂ। ਜਦੋਂ ਨਸ਼ੀਲੇ ਪਦਾਰਥਾਂ ਦੇ ਕਾਲੇ ਖ਼ਤਰੇ ਦੀ ਖੋਜ ਅਤੇ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਤਾਂ ਇਹ ਸਾਨੂੰ ਭਿਆਨਕ ਸੱਚਾਈ ਪੇਸ਼ ਕਰਦਾ ਹੈ ਕਿ ਨਸ਼ਾ ਕਰਨ ਨਸ਼ੇੜੀ, ਬੇਸਹਾਰਾ ਮਾਪੇ ਅਤੇ ਪਰਿਵਾਰ ਕਿੰਨੇ ਦੁਖੀ ਹਨ। ਇਹ ਸਾਰੇ ਲੋਕ ਬੁਰੀ ਤਰ੍ਹਾਂ ਸਦਮੇ ਵਿੱਚ ਹਨ ਅਤੇ ਉਹ ਇਸ ਭਿਆਨਕ ਸਥਿਤੀ ਵਿੱਚੋਂ ਬਾਹਰ ਆਉਣਾ ਚਾਹੁੰਦੇ ਹਨ, ਪਰ ਬੇਵੱਸ ਹਨ।

ਭਾਰਤ ਦੇ ਕਈ ਰਾਜਾਂ ਵਿੱਚ ਸਰਹੱਦ ਪਾਰ ਤੋਂ ਨਿਰਵਿਘਨ ਆ ਰਹੇ ਨਸ਼ੀਲੇ ਪਦਾਰਥਾਂ ਦੀ ਸਪਲਾਈ ਦਾ ਕੋਈ ਅੰਤ ਨਹੀਂ ਹੈ। ਜਦੋਂ ਕਿ ਸਰਹੱਦੀ ਰਾਜ ਹਮੇਸ਼ਾ ਵਧੇਰੇ ਪ੍ਰਭਾਵਿਤ ਹੁੰਦੇ ਹਨ, ਪਰ, ਡਰੱਗ ਮਾਫ਼ੀਆ ਹਰ ਜਗ੍ਹਾ ਆਪਣਾ ਵਪਾਰ ਫੈਲਾਉਂਦੇ ਹਨ। ਇਹ ਦੋਸ਼ੀਆਂ ਨੂੰ ਫੜਨ ਲਈ ਕੀਤੀਆਂ ਗਈਆਂ ਹਰ ਤਰ੍ਹਾਂ ਦੀਆਂ ਨਵੀਆਂ ਕੋਸ਼ਿਸ਼ਾਂ ਦੇ ਬਾਵਜੂਦ ਮਾਫੀਆ ਆਪਣੇ ਤਸਕਰਾਂ ਦੇ ਵਿਸ਼ਾਲ ਨੈੱਟਵਰਕ ਰਾਹੀਂ ਨਸ਼ੀਲੇ ਪਦਾਰਥ ਜਿੱਥੇ ਉਹ ਚਾਹੁੰਦੇ ਹਨ ਉੱਥੇ ਭੇਜਣ ਲਈ ਹਮੇਸ਼ਾ ਇੱਕ ਕਦਮ ਅੱਗੇ ਰਹਿੰਦੇ ਹਨ। ਉਨ੍ਹਾਂ ਕੋਲ ਨਵੇਂ ਅਤੇ ਨਵੇਂ ਗਾਹਕਾਂ ਨੂੰ ਨਸ਼ੀਲੇ ਪਦਾਰਥ ਉਪਲਬਧ ਕਰਵਾਉਣ ਲਈ ਆਪਣੇ ਸਾਧਨ ਹਨ।

ਵਰਤਮਾਨ ਵਿੱਚ, ਰਵਾਇਤੀ ਦਵਾਈਆਂ ਤੋਂ ਇਲਾਵਾ, ਹੁਣ ਗੁਪਤ ਫਾਰਮਾ ਇਕਾਈਆਂ ਵਿੱਚ ਨਿਰਮਿਤ ਅਤੇ ਤਿਆਰ ਕੀਤੀ ਗਈ ਮੈਡੀਕਲ ਸਿੰਥੈਟਿਕ ਡਰੱਗ ਨੂੰ ਬਿਨਾਂ ਜਾਂਚ ਦੇ ਤੇਜ਼ੀ ਨਾਲ ਵੇਚਿਆ ਜਾ ਰਿਹਾ ਹੈ। ਬਹੁਤ ਸਾਰੇ ਨਸ਼ੇੜੀ ਅਤੇ ਬੇਸਹਾਰਾ ਮਾਪੇ ਸਰਕਾਰੀ ਨਸ਼ਾ ਛੁਡਾਊ ਸੈਂਟਰਾਂ ਤੇ ਨਿਰਭਰ ਕਰਦੇ ਹਨ। ਇਸ ਦੇ ਨਾਲ ਹੀ ਅਸ਼ਿ ਸਰਕਾਰੀ ਕੇਂਦਰਾਂ ਤੋਂ ਡੈਡੀਕਸ਼ਨ ਦਵਾਈਆਂ ਦੀ ਗੁਪਤ ਗੈਰ-ਕਾਨੂੰਨੀ ਵਿਕਰੀ ਦੀਆਂ ਰਿਪੋਰਟਾਂ ਨੂੰ ਵੀ ਨਜ਼ਰਅੰਦਾਜ਼ ਨਹੀਂ ਕਰ ਸਕਦੇ। ਬਹੁਤ ਸਾਰੇ ਪ੍ਰਾਈਵੇਟ ਡੈਡਿਕਸ਼ਨ ਸੈਂਟਰਾਂ ਦੁਆਰਾ



ਨਸ਼ਾ ਕਰਨ ਵਾਲਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਸ਼ੋਸ਼ਣ ਨੇ ਨਸ਼ਾ ਕਰਨ ਵਾਲਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਤਬਾਹ ਕਰ ਦਿੱਤਾ ਹੈ। ਆਪਣੀਆਂ ਪੀੜ੍ਹੀਆਂ ਨੂੰ ਸੰਕਟ ਤੋਂ ਬਚਾਉਣ ਲਈ ਸਾਨੂੰ ਰਾਜ ਸਰਕਾਰਾਂ ਦੇ ਨਾਲ-ਨਾਲ ਭਾਰਤ ਸਰਕਾਰ ਦੁਆਰਾ ਵੀ ਸਰਗਰਮ ਕਦਮ ਚੁੱਕਣੇ ਪੈਣਗੇ ਤਾਂ ਜੋ ਖਪਤਕਾਰਾਂ ਦੇ ਨਸ਼ਿਆਂ ਦੀ ਮੰਗ ਨੂੰ ਲੈ ਕੇ ਨਿਰੰਤਰ ਜੰਗ ਛੇੜੀ ਜਾ ਸਕੇ।

**ਸਕੂਲ ਦੀਆਂ ਪਾਠ ਪੁਸਤਕਾਂ ਵਿੱਚ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਅਧਿਆਇ ਹੋਣੇ ਚਾਹੀਦੇ ਹਨ :** ਇੱਕ ਤੱਥ ਜਿਸ ਨੂੰ ਅਸ਼ਿ ਆਪਣੇ ਪਿੰਡਾਂ ਅਤੇ ਕਸਬਿਆਂ ਵਿੱਚ ਵੱਡੀ ਗਿਣਤੀ ਵਿੱਚ ਨਸ਼ਾ ਕਰਨ ਵਾਲਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਨਜ਼ਰਅੰਦਾਜ਼ ਨਹੀਂ ਕਰ ਸਕਦੇ ਕਿ ਅਜਿਹੀਆਂ ਪੁਨਰਵਾਸ ਸਹੂਲਤਾਂ ਵੀ ਢੁਕਵੀਂ ਤਰ੍ਹਾਂ ਉਪਲਬਧ ਨਹੀਂ ਹਨ ਜਿਸ ਨਾਲ ਅਸੀਂ ਨਸ਼ੇੜੀਆਂ ਨੂੰ ਜ਼ਿੰਦਗੀ ਦੀ ਮੁੱਖ ਧਾਰਾ ਵਿੱਚ ਜਲਦੀ ਵਾਪਸ ਲਿਆ ਸਕਦੇ ਹਾਂ। ਵਰਤਮਾਨ ਵਿੱਚ, ਲਗਭਗ ਸਾਰੇ ਵਿਦਿਅਕ ਬੋਰਡ ਸਰੀਰ ਦੇ ਕਾਰਜਾਂ ਦੇ ਵਿਗਿਆਨ ਅਤੇ ਬੁਨਿਆਦੀ ਸਰੀਰ ਵਿਗਿਆਨ ਦਾ ਅਧਿਐਨ ਪੇਸ਼ ਕਰ ਰਹੇ ਹਨ। ਆਓ ਆਪਾਂ ਆਪਣੇ ਬੱਚਿਆਂ ਨੂੰ ਕਿਤਾਬਾਂ ਰਾਹੀਂ ਦੱਸਿਏ ਕਿ ਨਸ਼ੀਲੇ ਪਦਾਰਥ ਸਾਡੇ ਸਰੀਰ ਨੂੰ ਕਿਵੇਂ ਨੁਕਸਾਨ ਪਹੁੰਚਾਉਂਦੇ ਹਨ ਅਤੇ ਸਾਨੂੰ ਅਪਾਹਜ ਕਰਦੇ ਹਨ। ਪਾਠ ਪੁਸਤਕਾਂ ਵਿੱਚ ਇਸ ਬਾਰੇ ਅਧਿਆਇ ਹੋਣੇ ਚਾਹੀਦੇ ਹਨ। ਸਕੂਲਾਂ ਅਤੇ ਕਾਲਜਾਂ ਨੂੰ ਸੈਮੀਨਾਰਾਂ ਆਦਿ ਰਾਹੀਂ ਮਨੋਵਿਗਿਆਨੀਆਂ ਅਤੇ ਡਾਕਟਰਾਂ ਨੂੰ ਅਕਸਰ ਸ਼ਾਮਲ ਕਰਨਾ ਚਾਹੀਦਾ ਹੈ। ਅਕਸਰ ਅਜਿਹਾ ਹੁੰਦਾ ਹੈ ਕਿ ਨਸ਼ੇੜੀ ਸਹਾਇਤਾ ਪ੍ਰਣਾਲੀ ਤੋਂ ਅਣਜਾਣ ਹੁੰਦੇ ਹਨ। ਹਰੇਕ ਸਕੂਲ/ਕਾਲਜ ਵਿੱਚ ਭਾਰਤ ਸਰਕਾਰ/ਰਾਜ ਸਰਕਾਰ ਦੀਆਂ ਹੈਲਪ ਲਾਈਨਾਂ ਖੁੱਲ੍ਹੀਆਂ ਹੋਣੀਆਂ ਚਾਹੀਦੀਆਂ ਹਨ ਅਤੇ ਸੰਪਰਕ ਨੰਬਰ ਸਕੂਲ ਕਾਲਜ ਦੀਆਂ ਕੰਧਾਂ ਉੱਤੇ ਸਪੱਸ਼ਟ ਤੌਰ ਉੱਤੇ ਲਿਖੇ ਹੋਣੇ ਚਾਹੀਦੇ ਹਨ।

**ਗ਼ੈਰ-ਸਰਕਾਰੀ ਸੰਗਠਨਾਂ/ਬੁੱਧੀਜੀਵੀਆਂ ਦੀਆਂ ਸੇਵਾਵਾਂ ਦੀ ਵਰਤੋਂ ਕਰਨਾ :** ਬਹੁਤ ਸਾਰੇ ਨੇਕ ਇਰਾਦੇ ਵਾਲੇ ਗ਼ੈਰ ਸਰਕਾਰੀ ਸੰਗਠਨ/ਵਿਅਕਤੀ ਹਨ ਜੋ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਵਿਰੁੱਧ ਸਾਡੇ ਨੌਜਵਾਨਾਂ ਅਤੇ ਵੱਡੇ ਪੱਧਰ 'ਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਆਪਣੇ ਤਰੀਕੇ ਨਾਲ ਕੰਮ ਕਰ ਰਹੇ ਹਨ। ਅਜਿਹੀਆਂ ਸਾਰੀਆਂ ਸੰਸਥਾਵਾਂ ਨੂੰ ਉਨ੍ਹਾਂ ਦੇ ਪਿਛੋਕੜ ਅਤੇ ਖਾਤਿਆਂ ਦੀ ਜਾਂਚ ਕਰਨ ਤੋਂ ਬਾਅਦ ਵਿੱਤੀ ਸਹਾਇਤਾ ਦਿੱਤੀ ਜਾਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਰਾਜ/ਕੇਂਦਰੀ ਨਸ਼ੀਲੇ ਪਦਾਰਥਾਂ ਦੇ ਨਿਯੰਤਰਣ ਪ੍ਰੋਗਰਾਮਾਂ ਦੇ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਅਜਿਹੇ ਐੱਨ. ਜੀ. ਓ. ਜਿਨ੍ਹਾਂ ਨੂੰ ਸਰਕਾਰ ਤੋਂ ਪ੍ਰਮਾਣਿਤ ਹੋਣਾ ਚਾਹੀਦਾ ਹੈ ਅਤੇ ਉਹ ਨਸ਼ਾ ਕਰਨ ਵਾਲੇ ਨੂੰ ਬਿਨਾਂ ਕਿਸੇ ਕੀਮਤ ਦੇ ਉਚਿਤ ਕੇਂਦਰ ਜਾਂ ਹਸਪਤਾਲ ਵਿੱਚ ਪੂਰੀ ਮਨੋਵਿਗਿਆਨਕ ਸਹਾਇਤਾ ਅਤੇ ਮੁੜਵਸੇਬੇ ਲਈ ਆਪਣੇ ਸੰਪਰਕ ਨੰਬਰ ਪ੍ਰਦਾਨ ਕਰ ਸਕਦੇ ਹਨ। ਅਜਿਹੇ ਗ਼ੈਰ-ਸਰਕਾਰੀ ਸੰਗਠਨ/ਵਿਅਕਤੀ ਨਸ਼ਿਆਂ ਦੇ ਆਦੀ ਲੋਕਾਂ ਦੀ ਗੱਲ ਸੁਣਨ ਵਿੱਚ ਬਹੁਤ ਪ੍ਰਭਾਵਸ਼ਾਲੀ ਭੂਮਿਕਾ ਨਿਭਾ ਸਕਦੇ ਹਨ।

**ਨਸ਼ੀਲੇ ਪਦਾਰਥਾਂ ਦੀ ਸਪਲਾਈ ਰੋਕਣ ਵਿੱਚ ਕਮੀਆਂ :** ਹਾਲਾਂਕਿ ਭਾਰਤ ਸਰਕਾਰ/ਰਾਜਾਂ ਦੇ ਨਸ਼ੀਲੇ ਪਦਾਰਥਾਂ ਦੇ ਕੰਟਰੋਲ ਬਿਊਰੋ ਸਰਹੱਦ ਪਾਰ ਦੀਆਂ ਸਾਰੀਆਂ ਕਮੀਆਂ ਨੂੰ ਦੂਰ ਕਰਨ ਲਈ ਆਪਣਾ ਕੰਮ ਕਰ ਰਹੇ ਹਨ, ਫਿਰ ਵੀ ਵੱਡੇ ਅਤੇ ਛੋਟੇ ਨਸ਼ਾ ਤਸਕਰਾਂ ਦੇ ਮੂਲ ਅਤੇ ਰਸਤੇ ਦੀ ਪਛਾਣ ਕਰਨ ਲਈ ਨਵੀਨਤਮ ਮਸ਼ੀਨਰੀ ਨੂੰ ਲੈਸ ਕਰਨ ਲਈ ਹੋਰ ਬਹੁਤ ਕੁਝ ਕਰਨ ਦੀ ਜ਼ਰੂਰਤ ਹੈ। ਪੁਲਿਸ/ਸੁਰੱਖਿਆ ਏਜੰਸੀਆਂ ਨੂੰ ਕਾਲੀਆਂ ਭੇਡਾਂ ਦਾ ਪਰਦਾਫਾਸ਼ ਕਰਨਾ ਚਾਹੀਦਾ ਹੈ ਅਤੇ ਜ਼ੀਰੋ ਟਾਲਰੈਂਸ ਅਪਣਾਉਂਦੇ ਹੋਏ ਜਲਦੀ ਹੀ ਉਨ੍ਹਾਂ ਨੂੰ ਸਲਾਖ਼ਾਂ ਪਿੱਛੇ ਸੁੱਟ ਦੇਣਾ ਚਾਹੀਦਾ ਹੈ। ਇਸ ਮੁੱਦੇ 'ਤੇ ਸਿਆਸਤਦਾਨਾਂ ਨੂੰ ਬਿਨਾਂ ਸੋਚੇ ਸਮਝੇ ਗਲਤੀਆਂ ਲੱਭਣ ਦੀ ਰਾਜਨੀਤੀ ਦੀ ਖੇਡ ਨਹੀਂ ਕਰਨੀ ਚਾਹੀਦੀ, ਸਗੋਂ ਸਿਹਮਤੀ ਬਣਾ ਕੇ ਚੁੱਕੇ ਜਾਣ ਵਾਲੇ ਪ੍ਰਭਾਵਸ਼ਾਲੀ ਕਦਮਾਂ ਬਾਰੇ ਸੋਚਣਾ ਚਾਹੀਦਾ ਹੈ। ਨਸ਼ੀਲੇ ਪਦਾਰਥਾਂ ਦੀ ਸਪਲਾਈ ਦੀ ਜਾਂਚ ਕਰਨ ਲਈ ਜਨਤਾ ਸਿਰਫ਼ ਸਰਕਾਰੀ ਯਤਨਾਂ 'ਤੇ ਨਿਰਭਰ ਕਰਦੀ ਹੈ। ਪਰ ਹਰੇਕ ਦੇ ਨੇੜਲੇ ਸਹਿਯੋਗ ਨਾਲ ਅਤੇ ਸਮਾਂਬੱਧ ਢੰਗ ਨਾਲ ਇੱਕ ਸਪਸ਼ਟ ਮਿਸ਼ਨ ਅਤੇ ਦ੍ਰਿਸ਼ਟੀ ਨਾਲ ਵਿਚਾਰਸ਼ੀਲ ਦਖਲਅੰਦਾਜ਼ੀ ਦੁਆਰਾ ਨਸ਼ੀਲੇ ਪਦਾਰਥਾਂ ਦੇ ਮੰਗ ਪੱਖ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਿਆ ਜਾ ਸਕਦਾ ਹੈ।

-9417600666. ਇੱਕ ਸਮਾਜਿਕ ਕਾਰਕੁਨ ਅਤੇ ਸੀਨੀਅਰ ਸਿਟੀਜ਼ਨ

# ਮੜ੍ਹੀ ਦਾ ਦੀਵਾ: ਨਾਵਲ ਅਤੇ ਫ਼ਿਲਮ

***ਪੰਜਾਬੀ ਸਿਨਮਾ 'ਚ ਵੱਡੇ ਪੱਧਰ 'ਤੇ ਸਮਾਨੰਤਰ ਸਿਨੇਮਾ ਜਿਸ ਨੂੰ ਕਲਾ ਫ਼ਿਲਮਾਂ ਵੀ ਕਿਹਾ ਜਾਂਦਾ ਹੈ ਬਹੁਤ ਘੱਟ ਬਣਿਆ ਹੈ ਤੇ ਬਿਨਾਂ ਸ਼ੱਕ "ਮੜ੍ਹੀ ਦਾ ਦੀਵਾ" ਅਜਿਹੀਆਂ ਫ਼ਿਲਮਾਂ ਵਿਚੋਂ ਸਭ ਤੋਂ ਮਹੱਤਵਪੂਰਨ ਫ਼ਿਲਮ ਹੈ। ਸਰਦਾਰ ਸੁਰਿੰਦਰ ਸਿੰਘ ਦੀ ਨਿਰਦੇਸ਼ਨਾ 'ਚ ਬਣੀ "ਮੜ੍ਹੀ ਦਾ ਦੀਵਾ" ਅੱਜ ਵੀ ਦੇਖੀ ਜਾਂਦੀ ਇੱਕ ਅਜਿਹੀ ਫ਼ਿਲਮ ਹੈ ਜੋ ਕਲਾ ਫ਼ਿਲਮ ਸੀ ਪਰ ਬਹੁਤ ਚਰਚਿਤ ਰਹੀ। "ਮੜ੍ਹੀ ਦਾ ਦੀਵਾ" ਗੁਰਦਿਆਲ ਸਿੰਘ ਦਾ ਪਹਿਲਾਂ ਨਾਵਲ ਸੀ, ਜੋ ਪਹਿਲੀ ਵਾਰ 1964 ਛਪਿਆ ਸੀ। ਗਿਆਨਪੀਠ ਪੁਰਸਕਾਰ ਵਿਜੇਤਾ, ਪਦਮਸ਼੍ਰੀ ਗੁਰਦਿਆਲ ਸਿੰਘ। –ਗੁਰਦਿਆਲ ਸਿੰਘ ਜੈਤੋ***

"ਮੜ੍ਹੀ ਦਾ ਦੀਵਾ" ਨੂੰ ਉਸ ਸਾਲ ਦੀ ਸਰਵਸ੍ਰੇਸ਼ਟ ਪੰਜਾਬੀ ਫੀਚਰ ਫ਼ਿਲਮ ਦਾ ਰਾਸ਼ਟਰੀ ਅਵਾਰਡ ਵੀ ਮਿਲਿਆ ਸੀ, ਇਸ ਨਾਲ ਬੜੇ ਵੱਡੇ ਨਾਮ ਜੁੜੇ ਹੋਏ ਸਨ ਮਸਲਨ ਰਾਜ ਬੱਬਰ,ਪੰਕਜ ਕਪੂਰ, ਦੀਪਤੀ ਨਵਲ, ਕੰਵਲਜੀਤ, ਪ੍ਰੀਕਸ਼ਤ ਸਾਹਨੀ ਤੇ ਹੋਰ। ਫ਼ਿਲਮ ਦਾ ਨਿਰਮਾਣ ਸਹਿਯੋਗ **ਾਂਧਛ** ਅਤੇ ਦੂਰਦਰਸ਼ਨ ਨੇ ਕੀਤਾ ਸੀ। ਨਾਵਲ ਪਹਿਲਾਂ ਹੀ ਚਰਚਾ ਵਿੱਚ ਆ ਚੁੱਕਿਆ ਸੀ। ਇਸ ਬਾਰੇ ਨਾਨਕ ਸਿੰਘ ਹੋਰਾਂ ਦਾ ਕਥਨ ਸੀ ਕਿ ਨਾਵਲ ਪੜ੍ਹ ਕੇ ਰੂਹ ਨਸ਼ਿਆ ਗਈ ਹੈ। ਰਾਸ਼ਟਰੀ ਪੱਧਰ ਤੇ ਵੀ ਨਾਵਲ ਜ਼ਿਕਰ ਵਿੱਚ ਸੀ, ਲੋਕ ਇਸ ਨੂੰ ਮੁਨਸ਼ੀ ਪ੍ਰੇਮ ਚੰਦ ਦੀਆਂ ਲਿਖਤਾਂ ਦੇ ਬਰਾਬਰ ਤੱਕ ਕਹਿ ਰਹੇ ਸਨ। ਪ੍ਰਸਿੱਧ ਵਿਦਵਾਨ ਡਾਕਟਰ ਨਾਮਵਰ ਸਿੰਘ ਨੇ ਕਿਹਾ ਸੀ ਕਿ ਅਜਿਹਾ ਨਾਵਲ ਕਦੇ ਕਦੇ ਹੀ ਆਉਂਦਾ ਹੈ ਹੁਣ ਜਦੋਂ ਭਾਰਤੀ ਨਾਵਲ ਵਿਧਾ ਖੜੋਤ ਵਿੱਚ ਹੈ ਤਾਂ ਯਥਾਰਥ ਦੇ ਨੇੜੇ ਦਾ ਇਹ ਚਿਤਰਨ ਭਾਰਤੀ ਸਾਹਿਤ ਨੂੰ ਨਵੀਂ ਦਿਸ਼ਾ ਦੇਵੇਗਾ।

ਮੜ੍ਹੀ ਦਾ ਦੀਵਾ ਬਹੁਤ ਸਾਰੀਆਂ ਭਾਸ਼ਾਵਾਂ ਵਿੱਚ ਅਨੁਵਾਦ ਹੋਇਆ ਹੈ, ਰੂਸੀ ਭਾਸ਼ਾ ਵਿੱਚ ਅਨੁਵਾਦ ਹੋਣ ਤੋਂ ਬਾਅਦ ਕਿਹਾ ਜਾਂਦਾ ਹੈ ਕਿ ਇਸ ਦੀਆਂ ਪੰਜ ਲੱਖ ਕਾਪੀਆਂ ਵਿਕੀਆਂ ਸਨ।



ਮੜ੍ਹੀ ਦਾ ਦੀਵਾ ਆਜ਼ਾਦੀ ਉਪਰਾਂਤ ਮਾਲਵੇ ਦੇ ਪੇਂਡੂ ਜੀਵਨ, ਇਸ ਪਛੜੀ ਕਹੀ ਜਾਂਦੀ ਰਹਿਤਲ ਦੇ ਲੋਕਾਂ ਦਾ ਚਿਤਰਨ ਹੈ, ਬਦਲਦੇ ਹਾਲਾਤ ਕਿਸ ਤਰਾਂ ਲੋਕਾਂ

**ਤਰਸੇਮ ਬਸ਼ਰ**
**ਫੋਨ: 98141-63071**

ਦੇ ਜੀਵਨ ਨੂੰ, ਸਮਾਜਿਕ ਕਦਰਾਂ ਕੀਮਤਾਂ ਨੂੰ ਪ੍ਰਭਾਵਿਤ ਕਰਦੇ ਹਨ ਦਾ ਬਿਰਤਾਂਤ ਹੈ ਉੱਥੇ ਹੀ ਕਿਸਾਨ ਤੇ ਉਸ ਦੇ ਕਾਮੇ ਵਿਚਕਾਰ ਦੇ ਰਿਸ਼ਤੇ ਨੂੰ ਬੜੇ ਸੂਖਮ ਤਰੀਕੇ ਨਾਲ ਦਰਸਾਇਆ ਗਿਆ ਹੈ, ਬਦਲਦੇ ਹਾਲਾਤ ਤੇ ਭੌਤਿਕੀ ਜਰੂਰਤਾਂ ਇਸ ਰਿਸ਼ਤੇ ਨੂੰ ਕਿਸ ਤਰ੍ਹਾਂ ਕਮਜ਼ੋਰ ਕੀਤਾ, ਵੀ ਕਹਾਣੀ ਦਾ ਅਹਿਮ ਹਿੱਸਾ ਹੈ।

ਪਾਤਰ ਸੁਭਾਵਿਕ ਅਤੇ ਸੱਚੇ ਪ੍ਰਤੀਤ ਹੁੰਦੇ ਹਨ, ਇਹ ਨਹੀਂ ਲੱਗਦਾ ਕਿ ਕਹਾਣੀ ਨੂੰ ਕਿਸੇ ਸਿੱਟੇ ਤੇ ਪਹੁੰਚਾਉਣ ਲਈ ਪਾਤਰਾਂ ਤੇ ਘਟਨਾਵਾਂ ਨੂੰ ਸਿਰਜਿਆ ਗਿਆ ਹੈ। ਜਿਵੇਂ ਮਾਲਵੇ ਚ ਉਸ ਸਮੇਂ ਔਰਤਾਂ ਦੀ ਅਜਿਹੀ ਸਥਿਤੀ ਨਹੀਂ ਸੀ ਕਿ ਉਹ ਆਪਣੀ ਮਰਜ਼ੀ ਨਾਲ ਜ਼ਿੰਦਗੀ ਬਸਰ ਕਰ ਸਕਣ, ਆਪਣੀ ਪਸੰਦ ਦਾ ਇਜ਼ਹਾਰ ਕਰ ਸਕੇ ਪਰ ਕਹਾਣੀ ਦੀ ਇਸਤਰੀ ਪਾਤਰ ਭਾਨੀ (ਦੀਪਤੀ ਨਵਲ) ਜਿਸ ਦਾ ਵਿਆਹ ਉਸ ਦੀ ਪਸੰਦ ਦੇ ਇਨਸਾਨ ਨਾਲ ਨਹੀਂ ਹੋਇਆ ਅਤੇ ਉਹ ਉਸਦੇ ਦੋਸਤ ਨੂੰ ਪਸੰਦ ਕਰਦੀ ਹੈ, ਉਹ ਇਸਦਾ ਇਜ਼ਹਾਰ ਵੀ ਕਰ ਦਿੰਦੀ ਹੈ ਤੇ ਦ੍ਰਿੜਤਾ ਨਾਲ ਆਪਣੀ ਮੁਹੱਬਤ ਤੇ ਖੜੀ ਵੀ ਰਹਿੰਦੀ ਹੈ।

ਉਹਨਾਂ ਸਾਲਾਂ ਦੇ ਹਾਲਾਤਾਂ ਵਿੱਚ ਔਰਤ ਲਈ ਇਹ ਆਸਾਨ ਨਹੀਂ ਸੀ, ਬੜਾ ਕਠਿਨ ਸੀ ਪਰ ਇਸ ਦਾ ਮਤਲਬ ਇਹ ਵੀ ਨਹੀਂ ਕਿ ਅਜਿਹਾ ਕੋਈ ਵੀ ਨਹੀਂ ਹੋ ਸਕਦਾ, ਹੁੰਦੇ ਵੀ ਹਨ। ਨਾਵਲ ਦਾ ਇਹ ਇਸਤਰੀ ਪਾਤਰ ਉਹਨਾਂ "ਵਿਰਲੇ ਲੋਕਾਂ" ਵਿੱਚੋਂ ਹੀ ਲਿਆ ਗਿਆ ਇੱਕ ਪਾਤਰ ਹੈ ।

ਇਸੇ ਤਰ੍ਹਾਂ ਧਰਮ ਸਿੰਘ (ਜਿਸ ਦੀ ਭੂਮਿਕਾ ਪ੍ਰੀਕਸ਼ਤ ਸਾਹਨੀ ਨੇ ਨਿਭਾਈ ਹੈ ਅਤੇ ਸੰਵਾਦਾਂ ਵਿੱਚ ਆਵਾਜ਼ "ਸਰਦਾਰ ਸੋਹੀ "ਨੇ ਦਿੱਤੀ ਹੈ) ਜੋ ਖੁਦ ਜਿਮੀਦਾਰ ਹੈ ਜਿਸ ਕੋਲ ਨਾਵਲ ਦਾ ਮੁੱਖ ਪਾਤਰ ਜਗਸੀਰ ਕਾਮੇ ਦੇ ਤੌਰ ਤੇ ਕੰਮ ਕਰਦਾ ਹੈ, ਵੀ ਅਹਿਮ ਤੇ ਨਿਵੇਕਲਾ ਪਾਤਰ ਹੈ। ਉਹ ਕਾਮੇ ਅਤੇ ਕਿਸਾਨ ਦੇ ਰਿਸ਼ਤੇ ਵਿਚਲੀ ਮਾਸੂਮੀਅਤ ਨੂੰ ਸਾਂਭਣ ਦਾ ਯਤਨ ਕਰ ਰਿਹਾ ਹੈ, ਉਸਦੇ ਪਿਤਾ ਨੇ ਤੇ ਖੁਦ ਉਸ ਨੇ ਕਾਮੇ ਅਤੇ ਜ਼ਮੀਦਾਰ ਵਿਚਲੇ ਰਿਸ਼ਤੇ ਨੂੰ ਨੌਕਰ ਅਤੇ ਮਾਲਕ ਦਾ ਰਿਸ਼ਤਾ ਨਹੀਂ ਸਮਝਿਆ ਬਲਕਿ ਆਪਣੇ ਦੁੱਖ ਸੁੱਖ ਦਾ ਸਾਂਝੀ ਕਰਕੇ ਸਮਝਿਆ ਹੈ। ਆਪਣੇ ਪਿਤਾ ਦੇ ਕੌਲ ਨੂੰ, ਜੋ ਕਿ ਉਸ ਨੇ ਆਪਣੇ ਕਾਮੇ ਠੋਲੂ ਸਿੰਘ ਨਾਲ ਕੀਤਾ ਸੀ ਪੂਰਾ ਕਰਨਾ ਚਾਹੁੰਦਾ ਹੈ ਪਰ ਅਖੀਰ ਵਿੱਚ ਬਦਲਦੇ ਹਾਲਾਤਾਂ ਸਾਹਮਣੇ ਹਾਰ ਜਾਂਦਾ ਹੈ, ਵਾਅਦਾ ਪੂਰਾ ਨਾ ਹੋਣ ਦੇ ਕਾਰਨ ਉਸ ਅੰਦਰ ਗਹਿਰੀ ਨਮੋਸ਼ੀ ਆ ਜਾਂਦੀ ਹੈ ਅਤੇ ਉਹ ਘਰ ਬਾਰ ਤਿਆਗ ਕੇ ਚਲਾ ਜਾਂਦਾ ਹੈ।

ਇਸ ਇੱਕ ਪਾਤਰ ਦੇ ਜਰੀਏ ਸਾਨੂੰ ਆਪਣੇ ਵਿਰਸੇ ਵਿੱਚ ਸਮਾਜਿਕ ਅਤੇ ਨੈਤਿਕ ਕਦਰਾਂ ਕੀਮਤਾਂ ਦੀ ਅਹਿਮੀਅਤ ਨੂੰ ਜਾਨਣ ਦਾ ਮੌਕਾ ਮਿਲਦਾ ਹੈ। ਉਦੋਂ ਵੀ ਧਰਮ ਸਿੰਘ ਵਰਗੇ ਲੋਕ ਸਨ ਜੋ ਆਪਣੇ ਸਾਂਝੀ ਨੂੰ ਆਪਣੇ ਦੁੱਖ ਸੁੱਖ ਦਾ ਸਾਂਝੀ ਸਮਝਦੇ ਸਨ ਨਾ ਕਿ ਨੌਕਰ ਅਤੇ ਉਹਨਾਂ ਲਈ ਕਿਸੇ ਨਾਲ ਕੀਤੇ ਹੋਏ "ਕੌਲ"ਦੇ ਕੀ ਅਰਥ ਹੁੰਦੇ ਸਨ।

ਕੌਲ ਨਿਭਾਉਣ ਵਿੱਚ ਅਸਫਲ ਰਹਿਣ ਤੇ ਉਹ ਨਮੋਸ਼ੀ ਕਾਰਨ ਘਰ ਤੱਕ ਛੱਡ ਜਾਂਦਾ ਹੈ।

ਕਹਾਣੀ ਵਿੱਚ ਇਹ ਵੀ ਜ਼ਿਕਰਯੋਗ ਹੈ ਕਿ ਉਹ ਹਰ ਸਮੇਂ ਜਗਸੀਰ ਅਤੇ ਉਸਦੇ ਗਰੀਬ ਪਰਿਵਾਰ ਦੇ ਪੱਖ ਵਿੱਚ ਖੜਾ ਨਜ਼ਰ ਆਉਂਦਾ ਹੈ।

———————

ਜਿਵੇਂ ਕਿ ਆਰੰਭ ਚ ਲਿਖਿਆ ਹੈ ਕਿ ਕਹਾਣੀ ਮਾਲਵੇ ਜੇ ਪਿੰਡਾਂ ਦੀ ਰਹਿਤਲ ਨੂੰ ਆਧਾਰ ਬਣਾ ਕੇ ਲਿਖੀ ਗਈ ਹੈ, ਤੇ ਕਹਾਣੀ ਦਾ ਕਾਲ ਦੇਸ਼ ਆਜ਼ਾਦ ਹੋਣ ਤੋਂ ਕੁਝ ਸਾਲਾਂ ਬਾਅਦ ਦਾ ਹੈ। ਉਨਾਂ ਸਾਲਾਂ ਦਾ ਜਦੋਂ ਲੋਕਾਂ ਦੀ ਜੀਵਨ ਸ਼ੈਲੀ ਬਦਲ ਰਹੀ ਹੈ ਤਾਂ ਸਮਾਜਿਕ ਬਣਤਰ ਵਿੱਚ ਵੀ ਬਦਲਾਓ ਆ ਰਿਹਾ ਹੈ, ਆਧੁਨਿਕਤਾ ਸਹੂਲਤਾਂ ਪੈਰ ਪਸਾਰ ਰਹੀਆਂ ਹਨ, ਜਮੀਨਾਂ ਦੀ ਅਹਿਮੀਅਤ ਵੱਧ ਰਹੀ ਹੈ । ਠੋਲਾ ਸਿੰਘ ਆਪਣੇ ਹੀ ਪਿੰਡ ਦੇ ਇੱਕ ਜ਼ਿਮੀਂਦਾਰ ਨਾਲ ਬੜੇ ਸਾਲਾਂ ਤੋਂ ਸਾਂਝੀ (ਸੀਰੀ) ਰਲਿਆ ਹੈ, ਠੋਲਾ ਸਿੰਘ ਹੁਣ ਆਪ ਬੁੱਢਾ ਹੋ ਗਿਆ ਹੈ ਤੇ ਬਿਮਾਰ ਹੈ ਅਤੇ ਉਹ ਆਪਣੇ ਪੁੱਤਰ ਜਗਸੀਰ ਅਤੇ ਪਤਨੀ ਨਾਲ ਰਹਿੰਦਾ ਹੈ। ਜ਼ਿਮੀਂਦਾਰ ਦਾ ਵੀ ਹੁਣ ਸਵਰਗਵਾਸ ਹੋ ਚੁੱਕਿਆ ਹੈ ਸਾਰਾ ਕੰਮ ਉਸਦਾ ਪੁੱਤਰ ਧਰਮ ਸਿੰਘ ਦੇਖਦਾ ਹੈ। ਧਰਮ ਸਿੰਘ ਪਿਤਾ ਦੇ ਨਕਸ਼ੇ ਕਦਮ ਤੇ ਚੱਲਣ ਵਾਲਾ ਜਿਮੀਦਾਰ ਹੈ, ਮਨੁੱਖਤਾ ਦਾ ਹਾਮੀ। ਉਹ ਕਾਮੇ ਨੂੰ ਸਿਰਫ ਕਾਮਾ ਸਮਝਣ ਵਾਲੇ ਆਦਰਸ਼ਾਂ ਤੇ ਨਹੀਂ ਚੱਲਦਾ ਉਹ ਕਾਮੇ ਨੂੰ ਆਪਣੇ ਦੁੱਖ ਸੁੱਖ ਦਾ ਭਾਗੀਦਾਰ ਮੰਨਦਾ ਹੈ। ਕਿਉਂਕਿ ਠੋਲਾ ਸਿੰਘ ਬਿਮਾਰ ਹੈ ਤਾਂ ਹੁਣ ਉਸ ਦਾ ਪੁੱਤਰ ਜਗਸੀਰ ਉਹਨਾਂ ਦੇ ਕੰਮ ਕਰਦਾ ਹੈ। ਧਰਮ ਸਿੰਘ ਜਗਸੀਰ ਨਾਲ ਵੀ ਉਹੀ ਰਿਸ਼ਤਾ ਰੱਖਦਾ ਹੈ ਜੋ ਉਸਦਾ ਪਿਤਾ ਠੋਲਾ ਸਿੰਘ ਨਾਲ ਰੱਖਦਾ ਸੀ।

ਜਗਸੀਰ ਇੱਕ ਸੋਹਣਾ ਸਨੱਖਾ ਲੰਮਾ ਉੱਚਾ ਨੌਜਵਾਨ ਹੈ ਭਾਵੇਂ ਉਹ ਸ਼ਰਮੀਲੇ ਸੁਭਾਅ ਦਾ ਹੈ, ਸਾਫ ਦਿਲ ਦਾ ਵੀ ਹੈ। ਆਮ ਨੌਜਵਾਨਾਂ ਵਾਂਗ ਉਸ ਅੰਦਰ ਵੀ ਚਾਅ ਅੰਗੜਾਈ ਲੈ ਰਹੇ ਹਨ, ਪਿਤਾ ਠੋਲਾ ਸਿੰਘ ਬੀਮਾਰ ਹੈ ਇਸ ਲਈ ਉਸਦੀ ਵੀ ਇੱਛਾ ਹੈ ਕਿ ਜਗਸੀਰ ਦਾ ਵਿਆਹ ਹੋ ਜਾਵੇ ਉਸਦੀ ਮਾਤਾ ਵੀ ਚਾਹੁੰਦੀ ਹੈ ਪਰ ਜਗਸੀਰ ਦਾ ਵਿਆਹ ਛੇਤੀ ਹੋ ਜਾਵੇ, ਬਿਮਾਰ ਪਿਤਾ ਵਿਆਹ ਦੇਖ ਲਵੇ। ਪਰ ਇਹ ਆਸਾਨ ਨਹੀਂ..... ਕਿਉਂਕਿ ਠੋਲਾ ਸਿੰਘ ਨੇ ਵਿਆਹ ਕੁਝ ਅਜਿਹੇ ਹਾਲਾਤਾਂ ਵਿੱਚ ਕਰਾਇਆ ਸੀ ਕਿ ਕਿਹਾ ਜਾਂਦਾ ਹੈ ਕਿ ਉਸ ਦੀ ਪਤਨੀ ਭੱਜ ਕੇ ਉਸ ਨਾਲ ਆਈ ਹੈ ਅਤੇ ਉਦੋਂ ਦੇ ਸਮਾਜਿਕ ਹਾਲਾਤ ਵਿੱਚ ਇਹ ਗੱਲ ਬੜੀ ਮਹੱਤਵਪੂਰਨ ਤੇ ਬੁਰੀ ਮੰਨੀ ਜਾਂਦੀ ਸੀ। ਕਿਸੇ ਵੀ ਰਿਸ਼ਤੇ ਵਿੱਚ ਨਾਨਕਿਆਂ ਦਾ ਪੱਖ ਦੇਖਿਆ ਜਾਂਦਾ ਸੀ, ਇਸ ਪੱਖੋਂ ਠੋਲਾ ਸਿੰਘ ਦਾ ਸਮਾਜੀ ਜੀਵਨ ਸਮਾਜ ਦੀ ਨਿਗਹਾ ਵਿੱਚ ਦਾਗੀ ਸੀ ।

ਤੇ ਹਰ ਵਾਰ ਇਹ ਪੱਖ ਜਗਸੀਰ ਦੇ ਰਿਸ਼ਤੇ ਵੇਲੇ ਸਾਹਮਣੇ ਆ ਜਾਂਦਾ ਤੇ ਰਿਸ਼ਤਾ ਸਿਰੇ ਨਾ ਚੜਦਾ।

ਪਰ ਫਿਰ ਵੀ ਠੋਲਾ ਸਿੰਘ ਨੂੰ ਇਹ ਹੌਸਲਾ ਹੈ ਕਿ ਉਹ ਜਗਸੀਰ ਲਈ ਚਾਰ ਵਿੱਘੇ ਜਮੀਨ ਛੱਡ ਕੇ ਜਾਵੇਗਾ ਜੋ ਕਿ ਧਰਮ ਸਿੰਘ ਦੇ ਪਿਤਾ ਨੇ ਉਸ ਨੂੰ ਦੇ ਦਿੱਤੀ ਸੀ । ਦਿੱਤੀ ਭਾਵੇਂ ਜੁਬਾਨੀ ਕਲਾਮੀ ਸੀ ਪਰ ਚਿਰਾਂ ਤੋਂ ਉਹੀ ਵਾਹ ਰਿਹਾ ਸੀ। ਉਸ ਨੇ ਉਹਨਾਂ ਚਾਰ ਵਿਘਿਆਂ ਵਿੱਚ ਬਹੁਤ ਸਾਲ ਪਹਿਲਾਂ ਇਕ ਟਾਹਲੀ ਲਾ ਦਿੱਤੀ ਸੀ ਜਿਸ ਨੂੰ ਉਸ ਨੇ ਬੜੇ ਚਾਅ ਮੁਹੱਬਤ ਨਾਲ ਪਾਲਿਆ ਹੋਇਆ ਸੀ, ਇਸ ਤਰ੍ਹਾਂ ਉਸ ਨੇ ਇਹਨਾਂ ਚਾਰ ਵਿਘਿਆਂ ਨਾਲ ਆਪਣੇ ਮੇਰ ਪੈਦਾ ਕਰ ਲਈ ਸੀ। ਇਹਨਾਂ ਚਾਰ ਵਿਘਿਆਂ ਵਾਸਤੇ ਧਰਮ ਸਿੰਘ ਦਾ ਵੀ ਅਜਿਹਾ ਮੰਨਣਾ ਸੀ ਕਿ ਇਹ ਠੋਲਾ ਸਿੰਘ ਨੂੰ ਦਿੱਤੀ ਹੋਈ ਹੈ, ਉਸੇ ਦੀ ਹੈ ਭਾਵੇਂ ਕਿ ਲਿਖਤ ਪੜਤ ਕੋਈ ਨਹੀਂ ਹੋਈ, ਪਰ ਪਿਤਾ ਨੇ ਵਾਅਦਾ ਕੀਤਾ ਹੈ ਤਾਂ ਲੋਹੇ ਦੀ ਲਕੀਰ ਹੈ।

ਠੋਲਾ ਸਿੰਘ ਆਪਣੇ ਇਸ ਸੁਪਨੇ ਨੂੰ ਅਧੂਰਾ ਛੱਡ ਕੇ ਜਹਾਨੋ ਕੂਚ ਕਰ ਜਾਂਦਾ ਹੈ ਕਿ ਜਗਸੀਰ ਦਾ ਵਿਆਹ ਹੋ ਜਾਂਦਾ।

ਠੋਲਾ ਸਿੰਘ ਆਪਣੇ ਸਾਹ ਛੱਡਣ ਤੋਂ ਪਹਿਲਾਂ ਵਿੱਚ ਜਗਸੀਰ ਨੂੰ ਕਹਿੰਦਾ ਹੈ ਕਿ ਉਹ ਚਾਰ ਵਿੱਘਿਆਂ ਵਿੱਚ ਲੱਗੀ ਟਾਹਲੀ ਦੇ ਥੱਲੇ ਉਸਦੀ ਮਟੀ (ਮੜੀ) ਜ਼ਰੂਰ ਬਣਾਵੇ, ਮਰ ਰਹੇ ਪਿਤਾ ਦੇ ਇਹ ਕਹਿਣ ਪਿੱਛੇ ਦਰਅਸਲ ਇੱਕ ਲੁਕਿਆ ਮਕਸਦ ਹੈ, ਉਹ ਹੈ ਇਸ ਨਾਲ ਜਗਸੀਰ ਦਾ ਇਹਨਾਂ ਚਾਰ ਵਿਗਿਆ ਤੇ ਦਾਅਵਾ ਮਜ਼ਬੂਤ ਹੋਵੇਗਾ, ਮੇਰ ਹੋ ਜਾਏਗੀ । ਦਰਅਸਲ ਉਸ ਦੇ ਅੰਦਰ ਡਰ ਹੈ ਕਿ ਕਿਤੇ ਉਸ ਤੋਂ ਬਾਅਦ ਕੋਈ ਅਜਿਹੇ ਹਾਲਾਤ ਨਾ ਬਣ ਜਾਣ ਕਿ ਜਗਸੀਰ ਉਹਨਾਂ ਚਾਰ ਵਿਗਿਆ ਤੋਂ ਵਾਂਝਾ ਹੋ ਜਾਵੇ।

ਜਗਸੀਰ ਪਿਤਾ ਦੀ ਇੱਛਾ ਮੁਤਾਬਕ ਚਾਰ



ਵਿਗੀਆਂ ਦੇ ਖੇਤ ਵਿੱਚ ਖੜੀ ਟਾਲੀ ਥੱਲੇ ਇੱਟਾਂ ਨਾਲ ਪਿਤਾ ਦੀ ਮੜੀ ਬਣਾ ਦਿੰਦਾ ਹੈ।

ਜ਼ਿੰਦਗੀ ਫਿਰ ਉਸੇ ਮਾਮੂਲ 'ਤੇ ਚੱਲ ਪੈਂਦੀ ਹੈ।

ਪਿੰਡ ਵਿੱਚ ਜਗਸੀਰ ਦੋਸਤ ਨਿੱਕੇ (ਗੋਪੀ ਭੱਲਾ) ਦਾ ਵਿਆਹ ਹੁੰਦਾ ਹੈ। ਜਗਸੀਰ, ਨਿੱਕੇ ਦੀ ਨਵਵਿਆਹੀ ਦੁਲਹਨ ਭਾਨੀ ਨੂੰ ਬਹੁਤ ਪਸੰਦ ਕਰਦਾ ਹੈ, ਕੁਝ ਘਟਨਾਵਾਂ ਇਸ ਤਰ੍ਹਾਂ ਹੁੰਦੀਆਂ ਹਨ ਕਿ ਭਾਨੀ ਵੀ ਜਗਸੀਰ ਨੂੰ ਪਸੰਦ ਕਰਨ ਲੱਗ ਪੈਂਦੀ ਹੈ। ਪਰ ਜਲਦੀ ਹੀ ਭਾਨੀ ਦੇ ਘਰੇ ਪਤਾ ਲੱਗਣ ਤੇ ਕਲੇਸ਼ ਖੜਾ ਹੋ ਜਾਂਦਾ ਹੈ। ਉਸ ਦਾ ਪਤੀ ਨਿੱਕਾ ਭਾਨੀ ਨਾਲ ਕੁੱਟਮਾਰ ਕਰਦਾ ਹੈ।

ਗੁੱਸੇ 'ਚ ਇੱਕ ਸ਼ਾਮ ਜਗਸੀਰ ਸ਼ਰਾਬ ਪੀ ਕੇ ਨਿੱਕੇ ਦੇ ਘਰ ਚਲਾ ਜਾਂਦਾ ਹੈ ਜਿਸ ਦੇ ਝਗੜੇ ਨੂੰ ਸਾਰੇ ਪਿੰਡ ਵਾਲੇ ਦੇਖਦੇ ਹਨ ਪਿੰਡ ਵਾਲਿਆਂ ਵਿੱਚ ਹੁਣ ਭਾਨੀ ਤੇ ਜਗਸੀਰ ਦੀਆਂ ਗੱਲਾਂ ਹੋ ਰਹੀਆਂ ਹੁੰਦੀਆਂ ਹਨ। ਜਗਸੀਰ ਦੀ ਮੁਹੱਬਤ ਵਿੱਚ ਪਾਕੀਜ਼ਗੀ ਹੈ, ਖਾਹਿਸ਼ਾਂ ਰਹਿਤ ਮੁਹੱਬਤ। ਉਹ ਪਾਸਾ ਵੱਟ ਜਾਂਦਾ ਹੈ।

ਸਮਾਂ ਬੀਤਦਾ ਹੈ, ਕਦੇ ਕਦਾਈ ਜਗਸੀਰ ਅਤੇ ਭਾਨੀ ਦਾ ਆਮਨਾਂ ਸਾਹਮਣਾ ਹੋ ਜਾਂਦਾ ਹੈ, ਤੇ ਭਾਨੀ ਉਸ ਨਾਲ ਦੁੱਖ ਸੁੱਖ ਵਡਾਉਣ ਦੀ ਗੱਲ ਕਰਦੀ ਹੈ, ਜਿਸ ਨੂੰ ਜਗਸੀਰ ਚੁੱਪ ਚਾਪ ਸੁਣਦਾ ਹੈ ਅੱਗੋਂ ਕੁਝ ਨਹੀਂ ਬੋਲਦਾ।

ਉਧਰ ਧਰਮ ਸਿੰਘ ਕੋਸ਼ਿਸ਼ ਕਰ ਰਿਹਾ ਹੈ ਕਿ ਜਗਸੀਰ ਦਾ ਵਿਆਹ ਹੋ ਜਾਵੇ, ਪਰ ਹਰ ਥਾਂ ਤੋਂ ਜਵਾਬ ਮਿਲ ਜਾਂਦਾ ਹੈ, ਉਸ ਦੇ ਮਾਤਾ ਪਿਤਾ ਦਾ ਪਿਛੋਕੜ ਹਰ ਵਾਰ ਕੰਧ ਬਣ ਕੇ ਉਸ ਦੀ ਕਿਸਮਤ ਵਿੱਚ ਖੜਾ ਹੋ ਜਾਂਦਾ ਹੈ।

ਜਗਸੀਰ, ਕਾਮਿਆਂ ਦਾ ਲੜਕਾ ਹੈ ਪਛੜੇ ਹੋਏ ਘਰ ਦਾ ਬੱਚਾ ਪਰ ਉਹ ਧਰਮ ਸਿੰਘ ਦਾ ਬਹੁਤ ਸਤਿਕਾਰ ਕਰਦਾ ਹੈ, ਧਰਮ ਸਿੰਘ ਦਾ ਉਸ ਨੂੰ ਬਾਪ ਵਰਗਾ ਆਸਰਾ ਹੈ। ਉਧਰ ਧਰਮ ਸਿੰਘ ਦਾ ਆਪਣਾ ਪੁੱਤ ਭੰਤਾ (ਕੰਵਲਜੀਤ) ਹੁਣ ਕੰਮਾਂਕਾਰਾਂ ਵਿੱਚ ਦਿਲਚਸਪੀ ਲੈਣ ਲੱਗ ਗਿਆ ਹੈ। ਉਸ ਨੂੰ ਉਹ ਚਾਰ ਵਿੱਘੇ ਚੁਭ ਰਹੇ ਹਨ ਜੋ ਉਸਦੇ ਵੱਡਿਆਂ ਨੇ ਜਗਸੀਰ ਦੇ ਪਿਤਾ ਨੂੰ ਦਿੱਤੇ ਸਨ ਅਤੇ ਹੁਣ ਭੰਤੇ ਦੇ ਪਿਤਾ ਧਰਮ ਸਿੰਘ ਨੇ ਜਗਸੀਰ ਨੂੰ ਦੇ ਦਿੱਤੇ ਹਨ। ਜ਼ਮੀਨਾਂ ਦੀ ਕਦਰ ਵੱਧ ਗਈ ਹੈ ਤਾਂ ਕੀਮਤ ਵੀ ਵਧ ਗਈ ਹੈ। ਪਿੰਡਾਂ ਵਿੱਚ ਬਿਜਲੀ ਦੇ ਖੰਭੇ ਲੱਗਣ ਲੱਗੇ ਪਏ ਹਨ, ਇਸ ਨਾਲ ਕਈ ਤਰ੍ਹਾਂ ਦੇ ਹੋਰ ਬਦਲਾਓ ਵੀ ਆਉਣ ਲੱਗੇ ਹਨ।

ਧਰਮ ਸਿੰਘ ਦੀ ਪਤਨੀ ਵੀ ਆਪਣੇ ਪੁੱਤ ਭੰਤੇ ਦੀ ਹਮਾਇਤ ਵਿੱਚ ਹੈ ਉਹ ਧਰਮ ਸਿੰਘ ਨੂੰ ਭਲਾ ਬੁਰਾ ਕਹਿੰਦੀ ਹੈ, ਕਹਿੰਦੀ ਹੈ ਕਿ ਕਿਉਂ ਉਹ ਨੌਕਰਾਂ ਨੂੰ ਜਮੀਨ ਦੇ ਰਿਹਾ ਹੈ। ਧਰਮ ਸਿੰਘ ਬਹੁਤ ਸਮਝਾਉਂਦਾ ਹੈ ਕਿ ਪਿਤਾ ਪੁਰਖਿਆਂ ਨੇ ਜਮੀਨ ਦਿੱਤੀ ਹੋਈ ਹੈ ਹੁਣ ਵਾਪਸ ਨਹੀਂ ਲੈ ਸਕਦੇ, ਆਖਰ ਪੁਰਖਿਆਂ ਦੀ ਦਿੱਤੀ ਹੋਈ ਜ਼ੁਬਾਨ ਵੀ ਕੋਈ ਕੀਮਤ ਰੱਖਦੀ ਹੈ ਕਿ ਨਹੀਂ ਪਰ ਉਹ ਮਾਂ ਪੁੱਤ ਆਪਣੀ ਜ਼ਿੱਦ 'ਤੇ ਬਜ਼ਿੱਦ ਹਨ।

ਭੰਤਾ ਕਿਸੇ ਵੀ ਤਰ੍ਹਾਂ ਉਹ ਚਾਰ ਵਿੱਗੇ ਵਾਪਸ ਲੈਣਾ ਚਾਹੁੰਦਾ ਹੈ ਉਹ ਸਾਜਿਸ਼ ਕਰਕੇ ਖੇਤ ਵਿਚਲੀ ਟਾਹਲੀ ਨੂੰ ਵਡਵਾ ਦਿੰਦਾ ਹੈ। ਉਹ ਟਾਲੀ ਸਿਰਫ ਇੱਕ ਦਰਖਤ ਨਹੀਂ ਸੀ ਉਹ ਜਗਸੀਰ ਤੇ ਉਸਦੇ ਪਿਤਾ ਦੀ ਹੋਂਦ ਨਾਲ ਜੁੜਿਆ ਹੋਇਆ ਇੱਕ ਦਰਖਤ ਸੀ ਜਿਸ ਨਾਲ ਉਸ ਪਰਿਵਾਰ ਦਾ ਭਾਵਨਾਵਾਂ ਸਮੇਤ ਬਹੁਤ ਕੁਝ ਜੁੜਿਆ ਹੋਇਆ ਸੀ। ਜੁਗਸੀਰ ਭਾਵੇਂ ਭਾਰੀ ਸਦਮਾ ਲੱਗਦਾ ਹੈ ਪਰ ਉਹ ਚੁੱਪ ਰਹਿੰਦਾ ਹੈ,। ਟਾਹਲੀ ਵੱਡੇ ਜਾਣ ਤੋਂ ਬਾਅਦ ਉਹ ਆਪਣੇ ਪਿਉ ਦੀ ਮਟੀ ਦੀਆਂ ਇੱਟਾਂ ਆਪਣੇ ਘਰ ਲੈ ਆਂਦਾ ਹੈ। ਜਗਸੀਰ ਦੀ ਮਾਤਾ ਜੋ ਹੁਣ ਬਿਰਧ ਅਤੇ ਬੀਮਾਰ ਹੈ ਇਹ ਹਾਲਾਤ ਦੇਖ ਕੇ ਹੋਰ ਬਿਮਾਰ ਹੋ ਜਾਂਦੀ ਹੈ। ਭਾਵੇਂ ਉਹ ਉਲਾਂਭਾ ਲੈ ਕੇ ਧਰਮ ਸਿੰਘ ਕੋਲ ਵੀ ਜਾਂਦੀ ਹੈ ਪਰ ਧਰਮ ਸਿੰਘ ਉਸ ਨੂੰ ਭਰੋਸੇ ਤੋਂ ਇਲਾਵਾ ਕੁਝ ਨਹੀਂ ਦੇ ਸਕਦਾ। ਹਾਲਾਤ ਉਸ ਤੇ ਵਸੋਂ ਬਾਹਰ ਹੁੰਦੇ ਜਾ ਰਹੇ ਹਨ।

ਕਾਮਿਆਂ ਦੇ ਮੁੰਡੇ ਜਗਸੀਰ ਦਾ ਟੁੱਟਣਾ ਹਾਲੇ ਬਾਕੀ ਸੀ।

ਫਸਲ ਆਉਣ ਵੇਲੇ ਭੰਤਾ ਉਹਨਾਂ ਚਾਰ ਵਿਗਿਆਨ ਦੀ ਫਸਲ ਵੀ ਵੇਚਣ ਵਾਸਤੇ ਲੱਦ ਲੈਂਦਾ ਹੈ ਜੋ ਜਗਸੀਰ ਨੂੰ ਦਿੱਤੇ ਹੋਏ ਸਨ।


ਇਹ ਜਗਸੀਰ ਨਾਲ ਬਹੁਤ ਵੱਡੀ ਜ਼ਿਆਦਤੀ ਸੀ ਜਗਸੀਰ ਵਿਰੋਧਤਾ ਕਰਦਾ ਹੈ ਪਰ ਉਹ ਭੰਤੇ ਤੇ ਹੱਥ ਨਹੀਂ ਚੁੱਕਦਾ ਭਾਵੇਂ ਕਿ ਭੰਤਾ ਉਸ ਨਾਲ ਮਾਰ ਕੁੱਟ ਵੀ ਕਰ ਲੈਂਦਾ ਹੈ।

ਇਸ ਧੱਕੇ ਨਾਲ ਜਗਸੀਰ ਅੰਦਰੋਂ ਟੁੱਟ ਚੁੱਕਿਆ ਹੈ ਤੇ ਫਿਰ ਮਾਂ ਵੀ ਦੁੱਖ ਦੀ ਮਾਰੀ ਜਹਾਨੋਂ ਕੂਚ ਕਰ ਜਾਂਦੀ ਹੈ।

ਧਰਮ ਸਿੰਘ ਹਾਲੇ ਵੀ ਆਪਣੇ ਕੌਲ ਦੇ ਉੱਪਰ ਖੜਾ ਹੈ, ਉਹ ਫਸਲ ਦੇ ਪੈਸੇ ਲਿਆ ਕੇ ਜਗਸੀਰ ਨੂੰ ਦੇ ਦਿੰਦਾ ਹੈ, ਤੇ ਉਹ ਜਗਸੀਰ ਨੂੰ ਹਾਲਾਤ ਵਧੀਆ ਹੋਣ ਦਾ ਹੌਸਲਾ ਵੀ ਦਿੰਦਾ ਹੈ। ਜਗਸੀਰ ਨਾਲ ਹੋਈ ਜ਼ਿਆਦਤੀ ਕਾਰਨ ਧਰਮ ਸਿੰਘ ਬਹੁਤ ਦੁਖੀ ਹੈ ਉਹ ਪਤਨੀ ਅਤੇ ਪੁੱਤ ਨੂੰ ਨਹੀਂ ਸਮਝਾ ਸਕਦਾ ਤਾਂ ਨਮੋਸ਼ੀ ਦੇ ਚਲਦਿਆਂ ਉਹ ਬਿਨਾਂ ਦੱਸਿਓ ਘਰ ਛੱਡ ਕੇ ਚਲਾ ਜਾਂਦਾ ਹੈ ।

ਧਰਮ ਸਿੰਘ ਦੇ ਘਰ ਛੱਡਣ ਤੋਂ ਬਾਅਦ ਜਗਸੀਰ ਹੋਰ ਬੇਸਹਾਰਾ ਹੋ ਜਾਂਦਾ ਹੈ, ਕਿਉਂਕਿ ਹੁਣ ਉਸਦੀ ਮਾਂ ਵੀ ਨਹੀਂ ਰਹੀ ਹੈ।

ਜ਼ਮੀਨ ਵੀ ਨਹੀਂ ਰਹੀ ਤੇ ਉਸਦੇ ਆਪਣੇ ਵੀ ਸਾਥ ਛੱਡਦੇ ਜਾ ਰਹੇ ਹਨ, ਅਜਿਹੀ ਸਥਿਤੀ




ਵਿੱਚ ਉਸ ਦਾ ਇੱਕੋ ਸਾਥੀ ਹੈ ਉਸ ਦਾ ਲੰਗੋਟੀਆ ਯਾਰ "ਰੌਣਕੀ "।

ਰੌਣਕੀ ਵੀ ਇਕੱਲਾ ਹੈ ਉਹ ਅਮਲ ਕਰਦਾ ਹੈ, ਘਰ ਵਾਲੀ ਛੱਡ ਕੇ ਜਾ ਚੁੱਕੀ ਹੈ। ਰੌਣਕੀ ਦਾ ਕਿਰਦਾਰ ਪੰਕਜ ਕਪੂਰ ਨੇ ਨਿਭਾਇਆ ਹੈ ਤੇ ਬਹੁਤ ਸ਼ਾਨਦਾਰ ਨਿਭਾਇਆ ਹੈ। ਉਸ ਦੀ ਬੋਲੀ ਵਿੱਚ ਮਾਲਵੇ ਦੀ ਪੁੱਠ ਹੈ। ਉਹ ਜਗਸੀਰ ਨੂੰ ਹੌਸਲਾ ਦਿੰਦਾ ਹੈ ਅਤੇ ਉਸਦੀ ਬਿਮਾਰੀ ਵਾਸਤੇ ਤਰੱਦਦ ਕਰਦਾ ਹੈ ਪਰ ਹਕੀਮ ਉਸਨੂੰ ਦੱਸ ਦਿੰਦਾ ਹੈ ਕਿ ਜਗਸੀਰ ਨਸ਼ੇ ਅਤੇ ਭੁੱਖ ਦੇ ਕਾਰਨ ਹੁਣ ਜਿਆਦਾ ਦੇਰ ਨਹੀਂ ਜ਼ਿੰਦਾ ਨਹੀਂ ਰਹਿ ਸਕਦਾ।

ਆਖਰੀ ਸਮੇਂ ਵਿੱਚ ਰੌਣਕੀ ਅਤੇ ਜਗਸੀਰ ਗੱਲਾਂ ਕਰਦੇ ਹਨ। ਫ਼ਿਲਮ ਦੇ ਇਹ ਦ੍ਰਿਸ਼ ਬੜੇ ਮਾਰਮਿਕ ਹਨ। ਰੌਣਕੀ ਰੱਬ ਨੂੰ ਉਲਾਂਭੇ ਦਿੰਦਾ ਹੈ ਕਿ ਉਸ ਕੋਲ ਦਇਆ ਤਰਸ ਨਾ ਦੀ ਕੋਈ ਚੀਜ਼ ਨਹੀਂ ਹੈ, ਉਹ ਗਰੀਬਾਂ ਦਾ ਹਾਮੀ ਹੀ ਨਹੀਂ, ਉਹ ਸਾਰੇ ਦੁੱਖ ਗਰੀਬਾਂ ਦੀ ਝੋਲੀ ਪਾਉਂਦਾ ਹੈ ਆਦਿ।

ਜਗਸੀਰ ਬਿਮਾਰ ਹੈ ਅਤੇ ਉਸ ਦੀ ਆਵਾਜ਼ ਵਿੱਚ ਬਹੁਤ ਕਮਜ਼ੋਰੀ ਹੈ ਜਿਸ ਕਾਰਨ ਰੌਣਕੀ ਅੰਦਰੋਂ ਡਰਿਆ ਹੁੰਦਾ ਹੈ।

ਜਗਸੀਰ, ਰੌਣਕੀ ਨੂੰ ਕਹਿੰਦਾ ਹੈ ਕਿ ਜੇਕਰ ਉਸ ਦੀ ਮੌਤ ਹੋ ਜਾਵੇ ਤਾਂ ਉਹ ਉਸ ਦੀ ਮਟੀ ਬਣਾ ਦੇਵੇ ਤੇ ਹੁਣ ਦੁਨੀਆਂ ਵਿੱਚ ਭਾਨੀ ਹੀ ਹੈ ਜੋ ਉਸਨੂੰ ਆਪਣਾ ਸਮਝਦੀ ਹੈ ਉਹ ਭਾਨੀ ਨੂੰ ਕਹਿ ਦੇਵੇ ਕਿ ਉਹ ਮੇਰੇ ਬਾਦ ਮੇਰੀ ਮੜ੍ਹੀ 'ਤੇ ਦੀਵਾ ਜਗਾ ਦਿਆ ਕਰੇ।

ਰੌਣਕੀ ਭਰੇ ਮਨ ਨਾਲ ਉਸ ਦੀਆਂ ਗੱਲਾਂ ਦੀ ਹਾਮੀ ਭਰ ਦਿੰਦਾ ਹੈ, ਅਤੇ ਜਗਸੀਰ ਨੂੰ ਮਰਦਿਆਂ ਹੋਇਆਂ ਦੇਖਦਾ ਹੈ। ਉਹ ਖੁਦ ਵੀ ਤਾਂ ਇਕੱਲਾ ਹੀ ਹੈ ਇੱਕ ਜਗਸੀਰ ਹੀ ਸੀ ਜਿਸ ਦਾ ਉਸਨੂੰ ਸਾਥ ਮਿਲਿਆ ਹੋਇਆ ਸੀ। ਉਸ ਦਾ ਵੀ ਹੋਰ ਸੰਗੀ ਸਾਥੀ ਕੋਈ ਨਹੀਂ ਸੀ।

ਰੌਣਕੀ ਜਗਸੀਰ ਵਾਸਤੇ ਦਵਾਈ ਦੀਆਂ ਪੁੜੀਆਂ ਲੈਣ ਗਿਆ ਹੁੰਦਾ ਹੈ ਪਰ ਜਦੋਂ ਵਾਪਸ ਆਉਂਦਾ ਹੈ ਤਾਂ ਜਗਸੀਰ ਇਸ ਦੁਨੀਆ ਤੋਂ ਜਾ ਚੁੱਕਿਆ ਹੁੰਦਾ ਹੈ।

ਦੁੱਖਾਂ ਦੀ ਇਕ ਲੰਮੀ ਕਹਾਣੀ ਖਤਮ ਹੋ ਗਈ ਹੁੰਦੀ ਹੈ।

ਫ਼ਿਲਮ ਦੇ ਅਖੀਰਲੇ ਦ੍ਰਿਸ਼ਾਂ ਵਿੱਚ ਰੌਣਕੀ ਮੜ੍ਹੀ ਬਣਾਉਂਦਾ ਹੋਇਆ ਨਜ਼ਰ ਆਉਂਦਾ ਹੈ ਅਤੇ ਤੇ ਫਿਰ ਭਾਨੀ ਉਸ ਮੜ੍ਹੀ 'ਤੇ ਦੀਵਾ ਬਾਲਦੀ ਵੀ ਨਜ਼ਰ ਆਉਂਦੀ ਹੈ।

ਮੜ੍ਹੀ 'ਤੇ ਦੀਵਾ ਬਾਲ ਕੇ ਜਾ ਰਹੀ ਭਾਨੀ 'ਤੇ ਫ਼ਿਲਮ ਖਤਮ ਹੋ ਜਾਂਦੀ ਹੈ।

———


ਮੜ੍ਹੀ ਦਾ ਦੀਵਾ, ਪੰਜਾਬੀ ਫ਼ਿਲਮ ਜਗਤ ਦੀ ਬਿਹਤਰੀਨ ਫ਼ਿਲਮ ਕਹੀ ਜਾ ਸਕਦੀ ਹੈ ਇਸ ਵਿੱਚ ਸਾਰੇ ਅਦਾਕਾਰਾਂ ਦੀ ਅਦਾਕਾਰੀ ਬੇਮਿਸਾਲ ਸੀ। ਰਾਜ ਬੱਬਰ ਭਾਵੇਂ ਹਿੰਦੀ ਫ਼ਿਲਮ ਜਗਤ ਦੇ ਵੀ ਸਫਲ ਕਲਾਕਾਰ ਹਨ, ਪਰ ਇਹ ਉਹਨਾਂ ਦੀ ਜ਼ਿੰਦਗੀ ਦੀ ਬਿਹਤਰੀਨ ਪੇਸ਼ਕਾਰੀ ਹੈ, ਪੰਕਜ ਕਪੂਰ ਦੀਪਤੀ ਨਵਲ ਪ੍ਰੀਕਸ਼ਤ ਸਾਨੀ, ਹਰਭਜਨ ਜਬਲ ਭਾਵੇਂ ਛੋਟੀਆਂ ਭੂਮਿਕਾਵਾਂ ਵਿੱਚ ਹਨ, ਪਰ ਉਨ੍ਹਾਂ ਵੱਲੋਂ ਨਿਭਾਏ ਗਏ ਕਿਰਦਾਰ ਕਮਾਲ ਹਨ।

ਫ਼ਿਲਮ ਦਾ ਇੱਕ ਮਹੱਤਵਪੂਰਨ ਪੱਖ ਇਲਾਕਈ ਬੋਲੀ ਦਾ ਵੀ ਹੈ, ਬੋਲੀ ਸੁਭਾਵਿਕ ਮਲਵਈ ਬੋਲੀ ਹੈ ਅਤੇ ਪਹਿਰਾਵਾ ਵੀ ਸਥਾਨਕ ਪਰਿਵੇਸ਼ ਅਨੁਸਾਰ ਢੁਕਵਾਂ। ਫ਼ਿਲਮ ਹਰ ਪੱਖੋਂ ਮਜ਼ਬੂਤ ਹੈ, ਭਾਵੇਂ ਉਹ ਪਾਤਰਾਂ ਦੀ ਵੇਸ਼ ਭੂਸਾ ਹੋਵੇ ਜਾਂ ਰਹਿਣ ਸਹਿਣ, ਬੋਲੀ ਜਾਂ ਫਿਰ ਖੇਤ, ਪਿੰਡ ਅਤੇ ਘਰ ਦੇ ਦ੍ਰਿਸ਼।

ਫ਼ਿਲਮ ਵਿੱਚ ਸੰਗੀਤ ਮਹਿੰਦਰਜੀਤ ਸਿੰਘ ਦਾ ਹੈ, ਫ਼ਿਲਮ ਦੀ ਸੰਪਾਦਨਾ ਸੁਭਾਸ਼ ਸਹਿਗਲ ਨੇ ਕੀਤੀ ਹੈ।




ਨਵੇਂ ਸਾਲ 2025 ਅਤੇ ਸਰਬੰਸ ਦਾਨੀ, ਨਿਆਸਰਿਆਂ ਦੇ ਆਸਰੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਕੁੱਲ ਲੋਕਾਈ ਨੂੰ
ਲੱਖ ਲੱਖ ਵਧਾਈਆਂ।
ਅਸੀਂ ਆਸ ਤੇ ਅਰਦਾਸ ਕਰਦੇ ਹਾਂ ਕਿ ਸਾਲ 2025 ਹਰੇਕ ਦੀ ਜ਼ਿੰਦਗੀ ਵਿਚ ਨਵੀਆਂ ਉਗਮਦੀਆਂ ਉਮੰਗਾਂ ਤੇ ਖੁਸ਼ੀਆਂ ਖੇੜੇ ਲੈ ਕੇ ਆਵੇ। ਪੰਜਾਬ ਤੇ ਪੰਜਾਬੀਅਤ ਵਧੇ ਫ਼ੁੱਲੇ। ਤੁਹਾਡੇ ਸਾਰਿਆਂ ਦੇ ਸੁਪਨੇ ਹਕੀਕਤਾਂ ਦਾ ਰੂਪ ਲੈਣ ਤੇ ਹਰ ਕੋਈ ਸਕੂਨਮਈ ਜ਼ਿੰਦਗੀ ਜੀਵੇ।



ਪੰਜਾਬ ਟਾਈਮਜ਼ ਦੇ ਸਮੂਹ ਪਾਠਕਾਂ, ਦੋਸਤਾਂ-ਮਿੱਤਰਾਂ ਤੇ ਸਨੇਹੀਆਂ ਨੂੰ ਨਵੇਂ ਸਾਲ 2025 ਦੀਆਂ ਲੱਖ ਲੱਖ ਮੁਬਾਰਕਾਂ!

ਵਲੋਂ: ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਸਮੂਹ ਰੱਖੜਾ ਪਰਿਵਾਰ